ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 45 | 12 November 2021 to 18 November 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com



5 ਖ਼ਬਰਸਾਰ
73 ਹਸਤੀਆਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਆ


9 ਵਿਸ਼ੇਸ਼ ਰਿਪੋਰਟ
ਸਿੱਧੂ ਦੀ ਮਿਜਾਈਲ ਚੰਨੀ ਦੇ ਟਿਕਾਣੇ ਵੱਜੀ


13 ਵਿਸ਼ੇਸ਼ ਰਿਪੋਰਟ
ਕਥਿਤ ਕਾਤਲ ਮਿਸ਼ਰਾ ਨੂੰ ਬਚਾ ਰਹੀ ਏ ਯੋਗੀ ਸਰਕਾਰ


25 ਇਤਿਹਾਸ
16 ਨਵੰਬਰ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ...



# ਕਿਸਾਨਾਂ ਨੇ ਫਿਰੋਜ਼ਪੁਰ ’ਚ ਹਰਸਿਮਰਤ ਦਾ ਕਾ.ਫਲਾ ਘੇਰਿਆ

## ✪ ਨੋਨੀ ਮਾਨ ਦੀ ਗੱਡੀ ਦੇ ਬੋਨਟ ’ਤੇ ਚੜ੍ਹੇ ਕਿਸਾਨ ✪ ਡਰਾਈਵਰ ਨੇ ਗੱਡੀ ਭਜਾਈ, ਕਿਸਾਨ ਜ਼ਖਮੀ, ਪੁਲਿਸ ਜਾਂਚ ਕਰੇਗੀ

**ਫਿਰੋਜ਼ਪੁਰ/ਏ.ਟੀ.ਨਿਊਜ਼ :** ਕਿਸਾਨਾਂ ਤੇ ਬਾਦਲਕਿਆਂ ਦੀ ਜੰਗ ਸ਼ੁਰੂ ਹੋ ਚੁਕੀ ਹੈ। ਇਸਦਾ ਖਮਿਆਜ਼ਾ ਸਿਆਸੀ ਤੌਰ ਉਪਰ ਬਾਦਲਕਿਆਂ ਨੂੰ ਭੁਗਤਣਾ ਪਵੇਗਾ। ਬਾਦਲਕੇ ਨਾ ਖਾਲਸਾ ਪੰਥ ਦੀ ਨਿਰਾਲੀ ਸ਼ਾਨ, ਵਜੂਦ, ਵਿਚਾਰ ਨੂੰ ਸਮਝ ਸਕੇ ਨਾ ਕਿਸਾਨ ਅੰਦੋਲਨ ਨੂੰ। ਕਦੇ ਚੋਣਾਂ ਕੇਡਰ ਤੇ ਮਾਇਆ ਦੀ ਬਹੁਲਤਾ ਦੇ ਹੰਕਾਰ ਉਪਰ ਨਹੀਂ ਲੜੀਆਂ ਜਾ ਸਕਦੀਆਂ। ਇਸ ਜਿੱਤ ਦਾ ਵੱਡਾ ਫੈਕਟਰ ਆਪਣੇ ਵੋਟ ਬੈਂਕ ਨੂੰ ਸੁਰਖਿਅਤ ਰਖਣਾ, ਵਿਸ਼ਵਾਸ ਵਿਚ ਲੈਣਾ ਹੁੰਦਾ ਹੈ।ਬਾਦਲਕਿਆਂ ਦਾ ਪੰਥਕ ਤੇ ਕਿਸਾਨੀ ਕੇਡਰ ਖੁਸਿਆ ਹੈ। ਬਾਦਲਕਿਆਂ ਦੇ ਸਲਾਹਕਾਰਾਂ ਦੇ ਜਿਹਨ ਵਿਚ ਇਹ ਗਲ ਨਹੀਂ ਪਈ। ਕਿਸਾਨਾਂ ਨਾਲ ਟਕਰਾਅ ਹੋਣ ਦੇ ਬਾਅਦ ਬਾਦਲਕੇ ਕਾਂਗਰਸ ਉਪਰ ਨਜਲਾ ਝਾੜ ਦਿੰਦੇ ਹਨ। ਅਸਲ ਵਿਚ ਇਸ ਸਮੇਂ ਸਿਆਸੀ ਤੌਰ ਉਪਰ ਬਾਦਲਕੇ ਸਰਗਰਮ ਹਨ। ਜਦਕਿ ਕਿਸਾਨ ਕਹਿੰਦੇ ਹਨ ਕਿ ਆਪਣੀਆਂ ਸਰਗਰਮੀਆਂ ਰਾਜਨੀਤਕ ਪਾਰਟੀਆਂ ਚੋਣਾਂ ਤੋਂ ਮਹੀਨਾ ਪਹਿਲਾਂ ਚਲਾਉਣ। ਰਾਜਨੀਤਕ ਇਕਠ ਕਰਕੇ ਕਿਸਾਨ ਮੋਰਚੇ ਨੂੰ ਢਾਹ ਨਾ ਲਗਾਉਣ।ਇਸ ਨਾਲ ਲੋਕਾਂ ਦਾ ਧਿਆਨ ਵੰਡਿਆ ਜਾਂਦਾ ਹੈ।

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸਾਨ ਵੱਖ ਵੱਖ ਪਾਰਟੀਆਂ ਦੇ ਆਗੂਆਂ ਤੋਂ ਚੋਣ ਪ੍ਰਚਾਰ ਦੌਰਾਨ ਸਵਾਲ ਕਰਦੇ ਰਹੇ ਹਨ।

ਬੀਤੇ ਬੁੱਧਵਾਰ ਨੂੰ ਵੀ ਫ਼ਿਰੋਜ਼ਪੁਰ ਵਿਖੇ ਕਿਸਾਨ ਸ਼੍ਰੋਮਣੀ ਅਕਾਲੀ ਦਲ ਨੇਤਾ ਹਰਸਿਮਰਤ ਕੌਰ ਬਾਦਲ ਨੂੰ ਮਿਲਣਾ ਚਾਹੁੰਦੇ ਸਨ ਪਰ ਹਰਸਿਮਰਤ ਕੌਰ ਬਾਦਲ ਕਿਸਾਨਾਂ ਨੂੰ ਨਾ ਮਿਲਣ ਕਰਕੇ ਹਾਲਾਤ ਵਿਗੜ ਗਏ।



ਗੁਰੂਹਰਸਹਾਏ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਰਦੇਵ ਸਿੰਘ ਨੋਨੀ ਮਾਨ ਅਤੇ ਕਿਸਾਨ ਆਗੂ ਹਰਨੇਕ ਸਿੰਘ ਮਹਿਮਾ ਵੱਲੋਂ ਇੱਕ ਦੂਸਰੇ ਉਪਰ ਗੋਲੀ ਚਲਾਉਣ ਦੇ ਆਰੋਪ ਲਗਾਏ ਗਏ ਹਨ।

ਇਸ ਤੋਂ ਪਹਿਲਾਂ ਵੀ ਕਈ ਵਾਰ ਕਿਸਾਨਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਵਿਰੋਧ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਮੋਗਾ ਵਿਖੇ ਵਿਰੋਧ ਕਰਨ ਦੌਰਾਨ ਪੁਲਿਸ ਵੱਲੋਂ ਕਿਸਾਨਾਂ ’ਤੇ ਲਾਠੀਚਾਰਜ ਵੀ ਕੀਤਾ ਗਿਆ ਸੀ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲਾ ਪ੍ਰਧਾਨ ਹਰਨੇਕ ਸਿੰਘ ਮਹਿਮਾ ਨੇ ਘਟਨਾ ਤੋਂ ਬਾਅਦ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਥਾਨਕ ਆਗੂਆਂ ਵੱਲੋਂ ਕਿਸਾਨਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਹਰਸਿਮਰਤ ਕੌਰ ਬਾਦਲ ਨਾਲ ਬੈਠਕ ਕਰਵਾਈ ਜਾਵੇਗੀ।

ਹਰਨੇਕ ਸਿੰਘ ਮਹਿਮਾ ਨੇ ਕਿਹਾ, ‘ਦੋ ਘੰਟੇ ਇੰਤਜ਼ਾਰ ਤੋਂ ਬਾਅਦ ਹਰਸਿਮਰਤ ਕੌਰ ਬਾਦਲ ਉੱਥੋਂ ਜਾਣ ਲੱਗੇ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ ਨੇ ਆਖਿਆ ਕਿ ਤੁਸੀਂ ਕਿਸਾਨਾਂ ਦੀ ਗੱਲ ਸੁਣੋ।’

‘ਉਸ ਨੇ ਮੇਰੇ ਉਪਰ ਗੱਡੀ ਚੜਾ ਕੇ ਮੈਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ। ਲਗਭਗ ਡੇਢ ਕਿਲੋਮੀਟਰ ਮੈਂ ਉਸ ਦੀ ਗੱਡੀ ਅੱਗੇ ਰਿੜਦਾ ਰਿਹਾ। ਮੈਨੂੰ ਗੱਡੀ ਤੋਂ ਹੇਠਾਂ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸ ਦੌਰਾਨ ਤਿੰਨ ਵਾਰ ਫਾਇਰ ਵੀ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਗੋਲੀ ਚਲਾਈ ਗਈ ਹੈ।’

**ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ ਇਸ ਦੌਰਾਨ ਕੁਝ ਹੋਰ ਲੋਕਾਂ ਨੂੰ ਵੀ ਸੱਟਾਂ ਆਈਆਂ ਹਨ।**

ਉਧਰ ਇਸ ਘਟਨਾ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਗੁਰੂਹਰਸਾਏ ਤੋਂ ਉਮੀਦਵਾਰ ਵਰਦੇਵ ਸਿੰਘ ਨੋਨੀ ਮਾਨ ਨੇ ਕਿਹਾ ਕਿ ਹਰਸਿਮਰਤ ਕੌਰ ਬਾਦਲ ਦੇ ਸਮਾਗਮ ਤੋਂ ਬਾਅਦ ਉਹ ਚਲੇ ਗਏ ਅਤੇ ਉਨਾਂ ਦੀ ਗੱਡੀ ਜੋ ਪਿੱਛੇ ਰਹਿ ਗਈ ਸੀ ਉਸ ਉੱਪਰ ਡਾ. ਹਰਨੇਕ ਸਿੰਘ ਮਹਿਮਾ ਅਤੇ ਸਾਥੀਆਂ ਵੱਲੋਂ ਹਮਲਾ ਕੀਤਾ ਗਿਆ। ਵਰਦੇਵ ਸਿੰਘ ਨੋਨੀ ਮਾਨ ਨੇ ਕਿਹਾ, ‘ਸਾਡੇ ਉਪਰ ਜਾਨਲੇਵਾ ਹਮਲਾ ਕੀਤਾ ਗਿਆ। ਅਸੀਂ ਮੁਸ਼ਕਿਲ ਨਾਲ ਜਾਨ ਬਚਾ ਕੇ ਆਏ ਹਾਂ। ਉਨਾਂ ਵੱਲੋਂ ਫਾਇਰ ਕੀਤੇ ਗਏ ਹਨ ਅਤੇ ਸੁਰੱਖਿਆ ਲਈ ਮੇਰੇ ਗੰਨਮੈਨ ਨੇ ਵੀ ਫਾਇਰ ਕੀਤੇ ਹਨ। ਹਰਨੇਕ ਸਿੰਘ ਮਹਿਮਾ ਨਾਲ ਕੁਝ ਅਣਪਛਾਤੇ ਬੰਦੇ ਵੀ ਸਨ। ਸਾਨੂੰ ਇਸ ਹਮਲੇ ਦਾ ਕਾਰਨ ਨਹੀਂ ਪਤਾ।’

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਖਿਆ ਗਿਆ ਹੈ ਕਿ ਇਹ ਹਮਲਾ ਕਾਂਗਰਸੀ ਵਿਧਾਇਕ ਪਰਮਿੰਦਰ ਪਿੰਕੀ ਦੇ ਗੁੰਡਿਆਂ ਵੱਲੋਂ ਕੀਤਾ ਗਿਆ ਹੈ ਅਤੇ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਵਿਧਾਇਕ ਖ਼ਿਲਾ.ਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਫਿਰੋਜ਼ਪੁਰ ਦੇ ਐੱਸਐੱਸਪੀ ਹਰਮਨ ਹੰਸ ਦਾ ਕਹਿਣਾ ਹੈ ਕਿ ਉਹ ਦੋਵੇਂ ਪੱਖਾਂ ਦੀ ਗੱਲ ਸੁਣ ਰਹੇ ਹਨ ਅਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਇਸ ਸਾਰੀ ਘਟਨਾ ਦੀ ਨਿਖੇਧੀ ਕੀਤੀ ਗਈ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਖ਼ਿਲਾ.ਫ ਐਫਆਈਆਰ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਮੋਰਚੇ ਵੱਲੋਂ ਵੀਰਵਾਰ ਨੂੰ ਫ਼ਿਰੋਜ਼ਪੁਰ ਦੇ ਡੀਸੀ ਦ.ਫਤਰ ਅੱਗੇ ਰੋਸ ਮਾਰਚ ਦੀ ਗੱਲ ਵੀ ਆਖੀ ਗਈ ਹੈ ਅਤੇ ਇਸ ਘਟਨਾ ਵਿੱਚ ਇਨਸਾ.ਫ ਦੀ ਮੰਗ ਵੀ ਕੀਤੀ ਗਈ ਹੈ।

### ਅਕਾਲੀ ਉਮੀਦਵਾਰ ‘ਨੋਨੀ’ ਮਾਨ ਤੇ ਡਰਾਈਵਰ ਖਿਲਾ.ਫ ਲੱਗੀ ‘ਇਰਾਦਾ-ਏ-ਕਤਲ’ ਦੀ ਧਾਰਾ



ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਫ਼ਿਰੋਜ਼ਪੁਰ ਫੇਰੀ ਦੌਰਾਨ ਕਿਸਾਨਾਂ ਅਤੇ ਅਕਾਲੀ ਦਲ ਕਾਰਕੁਨਾਂ ਦਰਮਿਆਨ ਹੋਈ ਝੜਪ ਤੋਂ ਬਾਅਦ ਸਥਾਨਕ ਪੁਲਿਸ ਵੱਲੋਂ ਕਿਸਾਨ ਆਗੂ ਹਰਨੇਕ ਮਹਿਮਾ ਦੀ ਸ਼ਿਕਾਇਤ ’ਤੇ ਅਕਾਲੀ ਦਲ ਬਾਦਲ ਦੇ ਹਲਕਾ ਗੁਰੂ ਹਰਸਹਾਏ ਤੋਂ ਉਮੀਦਵਾਰ ਵਰਦੇਵ ਸਿੰਘ ਨੋਨੀ ਮਾਨ ਅਤੇ ਉਨਾਂ ਦੇ ਡਰਾਈਵਰ ਦੇ ਖਿਲਾ.ਫ ‘ਇਰਾਦਾ ਏ ਕਤਲ’ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਹੈ।

# ਬੀਐੱਸਐੱਫ ਮਾਮਲੇ ਉਤੇ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ

## ਕੈਪਟਨ ਵਲੋਂ ਮੋਦੀ ਸਰਕਾਰ ਦੀ ਹਮਾਇਤ ਕਿਹਾ ਕਿ ਪੰਜਾਬ ਪੁਲਿਸ ਵਾਂਗ ਬੀਐੱਸਐੱਫ ਵੀ ਸਾਡੀ ਆਪਣੀ ਹੈ



**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਬੀਐੱਸਐੱਫ ਬਾਰੇ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਰੱਦ ਕਰਨ ਸਬੰਧੀ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਬਾਰੇ ਸਦਨ ਵਿੱਚ ਮਤਾ ਪੇਸ਼ ਕੀਤਾ। ਕੇਂਦਰ ਨੇ ਬੀਐੱਸਐੱਫ ਦਾ ਘੇਰਾ ਸਰਹੱਦ ਤੋਂ 15 ਕਿਲੋਮੀਟਰ ਤੋਂ 50 ਕਿਲੋਮੀਟਰ ਕਰਨ ਖ਼ਿਲਾ.ਫ ਇਹ ਮਤਾ ਪੇਸ਼ ਕੀਤਾ ਗਿਆ ਸੀ। ਦੂਸਰੇ ਪਾਸੇ ਕੈਪਟਨ ਨੇ ਮੋਦੀ ਸਰਕਾਰ ਦੀ ਹਮਾਇਤ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵੱਲੋਂ ਬੀਐੱਸਐੱਫ ਬਾਰੇ ਪਾਸ ਕੀਤੇ ਮਤੇ ਦੇ ਮੱਦੇਨਜ਼ਰ ਟਵੀਟ ਕੀਤਾ ਕਿ ਇਹ ਕੌਮੀ ਸੁਰੱਖਿਆ ਦਾ ਮਾਮਲਾ ਹੈ ਤੇ ਇਸ ’ਤੇ ਸਿਆਸਤ ਨਾ ਕੀਤੀ ਜਾਵੇ। ਉਨਾਂ ਕਿਹਾ ਕਿ ਬੀਐੱਸਐੱਫ ਦੇ ਅਧਿਕਾਰ ਖੇਤਰ ਨੂੰ ਵਧਾਉਣਾ ਦੇਸ਼ ਦੇ ਸੰਘੀ ਢਾਂਚੇ ਦੀ ਉਲੰਘਣਾ ਨਹੀਂ ਹੈ ਅਤੇ ਪੰਜਾਬ ਪੁਲੀਸ ਵਾਂਗ ਹੀ ਬੀਐੱਸਐੱਫ ਵੀ ਸਾਡੀ ਆਪਣੀ ਫੋਰਸ ਹੈ।

# 29 ਨਵੰਬਰ ਨੂੰ ਸੰਸਦ ਤੱਕ ਟਰੈਕਟਰ ਮਾਰਚ ਕੱਢਣਗੇ ਕਿਸਾਨ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀ ਸੰਯੁਕਤ ਕਿਸਾਨ ਮੋਰਚਾ ਨੇ ਮੀਟਿੰਗ ਵਿਚ ਕਈ ਫ਼ੈਸਲੇ ਲਏ ਗਏ। ਕਿਸਾਨ ਮੋਰਚਾ ਨੇ ਫ਼ੈਸਲਾ ਕੀਤਾ ਹੈ ਕਿ 26 ਨਵੰਬਰ ਨੂੰ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ ਤੇ ਰਾਜਸਥਾਨ ਤੋਂ ਦਿੱਲੀ ਦੇ ਸਾਰੇ ਮੋਰਚਿਆਂ ’ਤੇ ਭਾਰੀ ਭੀੜ ਜੁਟਾਈ ਜਾਵੇਗੀ। ਉੱਥੇ ਵੱਡੀਆਂ ਸਭਾਵਾਂ ਵੀ ਹੋਣਗੀਆਂ।

ਮੀਟਿੰਗ ਵਿਚ ਲਏ ਗਏ ਫ਼ੈਸਲਿਆਂ ਦੀ ਜਾਣਕਾਰੀ ਦਿੰਦੇ ਹੋਏ ਮੋਰਚੇ ਦੇ ਨੇਤਾਵਾਂ ਨੇ ਕਿਹਾ ਕਿ 29 ਨਵੰਬਰ ਤੋਂ ਦਿੱਲੀ ਵਿਚ ਸੰਸਦ ਦਾ ਸ਼ੀਤਕਾਲੀਨ ਸੈਸ਼ਨ ਸ਼ੁਰੂ ਹੋ ਰਿਹਾ ਹੈ। ਅਜਿਹੇ ਵਿਚ ਮੋਰਚੇ ਨੇ ਫ਼ੈਸਲਾ ਲਿਆ ਕਿ 29 ਨਵੰਬਰ ਨੂੰ ਸੰਸਦ ਸੈਸ਼ਨ ਦੇ ਅੰਤ ਤੱਕ 500 ਚੁਣੇ ਹੋਏ ਕਿਸਾਨ ਟਰੈਕਟਰ ਟਰਾਲੀਆਂ ਵਿਚ ਹਰ ਦਿਨ ਸੰਸਦ ਭਵਨ ਜਾਣਗੇ।

ਸੰਯੁਕਤ ਕਿਸਾਨ ਮੋਰਚਾ ਨੇ ਫ਼ੈਸਲਾ ਕੀਤਾ ਹੈ ਕਿ 28 ਨਵੰਬਰ ਨੂੰ ਮੁੰਬਈ ਦੇ ਆਜ਼ਾਦ ਮੈਦਾਨ ਵਿਚ ਇਕ ਵਿਸ਼ਾਲ ਕਿਸਾਨ-ਮਜ਼ਦੂਰ ਮਹਾਪੰਚਾਇਤ ਦਾ ਆਯੋਜਨ ਕੀਤਾ ਜਾਵੇਗਾ। ਇਹ ਆਯੋਜਨ ਸੰਯੁਕਤ ਸ਼ੇਤਕੇਰੀ ਕਾਮਗਾਰ ਮੋਰਚਾ ਦੇ ਬੈਨਰ ਹੇਠ ਮਹਾਰਾਸ਼ਟਰ ਦੇ 100 ਤੋਂ ਜ਼ਿਆਦਾ ਸੰਗਠਨਾਂ ਵੱਲੋਂ ਸੰਯੁਕਤ ਰੂਪ ਨਾਲ ਆਯੋਜਿਤ ਕੀਤਾ ਜਾਵੇਗਾ।

ਦੱਸ ਦੇਈਏ ਕਿ 26 ਨਵੰਬਰ ਨੂੰ ਖੇਤੀ ਕਾਨੂੰਨ ਵਿਰੋਧੀ ਪ੍ਰਦਰਸ਼ਨ ਦਾ ਇਕ ਸਾਲ ਪੂਰਾ ਹੋਣ ਜਾ ਰਿਹਾ ਹੈ। ਪਿਛਲੇ ਸਾਲ 26 ਨਵੰਬਰ ਨੂੰ ਪ੍ਰਦਰਸ਼ਨਕਾਰੀਆਂ ਨੇ ਹਰਿਆਣਾ ਵਿਚ ਪ੍ਰਵੇਸ਼ ਕੀਤਾ ਸੀ ਤੇ ਅਗਲੇ ਦਿਨ ਕੁੰਡਲੀ ਬਾਰਡਰ ’ਤੇ ਜੀਟੀ ਰੋਡ ਜਾਮ ਕਰ ਕੇ ਧਰਨੇ ’ਤੇ ਬੈਠ ਗਏ ਸਨ। ਉੱਥੇ ਗਾਜੀਪੁਰ ਬਾਰਡਰ ’ਤੇ ਵੀ ਰਾਕੇਸ਼ ਟਿਕੈਟ ਦੀ ਅਗਵਾਈ ਵਿਚ ਅੰਦੋਲਨਕਾਰੀ ਧਰਨੇ ’ਤੇ ਬੈਠੇ ਹਨ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

**(855)641-6955, (888)795-7035**

# ਯੂਬਾ ਸਿਟੀ, ਕੈਲੀਫੋਰਨੀਆ ਵਿੱਚ ਵਿਸ਼ਾਲ ਨਗਰ

## ✪ ਕੀਰਤਨ ਦੌਰਾਨ ਸੰਗਤਾਂ ਦਾ ਭਾਰੀ ਇਕੱਠ ✪ ਕੀਰਤਨ ਦਰਬਾਰ ਵਿਚ ਉਚਕੋਟੀ ਦੇ ਰਾਗੀਆਂ ਢਾਡੀਆਂ ਨੇ ਕੀਤੀ ਸ਼ਮੂਲੀਅਤ ✪ ਅਮਰੀਕੀ ਉਚ ਅਧਿਕਾਰੀਆਂ ਦਾ ਵੀ ਕੀਤਾ ਗਿਆ ਸਨਮਾਨ












**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :-** ਵਿਸ਼ਵ ਪੱਧਰੀ ਚਰਚਿਤ ਯੂਬਾ ਸਿਟੀ, ਕੈਲੀਫੋਰਨੀਆ ਦਾ ਨਗਰ ਕੀਰਤਨ ਜੋ ਗੁਰਤਾ ਗੱਦੀ ਨੂੰ ਸਮਰਪਿਤ ਹੁੰਦਾ ਹੈ ਦੇ ਸਬੰਧ ’ਚ ਕਈ ਹਫਤਿਆਂ ਤੋਂ ਚੱਲ ਰਹੇ ਧਾਰਮਿਕ ਦੀਵਾਨਾਂ ਦੀ ਵਿਸ਼ਾਲ ਸੰਗਤਾਂ ਦੀ ਹਾਜ਼ਰੀ ਵਿਚ ਸਮਾਪਤੀ ਹੋ ਗਈ। ਕੋਵਿਡ ਮਹਾਂਮਾਰੀ ਦੀ ਮਾਰ ਝੱਲ ਰਹੇ ਅਮਰੀਕਾ ਦੇ ਸਿੱਖ ਭਾਈਚਾਰੇ ਦਾ ਦੋ ਸਾਲ ਬਾਅਦ ਯੂਬਾ ਸਿਟੀ ਦਾ ਇਹ ਨਗਰ ਕੀਰਤਨ ਤੇ ਪਹਿਲਾ ਵੱਡਾ ਸਮਾਗਮ ਸੀ। ਇਸ ਵਿਸ਼ਾਲ ਨਗਰ ਕੀਰਤਨ ਵਿਚ ਇਸ ਵਾਰ ਵੀ ਸੰਗਤਾਂ ਦੀਆਂ ਭਾਰੀ ਰੌਣਕਾਂ ਜੁੜੀਆਂ, ਇਸ ਨਗਰ ਕੀਰਤਨ ਲਈ ਸਥਾਨਕ ਸੰਗਤਾਂ ਕਰੀਬ ਇੱਕ ਮਹੀਨੇ ਤੋਂ ਲੰਗਰਾਂ, ਸਾਜੋ ਸਮਾਨ, ਸਜਾਵਟ ਤੇ ਫਲੋਟਾਂ ਦੀਆਂ ਤਿਆਰੀਆਂ ਵਿਚ ਰੁਝੇ ਰਹਿੰਦੇ ਹਨ। ਐਤਕਾਂ ਵੀ ਕਈ ਹਫਤਿਆਂ ਤੋਂ ਵੱਖ ਵੱਖ ਧਾਰਮਿਕ ਦੀਵਾਨ ਸਜਾਏ ਗਏ ਸਨ ਜਿਸ ਵਿੱਚ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਭਾਈ ਪ੍ਰਿਤਪਾਲ ਸਿੰਘ, ਭਾਈ ਤੇਜਿੰਦਰ ਸਿੰਘ, ਭਾਈ ਡਿੰਪਲ ਸਿੰਘ, ਭਾਈ ਆਤਮਜੋਤ ਸਿੰਘ, ਭਾਈ ਅਮਰਜੀਤ ਸਿੰਘ ਤਾਨ, ਤੇ ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ , ਭਾਈ ਬਲਜੀਤ ਸਿੰਘ ਆਦਿ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਨਗਰ ਕੀਰਤਨ ਦੇ ਪਹਿਲੀ ਰਾਤ ਵੱਖ ਵੱਖ ਬਲਾਰਿਆਂ ਨੇ ਆਪਣੀਆਂ ਤਕਰੀਰਾਂ ਵਿੱਚ ਭਾਰਤ ਵਿੱਚ ਸਿੱਖਾਂ ਨਾਲ ਹੋ ਰਹੀਆਂ ਬੇਇਨਸਾਫੀਆਂ ਤੇ ਕਿਸਾਨਾਂ ਦੇ ਚੱਲ ਰਹੇ ਸੰਘਰਸ਼ ਦੌਰਾਨ ਹੋਈਆਂ ਕਿਸਾਨਾਂ ਦੀਆਂ ਮੌਤਾਂ ਤੇ ਭਾਰਤ ਸਰਕਾਰ ਦੀ ਤਿੱਖੀ ਅਲ਼ੋਚਨਾ ਕੀਤੀ। ਰਾਤ ਦੇ ਸਮਾਗਮਾਂ ਤੇ ਸਵੇਰੇ ਦੇ ਸਮਾਗਮਾਂ ਦੌਰਾਨ ਸਿੱਖ ਆਗੂਆਂ ਤੇ ਅਮਰੀਕੀ ਉਚ ਅਧਿਕਾਰੀਆਂ ਜਿਨਾਂ ਵਿਚ ਮੇਅਰ, ਡਿਪਟੀ ਮੇਅਰ, ਸ਼ੈਰਫ ਡਿਪਾਰਟਮੈਂਟ ਤੇ ਸਿਆਸੀ ਲੀਡਰਾਂ ਨੂੰ ਪਲੈਕਾਂ ਤੇ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਉਘੇ ਕਾਰੋਬਾਰੀ ਸਰਬਜੀਤ ਥਿਆੜਾ ਵਲੋਂ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਲਈ ਦੋ ਲੱਖ ਇੱਕਵੰਜਾ ਹਜ਼ਾਰ ਡਾਲਰ ਦਾਨ ਵਜੋਂ ਦਿੱਤਾ ਗਿਆ। ਸਮਾਗਮਾਂ ਦੌਰਾਨ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ ਗਏ, ਅਮ੍ਰਿਤ ਸੰਚਾਰ ਹੋਇਆ ਤੇ ਆਤਿਸ਼ਬਾਜੀ ਕੀਤੀ ਗਈ । ਪੰਜਾਂ ਪਿਆਰਿਆਂ ਦੀ ਰਹਿਨੁਮਾਈ ਵਿਚ ਕੱਢੇ ਗਏ 42ਵੇਂ ਨਗਰ ਕੀਰਤਨ ਉਤੇ ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਵਾਲੇ ਮੁੱਖ ਫਲੋਟਾਂ ਵਿੱਚ ਮੁੱਖ ਵੱਡੇ ਸੁੰਦਰ ਫਲੋਟ ਤੋਂ ਇਲਾਵਾ, ਦਰਬਾਰ ਸਾਹਿਬ ਦਾ ਮਾਡਲ, ਕਿਸਾਨਾਂ ਤੇ ਖੇਤੀ ਸਬੰਧੀ , ਸਿੱਖ ਰੈਫਰੈਂਡਮ, ਗੁਰਦੁਆਰਾ ਬਰਾਡਸ਼ਾਅ, ਗੁਰਦੁਆਰਾ ਸਟਾਕਟਨ, ਅਕਾਲੀ ਦਲ ਅੰਮ੍ਰਿਤਸਰ, ਸਿੰਘ ਸ਼ਹੀਦਾਂ ਵਾਰੇ ਆਦਿ ਫਲੋਟਾਂ ਨਾਲ ਸੰਗਤਾਂ ਨੇ ਸ਼ਮੂਲੀਅਤ ਕੀਤੀ। ਦੂਸਰੇ ਪਾਸੇ ਪੁਲਿਸ ਵਿਭਾਗ ਵਲੋਂ ਥੋਕ ਵਿੱਚ ਸੰਗਤਾਂ ਦੀਆਂ ਕਾਰਾਂ ਨੂੰ ਟਿਕਟਾਂ ਦਿੱਤੀਆਂ ਤੇ ਲੱਖਾਂ ਡਾਲਾਰਾਂ ਦਾ ਸੰਗਤਾਂ ਨੂੰ ਚੂਨਾ ਲਾਇਆ। ਇਸ ਵਾਰ ਵੀ ਭਾਰੀ ਗਿਣਤੀ ਵਿਚ ਬਾਹਰਲੇ ਭਾਈਚਾਰੇ ਦੇ ਲੋਕਾਂ ਨੇ ਵੀ ਸ਼ਮੂਲੀਅਤ ਕੀਤੀ।

## ਸਿੰਘ ਇਜ ਕਿੰਗ

# ਅਮਰੀਕਾ ਦੀ ਨੋਰਵਿਚ ਸਿਟੀ ਚੋਣਾਂ ਵਿਚ ਸਵਰਨਜੀਤ ਸਿੰਘ ਖ਼ਾਲਸਾ ਦੀ ਸ਼ਾਨਦਾਰ ਜਿੱਤ

## ਨਸਲਵਾਦ ਵਿਰੁਧ ਸਿੱਖ ਹਸਤੀ ਦੇ ਹੱਕ ’ਚ ਚਲਾਈ ਸੀ ਮੁਹਿੰਮ

**ਸਿਆਟਲ/ਏ.ਟੀ.ਨਿਊਜ਼:** ਬੀਤੇ ਦਿਨ ਹੋਈਆਂ ਚੋਣਾਂ ਵਿਚ ਨੋਰਵਿਚ ਸਿਟੀ ਕੌਂਸਲ ਚੋਣਾਂ ਵਿਚ ਸਾਬਤ ਸੂਰਤ ਸਿੱਖ ਸਵਰਨਜੀਤ ਸਿੰਘ ਖ਼ਾਲਸਾ ਨੇ ਸਿਟੀ ਕੌਂਸਲ ਮੈਂਬਰ ਵਜੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਯਾਦ ਰਹੇ ਸਵਰਨਜੀਤ ਸਿੰਘ ਖ਼ਾਲਸਾ ਪਹਿਲਾਂ ਨੋਰਵਿਚ ਬੋਰਡ ਆਫ਼ ਐਜੂਕੇਸ਼ਨ ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਕੇ ਮੈਂਬਰ ਰਹਿ ਚੁੱਕੇ ਹਨ ਅਤੇ ਉਨਾਂ ਨੇ ਮੈਂਬਰ ਹੁੰਦਿਆਂ ਸਕੂਲਾਂ ਵਿਚ ਸਿੱਖ ਬੱਚਿਆਂ ਲਈ ਸ੍ਰੀ ਸਾਹਿਬ ਪਹਿਨਣ ਦਾ ਮਤਾ ਪਾਸ ਕਰਵਾਇਆ ਸੀ। ਸਵਰਨਜੀਤ ਸਿੰਘ ਨੇ ਨੋਰਵਿਚ ਸਿਟੀ ਦੇ ਬੱਸ ਅੱਡਿਆਂ ’ਤੇ ਸਿੱਖ ਨਸਲਕੁਸ਼ੀ ਅਤੇ ਵਿਸਾਖੀ ਦੇ ਵੱਡੇ ਹੋਲਡਿੰਗ ਵੀ ਲਗਵਾਏ ਸਨ। ਲੈਫਟੀਨੈਂਟ ਗਵਰਨਰ ਸੂਜਨ ਬਾਈਜੀਵਿਕਸ ਨੇ ਸਵਰਨਜੀਤ ਸਿੰਘ ਨੂੰ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ ਹੈ। ਸਵਰਨਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਉਹ ਆਪਣੀ ਸਿੱਖ ਅਤੇ ਬਾਕੀ ਸਾਰੇ ਭਾਈਚਾਰਿਆਂ ਦਾ ਧੰਨਵਾਦ ਕਰਦੇ ਹਨ, ਜਿਨਾਂ ਨੇ ਉਨਾਂ ’ਤੇ ਭਰੋਸਾ ਕਰਕੇ ਜਿੱਤ ਦਿਵਾਈ। ਉਹ ਅਗੋਂ ਵੀ ਸਾਂਝੀਵਾਲਤਾ ਤਹਿਤ ਸਰਗਰਮ ਰਹਿਣਗੇ ਤੇ ਲੋਕਾਂ ਦੀ ਸੇਵਾ ਕਰਨਗੇ।

ਯਾਦ ਰਹੇ ਕਿ 2017 ਵਿਚ ਵੀ ਐਫ਼.ਬੀ.ਆਈ ਦੇ ਡਾਇਰੈਕਟਰ ਜਿਮ ਕੋਮੀ ਨੇ ਖ਼ਾਲਸਾ ਨੂੰ ਡਾਇਰੈਕਟਰ ਆਫ਼ ਲੀਡਰਸ਼ਿਪ ਐਵਾਰਡ ਨਾਲ ਨਿਵਾਜ਼ਿਆ ਸੀ ਤੇ ਬਾਅਦ ਵਿਚ ਉਹ ਸਖ਼ਤ ਟ੍ਰੇਨਿੰਗ ਤੇ ਟੈਸਟ ਪਾਸ ਕਰ ਕੇ ਇਕ ਵਾਰ ਫਿਰ ਸਿੱਖਾਂ ਦੀ ਪੂਰੇ ਵਿਸ਼ਵ ਵਿਚ ਨਾਮ ਉਚਾ ਕੀਤਾ ਹੈ। ਜ਼ਿਕਰਯੋਗ ਹੈ ਕਿ ਇਹ ਟੈਸਟ ਭਾਰਤ ਦੇ ਆਈ ਏ ਐਸ ਵਰਗਾ ਹੈ ਤੇ ਪੂਰੇ ਕੈਨੇਟਿਕਟ ਵਿਚੋਂ ਇਸ ਟ੍ਰੇਨਿੰਗ ਲਈ ਸਿਰਫ਼ 23 ਲੋਕ ਚੁਣੇ ਗਏ ਸਨ ਜਿਨਾਂ ਵਿਚ ਖ਼ਾਲਸਾ ਇਕ ਸਨ। ਖ਼ਾਲਸਾ ਨੇ **de do**



ਇਸ ਏਜੰਸੀ ਵਿਚ ਸ਼ਾਮਲ ਹੋ ਕੇ ਸਿੱਖੀ ਦੇ ਚਿੰਨਾਂ ਬਾਰੇ ਦੁਨੀਆਂ ਭਰ ਵਿਚ ਜਾਗਰੂਕਤਾ ਲਿਆਉਣ ਦਾ ਸੁਪਨਾ ਸਿਰਜਿਆ ਹੈ।

ਖ਼ਾਲਸਾ ਨੇ ਦਸਿਆ ਕਿ ਹੁਣ ਤੱਕ ਐਫ਼.ਬੀ.ਆਈ ਦੀ ਮਦਦ ਨਾਲ ਕੈਨੇਟਿਕਟ ਦੇ 2,000 ਤੋਂ ਵੱਧ ਪੁਲਿਸ ਵਾਲਿਆਂ ਨੂੰ ਸਿੱਖਾਂ ਦੇ ਧਾਰਮਿਕ ਚਿੰਨਾਂ ਬਾਰੇ ਜਾਣੂ ਕਰਵਾਇਆ ਜਾ ਚੁੱਕਿਆ ਹੈ ਤੇ ਇਸ ਕੰਮ ਨੂੰ ਅੱਗੇ ਵਧਾਇਆ ਜਾਏਗਾ।

ਸਵਰਨਜੀਤ ਸਿੰਘ ਖਾਲਸਾ ਨੇ ਸਿੱਖ ਇਤਿਹਾਸ ਨੂੰ ਆਰਟ ਗੈਲਰੀ ਨੌਰਵਿਚ ਦੇ ਵਿਚ ਸੰਭਾਲਿਆ ਹੋਇਆ ਹੈ। ਇਹ ਸਿੱਖ ਆਰਟ ਗੈਲਰੀ ਪੂਰਬੀ ਕਨੈਕਟੀਕਟ ਦੇ ਸਭ ਤੋਂ ਵਿਭਿੰਨ ਸ਼ਹਿਰਾਂ ਵਿਚੋਂ ਇਕ ਹੈ, ਜੋ ਸਿੱਖ ਸੱਭਿਆਚਾਰ ਦੀ ਰੂਹ ਮੰਨੀ ਜਾਂਦੀ ਹੈ ਜੋ ਨਵੰਬਰ 2020 ਵਿਚ ਮਹਾਂਮਾਰੀ ਦੇ ਮੱਧ ਵਿਚ ਇਹ ਉਸਾਰੀ ਗਈ ਸੀ ।

ਇਹ ਗੈਲਰੀ ਇਕ ਸਰੋਤ ਕੇਂਦਰ ਅਤੇ ਅਜਾਇਬ ਘਰ ਹੈ ਜੋ ਕਿ ਸਿੱਖ ਸਭਿਆਚਾਰ ਅਤੇ ਵਿਰਾਸਤ ਨੂੰ ਸਮਰਪਿਤ ਹੈ। 1 ਨਵੰਬਰ ਨੂੰ ਇਸ ਦਾ ਉਦਘਾਟਨ 1984 ਦੇ ਸਿੱਖ ਨਸਲਕੁਸ਼ੀ ਦੇ 36ਵੇਂ ਯਾਦਗਾਰੀ ਸਮਾਰੋਹ ਵੇਲੇ ਹੋਇਆ ਸੀ, ਜਦੋਂ ਪੂਰੇ ਭਾਰਤ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਗੈਲਰੀ ਵਿੱਚ ਪੋਰਟਰੇਟ ਸ਼ਾਮਲ ਹਨ: ਮਹਾਰਾਜਾ ਰਣਜੀਤ ਸਿੰਘ, ਸ਼ੇਰ-ਏ-ਪੰਜਾਬ ਵਜੋਂ ਪ੍ਰਸਿੱਧ ਹੈ, ਜੋ ਸਿੱਖ ਸਾਮਰਾਜ ਦਾ ਨੇਤਾ ਸੀ, ਜਿਸ ਨੇ ਉੱਤਰ-ਪੱਛਮੀ ਭਾਰਤੀ ਉਪ-ਮਹਾਂਦੀਪ ਉੱਤੇ 19ਵੀਂ ਸਦੀ ਦੇ ਅਰੰਭ ਵਿਚ ਰਾਜ ਕੀਤਾ, ਮਹਾਰਾਜਾ ਦਲੀਪ ਸਿੰਘ, ਅਕਾਲ ਤਖਤ ਦਾ ਇਕ ਲੋਗੋ ਮਾਡਲ ਵੀ ਪੇਸ਼ ਕੀਤਾ ਗਿਆ ਹੈ, ਜਿਹੜਾ ਸਿੱਖ ਕੌਮ ਦਾ ਰਾਜਨੀਤਿਕ ਕੇਂਦਰ ਹੈ ਅਤੇ ਜੂਨ 1984 ਵਿਚ 37 ਹੋਰ ਸਿੱਖ ਧਾਰਮਿਕ ਅਸਥਾਨਾਂ ਦੇ ਨਾਲ ਤਬਾਹ ਕਰ ਦਿੱਤਾ ਗਿਆ ਸੀ ਜਦੋਂ ਭਾਰਤੀ ਫੌਜ ਨੇ ਦਰਬਾਰ ਉਤੇ ਹਮਲਾ ਕੀਤਾ ਸੀ। ਸਵਰਨਜੀਤ ਸਿੰਘ ਖ਼ਾਲਸਾ ਦੀ ਇਹ ਆਰਟ ਗੈਲਰੀ ਸੰਸਾਰ ਭਰ ਵਿਚ ਰਹਿੰਦੇ ਸਿੱਖ ਭਾਈਚਾਰੇ ਲਈ ਇਕ ਪ੍ਰੇਰਨਾ ਸਰੋਤ ਹੈ ਜੋ ਕਿ ਸਿੱਖ ਇਤਿਹਾਸ ਸੱਭਿਆਚਾਰ ਨੂੰ ਆਪਣੀ ਆਉਣ ਵਾਲੀਆਂ ਪੀੜੀਆਂ ਲਈ ਫ਼ਖਰ ਦੀ ਸੌਗਾਤ ਦੇ ਰੂਪ ਵਿਚ ਸਮਰਪਿਤ ਕਰਦਾ ਹੈ।

# ਨਸਲਕੁਸ਼ੀ 1984 ਦੀ ਯਾਦ ਵਿੱਚ ਸਿੱਖਾਂ ਵੱਲੋਂ ਖ਼ੂਨ ਦਾਨ ਮੁਹਿੰਮ

## ਸੈਂਕੜੇ ਸਿੱਖ ਨੌਜਵਾਨ, ਬੀਬੀਆਂ ਅਤੇ ਬਜ਼ੁਰਗ ਖ਼ੂਨਦਾਨ ਕਰਨ ਲਈ ਅੱਗੇ ਆਏ




**ਯੂਬਾ ਸਿਟੀ/ਏ.ਟੀ.ਨਿਊਜ਼ :** ਦੁਨੀਆ ਭਰ ਵਿਚ ਵਸਦੀ ਸਿੱਖ ਕੌਮ ਹਰ ਸਾਲ ਨਵੰਬਰ ਮਹੀਨੇ ਵਿਚ ਨਸਲਕੁਸ਼ੀ 1984 ਨੂੰ ਯਾਦ ਕਰਦਿਆਂ ਖ਼ੂਨਦਾਨ ਮੁਹਿੰਮ ਚਲਾਉਂਦੀ ਹੈ। ਦੁਨੀਆ ਭਰ ਦੀਆਂ ਘੱਟ ਗਿਣਤੀਆਂ ਲਈ ਸੁਰੱਖਿਅਤ ਅਤੇ ਸਨਮਾਨਜਨਕ ਸਮਾਜ ਦੀ ਬਰਕਰਾਰੀ ਹੀ ਇਸ ਮੁਹਿੰਮ ਦਾ ਉਦੇਸ਼ ਹੈ। ਸਿੱਖ ਕੌਮ ਵੱਲੋਂ ਚਲਾਈ ਜਾਂਦੀ ਖ਼ੂਨਦਾਨ ਦੀ ਮੁਹਿੰਮ ਬੀਤੇ ਸਮੇਂ ਦੀ ਯਾਦ ਨੂੰ ਤਾਜ਼ਾ ਰੱਖਣ ਦੇ ਨਾਲ ਨਾਲ ਅਤੇ ਇਕ ਚੰਗੇ ਭਵਿੱਖ ਦੀ ਆਮਦ ਲਈ ਵੀ ਯਤਨਸ਼ੀਲ ਹੈ। ਇਹ ਮੁਹਿੰਮ ਜਿੱਥੇ ਨਵੰਬਰ 1984 ਦੇ ਪੀੜਤਾਂ ਨੂੰ ਸਨਮਾਨਜਨਕ ਸ਼ਰਧਾਂਜਲੀ ਦਿੰਦੀ ਹੈ ਉੱਥੇ ਇਹ ਸਮੁੱਚੀ ਲੋਕਾਈ ਨੂੰ ਨਸਲਕੁਸ਼ੀ ਦੀ ਮਾਨਸਿਕਤਾ ਵਿਰੁੱਧ ਲਾਮਬੰਦ ਕਰਦੀ ਹੈ। 1999 ਤੋਂ ਲੋਅਰਮੇਨਲੈਂਡ (ਵੈਨਕੂਵਰ) ਤੋਂ ਸ਼ੁਰੂ ਹੋਈ ਇਹ ਮੁਹਿੰਮ ਹੁਣ ਕਨੇਡਾ ਤੋਂ ਇਲਾਵਾ ਅਮਰੀਕਾ, ਆਸਟਰੇਲੀਆ ਅਤੇ ਦੁਨੀਆਂ ਦੇ ਹੋਰਨਾਂ ਹਿੱਸਿਆਂ ਵਿਚ ਫੈਲ ਚੁੱਕੀ ਹੈ। ਇਸ ਮੁਹਿੰਮ ਰਾਹੀਂ ਦਸੰਬਰ 2014 ਤੱਕ 1 ਲੱਖ 60 ਹਜ਼ਾਰ ਤੋਂ ਵੱਧ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ। ਸਿੱਖ ਕੌਮ ਦੁਨੀਆਂ ਭਰ ਦੇ ਇਨਸਾਫ ਪਸੰਦ ਲੋਕਾਂ ਨੂੰ ਇਸ ਵਿਲੱਖਣ ਸ਼ਾਂਤਮਈ ਜਾਨਾਂ ਬਚਾਉਣ ਦੀ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ।

ਕੈਲੀਫੋਰਨੀਆ ਦੇ ਸ਼ਹਿਰ ਯੂਬਾ ਸਿਟੀ ਵਿੱਚ ਪਿਛਲੇ 7 ਸਾਲ ਤੋਂ ਸਾਲਾਨਾ ਨਗਰ ਕੀਰਤਨ ਦੌਰਾਨ ਖ਼ੂਨਦਾਨ ਕੰਪੇਨ ਚਲਾਈ ਜਾਂਦੀ ਹੈ। ਜਿਸ ਵਿੱਚ ਸਿੱਖਾਂ ਦੀ ਨਸਲਕੁਸ਼ੀ 1984 ਨੂੰ ਯਾਦ ਕਰਦਿਆਂ ਖ਼ੂਨਦਾਨ ਕਰਨ ਲਈ ਸਿੱਖਾਂ ਦਾ ਹੜ ਉਮੱੜ ਪੈਂਦਾ ਹੈ। ਇਸ ਸਾਲ ਯੂਬਾ ਸਿਟੀ ਵਿਖੇ ਅਮਰੀਕਾ ਦੇ ਬਲੱਡ ਸੋਰਸ ਵਾਲਿਆਂ ਵੱਲੋਂ ਚਾਰ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਸੀ ਪਰ ਫੇਰ ਵੀ ਸੈਂਕੜੇ ਸਿੱਖ ਵੀਰ ਭੈਣਾਂ ਨੂੰ ਖ਼ੂਨ-ਦਾਨ ਦੇਣ ਤੋਂ ਵਾਂਝੇ ਰਹਿਣਾ ਪਿਆ, ਸਿਰਫ 230 ਸਿੱਖ ਹੀ ਰਜਿਸਟਰਡ ਹੋ ਸਕੇ।

ਅਮਰੀਕਾ ਦੀ ਇਸ ਖ਼ੂਨਦਾਨ ਲੈਂਣ ਵਾਲੀ ਏਜੰਸੀ ਦੇ ਵਰਕਰ ਹੈਰਾਨ ਸਨ ਕਿ ਸਿੱਖ ਕੌਮ ਵਿੱਚ ਸਰਬੱਤ ਦੇ ਭਲੇ ਅਤੇ ਦੂਸਰੇ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਖ਼ੂਨਦਾਨ ਦੇਣ ਲਈ ਕਿੰਨਾ ਉਤਸ਼ਾਹ ਹੈ। ਭਾਵੇਂਕਿ 4 ਵਜੇ ਸ਼ਾਮ ਤੱਕ ਖ਼ੂਨ ਦਾਨ ਲੈਣ ਦਾ ਟਾਈਮ ਸੀ ਪਰ ਫਿਰ ਵੀ ਬਹੁਤ ਸਾਰੇ ਸਿੱਖ ਲਾਈਨ ਵਿੱਚ ਖੜੇ ਸਨ ਜਿਨਾਂ ਤੋਂ ਅਮਲੇ ਨੇ ਮੁਆਫੀ ਮੰਗੀ, ਅਸੀਂ ਹੁਣ ਹੋਰ ਖ਼ੂਨ ਨਹੀਂ ਲੈ ਸਕਦੇ।

# ਕਾਲੀ ਸੂਚੀ ਦੇ ਨਾਮ ਤੇ ਸਿੱਖਾਂ ਨੂੰ ਗੁੰਮਰਾਹ ਕਰਨ ਵਾਲੀ ਭਾਰਤੀ ਹਕੂਮਤ ਅਤੇ ਉਸ ਦੇ ਚਹੇਤੇ ਅੱਜ ਚੁੱਪ ਕਿਉਂ : ਹਰਦੀਪ ਸਿੰਘ ਨਿੱਝਰ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-** ਕੇਂਦਰ ਸਰਕਾਰ ਵਲੋਂ ਵਿਦੇਸ਼ੀ ਸਿੱਖਾਂ ਨੂੰ ਕਿਸਾਨ ਹਮਾਇਤੀ ਦਸ ਕੇ ਏਅਰਪੋਰਟ ਤੋਂ ਵਾਪਿਸ ਭੇਜਿਆ ਜਾ ਰਿਹਾ ਹੈ ਅਤੇ ਉਨਾਂ ਦੇ ਓ ਆਈ ਸੀ ਕਾਰਡ ਵੀ ਰੱਦ ਕਰਨਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਇਸ ਮਸਲੇ ਤੇ ਕੈਨੇਡਾ ਦੇ ਗੁਰਦੁਆਰਾ ਸਰੀ ਡੇਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨੇ ਬੋਲਦਿਆਂ ਕਿਹਾ ਕਿ ਜਿਹੜੇ ਲੋਕ ਕਰੀਬ ਦੋ ਕੁ ਸਾਲ ਪਹਿਲਾਂ ਅਖੌਤੀ 'ਕਾਲ਼ੀ ਸੂਚੀ' ਦੇ ਬਹਾਨੇ ਭਾਰਤ ਸਰਕਾਰ ਦੇ ਚਹੇਤੇ ਬਣ ਕੇ ਭਾਰਤ ਦੀ 'ਰਾਅ' ਏਜੰਸੀਆਂ ਨਾਲ ਮੀਟਿੰਗਾਂ ਕਰਕੇ ਮੋਦੀ ਸਰਕਾਰ ਦੇ ਗੁਣ ਗਾਉਂਦੇ ਭਾਰਤੀ ਹਕੂਮਤ ਦੀ ਬੋਲੀ ਬੋਲਦਿਆਂ ਕਹਿ ਰਹੇ ਸਨ ਕਿ ਮੋਦੀ ਸਰਕਾਰ ਹੁਣ ਸਿੱਖਾਂ ਦੀ 'ਕਾਲੀ ਸੂਚੀ' ਖਤਮ ਕਰਵਾ ਰਹੀ ਹੈ, ਹੁਣ ਉਹੀ ਭਾਰਤੀ ਹਕੂਮਤ ਅਤੇ ਉਸ ਦੇ ਚਹੇਤੇ ਦੱਸਣ ਕਿ ਕਿਸਾਨਾਂ ਦੇ ਹਮਾਇਤੀ ਵਿਦੇਸ਼ੀ ਸਿੱਖਾਂ ਨੂੰ ਏਅਰਪੋਰਟਾਂ ਤੋਂ ਮੋੜ ਕੇ ਅਤੇ ਅਖੌਤੀ ਭਾਰਤੀ ਵੀਜ਼ੇ ਕਿਹੜੇ ਕਾਨੂੰਨ ਤਹਿਤ ਰੱਦ ਕਰ ਰਹੇ ਹਨ ?

ਭਾਰਤ ਸਰਕਾਰ ਵੱਲੋਂ 1980ਵਿਆਂ ਵਿਚ ਸ਼ੁਰੂ ਹੋਏ ਸਿੱਖ ਸੰਘਰਸ਼ ਦੇ ਦੌਰ ਵੇਲੇ ਵਿਦੇਸ਼ੀ ਸਿੱਖਾਂ ਵਿਚ ਦਹਿਸ਼ਤ ਦਾ ਮਾਹੌਲ ਬਣਾਉਣ ਲਈ ਸਿਰਫ਼ ਅਖੌਤੀ ਕਾਲੀ ਸੂਚੀ ਤਿਆਰ ਕੀਤੀ



ਗਈ, ਭਾਰਤੀ ਹਕੂਮਤ ਵੱਲੋਂ ਇਸ ਅਖੌਤੀ 'ਕਾਲੀ ਸੂਚੀ' ਨੂੰ ਸਿੱਖਾਂ ਵਿਰੁੱਧ ਇਕ ਹਥਿਆਰ ਵਜੋਂ ਵਰਤਦੀ ਆ ਰਹੀ ਹੈ, ਜਦ ਕਿ ਇਸ ਕਾਲੀ ਸੂਚੀ ਵਾਰੇ ਭਾਰਤੀ ਹਕੂਮਤ ਨੇ ਕਦੀ ਵੀ ਸਹੀ ਅਤੇ ਪੂਰੀ ਜਾਣਕਾਰੀ ਨਹੀਂ ਦਿੱਤੀ। ਫਿਰ ਵੀ ਕੁਝ ਹਲਕੇ-ਫੁਲਕੇ ਸਿੱਖ ਭਾਰਤੀ ਏਜੰਸੀਆਂ ਦੇ ਬੁਣੇ ਜਾਲ ਵਿੱਚ ਫਸਾਏ ਗਏ। ਉਨਾਂ ਲੋਕਾਂ ਨੇ ਸਰਕਾਰ ਦੀ ਬੋਲੀ ਬੋਲਦੇ ਹੋਏ ਵਿਦੇਸ਼ਾਂ ਵਿਚ ਵੱਸਦੇ ਆਜ਼ਾਦੀ ਪਸੰਦ ਸਿੱਖਾਂ ਨੂੰ ਅਖੌਤੀ ਕਾਲੀ ਸੂਚੀ ਦੇ ਜਾਲ ਵਿੱਚ ਫਸਾਉਣ ਲਈ ਪੂਰੀ ਵਾਹ ਲਾਈ ਪਰ ਆਜ਼ਾਦੀ ਪਸੰਦ ਸਿੱਖ ਇਸ ਅਖੌਤੀ 'ਕਾਲੀ ਸੂਚੀ' ਨੂੰ ਆਪਣੀ ਜੁੱਤੀ ਦੇ ਬਰਾਬਰ ਸਮਝਦੇ ਹਨ। ਕਿਉਂਕਿ ਸਾਡਾ ਸੰਘਰਸ਼ ਕਾਲੀਆਂ ਸੂਚੀਆਂ ਖਤਮ ਕਰਾਉਣ ਲਈ ਨਹੀਂ ਸੀ ਸ਼ੁਰੂ ਹੋਇਆ ਸਗੋਂ ਸਰਬੱਤ ਦੇ ਭਲੇ ਵਾਲਾ ਖ਼ਾਲਸਾ ਰਾਜ 'ਖਾਲਿਸਤਾਨ' ਦੀ ਪ੍ਰਾਪਤੀ ਲਈ ਆਖ਼ਰੀ ਸਾਹ ਤਕ ਚਲਦਾ ਰਹੇਗਾ।

ਵਿਦੇਸ਼ਾਂ ਵਿੱਚ ਵੱਸਦੇ ਆਜ਼ਾਦੀ ਪਸੰਦ ਸਿੱਖਾਂ ਨੂੰ ਅਖੌਤੀ ਭਾਰਤੀ ਕਾਲੀ ਸੂਚੀਆਂ ਅਤੇ ਭਾਰਤੀ ਅਖੌਤੀ ਵੀਜ਼ੇ ਰੱਦ ਕਰਵਾਉਣ ਦੀ ਕੋਈ ਪ੍ਰਵਾਹ ਨਹੀਂ ਹੈ। ਇਹ ਤਾਨਾਸ਼ਾਹੀ ਹਕੂਮਤਾਂ ਆਮ ਲੋਕਾਂ ਨੂੰ ਡਰਾ-ਧਮਕਾ ਸਕਦੀਆਂ ਹਨ ਪਰ ਆਜ਼ਾਦੀ ਪਸੰਦ ਸਿੱਖਾਂ ਨੂੰ ਨਹੀਂ, ਕਿਉਂਕਿ ਜਿਹੜੀ ਭਾਰਤੀ ਬ੍ਰਾਹਮਣਵਾਦੀ ਹਕੂਮਤ ਸਿੱਖਾਂ ਨੂੰ ਆਪਣਾ ਦੁਸ਼ਮਣ ਸਮਝਦੀ ਹੋਵੇ ਸਿੱਖਾਂ ਨੂੰ ਉਸ ਹਕੂਮਤ ਕੋਲੋਂ ਆਪਣੀ ਅਖੌਤੀ ਕਾਲੀ ਸੂਚੀ ਖਤਮ ਕਰਾਉਣ ਅਤੇ ਵੀਜ਼ੇ ਰੱਦ ਕਰਵਾਉਣ ਦਾ ਕੋਈ ਦੁੱਖ ਨਹੀਂ ਹੋਣਾ ਚਾਹੀਦਾ। ਅਸੀਂ ਚੰਗੀ ਤਰਾਂ ਜਾਣਦੇ ਹਾਂ ਕਿ ਮੌਕੇ ਦੀਆਂ ਹਕੂਮਤਾਂ ਆਜ਼ਾਦੀ ਪਸੰਦ ਸਿੱਖਾਂ ਨਾਲ ਕਿਵੇਂ ਟੱਕਰ ਦੀਆਂ, ਖ਼ਰੀਦ ਦੀਆਂ ਅਤੇ ਦਹਿਸ਼ਤ ਪਾਉਂਦੀਆਂ ਹਨ।

# ਜਾਰਜੀਆ 'ਚ ਪੁਲਿਸ ਅਧਿਕਾਰੀ ਗੋਲੀ ਵੱਜਣ ਨਾਲ ਹੋਇਆ ਗੰਭੀਰ ਜ਼ਖਮੀ

## ਘਰੇਲੂ ਝਗੜਾ ਗਿਆ ਸੀ ਨਿਪਟਾਉਣ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਜਾਰਜੀਆ ਦੇ ਮੈਕਡੋਨੌਘ ਖੇਤਰ ਵਿਚ ਭਾਰਤੀ ਮੂਲ ਦਾ ਪੁਲਿਸ ਅਧਿਕਾਰੀ ਘਰੇਲੂ ਝਗੜੇ ਸਬੰਧੀ ਆਏ ਫੋਨ ਉਪਰ ਕਾਰਵਾਈ ਕਰਦਿਆਂ ਮੌਕੇ ਉਪਰ ਪੁੱਜਾ ਤਾਂ ਇਕ ਵਿਅਕਤੀ ਨੇ ਉਸ ਉਪਰ ਗੋਲੀਆਂ ਚਲਾ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਸਥਾਨਕ ਕਾਊਂਟੀ ਪੁਲਿਸ ਮੁੱਖੀ ਰਿਗਨਾਲਡ ਸਕੈਂਡਰਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਦਿੱਤੀ ਹੈ ਕਿ 38 ਸਾਲਾ ਪੁਲਿਸ ਅਧਿਕਾਰੀ ਪਰਮਹੰਸ ਦੇਸਾਈ ਨੇ ਮੈਕਡੋਨੌਘ ਵਿਖੇ ਘਰੇਲੂ ਝਗੜੇ ਵਿਚ ਕਾਰਵਾਈ ਕਰਦਿਆਂ ਜਦੋਂ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦਾ ਯਤਨ ਕੀਤਾ ਤਾਂ ਉਸ ਨੇ ਬੰਦੂਕ ਨਾਲ ਦੇਸਾਈ ਉਪਰ ਗੋਲੀ ਚਲਾ ਦਿੱਤੀ ਤੇ ਕਾਰ ਵਿਚ ਫਰਾਰ ਹੋ ਗਿਆ। ਲਾਅ ਇਨਫੋਰਸਮੈਂਟ ਏਜੰਸੀਆਂ ਨੇ ਦੋਸ਼ੀ ਦੀ ਗ੍ਰਿਫਤਾਰ ਵਿਚ ਮੱਦਦ ਕਰਨ ਵਾਸਤੇ 25000 ਡਾਲਰ ਦਾ ਇਨਾਮ ਰਖਿਆ ਹੈ। ਪ੍ਰਸਿੱਧ ਬਾਸਕਟਬਾਲ ਖਿਡਾਰੀ ਸ਼ਕੁਇਲ ਓ ਨੀਲ ਜੋ ਇਸ ਕਸਬੇ ਵਿਚ ਹੀ ਰਹਿੰਦਾ ਹੈ ਨੇ ਵੀ ਦੋਸ਼ੀ ਨੂੰ ਗ੍ਰਿਫਤਾਰ ਕਰਨ ਵਿੱਚ ਸਹਾਇਤਾ ਕਰਨ ਵਾਲੇ ਵਿਅਕਤੀ ਨੂੰ 5000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ। ਪੁਲਿਸ ਨੇ ਕਥਿਤ ਦੋਸ਼ੀ ਦੀ ਪਛਾਣ ਜੋਰਡਨ ਜੈਕਸਨ ਵਜੋਂ ਕੀਤੀ ਹੈ। ਪੁਲਿਸ ਮੁਖੀ ਸਕੈਂਡਰਟ ਨੇ ਕਿਹਾ ਹੈ ਕਿ ਦੋਸ਼ੀ ਨੂੰ ਛੇਤੀ ਹੀ ਗ੍ਰਿਫਤਾਰ ਕਰਕੇ ਕਟਹਿਰੇ ਵਿਚ ਖੜਾ ਕੀਤਾ ਜਾਵੇਗਾ। ਜ਼ਖਮੀ ਪੁਲਿਸ ਅਧਿਕਾਰੀ ਦੇਸਾਈ ਦੀ ਹਾਲਤ ਗੰਭੀਰ ਬਣੀ ਹੋਈ ਹੈ। ਉਹ ਪਿਛਲੇ 17 ਸਾਲਾਂ ਤੋਂ ਲਾਅ ਇਨਫੋਰਸਮੈਂਟ ਏਜੰਸੀ ਵਿਚ ਕੰਮ ਕਰ ਰਿਹਾ ਹੈ। ਉਹ ਵਿਆਹਿਆ ਹੋਇਆ ਹੈ ਤੇ ਉਸ ਦੇ ਦੋ ਛੋਟੇ-ਛੋਟੇ ਬੱਚੇ ਹਨ।

# ਡੈਮੋਕ੍ਰੈਟਿਕ ਸੈਨੇਟ ਮੈਂਬਰਾਂ ਨੇ ਵਧ ਰਹੀਆਂ ਤੇਲ ਦੀਆਂ ਕੀਮਤਾਂ ਨਾਲ ਨਜਿੱਠਣ ਲਈ ਰਾਖਵੇਂ ਭੰਡਾਰ ਦੀ ਵਰਤੋਂ ਕਰਨ ਲਈ ਕਿਹਾ

## ਤੇਲ ਦੀ ਬਰਾਮਦ ਰੋਕਣ ਲਈ ਕਦਮ ਚੁੱਕਣ ਉਪਰ ਦਿੱਤਾ ਜ਼ੋਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਵਿਸ਼ਵ ਦੇ ਕਈ ਹੋਰ ਦੇਸ਼ਾਂ ਜਿਨਾਂ ਵਿਚ ਭਾਰਤ ਵੀ ਸ਼ਾਮਿਲ ਹੈ, ਵਾਂਗ ਅਮਰੀਕਾ ਵਿਚ ਵਧ ਰਹੀਆਂ ਤੇਲ ਦੀਆਂ ਕੀਮਤਾਂ ਨਾਲ ਨਜਿੱਠਣ ਲਈ ਸੈਨੇਟ ਦੇ ਦਰਜਨ ਦੇ ਕਰੀਬ ਮੈਂਬਰਾਂ ਨੇ ਰਾਸ਼ਟਰਪਤੀ ਜੋਅ ਬਾਈਡਨ ਨੂੰ ਅਪੀਲ ਕੀਤੀ ਹੈ ਕਿ ਦੇਸ਼ ਦੇ ਹੰਗਾਮੀ ਹਾਲਤ ਵਿਚ ਵਰਤੋਂ ਲਈ ਭੰਡਾਰ ਕੀਤੇ ਤੇਲ ਦੀ ਵਰਤੋਂ ਕੀਤੀ ਜਾਵੇ ਤੇ ਤੇਲ ਦੀ ਬਰਾਮਦ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ। ਰਾਸ਼ਟਰਪਤੀ ਨੂੰ ਲਿਖੇ ਇਕ ਪੱਤਰ ਵਿਚ ਸੈਨੇਟ ਮੈਂਬਰ ਐਲਿਜ਼ਾਬਥ ਵਾਰੇਨ, ਸ਼ੈਰੋਡ ਬਰਾਉਨ, ਜੈਕ ਰੀਡ ਸਮੇਤ ਹੋਰ ਮੈਂਬਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਤੇਲ ਦੀਆਂ ਕੀਮਤਾਂ ਵਿਚ ਪਿਛਲੇ



7 ਸਾਲਾਂ ਦੌਰਾਨ ਹੋਏ ਵਾਧੇ ਨੇ ਪਰਿਵਾਰਾਂ ਤੇ ਛੋਟੇ ਕਾਰਬਾਰੀਆਂ ਉਪਰ ਅਣਉਚਿੱਤ ਬੋਝ ਪਾਇਆ ਹੈ ਜਿਸ ਕਾਰਨ ਉਨਾਂ ਦੀਆਂ ਮੁਸ਼ਕਿਲਾਂ ਵਿਚ ਵਾਧਾ ਹੋਇਆ ਹੈ। ਇਸ ਲਈ ਅਸੀਂ ਤੁਹਾਨੂੰ ਉਹ ਸਾਰੇ ਸਾਧਨ ਵਰਤਣ ਦੀ ਬੇਨਤੀ ਕਰਦੇ ਹਾਂ ਜਿਨਾਂ ਨਾਲ ਤੇਲ ਦੀਆਂ ਕੀਮਤਾਂ ਘੱਟ ਸਕਦੀਆਂ ਹਨ। ਇਨਾਂ ਸਾਧਨਾਂ ਵਿਚ ਰਣਨੀਤਿਕ ਤੇਲ ਭੰਡਾਰ ਨੂੰ ਮਾਰਕਿਟ ਵਿਚ ਜਾਰੀ ਕਰਨਾ ਤੇ ਕੱਚੇ ਤੇਲ ਦੀ ਬਰਾਮਦ ਉਪਰ ਰੋਕ ਲਾਉਣਾ ਵੀ ਸ਼ਾਮਿਲ ਹੈ। ਸੈਨੇਟ ਮੈਂਬਰਾਂ ਨੇ ਲਿਖੇ ਪੱਤਰ ਵਿਚ ਹੋਰ ਕਿਹਾ ਹੈ ਕਿ ਉਹ ਬਾਈਡਨ ਪ੍ਰਸ਼ਾਸਨ ਦੀ ਇਸ ਚਿੰਤਾ ਨਾਲ ਸਹਿਮਤ ਹਨ ਕਿ ਤੇਲ ਉਤਪਾਦਕ ਦੇਸ਼ਾਂ ਦੇ ਸੰਗਠਨ 'ਉਪੇਕ' ਤੇ ਹੋਰਨਾਂ ਦੁਆਰਾ ਤੇਲ ਦੀ ਸਪਲਾਈ ਰੋਕ ਕੇ ਫਾਇਦਾ ਉਠਾਇਆ ਜਾ ਰਿਹਾ ਹੈ।

**ਬਾਕੀ ਸਫ਼ਾ 30 'ਤੇ**

# ਅਮਰੀਕਾ ਵਿਚ ਨਹੀਂ ਰੁਕ ਰਿਹਾ ਹੱਤਿਆਵਾਂ ਦਾ ਸਿਲਸਿਲਾ

## 2021 ਦੌਰਾਨ ਅਮਰੀਕਾ ਦੇ 22 ਸ਼ਹਿਰਾਂ 'ਚ ਹੱਤਿਆਵਾਂ ਵਿੱਚ ਹੋਇਆ ਵਾਧਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਵਿਚ ਹੱਤਿਆਵਾਂ ਦਾ ਸਿਲਸਿਲਾ ਨਹੀਂ ਰੁਕ ਰਿਹਾ। ਹਰ ਸਾਲ ਪਿਛਲੇ ਸਾਲ ਦੀ ਤੁਲਨਾ ਵਿਚ ਹੱਤਿਆਵਾਂ ਦੇ ਮਾਮਲੇ ਵਧ ਰਹੇ ਹਨ। 20 21 ਦੇ ਪਹਿਲੇ 9 ਮਹੀਨਿਆਂ ਦੌਰਾਨ ਅਮਰੀਕਾ ਵਿਚ ਹੱਤਿਆਵਾਂ ਵਿੱਚ ਵਾਧਾ ਹੋਇਆ ਹੈ। ਹਾਲਾਂਕਿ ਇਹ ਵਾਧਾ ਜਾਰਜ ਫਲਾਇਡ ਦੀ ਹੱਤਿਆ ਤੋਂ ਬਾਅਦ 2019 ਵਿਚ ਹੱਤਿਆਵਾਂ ਵਿਚ ਹੋਏ ਰਿਕਾਰਡ ਵਾਧੇ ਦੀ ਤੁਲਨਾ ਵਿਚ ਘੱਟ ਹੈ। ਕ੍ਰਿਮੀਨਲ ਜਸਟਿਸ ਵਿੱਚ ਛੱਪੀ ਇਕ ਰਿਪੋਰਟ ਅਨੁਸਾਰ 2021 ਦੇ ਪਹਿਲੇ 9 ਮਹੀਨਿਆਂ ਦੌਰਾਨ 2020 ਦੇ ਇਸੇ ਸਮੇਂ ਦੀ ਤਲਨਾ ਵਿਚ ਅਮਰੀਕਾ ਦੇ 22 ਸ਼ਹਿਰਾਂ ਵਿਚ ਹੱਤਿਆਵਾਂ ਵਿੱਚ 4% ਦਾ ਵਾਧਾ ਦਰਜ ਹੋਇਆ ਹੈ। ਰਿਪੋਰਟ ਅਨੁਸਾਰ ਜਨਵਰੀ ਤੋਂ ਸਤੰਬਰ ਤੱਕ 126 ਹੋਰ ਹੱਤਿਆਵਾਂ ਦੇ ਮਾਮਲੇ ਦਰਜ ਹੋਏ ਹਨ। ਰਿਪੋਰਟ ਅਨੁਸਾਰ 2019 ਦੇ ਇਸੇ ਸਮੇਂ ਦੌਰਾਨ ਇਨਾਂ ਹੀ 22 ਸ਼ਹਿਰਾਂ ਵਿਚ 36% ਵੱਧ ਹੱਤਿਆਵਾਂ ਦੇ ਮਾਮਲੇ ਦਰਜ ਹੋਏ ਸਨ। ਰਿਪੋਰਟ ਅਨੁਸਾਰ 2021 ਦੀ ਪਹਿਲੀ ਛਿਮਾਹੀ ਦੌਰਾਨ ਇਸ ਤੋਂ ਪਿਛਲੇ ਸਾਲ ਦੀ ਇਸੇ ਛਿਮਾਹੀ ਦੀ ਤੁਲਨਾ ਵਿਚ 16% ਹੱਤਿਆਵਾਂ ਵਧ ਹੋਈਆਂ ਹਨ। ਜਦ ਕਿ 2019 ਦੀ ਤੁਲਨਾ ਵਿਚ 2020 ਦੌਰਾਨ 25% ਹੱਤਿਆਵਾਂ ਵਧ ਹੋਈਆਂ ਹਨ।

# ਇਸ ਸਾਲ ਹਵਾਈ ਉਡਾਣਾਂ ਦੌਰਾਨ ਹਿੰਸਾ 'ਤੇ ਉਤਾਰੂ ਯਾਤਰੀਆਂ ਕੋਲੋਂ ਵਸੂਲਿਆ 2 ਲੱਖ ਡਾਲਰ ਤੋਂ ਵਧ ਜੁਰਮਾਨਾ : ਐਫ ਏ ਏ

**ਸੈਕਰਾਮੈਂਟ/ਹੁਸਨ ਲੜੋਆ ਬੰਗਾ:-** ਫੈਡਰੇਸ਼ਨ ਐਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫ ਏ ਏ) ਨੇ ਇਸ ਸਾਲ ਦੇ ਸ਼ੁਰੂ ਵਿਚ ਖੱਪ ਪਾਉਣ ਵਾਲੇ ਜਾਂ ਬਿਨਾਂ ਕਿਸੇ ਕਾਰਨ ਮਾਹੌਲ ਨੂੰ ਤਣਾਅਪੂਰਨ ਬਣਾਉਣ ਵਾਲੇ ਯਾਤਰੀਆਂ ਪ੍ਰਤੀ ਸਖਤ ਨੀਤੀ ਲਾਗੂ ਕਰਨ ਉਪਰੰਤ ਹੁਣ ਤੱਕ 2 ਲੱਖ ਡਾਲਰ ਤੋਂ ਵਧ ਜ਼ੁਰਮਾਨਾ ਵਸੂਲਿਆ ਹੈ। ਇਕ ਜਾਰੀ ਬਿਆਨ ਵਿਚ ਫੈਡਰੇਸ਼ਨ ਐਵੀਏਸ਼ਨ ਐਡਮਨਿਸਟ੍ਰੇਸ਼ਨ ਦੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਹਵਾਈ ਜਹਾਜ਼ ਦੀ ਉਡਾਣ ਦੌਰਾਨ ਬਿਨਾਂ ਕਿਸੇ ਕਾਰਨ ਮਾਹੌਲ ਨੂੰ ਖਰਾਬ ਕਰਨ ਵਾਲੇ ਯਾਤਰੀਆਂ ਕੋਲੋਂ 2,25,287 ਡਾਲਰ ਵਸੂਲੇ ਗਏ ਹਨ। ਅਧਿਕਾਰੀ ਅਨੁਸਾਰ ਹਿੰਸਾ ਕਰਨ ਵਾਲੇ ਯਾਤਰੀਆਂ ਵਿਰੁੱਧ ਬੇਹੱਦ ਸਖਤੀ ਵਰਤੀ ਜਾਵੇਗੀ। ਇਸ ਸਾਲ ਮਈ ਵਿਚ ਸਾਊਥ ਵੈਸਟ ਏਅਰਲਾਈਨਜ਼ ਦੀ ਇਕ ਉਡਾਣ ਦੌਰਾਨ ਇਕ ਯਾਤਰੀ ਨੇ ਇਕ ਮੁਲਾਜ਼ਮ ਦੇ ਮੁੱਕਾ ਮਾਰਿਆ ਸੀ ਜਿਸ ਮੁਲਾਜ਼ਮ ਨੂੰ ਡਾਕਟਰੀ ਸਹਾਇਤਾ ਦੇਣੀ ਪਈ ਸੀ। ਇਸ ਘਟਨਾ ਨੂੰ ਐਫ ਏ ਏ ਨੇ ਬਹੁਤ ਹੀ ਗੰਭੀਰਤਾ ਨਾਲ ਲਿਆ ਸੀ ਤੇ ਉਸ ਯਾਤਰੀ ਕੋਲੋਂ 26000 ਡਾਲਰ ਜ਼ੁਰਮਾਨਾ ਵਸੂਲਿਆ ਗਿਆ ਸੀ। ਐਫ ਏ ਏ ਅਨੁਸਾਰ ਇਸ ਸਾਲ ਹੁਣ ਤੱਕ ਉਡਾਣਾਂ ਦੌਰਾਨ ਦੁਰਵਿਵਹਾਰ ਜਾਂ ਖੱਪ ਪਾਉਣ ਦੀਆਂ 5114 ਘਟਨਾਵਾਂ ਵਾਪਰੀਆਂ ਹਨ। ਇਨਾਂ ਵਿਚੋਂ 70% ਘਟਨਾਵਾਂ ਮਾਸਕ ਪਾਉਣ ਨੂੰ ਲੈ ਕੇ ਹੋਏ ਵਿਵਾਦ ਕਾਰਨ ਵਾਪਰੀਆਂ ਹਨ। ਪਿਛਲੇ ਹਫਤੇ ਐਫ ਏ ਏ ਨੇ ਐਲਾਨ ਕੀਤਾ ਸੀ ਕਿ 37 ਜਿਆਦਾ ਗੰਭੀਰ ਮਾਮਲਿਆਂ ਨੂੰ ਸੰਘੀ ਵਕੀਲਾਂ ਦੇ ਸਪੁਰਦ ਕੀਤਾ ਗਿਆ ਹੈ। ਐਫ ਏ ਏ ਤੇ ਨਿਆਂ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਹਿੰਸਕ ਯਾਤਰੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਪ੍ਰਤੀ ਦ੍ਰਿੜ ਸੰਕਲਪ ਹਨ। ਇਹ ਐਲਾਨ ਏਅਰਲਾਈਨਜ਼ ਕਾਮਿਆਂ ਦੀਆਂ ਯੂਨੀਅਨਾਂ ਵੱਲੋਂ ਬਣਾਏ ਦਬਾਅ ਉਪਰੰਤ ਕੀਤਾ ਗਿਆ ਹੈ। ਯੂਨੀਅਨਾਂ ਨੇ ਮੰਗ ਕੀਤੀ ਹੈ ਕਿ ਵਪਾਰਕ ਉਡਾਣਾਂ ਦੌਰਾਨ ਹਿੰਸਾ ਕਰਨ ਵਾਲੇ ਯਾਤਰੀਆਂ ਪ੍ਰਤੀ ਸਖਤ ਨੀਤੀ ਅਪਣਾਈ ਜਾਵੇ। ਐਫ ਏ ਏ ਨੇ ਹਿੰਸਾ ਦੇ ਪੁਖਤਾ ਸਬੂਤ ਵਾਲੇ ਕਈ ਮਾਮਲਿਆਂ ਨੂੰ ਐਫ ਬੀ ਆਈ ਕੋਲ ਕਾਰਵਾਈ ਲਈ ਭੇਜੇ ਹਨ। ਇੱਥੇ ਜ਼ਿਕਰਯੋਗ ਹੈ ਕਿ ਐਫ ਏ ਏ ਕੋਲ ਕਿਸੇ ਯਾਤਰੀ ਨੂੰ 37000 ਡਾਲਰ ਤੱਕ ਜੁਰਮਾਨਾ ਕਰਨ ਦਾ ਅਧਿਕਾਰ ਹੈ ਪਰ ਉਸ ਨੂੰ ਯਾਤਰੀ ਵਿਰੁੱਧ ਫੌਜਦਾਰੀ ਮਾਮਲਾ ਦਰਜ ਕਰਵਾਉਣ ਦਾ ਅਧਿਕਾਰ ਨਹੀਂ ਹੈ।

# ਐਫ ਬੀ ਆਈ ਨੇ ਅਮਰੀਕੀ ਕੰਪਨੀਆਂ ਨੂੰ ਇਰਾਨੀ ਹੈਕਰਾਂ ਬਾਰੇ ਕੀਤਾ ਸੁਚੇਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਇਰਾਨੀ ਹੈਕਰਾਂ ਨੇ ਅਮਰੀਕਾ ਤੇ ਹੋਰ ਵਿਦੇਸ਼ੀ ਸੰਗਠਨਾਂ ਤੋਂ ਸੰਵੇਦਣਸ਼ੀਲ ਡੈਟਾ ਚੋਰੀ ਕਰਨ ਦੇ ਮਕਸਦ ਨਾਲ ਸਾਇਬਰਕ੍ਰਿਮੀਨਲ ਵੈਬਸਾਈਟਸ ਲੱਭ ਲਈਆਂ ਹਨ। ਇਹ ਚਿਤਾਵਨੀ ਐਫ ਬੀ ਆਈ ਨੇ ਅਮਰੀਕੀ ਕੰਪਨੀਆਂ ਨੂੰ ਦਿੱਤੀ ਹੈ। ਐਫ ਬੀ ਆਈ ਨੇ ਕਿਹਾ ਹੈ ਕਿ ਇਸ ਡੈਟਾ ਦੀ ਵਰਤੋਂ ਵਿਦੇਸ਼ੀ ਸੰਗਠਨਾਂ ਦੀਆਂ ਵੈਬਸਾਈਟਾਂ ਨੂੰ ਹੈਕ ਕਰਨ ਵਾਸਤੇ ਕੀਤੀ ਜਾ ਸਕਦੀ ਹੈ। ਐਫ ਬੀ ਆਈ ਨੇ ਕਿਹਾ ਹੈ ਕਿ ਇਰਾਨੀ ਹੈਕਿੰਗ ਗਰੁੱਪ ਚੋਰੀ ਕੀਤੀ ਜਾਣਕਾਰੀ ਨੂੰ ਅਮਰੀਕਾ ਦੇ ਕਾਰਪੋਰੇਟ ਨੈੱਟਵਰਕ ਵਿਚ ਘੁਸਪੈਠ ਕਰਨ ਲਈ ਵਰਤ ਸਕਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**

Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# 73 ਹਸਤੀਆਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਆ

## ਫਰਨਾਂਡੇਜ਼, ਜੇਤਲੀ ਅਤੇ ਸੁਸ਼ਮਾ ਮਰਨ ਉਪਰੰਤ ਪਦਮ ਵਿਭੂਸ਼ਣ ਨਾਲ ਸਨਮਾਨਿਤ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਰਾਸ਼ਟਰਪਤੀ ਭਵਨ ਵਿਚ ਹੋਏ ਸਮਾਗਮ ਦੌਰਾਨ 73 ਹਸਤੀਆਂ ਨੂੰ ਪਦਮ ਪੁਰਸਕਾਰਾਂ ਨਾਲ ਨਿਵਾਜਿਆ। ਇਨਾਂ ਵਿਚੋਂ ਕੁਝ ਹਸਤੀਆਂ ਨੂੰ ਮਰਨ ਉਪਰੰਤ ਸਨਮਾਨ ਦਿੱਤਾ ਗਿਆ ਹੈ। ਰਾਸ਼ਟਰਪਤੀ ਦਫ਼ਤਰ ਵੱਲੋਂ ਜਾਰੀ ਬਿਆਨ ਮੁਤਾਬਕ ਸਾਲ 2020 ਦੇ ਇਨਾਂ ਵਿਸ਼ੇਸ਼ ਪੁਰਸਕਾਰਾਂ ਵਿਚੋਂ 4 ਨੂੰ ਪਦਮ ਵਿਭੂਸ਼ਣ, 8 ਨੂੰ ਪਦਮ ਭੂਸ਼ਣ ਅਤੇ 61 ਨੂੰ ਪਦਮਸ੍ਰੀ ਨਾਲ ਨਿਵਾਜਿਆ ਗਿਆ ਹੈ। ਪਦਮ ਵਿਭੂਸ਼ਣ ਪੁਰਸਕਾਰ ਹਾਸਲ ਕਰਨ ਵਾਲਿਆਂ ਵਿਚ ਸਾਬਕਾ ਕੇਂਦਰੀ ਮੰਤਰੀ ਜੌਰਜ ਫਰਨਾਂਡੇਜ਼ (ਮਰਨ ਉਪਰੰਤ), ਅਰੁਣ ਜੇਤਲੀ (ਮਰਨ ਉਪਰੰਤ), ਸੁਸ਼ਮਾ ਸਵਰਾਜ (ਮਰਨ ਉਪਰੰਤ) ਅਤੇ ਹਿੰਦੁਸਤਾਨੀ ਸ਼ਾਸਤਰੀ ਗਾਇਕ ਪੰਡਿਤ ਛੰਨੂ ਲਾਲ ਮਿਸ਼ਰਾ ਸ਼ਾਮਲ ਹਨ। ਸ੍ਰੀ ਜੇਤਲੀ ਵੱਲੋਂ ਉਨਾਂ ਦੀ ਪਤਨੀ ਅਤੇ ਸੁਸ਼ਮਾ ਸਵਰਾਜ ਵੱਲੋਂ ਉਨਾਂ ਦੀ ਧੀ ਨੇ ਇਹ ਪੁਰਸਕਾਰ ਹਾਸਲ ਕੀਤੇ। ਰਾਸ਼ਟਰਪਤੀ ਨੇ ਪਦਮ ਭੂਸ਼ਣ ਪੁਰਸਕਾਰ ਨਾਲ ਬੈਡਮਿੰਟਨ ਖਿਡਾਰਨ ਪੀ ਵੀ ਸਿੰਧੂ, ਸਮਾਜ ਸੇਵਕ ਡਾਕਟਰ ਅਨਿਲ ਪ੍ਰਕਾਸ਼ ਜੋਸ਼ੀ, ਡਾਕਟਰ ਐੱਸ ਸੀ ਜਮੀਰ ਅਤੇ ਅਧਿਆਤਮਵਾਦ ਲਈ ਮੁਮਤਾਜ਼ ਅਲੀ ਨੂੰ ਨਿਵਾਜਿਆ। ਉਨਾਂ ਸੰਥਾਲੀ ਭਾਸ਼ਾ ਦੇ ਮਸ਼ਹੂਰ ਸਾਹਿਤਕਾਰ ਦਮਯੰਤੀ ਬੇਸ਼ਰਾ, ਟੀਵੀ ਅਤੇ ਫਿਲਮ ਅਦਾਕਾਰਾ ਸਰਿਤਾ ਜੋਸ਼ੀ, ਸੰਗੀਤਕਾਰ ਅਤੇ ਗਾਇਕ ਅਦਨਾਨ ਸਾਮੀ, ਅਦਾਕਾਰਾ ਕੰਗਨਾ ਰਣੌਤ, ਮਹਿਲਾ ਹਾਕੀ ਟੀਮ ਦੀ ਕਪਤਾਨ ਰਾਣੀ ਰਾਮਪਾਲ, ਆਈਸੀਐੱਮਆਰ ਦੇ ਡਾਕਟਰ ਰਮਨ ਗੰਗਾਖੇਡਕਰ ਸਮੇਤ ਹੋਰਾਂ ਨੂੰ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਸ ਮੌਕੇ ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਹੋਰ ਕਈ ਉੱਘੇ ਆਗੂ ਵੀ ਹਾਜ਼ਰ ਸਨ।









**ਬੀਬੀ ਪ੍ਰਕਾਸ਼ ਕੌਰ ਨੂੰ ਪਦਮਸ਼੍ਰੀ, ਨਾਲ ਸਨਮਾਨਿਤ**

ਜਲੰਧਰ ਵਾਸੀ ਬੀਬੀ ਪ੍ਰਕਾਸ਼ ਕੌਰ ਨੇ ਜਲੰਧਰ ਹੀ ਨਹੀਂ, ਬਲਕਿ ਪੂਰੇ ਪੰਜਾਬ ਦਾ ਨਾਂ ਰੋਸ਼ਨ ਕੀਤਾ ਹੈ। ਉਨਾਂ ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਵਲੋਂ ਸਮਾਜ ਸੇਵਾ ਤੇ ਅਨਾਥ ਬੱਚਿਆਂ ਦਾ ਭਵਿੱਖ ਸੰਵਾਰਨ ਲਈ ਪਦਮਸ਼੍ਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹ ਅਨਾਥ ਬੱਚਿਆਂ ਨੂੰ ਅਪਣਾਉਂਦੇ ਹਨ ਤੇ ਉਨਾਂ 'ਤੇ ਮਾਂ ਦੀ ਮਮਤਾ ਲੁਟਾਉਂਦੇ ਹਨ। ਸਮਾਜ ਵਿਚ ਲੜਕੀਆਂ ਨਾਲ ਦੁਰਵਿਹਾਰ ਤੇ ਅੱਤਿਆਚਾਰ ਨੂੰ ਜੜੋਂ ਖ਼ਤਮ ਕਰਨ ਵਿਚ ਲੱਗੇ ਬੀਬੀ ਪ੍ਰਕਾਸ਼ ਕੌਰ ਦੋ ਦਹਾਕਿਆਂ ਤੋਂ ਜ਼ਿਆਦਾ ਸਮੇਂ ਤੋਂ ਯੂਨੀਕ ਹੋਮ ਚਲਾ ਰਹੇ ਹਨ। ਇਸ ਵਿਚ ਮਾਪਿਆਂ ਵੱਲੋਂ ਠੁਕਰਾਈਆਂ ਤੇ ਸੜਕਾਂ ਤੋਂ ਮਿਲੀਆਂ ਕੁੜੀਆਂ ਨੂੰ ਆਪਣੇ ਕੋਲ ਰੱਖਦੇ ਹਨ ਤੇ ਉਨਾਂ ਦਾ ਪਾਲਣ-ਪੋਸ਼ਣ ਤੋਂ ਲੈ ਕੇ ਪੜਾਈ ਤੱਕ ਦੀ ਪੂਰੀ ਸੇਵਾ ਕਰਦੇ ਹਨ। ਯੂਨੀਕ ਹੋਮ ਵਿਚ ਰਹਿ ਰਹੀਆਂ ਬੱਚੀਆਂ ਦਾ ਉਹ ਆਪਣੀਆਂ ਧੀਆਂ ਵਾਂਗ ਧਿਆਨ ਰੱਖਦੇ ਹਨ ਤੇ ਉਨਾਂ ਦੇ ਵਿਆਹ ਵੀ ਖ਼ੁਦ ਕਰਵਾਉਂਦੇ ਹਨ। ਕਈ ਵਾਰ ਮਾਪੇ ਖ਼ੁਦ ਹੀ ਨੰਨੀਆਂ ਬੱਚੀਆਂ ਨੂੰ ਯੂਨੀਕ ਹੋਮ ਛੱਡ ਜਾਂਦੇ ਹਨ। ਇਸ ਤਰਾਂ ਨਾਲ ਬੱਚੀਆਂ ਤੋਂ ਮਾਪਿਆਂ ਦਾ ਮੂੰਹ ਫੇਰਨਾ ਤੇ ਉਨਾਂ ਨੂੰ ਇਕੱਲਿਆਂ ਛੱਡ ਜਾਣਾ ਬੀਬੀ ਪ੍ਰਕਾਸ਼ ਕੌਰ ਨੂੰ ਬਹੁਤ ਦੁਖ ਪਹੁੰਚਾਉਂਦਾ ਹੈ। ਉਨਾਂ ਦਾ ਕਹਿਣਾ ਹੈ ਕਿ ਧੀਆਂ ਨੂੰ ਇੰਝ ਸੁੱਟੋ ਨਾ, ਮੈਨੂੰ ਦੇ ਜਾਵੋ। ਉਨਾਂ ਦੀ ਇਹੀ ਸੋਚ ਤੇ ਸਮਾਜ ਪ੍ਰਤੀ ਪਿਆਰ ਤੇ ਕੁੜੀਆਂ ਪ੍ਰਤੀ ਸਨੇਹ ਨੂੰ ਦੇਖਦੇ ਹੋਏ ਉਨਾਂ ਨੂੰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬੱਚੀਆਂ ਦੇ ਹਾਲਾਤ ਸੁਧਾਰਨ ਤੇ ਉਨਾਂ ਨੂੰ ਨਵੀਂ ਦਿਸ਼ਾ ਦੇਣ ਵਿਚ ਲੱਗੇ ਬੀਬੀ ਪ੍ਰਕਾਸ਼ ਕੌਰ ਨੂੰ ਪਹਿਲਾਂ ਵੀ ਕਈ ਵਾਰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਰਿਲਾਇੰਸ ਗਰੁੱਪ ਦੀ ਨੀਤਾ ਅੰਬਾਨੀ ਉਨਾਂ ਨੂੰ ਰਿਅਲ ਹੀਰੋ ਦੇ ਐਵਾਰਡ ਨਾਲ ਸਨਮਾਨਿਤ ਕਰ ਚੁੱਕੀ ਹੈ। ਇੱਥੋਂ ਤੱਕ ਕਿ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਵੀ ਯੂਨੀਕ ਹੋਮ ਵਿਚ ਆ ਚੁੱਕੇ ਹਨ ਤੇ ਉਨਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰ ਚੁੱਕੇ ਹਨ। ਪਹਿਲਾਂ ਉਨਾਂ ਅਵਤਾਰ ਨਗਰ ਵਿਚ ਮਾਡਲ ਹਾਊਸ ਰੋਡ 'ਤੇ ਯੂਨੀਕ ਹੋਮ ਨਾਮਕ ਸੰਸਥਾ ਬਣਾ ਕੇ ਅਨਾਥ ਬੱਚੀਆਂ ਨੂੰ ਅਪਣਾਉਣਾ ਸ਼ੁਰੂ ਕੀਤਾ ਸੀ। ਉਸ ਤੋਂ ਬਾਅਦ ਹੌਲੀ-ਹੌਲੀ ਉਨਾਂ ਕੋਲ ਅਨਾਥ ਬੱਚੀਆਂ ਦੀ ਗਿਣਤੀ ਵੱਧ ਗਈ। ਉਨਾਂ ਦੀ ਸੇਵਾ ਭਾਵਨਾ ਨੂੰ ਵੇਖਦੇ ਹੋਏ ਦੇਸ਼ ਵਿਦੇਸ਼ਾਂ ਦੀਆਂ ਸੰਸਥਾਵਾਂ ਵੱਲੋਂ ਆਰਥਿਕ ਸਹਾਇਤਾ ਵੀ ਆਉਣ ਲੱਗੀ। ਫਿਰ ਪ੍ਰਕਾਸ਼ ਕੌਰ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਇਸ ਤੋਂ ਬਾਅਦ ਉਨਾਂ ਨੇ ਨਕੋਦਰ ਰੋਡ 'ਤੇ ਵੀ ਨਵੇਂ ਸਿਰਿਓਂ ਯੂਨੀਕ ਹੋਮ ਦਾ ਨਿਰਮਾਣ ਕਰਵਾ ਲਿਆ ਹੈ।

**ਮੰਦੀ ਭਾਸ਼ਾ ਬੋਲਣ ਵਾਲੀ ਕੰਗਨਾ ਸਨਮਾਨਿਤ**

ਫ਼ਿਲਮੀ ਹਸਤੀਆਂ ਵਿਚ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਤੇ ਗਾਇਕ ਅਦਨਾਨ ਸਾਮੀ ਨੂੰ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ। ਕੰਗਨਾ ਰਣੌਤ ਪਦਮਸ੍ਰੀ ਨਾਲ ਸਨਮਾਨਿਤ ਹੋਣ 'ਤੇ ਬਹੁਤ ਖ਼ੁਸ਼ ਵੀ ਹੈ।

ਉਸ ਨੂੰ ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ। ਇਸ ਦੌਰਾਨ ਉਸ ਨੇ ਇੰਸਟਾਗ੍ਰਾਮ 'ਤੇ ਆਪਣੀ ਇਕ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿਚ ਉਹ ਸਨਮਾਨ ਨੂੰ ਲੈ ਕੇ ਆਪਣੀ ਖ਼ੁਸ਼ੀ ਜ਼ਾਹਿਰ ਕਰਦੀ ਨਜ਼ਰ ਆ ਰਹੀ ਹੈ। ਇਹ ਬੀਬੀ ਉਹੀ ਹੈ ਜਿਸਨੇ ਕਿਸਾਨਾਂ ਨੂੰ ਅਤਿਵਾਦੀ ਖਾਲਿਸਤਾਨੀ ਕਹਿਕੇ ਭਗਵਿਆਂ ਵਿਚ ਮਸ਼ਹੂਰੀ ਖੱਟੀ ਹੈ। ਇਹ ਇਨਾਮ ਉਸੇ ਦਾ ਨਤੀਜਾ ਹੈ।ਨਹੀਂ ਤਾਂ ਕਲਾਕਾਰ ਬੀਬੀਆਂ ਦੇ ਕੰਗਨਾ ਨੇੜੇ ਤੇੜੇ ਵੀ ਨਹੀਂ।

# ਸਿੱਧੂ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੂਰਬੀਨ ਰਾਹੀਂ ਕੀਤੇ ਦਰਸ਼ਨ

## ਦਰਸ਼ਨ ਸਥਲ ਬਾਰੇ ਕੇਂਦਰ ਨੂੰ ਪੱਤਰ ਲਿਖਣਗੇ ਸਿੱਧੂ

**ਬਟਾਲਾ/ਏ.ਟੀ.ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ 'ਤੇ ਪੁੱਜੇ ਅਤੇ ਧੁੱਸੀ ਬੰਨ 'ਤੇ ਖੜੇ ਹੋ ਕੇ ਦੂਰਬੀਨ ਰਾਹੀਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ। ਇਸ ਮੌਕੇ ਉਨਾਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਅਤੇ ਕਿਸਾਨਾਂ ਦੀ ਜਿੱਤ ਲਈ ਅਰਦਾਸ ਵੀ ਕੀਤੀ। ਇਸ ਮੌਕੇ ਸ੍ਰੀ ਸਿੱਧੂ ਨੇ ਕਿਹਾ ਕਿ 9 ਨਵੰਬਰ 2019 ਨੂੰ ਦੋਵਾਂ ਦੇਸ਼ਾਂ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਿਆ ਗਿਆ ਸੀ ਪਰ ਕਰੋਨਾ ਮਹਾਮਾਰੀ ਕਾਰਨ ਇਹ ਬੰਦ ਕਰ ਕਰ ਦਿੱਤਾ ਗਿਆ। ਇਸ ਸਮੇਂ ਦੌਰਾਨ ਲਗਪਗ 70 ਹਜ਼ਾਰ ਸ਼ਰਧਾਲੂਆਂ ਨੇ ਪਾਕਿਸਤਾਨ ਜਾ ਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਸਨ। ਉਨਾਂ ਆਸ ਪ੍ਰਗਟਾਈ ਕਿ ਸ਼ਰਧਾਲੂਆਂ ਨੂੰ ਇੱਕ ਵਾਰ ਫਿਰ ਜਲਦ ਹੀ ਕਰਤਾਰਪੁਰ ਸਾਹਿਬ ਦੇ ਨੇੜਿਓਂ ਦਰਸ਼ਨ ਹੋ ਸਕਣਗੇ। ਉਨਾਂ ਕਿਹਾ ਕਿ ਗੁਰੂ ਨਾਨਕ





ਦੇਵ ਨੇ ਲੋਕਾਂ ਨੂੰ ਕਿਰਤ ਸੱਭਿਆਚਾਰ ਨਾਲ ਜੋੜਿਆ ਸੀ, ਪਰ ਅੱਜ 60 ਫ਼ੀਸਦੀ ਲੋਕ ਸੜਕਾਂ 'ਤੇ ਰੁਲ਼ ਰਹੇ ਹਨ। ਉਨਾਂ ਦਿੱਲੀ ਦੀਆਂ ਬਰੂਹਾਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਦੀ ਜਿੱਤ ਲਈ ਵੀ ਅਰਦਾਸ ਕੀਤੀ ਹੈ।

ਇਸ ਮੌਕੇ ਨਵਜੋਤ ਸਿੱਧੂ ਨੇ ਕਿਹਾ ਕਿ ਲਾਂਘਾ ਬਣਾਉਣ ਸਮੇਂ ਲੈਂਡ ਪੋਰਟ ਅਥਾਰਟੀ ਨੇ ਵਾਅਦਾ ਕੀਤਾ ਸੀ ਕਿ ਦੂਰਬੀਨ ਨਾਲ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਲਈ ਇਸ ਸਰਹੱਦ ਦੇ ਧੁੱਸੀ ਬੰਨ 'ਤੇ 100 ਮੀਟਰ ਚੌੜਾ ਅਤੇ 60 ਫੁੱਟ ਉੱਚਾ ਦਰਸ਼ਨ ਸਥਲ ਬਣਾਇਆ ਜਾਵੇਗਾ ਪਰ ਇਸ ਸਬੰਧੀ ਹਾਲੇ ਕੁਝ ਨਹੀਂ ਹੋਇਆ ਹੈ, ਜਿਸ ਬਾਰੇ ਉਹ ਕੇਂਦਰ ਸਰਕਾਰ ਨੂੰ ਚਿੱਠੀ ਲਿਖਣਗੇ।

**ਬਾਕੀ ਸਫ਼ਾ 30 'ਤੇ**

# ਸਵਰਗੀ ਸਰਦਾਰ ਮਹਿੰਦਰ ਸਿੰਘ ਗਿੱਲ ਦੇ ਜੀਵਨ ਦੀ ਕਹਾਣੀ ਤੇ ਅੰਤਿਮ ਦਰਸ਼ਨ



**ਕੈਲੀਫੋਰਨੀਆ/ਏ.ਟੀ.ਨਿਊਜ਼ :** ਸਵਰਗੀ ਸਰਦਾਰ ਮਹਿੰਦਰ ਸਿੰਘ ਗਿੱਲ ਦਾ ਜਨਮ ਪਿੰਡ ਹਮਾਯੂੰਪੁਰਾ, ਪੰਜਾਬ ਵਿੱਚ ਹੋਇਆ ਸੀ। 1958 ਵਿੱਚ ਮੈਕਸੀਕੋ ਜਾਣ ਤੋਂ ਪਹਿਲਾਂ ਉਨਾਂ ਨੇ ਆਪਣਾ ਮੁਢਲਾ ਜੀਵਨ ਪਿੰਡ ਚੌਕੀਮਾਨ, ਜਗਰਾਓਂ ਵਿੱਚ ਬਿਤਾਇਆ। ਮਹਿੰਦਰ ਸਿੰਘ ਗਿੱਲ ਛੋਟੀ ਉਮਰ ਤੋਂ ਹੀ ਇਕ ਸਾਹਸੀ ਤੇ ਜਨੂੰਨ ਰੱਖਣ ਵਾਲੇ ਇਨਸਾਨ ਦੇ ਨਾਲ ਨਾਲ ਇਕ ਦਾਨੀ ਦਿਲ ਰੱਖਣ ਵਾਲੇ ਇਨਸਾਨ ਵੀ ਸਨ। ਉਨਾਂ ਨੇ ਆਪਣੇ ਜੀਵਨ ਕਾਲ ਦੌਰਾਨ ਪੂਰੇ ਮੈਕਸੀਕੋ, ਸੰਯੁਕਤ ਰਾਜ, ਕੈਨੇਡਾ ਅਤੇ ਇੰਗਲੈਂਡ ਦੀ ਯਾਤਰਾ ਕੀਤੀ ਸੀ। ਮਹਿੰਦਰ ਸਿੰਘ ਗਿੱਲ ਦਾ ਵਿਆਹ 1966 ਵਿੱਚ ਨਛੱਤਰ ਕੌਰ ਨਾਲ ਹੋਇਆ। ਵਿਆਹ ਤੋਂ ਬਾਅਦ ਭਰਤਪੁਰ, ਰਾਜਸਥਾਨ ਵਿੱਚ ਵਸ ਗਏ ਜਿੱਥੇ ਉਨਾਂ ਨੇ ਆਪਣੇ 3 ਬੱਚਿਆਂ ਦਾ ਪਾਲਣ ਪੋਸ਼ਣ ਕੀਤਾ। 1988 ਵਿੱਚ, ਸਰਦਾਰ ਗਿੱਲ ਆਪਣੇ ਪਰਿਵਾਰ ਲਈ ਇੱਕ ਸੁਰੱਖਿਅਤ ਭਵਿੱਖ ਪ੍ਰਦਾਨ ਕਰਨ ਲਈ ਅਮਰੀਕਾ ਚਲੇ ਗਏ। ਅਮਰੀਕਾ ਦੀ ਧਰਤੀ ਉੱਤੇ ਜੀਵਨ ਨਿਰਬਾਹ ਕਰਦੇ ਹੋਏ 5 ਨਵੰਬਰ 2021 ਅਕਾਲ ਪੁਰਖ ਦੇ ਚਰਨਾਂ ਵਿਚ ਜਾ ਨਿਵਾਜੇ। ਉਨਾਂ ਦੀ ਤੀਖਣ ਬੁੱਧੀ ਅਤੇ ਅਨੰਦਮਈ ਸੁਭਾਅ ਨੂੰ ਸਾਰੇ ਦੋਸਤਾਂ ਅਤੇ ਪਰਿਵਾਰ ਦੁਆਰਾ ਬਹੁਤ ਯਾਦ ਕੀਤਾ ਜਾਵੇਗਾ। ਉਹ ਆਪਣੇ ਪਿੱਛੇ ਪਤਨੀ ਨਛੱਤਰ ਕੌਰ, ਬੇਟਾ ਤੇ ਨੂੰਹ ਪਵਨਿੰਦਰ ਗਿੱਲ ਤੇ ਸਤਵਿੰਦਰ ਕੌਰ ਗਿੱਲ, ਧੀਆਂ, ਰਾਣੀ ਖੰਗੂੜਾ ਤੇ ਰਾਜਬਿੰਦਰ ਸਿੱਧੂ, ਜਵਾਈ ਯਾਦਵਿੰਦਰ ਖੰਗੂੜਾ ਤੇ ਹੈਰੀ ਸਿੱਧੂ ਤੇ ਪੋਤੇ ਸਾਹਿਲ, ਮਹਿਤਾਬ ਗਿੱਲ, ਹਿਨਾ ਤੇ ਦੋਹਤੇ ਟੀਨਾ ਖੰਗੂੜਾ, ਸਿਮਰਨ ਅਤੇ ਗੁਰਸ਼ਨ ਸਿੱਧੂ ਨੂੰ ਪਿੱਛੇ ਛੱਡ ਗਏ ਹਨ। ਇਸ ਦੁੱਖ ਭਰੇ ਸਮੇਂ ਵਿੱਚ ਅੰਮ੍ਰਿਤਸਰ ਟਾਈਮਜ਼ ਦੀ ਸਾਰੀ ਟੀਮ ਸਰਦਾਰ ਮਹਿੰਦਰ ਸਿੰਘ ਗਿੱਲ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੀ ਹੈ ਤੇ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਸਰਦਾਰ ਗਿੱਲ ਦਾ ਸੰਸਕਾਰ ਸ਼ਾਂਤ ਭਵਨ ਫਲੋਰ ਵਿਖੇ 20 ਨਵੰਬਰ ਨੂੰ 11 ਤੋਂ 1 ਵਜੇ ਤੱਕ ਉਪਰੰਤ ਅੰਤਿਮ ਅਰਦਾਸ ਸਿੱਖ ਸੈਂਟਰ ਪੈਸੀਫਿਕ ਕੋਸਟ ਸੇਲਮਾ ਵਿੱਚ ਹੋਵੇਗੀ।

# ਆਪ ਨੂੰ ਵੱਡਾ ਸਿਆਸੀ ਝਟਕਾ, ਵਿਧਾਇਕ ਰੂਬੀ ਨੇ ਦਿੱਤਾ ਪਾਰਟੀ ਤੋਂ ਅਸਤੀਫਾ

**ਬਠਿੰਡਾ/ਏ.ਟੀ.ਨਿਊਜ਼ :** ਪੰਜਾਬ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵਿਚ ਕਾਟੋ-ਕਲੇਸ਼ ਸ਼ੁਰੂ ਹੋ ਗਿਆ ਹੈ। ਮੰਗਲਵਾਰ ਆਪ ਦੀ ਬਠਿੰਡਾ ਦਿਹਾਤੀ ਤੋਂ ਵਿਧਾਇਕ ਰੁਪਿੰਦਰ ਕੌਰ ਰੂਬੀ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਉਨਾਂ ਨੇ ਟਵੀਟ ਰਾਹੀਂ ਇਸ ਅਰਵਿੰਦ ਕੇਜਰੀਵਾਲ ਨੂੰ ਪਾਰਟੀ ਦੀ ਮੁਢਲੀ ਮੈਂਬਰੀ ਤੋਂ ਆਪਣਾ ਅਸਤੀਫਾ ਭੇਜਿਆ। ਟਵੀਟ 'ਚ ਉਨਾਂ ਨੇ ਆਪ ਦੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਟੈਗ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਕਾਂਗਰਸ 'ਚ ਸ਼ਾਮਲ ਹੋ ਸਕਦੇ ਹੋਣਗੇ 'ਆਪ' ਵੱਲੋਂ ਭਗਵੰਤ ਮਾਨ ਨੂੰ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਨਾ ਐਲਾਨੇ ਜਾਣ 'ਤੇ ਰੂਬੀ ਨਾਰਾਜ਼ ਸੀ। ਰੂਬੀ ਨੇ ਮਾਨਸਾ ਅਤੇ ਬਠਿੰਡਾ ਦੇ ਦੌਰੇ ਦੌਰਾਨ ਵੀ ਅਰਵਿੰਦ ਕੇਜਰੀਵਾਲ ਦੇ ਪ੍ਰੋਗਰਾਮ ਵਿਚ ਸ਼ਿਰਕਤ ਨਹੀਂ ਕੀਤੀ। ਰੂਬੀ ਨੇ ਕਿਹਾ ਕਿ ਪਾਰਟੀ ਸੰਸਦ ਮੈਂਬਰ ਭਗਵੰਤ ਮਾਨ ਨੂੰ ਨਜ਼ਰਅੰਦਾਜ਼ ਕਰ ਰਹੀ ਹੈ, ਜਿਸ ਕਾਰਨ ਉਨਾਂ ਅਸਤੀਫ਼ਾ ਦਿੱਤਾ ਹੈ।

ਉਨਾਂ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਕੁਝ ਹੋਰ ਵਿਧਾਇਕ ਵੀ ਅਸਤੀਫ਼ੇ ਦੇਣ ਲਈ ਤਿਆਰ ਹਨ। ਉਨਾਂ ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ 'ਤੇ ਵੀ ਦੋਸ਼ ਲਾਏ। ਰੁਪਿੰਦਰ ਕੌਰ ਰੂਬੀ ਨੇ ਕਿਹਾ ਕਿ 'ਆਪ' ਦੀ ਕੇਂਦਰੀ ਲੀਡਰਸ਼ਿਪ ਨਾ ਤਾਂ ਵਿਧਾਇਕਾਂ ਦੀ ਸੁਣ ਰਹੀ ਹੈ ਅਤੇ ਨਾ ਹੀ ਸੰਸਦ ਮੈਂਬਰਾਂ ਦੀ। ਇਹ ਸਥਿਤੀ ਠੀਕ ਨਹੀਂ ਹੈ। 'ਆਪ' ਵਿਧਾਇਕ ਰੂਬੀ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੀ ਵੀ ਚਰਚਾ ਸੀ। ਕੁਝ ਸਮਾਂ ਪਹਿਲਾਂ ਇਹ ਵੀ ਸਾਹਮਣੇ ਆਇਆ ਸੀ ਕਿ ਰੂਬੀ ਦੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਮੀਟਿੰਗ ਵੀ ਹੋਈ ਸੀ ਪਰ ਰੂਬੀ ਨੇ ਇਸ ਨੂੰ ਅਫ਼ਵਾਹ ਕਰਾਰ ਦਿੱਤਾ ਸੀ।

ਵਿਧਾਇਕ ਹਰਪਾਲ ਚੀਮਾ ਨੇ ਵੀ ਰੁਪਿੰਦਰ ਕੌਰ ਦੇ ਅਸਤੀਫੇ 'ਤੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਹੈ ਕਿ ਉਹ ਸਾਡੀ ਛੋਟੀ ਭੈਣ ਹੈ, ਉਸ ਨੂੰ 'ਆਪ' 'ਚ ਟਿਕਟ ਮਿਲਣ ਦੇ ਚਾਂਸ ਨਹੀਂ ਲੱਗ ਰਹੇ ਸਨ, ਇਸ ਲਈ ਉਸ ਨੇ ਅਸਤੀਫਾ ਦਿੱਤਾ ਹੈ।

### ਮਾਮਲਾ ਬੁੜੈਲ ਜੇਲ੍ਹ ਅੰਦਰ ਸੁਰੰਗ ਪੁੱਟ ਬਾਹਰ ਨਿਕਲਣ ਦਾ

# ਭਾਈ ਜਗਤਾਰ ਸਿੰਘ ਤਾਰਾ ਨੇ ਜੇਲ੍ਹ ਬ੍ਰੇਕ ਮਾਮਲੇ ਵਿਚ ਸ਼ਮੂਲੀਅਤ ਨੂੰ ਸਵੀਕਾਰਿਆ

## ✪ ਕਿਹਾ ਕਿ ਸਾਡਾ ਭਾਰਤੀ ਸਿਸਟਮ ਉਪਰ ਵਿਸ਼ਵਾਸ ਨਹੀਂ ✪ ਜੱਜ ਨੂੰ ਚਿੱਠੀ ਲਿਖ ਸਿੱਖਾਂ ਤੇ ਹੋਏ ਜ਼ੁਲਮ ਚੇਤੇ ਕਰਵਾਏ

**ਚੰਡੀਗੜ/ਏ.ਟੀ.ਨਿਊਜ਼ :** ਸਾਲ 1995 ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ ਵਿਚ ਬੁੜੈਲ ਜੇਲ ਵਿਚ ਬੰਦ ਦੋਸ਼ੀ ਭਾਈ ਜਗਤਾਰ ਤਾਰਾ ਨੇ ਆਪਣਾ ਜੁਰਮ ਕਬੂਲ ਕਰ ਲਿਆ। ਭਾਈ ਤਾਰਾ ਨੂੰ ਬੀਤੇ ਸੋਮਵਾਰ ਨੂੰ ਚੰਡੀਗੜ ਜ਼ਿਲਾ ਅਦਾਲਤ ’ਚ ਪੇਸ਼ ਕੀਤਾ ਗਿਆ ਜਿੱਥੇ ਉਸ ਨੂੰ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਅਮਨ ਇੰਦਰ ਸੰਧੂ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਇੱਥੇ ਭਾਈ ਤਾਰਾ ਨੇ ਜੱਜ ਸਾਹਮਣੇ ਕਬੂਲਨਾਮੇ ’ਚ ਕਿਹਾ ਕਿ ਉਸ ਨੇ ਹੀ ਬੁੜੈਲ ਜੇਲ ’ਚ ਸਾਲ 2004 ’ਚ 94 ਫੁੱਟ ਲੰਬੀ ਸੁਰੰਗ ਬਣਾਈ ਸੀ ਤੇ ਫ਼ਰਾਰ ਹੋ ਗਿਆ ਸੀ। ਉਸ ਨੇ ਜੱਜ ਸਾਹਮਣੇ ਇਹ ਵੀ ਕਬੂਲ ਕੀਤਾ ਕਿ ਇਸ ਕੰਮ ਲਈ ਉਸ ਨੂੰ ਤਿੰਨ ਸਾਲ ਦਾ ਸਮਾਂ ਲੱਗਾ ਸੀ ਤੇ ਉਸ ਨੇ ਸੁਰੰਗ ਜੇਲ ਵਿਚ ਮਿਲਣ ਵਾਲੇ ਖਾਣੇ ਦੇ ਭਾਂਡਿਆਂ ਨਾਲ ਬਣਾਈ ਸੀ। ਇਸ ਦੌਰਾਨ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਰਹੀ ਕਿ ਆਪਣੇ ਕਬੂਲਨਾਮੇ ਵਿਚ ਤਾਰਾ ਨੇ ਕਿਹਾ ਕਿ ਉਸ ਦਾ ਭਾਰਤੀ ਨਿਆਂਪਾਲਿਕਾ ’ਤੇ ਬਿਲਕੁਲ ਵੀ ਵਿਸ਼ਵਾਸ ਨਹੀਂ ਹੈ।

ਇਸ ਦੌਰਾਨ ਭਾਈ ਤਾਰਾ ਨੇ ਇਹ ਵੀ ਕਿਹਾ ਕਿ ਉਹ ਸੱਚਾਈ ਦੇ ਹੀ ਰਸਤੇ ਉਤੇ ਚੱਲ ਰਿਹਾ ਸੀ। ਜਦੋਂ ਭਾਈ ਤਾਰਾ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾ ਰਿਹਾ ਸੀ ਤਾਂ ਅਦਾਲਤ ਕੰਪਲੈਕਸ ਨੂੰ ਪੂਰਾ ਛਾਉਣੀ ’ਚ ਤਬਦੀਲ ਕਰ ਦਿੱਤਾ ਗਿਆ। ਸਖ਼ਤ ਸੁਰੱਖਿਆ ਦਰਮਿਆਨ ਤਾਰਾ ਨੂੰ ਕੋਰਟ ਰੂਮ ਵਿਚ ਪੇਸ਼ ਕੀਤਾ ਗਿਆ ਸੀ ਤੇ ਪੇਸ਼ੀ ਦੌਰਾਨ ਸਿਰਫ਼ ਵਕੀਲ ਤੋਂ ਇਲਾਵਾ ਤਾਰਾ ਤੇ ਪੁਲਿਸ ਮੁਲਾਜ਼ਮਾਂ ਨੂੰ ਛੱਡ ਕੇ ਕਿਸੇ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਸ ਕੰਮ ਲਈ ਕੋਰਟ ਰੂਮ ਵਿਚ ਬਾਹਰ ਕਮਾਂਡੋ ਤਕ



ਦੀ ਤਾਇਨਾਤੀ ਕੀਤੀ ਗਈ ਸੀ।

ਆਪਣੇ ਲਿਖਤੀ ਕਬੂਲਨਾਮੇ ਵਿਚ ਭਾਈ ਤਾਰਾ ਨੇ ਜੱਜ ਸਾਹਮਣੇ ਇਹ ਵੀ ਕਿਹਾ ਕਿ ਉਸ ਨੇ ਜੇਲ ਤੋਂ ਭੱਜਣ ਦਾ ਫ਼ੈਸਲਾ ਸੋਚ ਸਮਝ ਕੇ ਲਿਆ ਸੀ। ਉਸ ਨੇ ਇਹ ਵੀ ਕਿਹਾ ਕਿ ਇਹ ਫ਼ੈਸਲਾ ਇਸ ਲਈ ਵੀ ਲਿਆ, ਕਿਉਂਕਿ ਦੇਸ਼ ਦੀ ਨਿਆਂਪਾਲਿਕਾ ਸਿਸਟਮ ਤੋਂ ਉਨਾਂ ਨੂੰ ਕਿਸੇ ਤਰਾਂ ਦੇ ਇਨਸਾਫ਼ ਦੀ ਉਮੀਦ ਨਹੀਂ ਸੀ। ਬਾਹਰ ਜਾ ਕੇ ਸਿੱਖ ਕੌਮ ਨਾਲ ਹੋਰ ਰਹੇ ਧੋਖੇ ਖ਼ਿਲਾਫ਼ ਸਿੱਖ ਕੌਮ ਦੀ ਸੇਵਾ ਕਰਨਾ ਚਾਹੁੰਦਾ ਸੀ। ਉਸ ਨੇ ਕਿਹਾ ਕਿ ਸਿੱਖ ਕੌਮ ਵਿਚ ਪੈਦਾ ਹੋਣਾ ਉਸ ਦਾ ਸੁਭਾਗ ਹੈ।

**ਇਹ ਹੋਰ ਸਨ ਮਾਮਲੇ ਵਿਚ ਬਰੀ**

ਜੇਲ ਬ੍ਰੇਕ ਮਾਮਲੇ ਵਿਚ ਕੁਲ 21 ਮੁਲਜ਼ਮ ਸਨ। ਇਨਾਂ ’ਚੋਂ ਬਰੀ ਹੋਣ ਵਾਲਿਆਂ ਵਿਚ ਜੇਲ ਦੇ ਤਤਕਾਲੀ ਸੁਪਰਡੈਂਟ ਡੀਐੱਸ ਰਾਣਾ, ਡਿਪਟੀ ਜੇਲ ਸੁਪਰਡੈਂਟ ਦਲਬੀਰ ਸਿੰਘ ਸੰਧੂ, ਅਸਿਸਟੈਂਟ ਜੇਲ ਸੁਪਰਡੈਂਟ ਵੇਦ ਮਿੱਤਲ ਗਿੱਲ ਤੇ ਪੀਐੱਸ ਰਾਣਾ, ਵਾਰਡਰ ਇੰਦਰ ਸਿੰਘ, ਹੌਲਦਾਰ ਨਿਸ਼ਾਨ ਸਿੰਘ ਸਮੇਤ ਨਾਰਾਇਣ ਸਿੰਘ ਚੌਰਾ, ਨੰਦ ਸਿੰਘ, ਸ਼ੇਰ ਸਿੰਘ, ਲਖਵਿੰਦਰ ਸਿੰਘ, ਗੁਰਦੀਪ ਸਿੰਘ, ਸੁਬੇਗ ਸਿੰਘ, ਗੁਰਨਾਮ ਸਿੰਘ ਤੇ ਐੱਸਪੀ ਸਿੰਘ ਸ਼ਾਮਲ ਸਨ।

**ਇਹ ਸੀ ਮਾਮਲਾ**

21-22 ਜਨਵਰੀ 2004 ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਜਗਤਾਰ ਸਿੰਘ ਤਾਰਾ ਤੇ ਹੱਤਿਆ ਕੇਸ ਵਿਚ ਇਕ ਦੋਸ਼ੀ ਦੇਵੀ ਸਿੰਘ ਕਰੀਬ 94 ਫੁੱਟ ਲੰਬੀ ਸੁਰੰਗ ਪੁੱਟ ਕੇ ਫ਼ਰਾਰ ਹੋ ਗਏ ਸਨ। ਹਵਾਰਾ ਤੇ ਭਿਓਰਾ ਨੂੰ ਫ਼ਰਾਰ ਹੋਣ ਤੋਂ 2 ਸਾਲ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਰ ਤਾਰਾ ਨੂੰ ਥਾਈਲੈਂਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉੱਥੇ ਦੇਵੀ ਸਿੰਘ ਦੇ ਪਾਕਿਸਤਾਨ ’ਚ ਲੁਕੇ ਹੋਣ ਦੇ ਹਾਲੇ ਵੀ ਸੰਕੇਤ ਹਨ। ਜੇਲ ਅਧਿਕਾਰੀਆਂ ਸਮੇਤ ਕੁਝ ਮੁਲਜ਼ਮਾਂ ’ਤੇ ਜੇਲ ਬ੍ਰੇਕ ਵਿਚ ਲਾਪ੍ਰਵਾਹੀ ਤੇ ਸਹਿਯੋਗ ਦਾ ਦੋਸ਼ ਸੀ।

# ਮਾਮਲਾ ਸ੍ਰੀ ਹਰਿਮੰਦਰ ਸਾਹਿਬ ਵਿਚ ਸਿੱਖ ਬੀਬੀਆਂ ਨੂੰ ਕੀਰਤਨ ਦੀ ਸੇਵਾ ਦੇਣ ਦਾ

## ਸ਼੍ਰੋਮਣੀ ਕਮੇਟੀ ਦੀ ਮੈਂਬਰ ਕਿਰਨਜੋਤ ਵੱਲੋਂ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਇੱਕ ਪੱਤਰ ਭੇਜਿਆ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਵਿਖੇ ਬੀਬੀਆਂ ਨੂੰ ਕੀਰਤਨ ਕਰਨ ਦੀ ਆਗਿਆ ਦੇਣ ਦਾ ਮਾਮਲਾ ਇੱਕ ਵਾਰ ਮੁੜ ਉੱਭਰਿਆ ਹੈ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੀ ਮੈਂਬਰ ਕਿਰਨਜੋਤ ਵੱਲੋਂ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਇੱਕ ਪੱਤਰ ਭੇਜਿਆ ਗਿਆ ਹੈ। ਪੱਤਰ ਵਿਚ ਉਨਾਂ ਬੀਬੀ ਜਗੀਰ ਕੌਰ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਬੀਬੀਆਂ ਨੂੰ ਗੁਰਬਾਣੀ ਦਾ ਕੀਰਤਨ ਕਰਨ ਦੀ ਆਗਿਆ ਦੇਣ ਅਤੇ ਇਸ ਕਾਰਜ ਲਈ ਪਹਿਲਕਦਮੀ ਕਰਨ। ਉਨਾਂ ਸੁਝਾਅ ਦਿੱਤਾ ਕਿ ਇਸ ਪਹਿਲਕਦਮੀ ਤਹਿਤ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਬੀਬੀਆਂ ਦੇ ਰਾਗੀ ਜਥੇ ਨੂੰ ਉਸ ਦਿਨ ਇੱਥੇ ਇਕ ਸ਼ਬਦ ਚੌਕੀ ਦੀ ਹਾਜ਼ਰੀ ਭਰਨ ਲਈ ਸੱਦਾ ਦਿੱਤਾ ਜਾਵੇ। ਉਨਾਂ ਲਿਖਿਆ ਕਿ ਗੁਰੂ ਘਰ ਦੀ ਮਰਿਆਦਾ ਅਤੇ ਸਿਧਾਂਤਕ ਪੱਖੋਂ ਇੱਥੇ ਔਰਤਾਂ ਨੂੰ ਕੀਰਤਨ ਕਰਨ ਦੀ ਕੋਈ ਮਨਾਹੀ ਨਹੀਂ ਹੈ। ਉਨਾਂ ਕਿਹਾ ਕਿ ਹਰਿਮੰਦਰ ਸਾਹਿਬ ਵਿਚ ਕੀਰਤਨ ਦੇ ਮਾਮਲੇ ਵਿਚ ਔਰਤਾਂ ਨਾਲ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

# ਆਈਏਐੱਸ ਤੇ ਆਈਪੀਐੱਸ ਦੀ ਕੋਚਿੰਗ ਦੇਵੇਗੀ ਸ਼੍ਰੋਮਣੀ ਕਮੇਟੀ

**ਪਟਿਆਲਾ/ਏ.ਟੀ.ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਬੱਚਿਆਂ ਨੂੰ ਆਈਏਐੱਸ ਤੇ ਆਈਪੀਐੱਸ ਦੀ ਮੁਫ਼ਤ ਕੋਚਿੰਗ ਦੇਵੇਗੀ ਅਤੇ ਸੀਬੀਐੱਸਈ ਅਧੀਨ ਦੋ ਸਕੂਲ ਵੀ ਸਥਾਪਤ ਕਰੇਗੀ। ਅੰਤ੍ਰਿਗ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਦੱਸਿਆ ਕਿ ਅਜਿਹਾ ਇਕ ਮੁਫ਼ਤ ਕੋਚਿੰਗ ਸੈਂਟਰ ਖਾਲਸਾ ਕਾਲਜ ਪਟਿਆਲਾ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਮੁਫ਼ਤ ਕੋਚਿੰਗ ਸੈਂਟਰ ਵਿਚ ਆਈਏਐਸ ਅਤੇ ਆਈਪੀਐਸ ਵਿਚ ਮੈਰਿਟ ਦੇ ਆਧਾਰ ’ਤੇ 25 ਦੇ ਕਰੀਬ ਸਿੱਖ ਬੱਚਿਆਂ ਨੂੰ ਮੁਫਤ ਪੜਾਈ ਕਰਵਾਈ ਜਾਵੇਗੀ। ਜਥੇਦਾਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਪਸਾਰ ਦੇ ਕਾਰਜਾਂ ਦੇ ਨਾਲ-ਨਾਲ ਵਿੱਦਿਆ ਦੇ ਖੇਤਰ ਵਿਚ ਨਵੀਆਂ ਅਤੇ ਵੱਡੀਆਂ ਪੁਲਾਘਾਂ ਪੁੱਟੀਆਂ ਜਾ ਰਹੀਆਂ ਹਨ।



# ਰੰਧਾਵਾ ਦੇ ਜਵਾਈ ਨੂੰ ਬਣਾਇਆ ਗਿਆ ਐਡੀਸ਼ਨਲ ਏਜੀ

## ✪ ਸੁਖਬੀਰ ਬਾਦਲ ਨੇ ਵਿਅੰਗ ਕਸਿਆ ਕਿ 'ਘਰ ਘਰ ਨੌਕਰੀ' ਦਾ ਵਾਅਦਾ ਪੂਰਾ ✪ ਆਪਣੇ ਰਿਸ਼ਤੇਦਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਇੱਕ ਵਾਰ ਮੁੜ ਸਵਾਲਾਂ ਦੇ ਘੇਰੇ 'ਚ

**ਚੰਡੀਗੜ੍ਹ/ਏ.ਟੀ.ਨਿਊਜ਼ :** ਆਪਣੇ ਰਿਸ਼ਤੇਦਾਰਾਂ ਅਤੇ ਕਰੀਬੀਆਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਇੱਕ ਵਾਰ ਮੁੜ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ।

ਇਸ ਵਾਰ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਜਵਾਈ ਕਾਰਨ ਇਹ ਵਿਵਾਦ ਸ਼ੁਰੂ ਹੋਇਆ ਹੈ। ਰੰਧਾਵਾ ਦੇ ਜਵਾਈ ਐਡਵੋਕੇਟ ਤਰੁਨਵੀਰ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਆਰਜ਼ੀ ਤੌਰ 'ਤੇ ਐਡੀਸ਼ਨਲ ਐਡਵੋਕੇਟ ਜਨਰਲ ਦੇ ਅਹੁਦੇ 'ਤੇ ਪੰਜਾਬ ਸਰਕਾਰ ਲਈ ਕਈ ਕਾਨੂੰਨੀ ਕੇਸ ਲੜਨ ਲਈ ਆਖਿਆ ਗਿਆ ਹੈ। ਇੱਕ ਨੋਟੀਫਿਕੇਸ਼ਨ ਮੁਤਾਬਕ ਐਡਵੋਕੇਟ ਤਰੁਨਦੀਪ 31 ਮਾਰਚ 2022 ਤੱਕ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪੰਜਾਬ ਸਰਕਾਰ ਲਈ ਕਈ ਕੇਸਾਂ ਵਿੱਚ ਮੌਜੂਦ ਰਹਿਣਗੇ।ਉਹ ਇਹ ਸਭ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਦੀ ਨਿਗਰਾਨੀ ਹੇਠ ਕਰਨਗੇ। ਫਿਲਹਾਲ ਇਹ ਆਰਜ਼ੀ ਤੌਰ 'ਤੇ ਹੈ ਅਤੇ ਉਨਾਂ ਦੀਆਂ ਸੇਵਾਵਾਂ ਨੂੰ ਵਧਾਇਆ ਵੀ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਵੀ ਕਈ ਮੰਤਰੀਆਂ ਅਤੇ ਵਿਧਾਇਕਾਂ ਦੇ ਕਰੀਬੀ ਰਿਸ਼ਤੇਦਾਰਾਂ ਨੂੰ ਸਰਕਾਰ ਵਿੱਚ ਅਹਿਮ ਅਹੁਦੇ ਅਤੇ ਸਰਕਾਰੀ ਨੌਕਰੀਆਂ ਦੇਣ ਦੇ ਮਾਮਲੇ ਵਿੱਚ ਵਿਵਾਦ ਹੋਏ ਹਨ।

ਸੁਖਬੀਰ ਸਿੰਘ ਬਾਦਲ ਨੇ ਕਾਂਗਰਸ 'ਤੇ ਤੰਜ ਕੱਸਦਿਆਂ ਕਿਹਾ ਕਿ ਕਾਂਗਰਸ ਆਪਣਾ 'ਘਰ ਘਰ ਨੌਕਰੀ' ਦਾ ਵਾਅਦਾ ਪੂਰਾ ਕਰ ਰਹੀ ਹੈ। ਕਾਂਗਰਸ ਨੇ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਦੇ ਰਿਸ਼ਤੇਦਾਰਾਂ ਨੂੰ ਨੌਕਰੀਆਂ ਦੇਣੀਆਂ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਦੀਆਂ 2017 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਹਰ ਘਰ ਵਿੱਚ ਇੱਕ ਨੌਕਰੀ ਦਿੱਤੀ ਜਾਵੇਗੀ ਅਤੇ 'ਘਰ ਘਰ ਨੌਕਰੀ' ਦਾ ਨਾਅਰਾ ਦਿੱਤਾ ਗਿਆ ਸੀ।

ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਾਘਵ ਚੱਢਾ ਨੇ ਵੀ ਆਖਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕੈਪਟਨ ਅਮਰਿੰਦਰ ਸਿੰਘ ਦੀ ਵਿਰਾਸਤ ਨੂੰ ਅੱਗੇ ਲੈ ਕੇ ਜਾ ਰਹੇ ਹਨ। ਹੁਣ ਉਪ ਮੁੱਖ ਮੰਤਰੀ ਰੰਧਾਵਾ ਦੇ ਪਰਿਵਾਰਕ ਮੈਂਬਰ ਨੂੰ 'ਘਰ ਘਰ ਨੌਕਰੀ' ਦਾ ਫ਼ਾਇਦਾ ਮਿਲਿਆ ਹੈ।

ਉੱਧਰ ਪੰਜਾਬ ਕੈਬਨਿਟ ਮੰਤਰੀ ਅਤੇ ਕਾਂਗਰਸੀ ਆਗੂ ਰਾਜ ਕੁਮਾਰ ਵੇਰਕਾ ਨੇ ਨਿਯੁਕਤੀ ਦਾ ਸਮਰਥਨ ਕਰਦਿਆਂ ਕਿਹਾ, 'ਮੰਤਰੀਆਂ ਦੇ ਪਰਿਵਾਰਕ ਮੈਂਬਰ ਵੀ ਇਸ ਸਮਾਜ ਦਾ ਹਿੱਸਾ ਹਨ।'

'ਜੇਕਰ 100-1500 ਵਿੱਚੋਂ ਇੱਕ ਅਜਿਹੀ ਨਿਯੁਕਤੀ ਹੋ ਵੀ ਜਾਂਦੀ ਹੈ ਤਾਂ ਇਸ ਤਾਂ ਇਸ ਬਾਰੇ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ। ਪਰਿਵਾਰਿਕ ਮੈਂਬਰਾਂ ਨੇ ਵੀ ਪੜਾਈ ਕੀਤੀ ਹੈ ਅਤੇ ਉਹ ਨੌਕਰੀਆਂ ਦੇ ਕਾਬਿਲ ਹਨ।'

ਇਸ ਤੋਂ ਪਹਿਲਾਂ ਵੀ ਨੌਕਰੀਆਂ 'ਤੇ ਹੋਇਆ ਹੈ ਵਿਵਾਦ

ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਪੰਜਾਬ ਕਾਂਗਰਸ ਦੇ ਆਗੂ ਆਪਣੇ ਹੀ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਣ ਕਾਰਨ ਵਿਵਾਦਾਂ ਵਿੱਚ ਆਏ ਹਨ। 2018 ਵਿੱਚ ਪੰਜਾਬ ਕੈਬਨਿਟ ਵੱਲੋਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰ ਗੁਰਇਕਬਾਲ ਸਿੰਘ ਨੂੰ ਡੀਐਸਪੀ ਦੇ ਅਹੁਦੇ ਲਈ ਨਿਯੁਕਤ ਕੀਤਾ ਸੀ।

ਜੂਨ 2021 ਵਿੱਚ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਅਤੇ ਰਾਕੇਸ਼ ਪਾਂਡੇ ਦੇ ਬੇਟਿਆਂ ਨੂੰ ਵੀ ਪੰਜਾਬ ਸਰਕਾਰ ਵੱਲੋਂ ਡੀਐੱਸਪੀ ਅਤੇ ਤਹਿਸੀਲਦਾਰ ਦੇ ਅਹੁਦਿਆਂ ਲਈ ਨਿਯੁਕਤ ਕੀਤਾ ਗਿਆ ਸੀ। ਹਾਲਾਂਕਿ ਬਾਅਦ ਵਿੱਚ ਫਤਹਿਜੰਗ ਸਿੰਘ ਬਾਜਵਾ ਦੇ ਬੇਟੇ ਅਰਜੁਨ ਬਾਜਵਾ ਵੱਲੋਂ ਇਸ ਨੌਕਰੀ ਤੋਂ ਇਨਕਾਰ ਵੀ ਕੀਤਾ ਗਿਆ ਸੀ।

2021 ਵਿੱਚ ਹੀ ਪੰਜਾਬ ਕੈਬਨਿਟ ਵੱਲੋਂ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਜਵਾਈ ਗੁਰਸ਼ੇਰ ਸਿੰਘ ਨੂੰ ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਵਿੱਚ ਇੰਸਪੈਕਟਰ ਨਿਯੁਕਤ ਕੀਤਾ ਗਿਆ ਸੀ। 2018 ਵਿੱਚ ਨਵਜੋਤ ਸਿੰਘ ਸਿੱਧੂ ਦੇ ਬੇਟੇ ਕਰਨ ਸਿੱਧੂ ਨੂੰ ਵੀ ਪੰਜਾਬ ਸਰਕਾਰ ਵੱਲੋਂ ਅਸਿਸਟੈਂਟ ਐਡਵੋਕੇਟ ਜਨਰਲ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੂੰ ਵੀ ਵੇਅਰ ਹਾਊਸ ਕਾਰਪੋਰੇਸ਼ਨ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ ਸੀ। ਦੋਹਾਂ ਨੇ ਇਹ ਅਹੁਦੇ ਨਹੀਂ ਸੰਭਾਲੇ ਸਨ।



### ਵਿਧਾਇਕ ਫ਼ਤਹਿਜੰਗ ਬਾਜਵਾ ਨੇ ਗ੍ਰਹਿ ਮੰਤਰੀ ਰੰਧਾਵਾ ਤੋਂ ਅਸਤੀਫ਼ਾ ਮੰਗਿਆ

**ਚੰਡੀਗੜ੍ਹ :** ਪੰਜਾਬ ਕਾਂਗਰਸ ਦਾ ਅੰਦਰੂਨੀ ਕਲੇਸ਼ ਇਕ ਵਾਰ ਫੇਰ ਸੜਕਾਂ 'ਤੇ ਆ ਗਿਆ ਹੈ। ਕਾਦੀਆਂ ਤੋਂ ਕਾਂਗਰਸੀ ਵਿਧਾਇਕ ਫ਼ਤਹਿਜੰਗ ਸਿੰਘ ਬਾਜਵਾ ਨੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਦਿਹਾਤੀ ਵਿਕਾਸ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ 'ਤੇ ਗੰਭੀਰ ਦੋਸ਼ ਲਾਏ ਹਨ। ਇਸ ਸਬੰਧੀ ਉਨਾਂ ਨੇ ਸੂਬੇ ਦੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੋਂ ਅਸਤੀਫ਼ੇ ਦੀ ਮੰਗ ਕਰਦਿਆਂ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਸਮੇਂ ਵੀ ਤਰੁਣਵੀਰ ਸਿੰਘ ਨੂੰ ਅਡੀਸ਼ਨਲ ਐਡਵੋਕੇਟ ਜਨਰਲ ਲਾਉਣ ਦੀ ਗੱਲ ਚੱਲੀ ਸੀ। ਉਦੋਂ ਇਸ ਮੰਗ ਨੂੰ ਰੱਦ ਕੀਤਾ ਗਿਆ ਕਿ ਉਹ ਏਏਜੀ ਲੱਗਣ ਲਈ ਮਾਪਦੰਡ ਪੂਰੇ ਨਹੀਂ ਕਰ ਸਕੇ ਸਨ। ਉਨਾਂ ਦੋਸ਼ ਲਾਇਆ ਕਿ ਅਹੁਦਾ ਮਿਲਣ 'ਤੇ ਰੰਧਾਵਾ ਨੇ ਜਵਾਈ ਨੂੰ ਏਏਜੀ ਲਵਾ ਲਿਆ ਹੈ। ਇਸ ਲਈ ਰੰਧਾਵਾ ਨੈਤਿਕਤਾ ਦੇ ਆਧਾਰ 'ਤੇ ਅਸਤੀਫ਼ਾ ਦੇਣ।

---

# ਤ੍ਰਿਪੁਰਾ ਵਿਚ ਹਿੰਸਾ ਦਾ ਸ਼ਿਕਾਰ ਹੋਏ ਮੁਸਲਮਾਨ

## ✪ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਗੁੰਡਿਆਂ ਵੱਲੋਂ ਮਸਜਿਦਾਂ ਦੁਕਾਨਾਂ ਉੱਤੇ ਹਮਲੇ, ਲੁੱਟਮਾਰ ਤੇ ਸਾੜਫੂਕ ✪ ਸਰਕਾਰ ਵਿਰੁਧ ਅਵਾਜ਼ ਉਠਾਉਣ ਵਾਲੇ 102 ਪੱਤਰਕਾਰਾਂ ਤੇ ਸਮਾਜ ਸੇਵੀਆਂ ਵਿਰੁੱਧ ਯੂ ਏ ਪੀ ਏ ਤਹਿਤ ਕੇਸ ਦਰਜ

**ਤ੍ਰਿਪੁਰਾ/ਏ.ਟੀ.ਨਿਊਜ਼ :** ਤ੍ਰਿਪੁਰਾ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਹੀ ਉਸ ਨੇ ਆਪਣੇ ਸਿਆਸੀ ਵਿਰੋਧੀਆਂ ਨੂੰ ਕੁਚਲਣ ਦੀ ਨੀਤੀ ਅਪਣਾ ਲਈ ਸੀ। ਪਹਿਲਾਂ ਉਸ ਨੇ ਮੁੱਖ ਵਿਰੋਧੀ ਦਲ ਸੀ ਪੀ ਆਈ ਐਮ ਦੇ ਦਫ਼ਤਰਾਂ ਦੀ ਸਾੜਫੂਕ ਕੀਤੀ ਤੇ ਕਾਰਕੁੰਨਾਂ ਉੱਤੇ ਹਮਲੇ ਕੀਤੇ ਸਨ। ਹੁਣ ਉਸ ਵੱਲੋਂ ਬੰਗਲਾਦੇਸ਼ ਵਿੱਚ ਹੋਈ ਹਿੰਦੂ ਵਿਰੋਧੀ ਹਿੰਸਾ ਨੂੰ ਬਹਾਨਾ ਬਣਾ ਕੇ ਤ੍ਰਿਪੁਰਾ ਵਿੱਚ ਫਿਰਕੂ ਹਿੰਸਾ ਦਾ ਨੰਗਾ ਨਾਚ ਕੀਤਾ ਗਿਆ ਹੈ। ਤ੍ਰਿਪੁਰਾ ਦੇ ਵੱਖ-ਵੱਖ ਜ਼ਿਲਿਆਂ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਗੁੰਡਿਆਂ ਵੱਲੋਂ ਮਸਜਿਦਾਂ ਉੱਤੇ ਹਮਲੇ ਕੀਤੇ ਗਏ ਤੇ ਮੁਸਲਮਾਨਾਂ ਦੀਆਂ ਦੁਕਾਨਾਂ ਵਿੱਚ ਲੁੱਟਮਾਰ ਕਰਕੇ ਉਨਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਹਿੰਸਾ ਦੌਰਾਨ 7 ਦਿਨਾਂ ਤੱਕ ਭਾਰਤ ਦੇ ਪ੍ਰਮੁੱਖ ਮੀਡੀਆ ਨੇ ਇਸ ਯੋਜਨਾਬੱਧ ਹਿੰਸਾ ਵੱਲੋਂ ਅੱਖਾਂ ਮੀਟੀ ਰੱਖੀਆਂ। ਇਹ ਤਾਂ ਤ੍ਰਿਪੁਰਾ ਦੇ ਦੋ ਨੌਜਵਾਨ ਪੱਤਰਕਾਰਾਂ ਸਮ੍ਰਿਧੀ ਸਾਕੁਨਿਆ ਤੇ ਮਹਮੁਦੁੱਲ ਹਸਨ ਦੀ ਬਹਾਦਰੀ ਸੀ ਕਿ ਉਨਾਂ ਸੋਸ਼ਲ ਮੀਡੀਆ ਰਾਹੀਂ ਇਸ ਹਿੰਸਾ ਦੀਆਂ ਤਸਵੀਰਾਂ ਪੇਸ਼ ਕਰਕੇ ਸੰਸਾਰ ਨੂੰ ਇਸ ਗੁੰਡਾਗਰਦੀ ਦੇ ਰੂ-ਬ-ਰੂ ਕੀਤਾ । ਇਸ ਦੇ ਬਾਵਜੂਦ ਤ੍ਰਿਪੁਰਾ ਦਾ ਪ੍ਰਸ਼ਾਸਨ ਇਸ ਹਿੰਸਾ ਨੂੰ ਰੱਦ ਕਰਦਾ ਰਿਹਾ ।

ਇਸ ਦੌਰਾਨ ਲੋਕਾਂ ਨੂੰ ਸੱਚਾਈ ਤੋਂ ਜਾਣੂੰ ਕਰਾਉਣ ਲਈ ਦਿੱਲੀ ਦੇ ਵਕੀਲਾਂ ਦੀ ਇੱਕ ਟੀਮ ਨੇ ਤ੍ਰਿਪੁਰਾ ਦਾ ਦੌਰਾ ਕੀਤਾ। ਉਨਾਂ ਪੀੜਤ ਵਿਅਕਤੀਆਂ ਨਾਲ ਗੱਲਬਾਤ ਕਰਕੇ ਤੇ ਹਿੰਸਾ ਨਾਲ ਹੋਏ ਨੁਕਸਾਨ ਦੀਆਂ






ਤਸਵੀਰਾਂ ਨੂੰ ਸੋਸ਼ਲ ਮੀਡੀਆ ਰਾਹੀਂ ਸਾਡੇ ਤੱਕ ਪੁਚਾਇਆ। ਮੁਸਲਮਾਨਾਂ ਦੇ ਕੁਝ ਸੰਗਠਨ ਵੀ ਹਾਲਤ ਦਾ ਜਾਇਜ਼ਾ ਲੈਣ ਲਈ ਤ੍ਰਿਪੁਰਾ ਗਏ । ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇੱਕ ਬਿਆਨ ਰਾਹੀਂ ਕਿਹਾ ਕਿ ਤ੍ਰਿਪੁਰਾ ਵਿੱਚ ਮੁਸਲਮਾਨਾਂ ਉਤੇ ਹਮਲੇ ਹੋ ਰਹੇ ਹਨ ।

ਤ੍ਰਿਪੁਰਾ ਵਿੱਚ ਹੋਈ ਹਿੰਸਾ ਨੂੰ ਬੰਗਲਾਦੇਸ਼ ਵਿੱਚ ਹਿੰਦੂਆਂ ਖ਼ਿਲਾਫ਼ ਹੋਈ ਹਿੰਸਾ ਦੀ ਪ੍ਰਤੀਕ੍ਰਿਆ ਕਹਿਣਾ ਬਿਲਕੁਲ ਗਲਤ ਹੈ ਕਿਉਂਕਿ ਤ੍ਰਿਪੁਰਾ ਵਿੱਚ ਹਿੰਸਾ ਉਦੋਂ ਹੋਈ, ਜਦੋਂ ਬੰਗਲਾਦੇਸ਼ ਵਿੱਚ ਹਿੰਸਾ ਰੁਕ ਚੁੱਕੀ ਸੀ। ਉਥੋਂ ਦੀ ਸਰਕਾਰ ਨੇ ਮੁਸਲਮਾਨ ਹਮਲਾਵਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਸੀ ।ਅਸਲ ਵਿੱਚ ਤ੍ਰਿਪੁਰਾ ਵਿੱਚ ਹਿੰਸਾ ਪੂਰੀ ਤਰਾਂ ਯੋਜਨਾਬੱਧ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਨੇ ਇਸ ਦੀ ਪੂਰੀ ਤਿਆਰੀ ਕੀਤੀ ਸੀ। ਸੋਸ਼ਲ ਮੀਡੀਆ ਉੱਤੇ ਮੁਸਲਮਾਨ ਵਿਰੋਧੀ ਭੜਕਾਊ ਤੇ ਨਫ਼ਰਤ ਭਰਿਆ ਪ੍ਰਚਾਰ ਕੀਤਾ ਗਿਆ । ਹਿੰਦੂਆਂ ਨੂੰ ਲਲਕਾਰਿਆ ਗਿਆ ਕਿ ਜੇ ਉਹ ਹੁਣ ਵੀ ਨਾ ਜਾਗੇ ਤਾਂ ਉਨਾਂ ਨਾਲ ਵੀ ਉਹੀ ਹੋਵੇਗਾ, ਜੋ ਗੁਆਂਢ ਵਿੱਚ ਹੋਇਆ ਹੈ ।ਸਰਕਾਰ ਤੇ ਪੁਲਿਸ ਨੇ ਹਿੰਦੂਵਾਦੀ ਸੰਗਠਨਾਂ ਨੂੰ ਪ੍ਰਦਰਸ਼ਨ ਕਰਨ ਦੀ ਖੁੱਲ ਦਿੱਤੀ ਤੇ ਹਿੰਸਾ ਨੂੰ ਰੋਕਣ ਲਈ ਕੋਈ ਉਪਰਾਲਾ ਨਾ ਕੀਤਾ। ਅਸਲ ਵਿੱਚ ਸੰਘ ਨਾਲ ਜੁੜੇ ਸੰਗਠਨ ਉਦੋਂ ਹੀ ਹਿੰਸਾ ਕਰਦੇ ਹਨ, ਜਦੋਂ ਉਨਾਂ ਨੂੰ ਸਰਕਾਰ ਵੱਲੋਂ ਸੁਰੱਖਿਆ ਦਾ ਭਰੋਸਾ ਹੋਵੇ। ਇਸ ਕਾਰਨ ਬੰਗਲਾਦੇਸ਼ ਦੀ ਹਿੰਸਾ ਦੇ ਪ੍ਰਤੀਕਰਮ ਵਜੋਂ ਬੰਗਾਲ ਵਿੱਚ ਕੋਈ ਵੀ ਹਿੰਦੂ ਸੰਗਠਨ ਕੁਸਕਿਆ ਤੱਕ ਨਹੀਂ, ਕਿਉਂਕਿ ਉਨਾਂ ਨੂੰ ਪਤਾ ਸੀ ਕਿ ਟੀ ਐਮ ਸੀ ਦੀ ਸਰਕਾਰ ਨੇ ਉਨਾਂ ਦਾ ਕੁੱਟ-ਕੁੱਟ ਕੇ ਧੂੰਆਂ ਕੱਢ ਦੇਣਾ ਹੈ ।

ਦਿੱਲੀ ਦੇ ਵਕੀਲਾਂ ਤੇ ਹੋਰ ਸੰਗਠਨਾਂ ਵੱਲੋਂ ਚੁੱਕੀ ਅਵਾਜ਼ ਤੋਂ ਬਾਅਦ ਤ੍ਰਿਪੁਰਾ ਹਾਈਕੋਰਟ ਨੇ ਇਸ ਹਿੰਸਾ ਦਾ ਨੋਟਿਸ ਲੈਂਦਿਆਂ ਸਰਕਾਰ ਤੋਂ ਰਿਪੋਰਟ ਮੰਗ ਲਈ, ਪਰ ਤ੍ਰਿਪੁਰਾ ਪ੍ਰਸ਼ਾਸਨ ਵੱਲੋਂ ਦੰਗਾਈਆਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਇਸ ਹਿੰਸਾ ਤੋਂ ਬਾਕੀ ਦੇਸ਼ ਨੂੰ ਜਾਣੂੰ ਕਰਵਾਉਣ ਵਾਲੇ 102 ਪੱਤਰਕਾਰਾਂ ਤੇ ਸਮਾਜ ਸੇਵੀਆਂ ਵਿਰੁੱਧ ਯੂ ਏ ਪੀ ਏ ਦੀ ਧਾਰਾ ਅਧੀਨ ਕੇਸ ਦਰਜ ਕਰ ਲਏ ਹਨ। ਤ੍ਰਿਪੁਰਾ ਪੁਲਿਸ ਨੇ ਟਵਿੱਟਰ ਦੇ 68, ਫੇਸਬੁਕ ਦੇ 32 ਤੇ ਯੂ ਟਿਊਬ ਦੇ ਦੋ ਅਕਾਊਂਟ ਹੋਲਡਰਾਂ ਵਿਰੁੱਧ ਇਹ ਕੇਸ ਦਰਜ ਕੀਤੇ ਹਨ। ਪੁਲਿਸ ਵੱਲੋਂ ਇਨਾਂ ਵਿਅਕਤੀਆਂ ਉਤੇ ਦੋਸ਼ ਲਾਇਆ ਗਿਆ ਹੈ ਕਿ ਉਨਾਂ ਵੱਲੋਂ ਪਾਈਆਂ ਪੋਸਟਾਂ ਕਾਰਨ ਤ੍ਰਿਪੁਰਾ ਦੇ ਦੋ ਫਿਰਕਿਆਂ ਵਿਚਾਲੇ ਤਣਾਅ ਵਧ ਸਕਦਾ ਹੈ, ਜਿਸ ਕਾਰਨ ਦੰਗੇ ਭੜਕ ਸਕਦੇ ਹਨ। ਇਨਾਂ ਪੋਸਟਾਂ ਵਿੱਚ ਕੁਝ ਤਾਂ ਅਜਿਹੀਆਂ ਹਨ, **ਬਾਕੀ ਸਫ਼ਾ 30 'ਤੇ**

# ਤਾਲਿਬਾਨ ਬਣਾ ਰਿਹੈ ਆਪਣੀ ਏਅਰ ਫ਼ੋਰਸ

**ਕਾਬੁਲ/ਏ.ਟੀ.ਨਿਊਜ਼ :** ਅਫ਼ਗਾਨਿਸਤਾਨ ਦੀ ਸੱਤਾ 'ਤੇ ਕਾਬਿਜ਼ ਹੋਣ ਦੇ ਕਰੀਬ ਤਿੰਨ ਮਹੀਨੇ ਬਾਅਦ ਤਾਲਿਬਾਨ ਨੇ ਆਪਣੀ ਹਵਾਈ ਫ਼ੌਜ ਬਣਾਉਣ ਦੀ ਇੱਛਾ ਪ੍ਰਗਟਾਈ ਹੈ। ਵੈਸੇ ਤਾਲਿਬਾਨ ਆਪਣੇ ਹਥਿਆਰਬੰਦ ਬਲਾਂ ਦੀ ਆਵਾਜਾਈ ਲਈ ਹੈਲੀਕਾਪਟਰਾਂ ਦੀ ਵਰਤੋਂ ਹਫ਼ਤੇ ਪਹਿਲਾਂ ਤੋਂ ਕਰ ਰਿਹਾ ਹੈ। ਉਸ ਕੋਲ ਅਤਿਆਧੁਨਿਕ ਅਮਰੀਕੀ ਜਹਾਜ਼ਾਂ ਤੇ ਹੈਲੀਕਾਪਟਰਾਂ ਦੀ ਕਾਫ਼ੀ ਸੰਖਿਆ ਮੌਜੂਦ ਹੈ। ਇਸ ਤੋਂ ਇਲਾਵਾ ਭਾਰਤ ਵੱਲੋਂ ਸਾਬਕਾ ਸਰਕਾਰ ਨੂੰ ਤੋਹਫ਼ੇ ਵਜੋਂ ਦਿੱਤੇ ਗਏ ਐੱਮਆਈ-17 ਹੈਲੀਕਾਪਟਰ ਵੀ ਤਾਲਿਬਾਨ ਦੇ ਹੱਥ ਲੱਗੇ ਹਨ।

ਹਾਲ ਹੀ ਵਿਚ ਕਾਬੁਲ ਦੇ ਮੁੱਖ ਸੈਨਿਕ ਹਸਪਤਾਲ ਦੇ ਨਜ਼ਦੀਕ ਜਿਹਾਦੀ ਸੰਗਠਨ ਆਈਐੱਸ ਦੇ ਹਮਲੇ ਤੋਂ ਬਾਅਦ ਜਵਾਬੀ ਕਾਰਵਾਈ ਵਿਚ ਤਾਲਿਬਾਨ ਨੇ ਅਮਰੀਕੀ ਬਲੈਕ ਹਾਕ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਸੀ। ਇਸੇ ਦਾ ਨਤੀਜਾ ਸੀ ਕਿ ਆਈਐੱਸ ਦੇ ਪੰਜ ਬੰਦੂਕਧਾਰੀ ਜਿਹਾਦੀ ਮਾਰੇ ਗਏ ਸਨ। ਆਤਮਘਾਤੀ ਬੰਬ ਧਮਾਕਿਆਂ ਤੋਂ ਬਾਅਦ ਇਹ ਪੰਜ ਅੱਤਵਾਦੀ ਹਸਪਤਾਲ 'ਚ ਦਾਖ਼ਲ ਹੋ ਕੇ ਉੱਥੇ ਖ਼ੂਨ ਖ਼ਰਾਬਾ ਕਰਨ ਦੀ ਫਿਰਾਕ 'ਚ ਸਨ। ਤਾਲਿਬਾਨ ਦੇ ਗ੍ਰਹਿ ਮੰਤਰਾਲੇ ਦੇ ਤਰਜ਼ਮਾਨ ਕਾਰੀ ਸਈਦ ਖੋਸਤੀ ਨੇ ਕੇਨਿਊਜ਼ ਨੂੰ ਦੱਸਿਆ ਹੈ ਕਿ ਅਸੀਂ ਸਾਬਕਾ ਸਰਕਾਰ ਦੀ ਹਵਾਈ ਫ਼ੌਜ ਦੇ ਢਾਂਚੇ ਦੀ ਵਰਤੋਂ ਕਰ ਕੇ ਉਸ ਨੂੰ ਮੁੜ ਸੁਰਜੀਤ ਕਰਾਂਗੇ। ਇਸ ਕੰਮ 'ਚ ਹਵਾਈ ਫ਼ੌਜ ਦੇ ਪਾਇਲਟਾਂ ਤੇ ਹੋਰ ਸਟਾਫ ਦੀ ਮੁੜ ਨਿਯੁਕਤੀ ਕੀਤੀ ਜਾਵੇਗੀ। ਤਾਲਿਬਾਨ ਦੀ ਖ਼ੁਫ਼ੀਆ ਇਕਾਈ ਦੇ ਉੱਚ ਅਧਿਕਾਰੀ ਨੇ ਵੀ ਹਵਾਈ ਫ਼ੌਜ ਦੇ ਗਠਨ ਨੂੰ ਜ਼ਰੂਰੀ ਦੱਸਿਆ ਹੈ। ਤਾਲਿਬਾਨ ਸਰਕਾਰ 'ਚ ਕੁਝ ਹੋਰ ਉੱਚ ਅਹੁਦੇ ਦੇ ਲੋਕਾਂ ਨੇ ਵੀ ਹਵਾਈ ਫ਼ੌਜ ਦੇ ਗਠਨ ਨੂੰ ਜ਼ਰੂਰੀ ਮੰਨਿਆ ਹੈ। ਤਾਲਿਬਾਨ ਦੇ ਤਰਜ਼ਮਾਨ ਬਿਲਾਲ ਕਰੀਮੀ ਨੇ ਕਿਹਾ ਹੈ ਕਿ ਅਸੀਂ ਆਪਣੀ ਹਵਾਈ ਫ਼ੌਜ ਬਣਾ ਰਹੇ ਹਾਂ। ਸਾਬਕਾ ਸਰਕਾਰ ਦੀ ਹਵਾਈ ਫ਼ੌਜ ਦੇ ਜੋ ਪਾਇਲਟ ਤੇ ਹੋਰ ਅਧਿਕਾਰੀ ਦੇਸ਼ ਛੱਡ ਕੇ ਚਲੇ ਗਏ ਹਨ ਜਾਂ ਕਿਸੇ ਲੁਕੇ ਹੋਏ ਹਨ, ਉਨਾਂ ਨੂੰ ਅਸੀਂ ਆਮ ਮਾਫ਼ੀ ਦੇਣ ਦਾ ਫ਼ੈਸਲਾ ਕੀਤਾ ਹੈ। ਉਹ ਆਉਣ ਤੇ ਪਹਿਲਾਂ ਵਾਂਗ ਦੇਸ਼ ਦੀ ਹਵਾਈ ਫ਼ੌਜ ਨੂੰ ਆਪਣੀਆਂ ਸੇਵਾਵਾਂ ਦੇਣ। ਉਨਾਂ ਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ।

# ਮਾੜੇ ਪਾਲਣ-ਪੋਸ਼ਣ ਦਾ ਸ਼ਿਕਾਰ, ਭਾਰਤ ਦੇ 33 ਲੱਖ ਤੋਂ ਵੱਧ ਬੱਚੇ

## ਆਰ.ਟੀ.ਆਈ. ਦੀ ਇਕ ਰਿਪੋਰਟ ਵਿਚ ਹੋਇਆ ਖੁਲਾਸਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਨੇ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਦੀ ਇਕ ਰਿਪੋਰਟ ਵਿਚ ਦੱਸਿਆ ਹੈ ਕਿ ਦੇਸ਼ 'ਚ 33 ਲੱਖ ਤੋਂ ਵੱਧ ਬੱਚੇ ਮਾੜੇ ਪਾਲਣ-ਪੋਸ਼ਣ ਦਾ ਸ਼ਿਕਾਰ ਹਨ। ਉਨਾਂ 'ਚੋਂ ਅੱਧੇ ਤੋਂ ਵੱਧ ਬੱਚੇ ਬੇਹੱਦ ਮਾੜੀ ਹਾਲਤ ਵਾਲੀ ਸ਼੍ਰੇਣੀ 'ਚ ਆਉਂਦੇ ਹਨ। ਮਾੜੇ ਪਾਲਣ-ਪੋਸ਼ਣ ਦਾ ਸ਼ਿਕਾਰ ਬੱਚਿਆਂ ਵਾਲੇ ਸੂਬਿਆਂ 'ਚ ਮਹਾਰਾਸ਼ਟਰ, ਬਿਹਾਰ ਅਤੇ ਗੁਜਰਾਤ ਸਿਖਰ 'ਤੇ ਹਨ।

ਮੰਤਰਾਲਾ ਨੇ ਗਰੀਬ ਤੋਂ ਅਤਿਅੰਤ ਗਰੀਬ ਲੋਕਾਂ 'ਚ ਕੋਰੋਨਾ ਮਹਾਂਮਾਰੀ ਕਾਰਨ ਸਿਹਤ ਅਤੇ ਪਾਲਣ ਪੋਸ਼ਣ ਸਬੰਧੀ ਸੰਕਟ ਵਧਣ ਦਾ ਡਰ ਪ੍ਰਗਟ ਕਰਦੇ ਹੋਏ ਅਨੁਮਾਨ ਲਾਇਆ ਹੈ ਕਿ 14 ਅਕਤੂਬਰ 2021 ਦੀ ਸਥਿਤੀ ਅਨੁਸਾਰ ਦੇਸ਼ 'ਚ 17,76,902 ਬੱਚੇ ਬੇਹੱਦ ਮਾੜੇ ਪਾਲਣ-ਪੋਸ਼ਣ ਦਾ ਸ਼ਿਕਾਰ ਸਨ। 15,46,420 ਬੱਚੇ ਕੁਝ ਘੱਟ ਮਾੜੇ ਪਾਲਣ-ਪੋਸ਼ਣ ਦਾ ਸ਼ਿਕਾਰ ਹਨ। ਮੰਤਰਾਲਾ ਨੇ ਕਿਹਾ ਕਿ 34 ਸੂਬਿਆਂ ਅਤੇ ਕੇਂਦਰ ਸ਼ਾਸਿਤ ਖੇਤਰਾਂ ਦੇ ਅੰਕੜਿਆਂ 'ਚ ਕੁੱਲ 33,23,322 ਬੱਚਿਆਂ ਦੇ ਅੰਕੜੇ ਸਾਹਮਣੇ ਆਏ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸਿੱਧੂ ਦੀ ਮਿਜਾਈਲ ਚੰਨੀ ਦੇ ਟਿਕਾਣੇ ਵੱਜੀ





ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਕਿਸੇ ਪਾਰਟੀ ਵਿਚ ਟਿਕ ਕੇ ਨਹੀਂ ਰਹਿ ਸਕਦਾ। ਅਨੁਸ਼ਾਸਨ ਭੰਗ ਕਰਦਾ ਹੈ। ਇਹ ਕੁਝ ਲੋਕਾਂ ਦੇ ਵਿਚਾਰ ਹਨ। ਕੁਝ ਕਾਂਗਰਸੀ ਨੇਤਾ ਵੀ ਇਸੇ ਵਿਚਾਰ ਤਹਿਤ ਸਿੱਧੂ ਖਿਲਾਫ ਲਾਬਿੰਗ ਕਰ ਰਹੇ ਹਨ। ਪਰ ਸਿੱਧੂ ਸਪੱਸ਼ਟ ਪੰਜਾਬ ਦੇ ਮੁੱਦਿਆਂ ਉਪਰ ਪਹਿਰੇਦਾਰੀ ਕਰ ਰਿਹਾ। ਨਸ਼ਿਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ ਉਸਨੇ ਚੁਕਿਆ ਹੈ। ਇਹ ਪੰਜਾਬ ਦਾ ਵਡਾ ਰਾਜਨੀਤਕ ਚੋਣ ਏਜੰਡਾ ਬਣੇਗਾ। ਅਗਰ ਚੰਨੀ ਸਰਕਾਰ ਇਸ ਮਾਮਲੇ ਨੂੰ ਅੱਖੋਂ ਪਰੋਖੇ ਕਰਦੀ ਹੈ ਤਾਂ ਵੱਡਾ ਰਾਜਨੀਤਕ ਨੁਕਸਾਨ ਹੋਵੇਗਾ। ਪੰਜਾਬ ਹੁਣ ਸਿਧੂ ਕਰਕੇ ਅਸਲ ਮੁਦਿਆਂ ਦੀ ਪਹੁੰਚ ਅਪਨਾ ਸਕਦਾ ਹੈ ਜਿਸਨੂੰ ਪੰਜਾਬ ਦੇ ਰਾਜਨੀਤਕ ਲੋਕ ਚੋਣਾਂ ਜਿਤਕੇ ਭੁਲਦੇ ਰਹੇ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਖਰ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਦੇ ਬੋਲ ਪੁਗਾ ਦਿੱਤੇ ਹਨ। ਚੰਨੀ ਨੇ ਸਿੱਧੂ ਦੇ ਬੋਲਾਂ ’ਤੇ ਮੋਹਰ ਲਾਈ, ਜਦਕਿ ਨਵਜੋਤ ਸਿੱਧੂ ਨੇ ਵੀ ਚੰਨੀ ਪ੍ਰਤੀ ਮਿੱਠੇ ਬੋਲਾਂ ਦੀ ਝੜੀ ਲਾਈ। ਸਿਆਸੀ ਸਮਝੌਤਾ ਕਹੋ, ਚਾਹੇ ਸਿਆਸੀ ਮਜਬੂਰੀ, ਇੱਕ ਦਫਾ ਚੰਨੀ ਤੇ ਸਿੱਧੂ ਇੱਕ-ਮਿਕ ਨਜ਼ਰ ਆਏ ਹਨ। ਇੱਕ ਕਾਂਗਰਸ ਹਾਈਕਮਾਨ ਦਾ ਦਬਾਅ, ਉਸ ਤੋਂ ਵੱਡਾ ਆਗਾਮੀ ਚੋਣਾਂ ਦਾ ਡਰ। ਇਸੇ ਸਿਆਸੀ ਮਜਬੂਰੀ ਵਿਚੋਂ ਚੰਨੀ ਤੇ ਸਿੱਧੂ ’ਚ ਜੱਫੀ ਪਈ। ਭਾਵੇਂ ਬੇਅਦਬੀ ਅਤੇ ਨਸ਼ਿਆਂ ਦਾ ਮੁੱਦਾ ਉਵੇਂ ਹੀ ਬਰਕਰਾਰ ਹੈ ਪ੍ਰੰਤੂ ਨਵਜੋਤ ਸਿੱਧੂ ਆਪਣੀ ਪਹਿਲੀ ਸਿਆਸੀ ਜੰਗ ਜਿੱਤ ਗਏ ਹਨ। ਇਹ ਸਿੱਧੂ ਦੀ ਜਿੱਤ ਹੈ। ਪੰਜਾਬ ਕੈਬਨਿਟ ਨੇ ਪੰਜਾਬ ਦੇ ਐਡਵੋਕੇਟ ਜਨਰਲ ਏਪੀਐਸ ਦਿਓਲ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ।ਮੁੱਖ ਮੰਤਰੀ ਚੰਨੀ ਨੇ ਇਸ ਦਾ ਐਲਾਨ ਕੀਤਾ ਹੈ। ਚੰਨੀ ਨੇ ਇਹ ਵੀ ਦੱਸਿਆ ਕਿ ਪੰਜਾਬ ਦੇ ਨਵੇਂ ਡੀਜੀਪੀ ਲਈ ਵੀ ਪੈਨਲ ਭੇਜਿਆ ਹੋਇਆ ਹੈ ਅਤੇ ਯੂਪੀਐਸਸੀ ਵੱਲੋਂ ਜਵਾਬ ਆਉਂਦੇ ਹੀ ਨਵਾਂ ਡੀਜੀਪੀ ਵੀ ਲਾਇਆ ਜਾਏਗਾ।

ਇਹ ਸੱਚ ਹੈ ਕਿ ਪੰਜਾਬ ਦੇ ਸਿਆਸਤਦਾਨ ਪੰਜਾਬ ਹਿਤ ਦੀ ਸਿਆਸਤ ਦੇ ਸਹਿਜ ਬੋਧ ਦੀ ਧਾਰਾ ਨਾਲੋਂ ਟੁੱਟ ਕੇ ਗ਼ੈਰ ਪ੍ਰਸੰਗਕ ਬਣ ਕੇ ਰਹਿ ਗਏ ਹਨ। ਸਿੱਧੂ ਪੰਜਾਬ ਮੁੱਦਿਆਂ ਦੀ ਠੰਡੇ ਬੁਲਿਆਂ ਵਾਲੀ ਹਵਾ ਬਣਕੇ ਪੰਜਾਬੀਆਂ ਨੂੰ ਸ਼ਾਂਤੀ ਦੇਵੇ। ਇਹੀ ਆਸ ਹੈ। ਪਤਾ ਲੱਗਾ ਹੈ ਕਿ ਕਾਂਗਰਸ ਹਾਈਕਮਾਨ ਨੇ ਮੁੱਖ ਮੰਤਰੀ ਤੋਂ ਨਵਜੋਤ ਸਿੱਧੂ ਦੀ ਗੱਲ ਮਨਵਾਈ ਹੈ ।

**ਬੀਬੀ ਬਾਦਲ ਦੀ ਅਜੀਬ ਮੰਗ**

ਕਿਹਾ ਕਿ ਕਰਤਾਰਪੁਰ ਸਾਹਿਬ ਨੂੰ ਭਾਰਤ ’ਚ ਸ਼ਾਮਲ ਕਰਨ ਲਈ ਭਾਰਤ-ਪਾਕਿ ਵਿਚਾਲੇ ਜ਼ਮੀਨ ਦੀ ਅਦਲਾ-ਬਦਲੀ ਕਰੇ ਕੇਂਦਰ

ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਅਜੀਬ ਮੰਗ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਜ਼ਮੀਨ ਦੀ ਅਦਲਾ-ਬਦਲੀ ਕਰਵਾ ਕੇ ਕਰਤਾਰਪੁਰ ਸਾਹਿਬ ਵਿਖੇ ਪਵਿੱਤਰ ਗੁਰਧਾਮ ਭਾਰਤ ਵਿਚ ਸ਼ਾਮਲ ਕਰਵਾਉਣ ਅਤੇ ਉਸ ਬਦਲੇ ਹੁਸੈਨੀਵਾਲਾ ਬਾਰਡਰ ਦੇ ਪਿੰਡ ਦੀ ਕੁਝ ਜ਼ਮੀਨ ਪਾਕਿਸਤਾਨ ਨੂੰ ਦੇਣ ਦੀ ਤਜਵੀਜ਼ ਨੂੰ ਅਮਲੀਜਾਮਾ ਪਹਿਨਾਉਣ ਦੀ ਅਪੀਲ ਕੀਤੀ ਹੈ।

## ਸੱਚੋ ਸੱਚ ਦਸ ਵੇ ਜੋਗੀਆ

ਉਨਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਡਿਪਲੋਮੈਟਿਕ ਪਹਿਲਕਦਮੀ ਕਰਦਿਆਂ ਸਥਾਈ ਸ਼ਾਂਤੀ ਲਾਂਘੇ ਦੀ ਸਿਰਜਣਾ ਕਰਵਾਉਣ, ਜਿਸ ਰਾਹੀਂ ਭਾਰਤ-ਪਾਕਿਸਤਾਨ ਰਾਹੀਂ ਪਾਕਿਸਤਾਨ ਵਿਚ ਵੱਖ-ਵੱਖ ਧਰਮਾਂ ਦੇ ਪਵਿੱਤਰ ਸਥਾਨਾਂ ਦੇ ਦਰਸ਼ਨ ਹੋ ਸਕਣ। ਅਸਲ ਮਸਲਾ ਜਮੀਨ ਤਬਦੀਲੀ ਦਾ ਨਹੀਂ ਹੈ, ਵਿਸ਼ਵ ਲਾਂਘਾ ਸਿਰਜਣ ਦਾ ਹੈ ਤਾਂ ਜੋ ਵਿਸ਼ਵ ਵਿਚ ਸਾਰੇ ਦੇਸ਼ ਤੇ ਮਨੁੱਖਤਾ ਗੁਰੂ ਨਾਨਕ ਸਾਹਿਬ ਦੇ ਸੁਨੇਹੇ ਅਨੁਸਾਰ ਸ਼ਾਤੀ ਨਾਲ ਰਹਿ ਸਕੇ।ਦੁਨੀਆਂ ਵਿਚ ਸਾਂਝੀਵਾਲਤਾ ਦਾ ਪੈਗਾਮ ਜਾਵੇ।ਬੀਬੀ ਬਾਦਲ ਇਸ ਮਹਾਨ ਵਿਚਾਰ ਨੂੰ ਸਮਝ ਨਹੀਂ ਰਹੇ।

ਚੋਣਾਂ ਜਿੱਤਣ ਲਈ ਬਾਦਲ ਹਿੰਦੂ ਪਤਾ ਖੇਡਣ ਲੱਗੇ

ਪੰਜਾਬ ਵਿਚ ਮੁੜ ਸ਼ੁਰੂ ਹੋਵੇਗੀ ਤੀਰਥ ਯਾਤਰਾ ਸਕੀਮ, ਸੁਖਬੀਰ ਸਿੰਘ ਬਾਦਲ ਦਾ ਐਲਾਨ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੰਥਕ ਆਧਾਰ ਖੁਰਨ ਬਾਅਦ ਉਨਾਂ ਹਿੰਦੂ ਏਜੰਡੇ ਉਪਰ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ। ਉਨਾਂ ਹੁਣੇ ਜਿਹੇ ਐਲਾਨ ਕੀਤਾ ਕਿ ਪੰਜਾਬ ਵਿਚ ਅਕਾਲੀ ਦਲ ਤੇ ਬਸਪਾ ਗਠਜੋੜ ਸਰਕਾਰ ਬਣਨ ’ਤੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ, ਜਿਸ ਤਹਿਤ ਸਾਲਾਸਰ ਬਾਲਾਜੀ ਧਾਮ ਸਮੇਤ ਸਾਰੇ ਧਰਮਾਂ ਦੇ ਪਵਿੱਤਰ ਸਥਾਨਾਂ ਦੇ ਵੀ ਦਰਸ਼ਨ ਕਰਵਾਏ ਜਾਣਗੇ। ਉਹ ਮਾਲਵਾ ਖਿੱਤੇ ਦੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਸਮੇਤ ਹੋਰ ਲੀਡਰਸ਼ਿਪ ਦੇ ਨਾਲ ਰਾਜਸਥਾਨ ਦੇ ਚੂਰੂ ਜ਼ਿਲੇ ’ਚ ਸ੍ਰੀ ਸਾਲਾਸਰ ਬਾਲਾ ਜੀ ਧਾਮ ਮੰਦਿਰ ਅਤੇ ਮਾਤਾ ਅੰਜਨੀ ਮੰਦਿਰ ਵਿਖੇ ਨਤਮਸਤਕ ਹੋਏ।

ਮੰਦਿਰ ਟਰੱਸਟ ਮੈਨੇਜਮੈਂਟ ਨੇ ਅਕਾਲੀ ਦਲ ਦੇ ਪ੍ਰਧਾਨ ਤੇ ਹੋਰ ਸੀਨੀਅਰ ਲੀਡਰਸ਼ਿਪ ਨੂੰ ਸਨਮਾਨਤ ਕੀਤਾ।

ਇਸ ਮੌਕੇ ਬਾਦਲ ਨੇ ਕਿਹਾ ਕਿ ਪਿਛਲੀ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਨੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਸੀ, ਜਿਸ ਤਹਿਤ ਰੇਲ ਗੱਡੀਆਂ ਤੇ ਬੱਸਾਂ ਰਾਹੀਂ ਪੰਜਾਬੀਆਂ ਨੂੰ ਸਾਲਾਸਰ, ਮਾਤਾ ਵੈਸ਼ਨੋ ਦੇਵੀ, ਮਾਤਾ ਚਿੰਤਪੂਰਨੀ, ਅਜਮੇਰ ਸ਼ਰੀਫ, ਸ੍ਰੀ ਹਜ਼ੂਰ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਵਾਏ ਗਏ। ਪਰ 20 17 ਵਿਚ ਸੂਬੇ ਵਿਚ ਕਾਂਗਰਸ ਸਰਕਾਰ ਬਣਦੇ ਸਾਰ ਇਹ ਸਕੀਮ ਬੰਦ ਕਰ ਦਿੱਤੀ ਗਈ। ਉਨਾਂ ਕਿਹਾ ਕਿ ਹੁਣ ਅਸੀਂ ਅਗਲੀ ਅਕਾਲੀ ਦਲ ਤੇ ਬਸਪਾ ਗਠਜੋੜ ਸਰਕਾਰ ਬਣਨ ’ਤੇ ਇਹ ਸਕੀਮ ਮੁੜ ਸ਼ੁਰੂ ਕਰਾਂਗੇ। ਪਾਰਟੀ ਦੇ ਸੀਨੀਅਰ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਫੈਸਲੇ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਫੈਸਲਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਵਿਚ ਹਰ ਧਾਰਮਿਕ ਫਿਰਕੇ ਨੂੰ ਪੂਰਾ ਮਾਣ ਸਤਿਕਾਰ ਦੇਣ ਦੀ ਨੀਤੀ ਦੇ ਅਨੁਸਾਰ ਹੈ।

ਸੁਖਬੀਰ ਬਾਦਲ ਲਈ ਸਮਝ ਦਾ ਮਸਲਾ ਹੈ ਕਿ ਪੰਜਾਬ ਉਪਰ ਤਿੰਨ ਲੱਖ ਕਰੋੜ ਦਾ ਕਰਜਾ ਹੈ, ਤਾਂ ਧਾਰਮਿਕ ਕਾਰਜਾਂ ਉਪਰ ਲੋਕਾਂ ਦੇ ਟੈਕਸ ਦਾ ਪੈਸਾ ਉਡਾਇਆ ਜਾ ਸਕਦਾ ਹੈ। ਸਰਕਾਰ ਦਾ ਕੰਮ ਲੋਕ ਭਲਾਈ ਦੇ ਕੰਮ ਕਰਨੇ ਹਨ, ਨਾ ਕਿ ਧਾਰਮਿਕ ਕੰਮਾਂ ਉਪਰ ਵੋਟਰਾਂ ਨੂੰ ਖੁਸ਼ ਕਰਨ ਲਈ ਸਰਕਾਰੀ ਖਜਾਨਾ ਉਡਾਉਣਾ।

# ਮਾਮਲਾ ਸਿੱਧੂ ਤੇ ਚੰਨੀ ਸਰਕਾਰ ਦੇ ਟਕਰਾਅ ਦਾ

**ਰਜਿੰਦਰ ਸਿੰਘ ਪੁਰੇਵਾਲ**

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਚੰਨੀ ਸਰਕਾਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਨਸ਼ਿਆਂ ਦੇ ਮਾਮਲੇ ਵਿਚ ਮੁੜ ਕਟਹਿਰੇ ਵਿੱਚ ਖੜਾ ਕਰ ਦਿਤਾ। ਚੰਨੀ ਸਰਕਾਰ ਇਸ ਮਾਮਲੇ ਵਿਚ ਕੈਪਟਨ ਸਰਕਾਰ ਵਾਲੀ ਨੀਤੀ ਅਪਨਾ ਰਹੀ ਹੈ। ਪੰਜਾਬ ਸਰਕਾਰ ਕੋਲ ਸਿਆਸੀ ਇੱਛਾ ਸ਼ਕਤੀ ਦੀ ਘਾਟ ਹੈ ਜਿਸ ਕਰਕੇ ਇਹ ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ ’ਤੇ ਫ਼ੈਸਲਾ ਨਹੀਂ ਲੈ ਰਹੀ ਹੈ। ਹੁਣ ਚੰਨੀ ਸਰਕਾਰ ਨੂੰ ਇਹ ਤੈਅ ਕਰਨਾ ਪਵੇਗਾ ਕਿ ਪੰਜਾਬ ਨੂੰ ਇਨਸਾਫ਼ ਦੇਣਾ ਹੈ ਜਾਂ ਦੋਸ਼ੀਆਂ ਦੀ ਢਾਲ ਬਣਨਾ ਹੈ। ਨਵਜੋਤ ਸਿੱਧੂ ਨੇ ਇਸ ਬਾਰੇ ਕਿਹਾ ਕਿ ਹਾਈ ਕੋਰਟ ਦੇ ਹੁਕਮਾਂ ’ਤੇ ਕੋਟਕਪੂਰਾ ਗੋਲੀ ਕਾਂਡ ਮਾਮਲੇ ’ਤੇ ‘ਸਿੱਟ’ ਬਣੀ ਸੀ ਅਤੇ ਛੇ ਮਹੀਨਿਆਂ ਵਿੱਚ ਜਾਂਚ ਮੁਕੰਮਲ ਕੀਤੀ ਜਾਣੀ ਸੀ। ਅੱਜ ਛੇ ਮਹੀਨਿਆਂ ਤੋਂ ਇੱਕ ਦਿਨ ਉਪਰ ਹੋ ਚੁੱਕਾ ਹੈ। ਉਨਾਂ ਸੁਆਲ ਕੀਤਾ ਕਿ ਚਾਰਜ਼ਸੀਟ ਕਿੱਥੇ ਹੈ? ਵਿਧਾਨ ਸਭਾ ਸੈਸ਼ਨ ਦੇ ਪਹਿਲੇ ਦਿਨ ਸਿੱਧੂ ਵੱਲੋਂ ਪ੍ਰੈੱਸ ਕਾਨਫਰੰਸ ਕਰ ਕੇ ਆਪਣੀ ਹੀ ਸਰਕਾਰ ’ਤੇ ਤਾਬੜਤੋੜ ਹਮਲੇ ਕੀਤੇ ਗਏ। ਉਨਾਂ ਸਰਕਾਰ ’ਤੇ ਉਂਗਲ ਉਠਾਈ ਕਿ ਸਾਬਕਾ ਪੁਲੀਸ ਮੁਖੀ ਸੁਮੇਧ ਸੈਣੀ ਨੂੰ ਮਿਲੀ ਬਲੈਂਕਟ ਬੇਲ ਵਿਰੁੱਧ ਵਿਸ਼ੇਸ਼ ਲੀਵ ਪਟੀਸ਼ਨ ਕਿਉਂ ਨਹੀਂ ਦਾਇਰ ਕੀਤੀ ਗਈ? ਉਨਾਂ ਕਿਹਾ ਕਿ ਸਿਆਸੀ ਇੱਛਾ ਸ਼ਕਤੀ ਦੀ ਵੱਡੀ ਕਮੀ ਹੈ ਅਤੇ ਨਾ ਹੀ ਖ਼ਜ਼ਾਨੇ ਨੂੰ ਭਰਨ ਦਾ ਕੋਈ ਰੋਡ ਮੈਪ ਹੈ। ਉਨਾਂ ਡੀਜੀਪੀ ਅਤੇ ਏਜੀ ’ਤੇ ਹਮਲਾ ਕਰਦਿਆਂ ਕਿਹਾ ਕਿ ਇੱਕ ਨੇ ਕਲੀਨ ਚਿੱਟ ਦਿੱਤੀ ਤੇ ਦੂਜੇ ਨੇ ਬਲੈਂਕਟ ਬੇਲ ਦਿਵਾਈ। ਸਿੱਧੂ ਨੇ ਕਿਹਾ ਕਿ ਇਨਾਂ ਅਫ਼ਸਰਾਂ ਨੂੰ ਚੁਣ ਲਓ ਜਾਂ ਫਿਰ ਪ੍ਰਦੇਸ਼ ਕਾਂਗਰਸ ਪ੍ਰਧਾਨ ਨੂੰ। ਉਨਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਬੰਦ ਰਿਪੋਰਟ ਨੂੰ ਖੋਲਣ ’ਤੇ ਅਦਾਲਤ ਨੇ ਕੋਈ ਰੋਕ ਨਹੀਂ ਲਾਈ, ਫਿਰ ਕਿਉਂ ਰਿਪੋਰਟ ਜਨਤਕ ਨਹੀਂ ਕੀਤੀ ਜਾ ਰਹੀ। ਉਨਾਂ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਨਾਂ ਲਏ ਬਿਨਾਂ ਮੁੜ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ ਤਾਂ ਆਪਣੇ ਪੁਰਾਣੇ ਸਟੈਂਡ ’ਤੇ ਖੜੇ ਹਨ ਪਰ ਜੋ ਬਦਲੇ ਹਨ, ਉਹ ਆਪਣਾ ਸਟੈਂਡ ਕਲੀਅਰ ਕਰਨ। ਉਨਾਂ ਬਿਜਲੀ ਸਮਝੌਤੇ ਰੱਦ ਕੀਤੇ ਜਾਣ ਦੀ ਤਾਰੀਫ਼ ਕੀਤੀ। ਸਿੱਧੂ ਨੇ ਤੇਲ ਸਸਤਾ ਕੀਤੇ ਜਾਣ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਫ਼ੈਸਲਾ ਚੰਗਾ ਹੈ, ਪਰ ਸਵਾਲ ਕੀਤਾ ਕਿ ਕੀ ਸਰਕਾਰ ਅਗਲੇ ਪੰਜ ਸਾਲਾਂ ਤੱਕ ਇਹੋ ਕੀਮਤਾਂ ਬਰਕਰਾਰ ਰੱਖ ਸਕੇਗੀ? ਉਨਾਂ ਮੁੜ ਕਿਹਾ ਕਿ ਲੋਕਾਂ ਦੀ ਕਚਹਿਰੀ ਵਿਚ ਸਿਰ ਉੱਚਾ ਕਰ ਕੇ ਜਾਣਾ ਹੈ ਤਾਂ ਫ਼ੈਸਲੇ ਲੈਣੇ ਪੈਣਗੇ। ਦੂਸਰੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਲਿਫਾਫੇ ਵਿੱਚ ਬੰਦ ਪਈ ਐੱਸਟੀਐੱਫ ਦੀ ਨਸ਼ਿਆਂ ਸਬੰਧੀ ਰਿਪੋਰਟ 18 ਨਵੰਬਰ ਨੂੰ ਖੁੱਲ ਸਕਦੀ ਹੈ ਅਤੇ ਸਰਕਾਰ ਵੱਲੋਂ ਇਸ ਸਬੰਧੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਬੇਅਦਬੀ ਦੇ ਮੁਲਜ਼ਮਾਂ ਨੂੰ ਵੀ ਛੇਤੀ ਹੀ ਸਜ਼ਾ ਮਿਲੇਗੀ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿੱਚ ਧੱਕਣ ਵਾਲੇ ਦੋਸ਼ੀਆਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ ਅਤੇ ਛੇਤੀ ਹੀ ਡਰੱਗ ਮਾਫੀਆ ਖ਼ਿਲਾਫ਼ ਰਿਪੋਰਟ ਖੁੱਲਣ ਨਾਲ ਕਈ ਨਸ਼ੇ ਦੇ ਵੱਡੇ ਸੌਦਾਗਰਾਂ ਦਾ ਪਰਦਾਫਾਸ਼ ਹੋਵੇਗਾ। ਅਕਾਲੀ ਦਲ ’ਤੇ ਨਿਸ਼ਾਨਾ ਸੇਧਦਿਆਂ ਉਨਾਂ ਕਿਹਾ ਕਿ ਉਹ ਨਾਮ ਦੇ ਪੰਥਕ ਹਨ ਅਤੇ ਪੰਥ ਨੂੰ ਹਮੇਸ਼ਾ ਆਪਣੇ ਸਿਆਸੀ ਮੁਫਾਦਾਂ ਲਈ ਵਰਤਦੇ ਆਏ ਹਨ। ਉਨਾਂ ਦੋਸ਼ ਲਾਇਆ ਕਿ ਪੰਥਕ ਅਖਵਾਉਂਦੇ ਇਹ ਲੋਕ ਰਾਜਨੀਤਕ ਫਾਇਦਿਆਂ ਲਈ ਕਥਿਤ ਤੌਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣ ਤੋਂ ਵੀ ਨਹੀਂ ਹਟੇ। ‘ਜਲਦੀ ਹੀ ਬੇਅਦਬੀ ਮਾਮਲਿਆਂ ਦੇ ਅਸਲੀ ਚਿਹਰੇ ਲੋਕਾਂ ਦੀ ਕਚਹਿਰੀ ਵਿੱਚ ਨੰਗੇ ਕੀਤੇ ਜਾਣਗੇ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ।’ ਇਸ ਸੰਦਰਭ ਵਿਚ ਸੁਖਬੀਰ ਸਿੰਘ ਬਾਦਲ ਨੇ ਚੰਨੀ ਸਰਕਾਰ ਉਪਰ ਦੋਸ਼ ਲਗਾਏ ਕਿ ਉਹ ਬਾਦਲ ਪਰਿਵਾਰ ਨੂੰ ਬੇਅਦਬੀ ਦੇ ਮਾਮਲੇ ਵਿਚ ਫਸਾਉਣਾ ਚਾਹੁੰਦੀ ਹੈ। ਜੇ ਇਸ ਸਾਰੀ ਖਬਰ ਦਾ ਮੁਲਾਂਕਣ ਕੀਤਾ ਜਾਵੇ ਤਾਂ ਗਲ ਸਾਫ ਹੈ ਕਿ ਮੁਦੇ ਹਲ ਕਰਨ ਦੀ ਥਾਂ ਸਿਆਸਤ ਖੇਡ ਰਹੀ ਹੈ।ਜੇ ਹਾਈਕਮਾਂਡ ਕਾਂਗਰਸ ਦਲਿਤ ਪਤਾ ਖੇਡੇਗੀ ਤਾਂ ਬਾਕੀ ਧਿਰਾਂ ਦਾ ਨਰਾਜ ਹੋਣਾ ਲਾਜਮੀ ਹੈ।ਸਿਧੂ ਦੀ ਮੁਦਿਆਂ ਦੀ ਸਿਆਸਤ ਚੰਨੀ ਦਾ ਕਦ ਬੋਨਾ ਕਰ ਰਹੀ ਹੈ।ਚੰਨੀ ਤੇ ਕੈਪਟਨ ਦੀਆਂ ਨੀਤੀਆਂ ਵਿਚ ਕੋਈ ਅੰਤਰ ਨਹੀਂ ਦਿਖਾਈ ਦੇ ਰਿਹਾ।

ਹਿੰਸਕ ਭਾਰਤੀ ਨੇਤਾ ਹੁਣੇ ਜਿਹੇ ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰੇਸ਼ਖਰ ਰਾਓ ਨੇ ਭਾਜਪਾ ਨੇਤਾਵਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਮੇਰੀ ਆਲੋਚਨਾ ਕਰਨ ਲਈ ਗਲਤ ਬਿਆਨਬਾਜ਼ੀ ਤੋਂ ਬਾਜ਼ ਨਾ ਆਏ ਤਾਂ ਮੈਂ ਉਨਾਂ ਦੀ ਜੀਭ ਵੱਢ ਦਿਆਂਗਾ। ਮੀਡੀਆ ਨਾਲ ਗੱਲਬਾਤ ਦੌਰਾਨ ਕੇ.ਸੀ. ਆਰ ਨੇ ਭਾਜਪਾ ਦੇ ਸੂਬਾ ਪ੍ਰਧਾਨ ਬੰਦੀ ਸੰਜੇ ’ਤੇ ਹਮਲਾ ਬੋਲਦਿਆਂ ਕਿਹਾ ਕਿ ਭਗਵਾਂ ਪਾਰਟੀ ਦਾ ਨੇਤਾ ਘਟੀਆ ਬਿਆਨਬਾਜ਼ੀ ਕਰਕੇ ਕਿਸਾਨਾਂ ਤੋਂ ਸਿਆਸੀ ਲਾਹਾ ਭਾਲ ਰਿਹਾ ਹੈ ।

ਬਾਕੀ ਸਫ਼ਾ 30 ’ਤੇ

# ਪੰਜਾਬੀ ਪ੍ਰਤੀ ਪੰਜਾਬ ਸਰਕਾਰ ਦਾ ਫੈਸਲਾ

## 10ਵੀਂ ਤੱਕ ਸਾਰੇ ਸਕੂਲਾਂ ਵਿਚ ਕੀਤੀ ਪੰਜਾਬੀ ਲਾਜ਼ਮੀ

**ਚੰਡੀਗੜ/ਏ.ਟੀ.ਨਿਊਜ਼:** ਸੂਬੇ ਦੇ ਸਕੂਲਾਂ ’ਚ ਪਹਿਲੀ ਤੋਂ 10ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਲਈ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਸਖ਼ਤੀ ਨਾਲ ਲਾਗੂ ਕਰਨ ਲਈ ਪੰਜਾਬ ਮੰਤਰੀ ਮੰਡਲ ਨੇ ‘ਪੰਜਾਬੀ ਤੇ ਹੋਰ ਭਾਸ਼ਾਵਾਂ ਸਿੱਖਿਆ ਬਾਰੇ ਪੰਜਾਬ ਐਕਟ-2008’ ਵਿਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ । ਇਸ ਕਦਮ ਨਾਲ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਨ ’ਤੇ ਜੁਰਮਾਨਾ ਰਾਸ਼ੀ 25,000, 50,000 ਤੇ 1 ਲੱਖ ਤੋਂ ਵਧਾ ਕੇ ਕ੍ਰਮਵਾਰ 50,000, 1 ਲੱਖ ਰੁਪਏ ਤੇ 2 ਲੱਖ ਰੁਪਏ ਹੋ ਜਾਵੇਗੀ । ਮੀਟਿੰਗ ਵਿਚ ਪੰਜਾਬ ਵਿਧਾਨ ਸਭਾ ਦੇ ਮੌਜੂਦਾ ਇਜਲਾਸ ਵਿਚ ਇਹ ਬਿੱਲ ਪੇਸ਼ ਕਰਨ ਲਈ ਵੀ ਹਰੀ ਝੰਡੀ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਮੁਤਾਬਕ ਕੋਈ ਵੀ ਸਕੂਲ ਜਿਹੜਾ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਨਿਯਮਾਂ ਦੀ ਇਕ ਮਹੀਨੇ ਤੋਂ ਵੱਧ ਸਮੇਂ ਲਈ ਪਹਿਲੀ ਵਾਰ ਉਲੰਘਣਾ ਕਰੇਗਾ, ਉਹ 50 ਹਜ਼ਾਰ ਰੁਪਏ ਜੁਰਮਾਨੇ ਦਾ ਭਾਗੀ ਹੋਵੇਗਾ । ਜੇਕਰ ਅਜਿਹਾ ਸਕੂਲ ਐਕਟ ਦੇ ਉਪਬੰਧਾਂ ਤੇ ਇਸ ਅਧੀਨ ਬਣਾਏ ਨਿਯਮਾਂ ਦੀ ਇਕ ਮਹੀਨੇ ਤੋਂ ਵੱਧ ਸਮੇਂ ਲਈ ਦੂਜੀ ਵਾਰ ਉਲੰਘਣਾ ਕਰੇਗਾ ਤਾਂ ਉਹ 1 ਲੱਖ ਰੁਪਏ ਜੁਰਮਾਨੇ ਦਾ ਭਾਗੀ ਹੋਵੇਗਾ ਤੇ ਜੇਕਰ ਅਜਿਹਾ ਸਕੂਲ ਐਕਟ ਦੇ ਉਪਬੰਧਾਂ ਤੇ ਇਸ ਅਧੀਨ ਬਣਾਏ ਨਿਯਮਾਂ ਦੀ 1 ਮਹੀਨੇ ਤੋਂ ਵੱਧ ਸਮੇਂ ਲਈ ਤੀਜੀ ਵਾਰ ਉਲੰਘਣਾ ਕਰੇਗਾ ਤਾਂ ਉਹ 2 ਲੱਖ ਰੁਪਏ ਜੁਰਮਾਨੇ ਦਾ ਭਾਗੀ ਹੋਵੇਗਾ । ਇਸੇ ਤਰਾਂ ਧਾਰਾ 8 ਅਧੀਨ ਉਪ-ਧਾਰਾ 1-ਏ ਵੀ ਸ਼ਾਮਿਲ ਕੀਤੀ ਗਈ ਹੈ, ਜਿਸ ਮੁਤਾਬਕ ਸੂਬਾ ਸਰਕਾਰ ਜਿਥੇ ਵੀ ਇਹ ਮਹਿਸੂਸ ਕਰੇ ਕਿ ਅਜਿਹਾ ਕੀਤਾ ਜਾਣਾ ਲੋੜੀਂਦਾ ਤੇ ਵਿਵਹਾਰਿਕ ਹੈ ਤਾਂ ਲਿਖਤੀ ਰੂਪ ਵਿਚ ਕਾਰਨ ਸਪੱਸਟ ਕਰਕੇ ਸੂਬਾ ਸਰਕਾਰ ਸਰਕਾਰੀ ਗਜਟ ਵਿਚ ਅਧਿਸੂਚਨਾ ਜਾਰੀ ਕਰਕੇ ਐਕਟ ਦੀ ਧਾਰਾ 8 ਦੀ ਉਪ ਧਾਰਾ 1 ਅਧੀਨ ਨਿਰਧਾਰਤ ਕੀਤੇ ਜੁਰਮਾਨਿਆਂ ਨੂੰ ਵਧਾ ਜਾਂ ਘਟਾ ਸਕਦੀ ਹੈ । ਇਸੇ ਤਰਾਂ ਐਕਟ ਦੀ ਧਾਰਾ 2 ਦੀ ਕਲਾਜ (ਈ) ਵਿਚ ‘ਸਕੂਲ ਸ਼ਬਦ ਦੀ ਪਰਿਭਾਸ਼ਾ ਇਸ ਤਰਾਂ ਦਿੱਤੀ ਗਈ ਹੈ, ਜਿਸ ਅਨੁਸਾਰ ਸਕੂਲ ਦਾ ਅਰਥ ਕੋਈ ਵੀ ਪ੍ਰਾਇਮਰੀ ਸਕੂਲ, ਮਿਡਲ ਸਕੂਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਹੈ, ਜਿਸ ਦਾ ਰਾਜ ਸਰਕਾਰ ਜਾਂ ਸਥਾਨਿਕ ਸੰਸਥਾ ਜਾਂ ਪੰਚਾਇਤ, ਸੁਸਾਇਟੀ ਜਾਂ ਟਰੱਸਟ ਵਲੋਂ ਸਥਾਪਿਤ ਕਰਕੇ ਉਸ ਦਾ ਰੱਖ-ਰਖਾਅ ਕੀਤਾ ਜਾਂਦਾ ਹੋਵੇ ਜਾਂ ਅਜਿਹੇ ਹੋਰ ਸਕੂਲ ਜਿਹੜੇ ਰਾਜ ਸਰਕਾਰ ਵਲੋਂ ਸਮੇਂ-ਸਮੇਂ ’ਤੇ ਨੋਟੀਫਾਈ ਕੀਤੇ ਜਾਣ। ਇਹ ਦੱਸਿਆ ਜਾਂਦਾ ਹੈ ਕਿ ਉਕਤ ਪਰਿਭਾਸ਼ਾ ਦੀ ਪੈਰਵੀ ਵਿਚ ਸੂਬਾ ਸਰਕਾਰ ਵਲੋਂ ਨੋਟੀਫਿਕੇਸ਼ਨ 22 ਮਾਰਚ, 2010 ਰਾਹੀਂ ਪਹਿਲਾਂ ਹੀ ਕੇਂਦਰੀ ਵਿਦਿਆਲੇ, ਨਵੋਦਿਆ ਵਿਦਿਆਲੇ ਤੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਤੇ ਇੰਡੀਅਨ ਕੌਂਸਲ ਆਫ ਸੈਕੰਡਰੀ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ ਸਕੂਲਾਂ ਨੂੰ ਇਸ ਐਕਟ ਦੇ ਮੰਤਵ ਲਈ ਨੋਟੀਫਾਈ ਕੀਤਾ ਹੋਇਆ ਹੈ। ਸਮੇਂ ਦੇ ਗੁਜ਼ਰਨ ਨਾਲ ਇਹ ਮਹਿਸੂਸ ਕੀਤਾ ਗਿਆ ਹੈ ਕਿ ਨਿਰਧਾਰਿਤ ਕੀਤਾ ਗਿਆ ਜੁਰਮਾਨਾ ਘੱਟ ਹੈ। ਇਸ ਲਈ ਜਿਨਾਂ ਮਨੋਰਥਾਂ ਨਾਲ ਇਹ ਐਕਟ ਲਾਗੂ ਕੀਤਾ ਗਿਆ ਸੀ, ਉਨਾਂ ਨੂੰ ਪ੍ਰਾਪਤ ਕਰਨ ਲਈ ਤੇ ਐਕਟ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਐਕਟ ਦੀ ਧਾਰਾ 8 ਦੀ ਉਪ ਧਾਰਾ 1 ’ਚ ਨਿਰਧਾਰਤ ਕੀਤੇ ਜੁਰਮਾਨਿਆਂ ਨੂੰ ਵਧਾਉਣ ਦੀ ਲੋੜ ਬਣ ਗਈ ਹੈ।

# ਪਾਕਿ ’ਚ ਨਾਮਣਾ ਖੱਟਣ ਵਾਲੇ ਹਿੰਦੂਆਂ ਦੀ ਅਬਾਦੀ ਘਟੀ

## ਸੰਨ 1947 ਵੇਲੇ ਪਾਕਿਸਤਾਨ ਵਿਚ ਹਿੰਦੂਆਂ ਦੀ ਅਬਾਦੀ 15% ਸੀ ਜੋ ਹੁਣ 2% ਤੋਂ ਵੀ ਘੱਟ ਰਹਿ ਗਈ



**ਬਲਰਾਜ ਸਿੱਧੂ ਐੱਸਪੀ**
**ਮੋਬਾਈਲ ਨੰ. : ੯੫੦੧੧-੦੦੦੬੨**

ਸੰਨ 1948 ਵੇਲੇ ਪਾਕਿਸਤਾਨ ਵਿਚ ਹਿੰਦੂਆਂ ਦੀ ਅਬਾਦੀ 15% ਸੀ ਜੋ ਹੁਣ 2% ਤੋਂ ਵੀ ਘੱਟ ਰਹਿ ਗਈ ਹੈ। ਉੱਥੇ ਹਿੰਦੂਆਂ ਦੀ ਜ਼ਬਰੀ ਧਰਮ ਤਬਦੀਲੀ ਕਰਵਾਈ ਜਾਂਦੀ ਹੈ, ਹਿੰਦੂ ਮੁਟਿਆਰਾਂ ਨੂੰ ਅਗਵਾ ਕਰ ਕੇ ਉਨਾਂ ਨਾਲ ਵਿਆਹ ਕਰਵਾਏ ਜਾਂਦੇ ਹਨ।

ਇਹੀ ਨਹੀਂ, ਹਿੰਦੂਆਂ ’ਤੇ ਇਸਲਾਮ ਧਰਮ ਦੀ ਨਿੰਦਾ ਆਦਿ ਦੇ ਝੂਠੇ ਮੁਕੱਦਮੇ ਦਰਜ ਕਰਨ ਸਮੇਤ ਅਨੇਕ ਤਰਾਂ ਦੇ ਜ਼ੁਲਮ ਕੀਤੇ ਜਾਂਦੇ ਹਨ। ਇਨਾਂ ਕਾਰਨਾਂ ਕਾਰਨ ਹੀ ਪਾਕਿਸਤਾਨ ਤੋਂ ਹਰ ਸਾਲ ਹਜ਼ਾਰਾਂ ਹਿੰਦੂ ਭਾਰਤ ਅਤੇ ਪੱਛਮੀ ਦੇਸ਼ਾਂ ਵੱਲ ਪਰਵਾਸ ਕਰ ਰਹੇ ਹਨ। ਸੰਨ 1998 ਦੀ ਮਰਦਮਸ਼ੁਮਾਰੀ ਮੁਤਾਬਕ ਪਾਕਿਸਤਾਨ ਵਿਚ ਹਿੰਦੂਆਂ ਦੀ ਗਿਣਤੀ 24 ਲੱਖ ਦੇ ਲਗਭਗ ਸੀ। ਇਹ ਤਾਂ ਸੀ ਸਿੱਕੇ ਦਾ ਇਕ ਪਹਿਲੂ।

ਨੋਬਲ ਸ਼ਾਂਤੀ ਪੁਰਸਕਾਰ ਤੇ ਖ਼ੁਰਾਕ ਸੁਰੱਖਿਆ

ਦੂਜਾ ਪਹਿਲੂ ਇਹ ਹੈ ਕਿ ਪਾਕਿਸਤਾਨ ਵਿਚ ਕਈ ਹਿੰਦੂਆਂ ਨੇ ਚੰਗਾ ਨਾਂ ਕਮਾਉਂਦੇ ਹੋਏ ਸਮਾਜ ਵਿਚ ਆਪਣੀ ਵਿਲੱਖਣ ਪਛਾਣ ਬਣਾਈ ਹੈ। ਪੇਸ਼ ਹੈ ਪਾਕਿਸਤਾਨ ਉਨਾਂ ਹਿੰਦੂ ਸ਼ਖ਼ਸੀਅਤਾਂ ਦਾ ਵੇਰਵਾ ਜਿਨਾਂ ਨੇ ਚੰਗਾ ਨਾਮਣਾ ਖੱਟਿਆ ਹੈ।

ਮਈ 2020 ਵਿਚ ਰਾਹੁਲ ਦੇਵ ਭੀਲ ਪਾਕਿਸਤਾਨੀ ਹਵਾਈ ਸੈਨਾ ਵਿਚ ਬਤੌਰ ਪਾਇਲਟ ਭਰਤੀ ਹੋਣ ਵਾਲਾ ਪਹਿਲਾ ਹਿੰਦੂ ਬਣ ਗਿਆ ਹੈ। ਸਿੰਧ ਦੇ ਜ਼ਿਲੇ ਥਰਪਾਰਕਰ ਦੇ ਭੰਗਾ ਪਿੰਡ ਦੇ ਰਹਿਣ ਵਾਲੇ ਰਾਹੁਲ ਦੇਵ ਦੇ ਪਿਤਾ ਦਾ ਨਾਮ ਸਵਰਗੀ ਤੇਜਮੱਲ ਭੀਲ ਹੈ ਅਤੇ ਉਹ ਇਕ ਗ਼ਰੀਬ ਪਰਿਵਾਰ ਨਾਲ ਸਬੰਧ ਰੱਖਦਾ ਹੈ।

ਇਸੇ ਤਰਾਂ ਰਾਣਾ ਚੰਦਰ ਸਿੰਘ ਪਾਕਿਸਤਾਨ ਦਾ ਪ੍ਰਸਿੱਧ ਸਿਆਸਤਦਾਨ ਅਤੇ ਸਿੰਧ ਸੂਬੇ ਦੀ ਰਿਆਸਤ ਉਮਰਕੋਟ ਦਾ 25ਵਾਂ ਜਾਗੀਰਦਾਰ ਸੀ। ਉਹ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀਆਂ ਜ਼ੁਲਿਫਕਾਰ ਅਲੀ ਭੁੱਟੋ ਅਤੇ ਬੇਨਜ਼ੀਰ ਭੁੱਟੋ ਦੀ ਪੀਪਲਜ਼ ਪਾਰਟੀ ਵੱਲੋਂ 1977 ਤੋਂ 1999 ਤਕ ਲਗਾਤਾਰ 7 ਵਾਰ ਐੱਮਪੀ ਚੁਣਿਆ ਗਿਆ ਸੀ ਅਤੇ ਖੇਤੀਬਾੜੀ, ਮਾਲ ਮਹਿਕਮਾ, ਸਾਇੰਸ ਅਤੇ ਟੈਕਨੋਲੌਜੀ ਆਦਿ ਅਹਿਮ ਮਹਿਕਮਿਆਂ ਦਾ ਮੰਤਰੀ ਰਿਹਾ। ਇਕ ਅਗਸਤ 2009 ਨੂੰ 78 ਸਾਲ ਦੀ ਉਮਰ ਵਿਚ ਅਧਰੰਗ ਕਾਰਨ ਉਸ ਦੀ ਮੌਤ ਹੋ ਗਈ ਸੀ। ਉਸ ਦਾ ਬੇਟਾ ਰਾਣਾ ਹਮੀਰ ਸਿੰਘ ਵੀ 1990 ਤੋਂ ਲਗਾਤਾਰ ਪਾਕਿਸਤਾਨ ਪੀਪਲਜ਼ ਪਾਰਟੀ ਵੱਲੋਂ ਸਿੰਧ ਦਾ ਐੱਮਐੱਲਏ ਚੱਲਿਆ ਆ ਰਿਹਾ ਹੈ ਅਤੇ 1993 ਵਿਚ ਕੈਬਨਿਟ ਮੰਤਰੀ ਵੀ ਰਿਹਾ।

ਰਾਣਾ ਭਗਵਾਨ ਦਾਸ ਦਾ ਪੂਰਾ ਨਾਮ ਰਾਣਾ ਬਾਹੂਬਲੀ ਭਗਵਾਨ ਦਾਸ ਹੈ ਅਤੇ ਉਸ ਦਾ ਜਨਮ 20 ਦਸੰਬਰ 1942 ਨੂੰ ਸਿੰਧ ਸੂਬੇ ਦੇ ਨਸੀਰਾਬਾਦ ਸ਼ਹਿਰ ਵਿਖੇ ਇਕ ਸਿੰਧੀ ਰਾਜਪੂਤ ਪਰਿਵਾਰ ਵਿਚ ਹੋਇਆ। ਉਸ ਨੇ ਲਾਅ ਦੀ ਪੜਾਈ ਕੀਤੀ ਹੋਈ ਸੀ ਜਿਸ ਕਾਰਨ 1867 ਵਿਚ ਉਹ ਮੈਜਿਸਟ੍ਰੇਟ ਚੁਣਿਆ ਗਿਆ। ਕੁਝ ਸਾਲਾਂ ਵਿਚ ਹੀ ਉਹ ਸੈਸ਼ਨ ਜੱਜ ਬਣ ਗਿਆ ਅਤੇ 1994 ਵਿਚ ਸਿੰਧ ਹਾਈ ਕੋਰਟ ਵਿਚ ਜੱਜ ਨਿਯੁਕਤ ਹੋ ਗਿਆ। ਸੰਨ 2000 ਵਿਚ ਉਹ ਸੁਪਰੀਮ ਕੋਰਟ ਦਾ ਜੱਜ ਬਣ ਗਿਆ। ਉਸ ਵੇਲੇ ਪਾਕਿਸਤਾਨ ਵਿਚ ਪਰਵੇਜ਼ ਮੁਸ਼ੱਰਫ ਦਾ ਰਾਜ ਸੀ।

ਨੌਂ ਮਾਰਚ 2007 ਨੂੰ ਰਾਸ਼ਟਰਪਤੀ ਮੁਸ਼ੱਰਫ ਨੇ ਚੀਫ ਜਸਟਿਸ ਇਫਤਿਖਾਰ ਮੁਹੰਮਦ ਚੌਧਰੀ ਨੂੰ ਡਿਸਮਿਸ ਕਰ ਦਿੱਤਾ ਤਾਂ ਸੀਨੀਅਰ ਹੋਣ ਕਾਰਨ ਰਾਣਾ ਭਗਵਾਨ ਦਾਸ ਪਾਕਿਸਤਾਨ ਦਾ ਐਕਟਿੰਗ ਚੀਫ ਜਸਟਿਸ ਬਣ ਗਿਆ ਅਤੇ 20 ਜੁਲਾਈ 2007 ਤਕ ਇਸ ਪਦਵੀ ’ਤੇ ਰਿਹਾ। ਉਹ ਇਸ ਪਦਵੀ ਤਕ ਪਹੁੰਚਣ ਵਾਲਾ ਪਹਿਲਾ ਹਿੰਦੂ ਜੱਜ ਹੈ। ਦਸੰਬਰ 2007 ਵਿਚ ਉਹ ਰਿਟਾਇਰ ਹੋ ਗਿਆ ਅਤੇ 23 ਫਰਵਰੀ 2015 ਨੂੰ ਹਾਰਟ ਅਟੈਕ ਕਾਰਨ ਉਸ ਦੀ ਮੌਤ ਹੋ ਗਈ।

ਦਾਨਿਸ਼ ਪ੍ਰਭਸ਼ੰਕਰ ਕਨੇਰੀਆ ਉਰਫ ਦਾਨਿਸ਼ ਕਨੇਰੀਆ ਦਾ ਜਨਮ 16 ਦਸੰਬਰ 1980 ਨੂੰ ਕਰਾਚੀ ਦੇ ਇਕ ਮੱਧ ਵਰਗੀ ਗੁਜਰਾਤੀ ਪਰਿਵਾਰ ਵਿਚ ਹੋਇਆ। ਉਸ ਦੇ ਪਿਤਾ ਦਾ ਨਾਮ ਪ੍ਰਭਸ਼ੰਕਰ ਭਾਈ ਲਾਲਜੀ ਭਾਈ ਕਨੇਰੀਆ ਅਤੇ ਮਾਤਾ ਦਾ ਨਾਂ ਬਬੀਤਾ ਬੇਨ ਹੈ।

ਉਸ ਦੀ ਪੜਾਈ ਸੇਂਟ ਪੈਟਰਿਕ ਹਾਈ ਸਕੂਲ ਅਤੇ ਸਰਕਾਰੀ ਇਸਲਾਮੀਆ ਕਾਲਜ ਕਰਾਚੀ ਤੋਂ ਹੋਈ। ਬਚਪਨ ਤੋਂ ਹੀ ਕ੍ਰਿਕਟ ਦਾ ਸ਼ੌਕੀਨ ਕਨੇਰੀਆ 1998 ਤੋਂ ਫਸਟ ਕਲਾਸ ਕ੍ਰਿਕਟ ਖੇਡਣ ਲੱਗ ਪਿਆ ਸੀ ਅਤੇ ਜਲਦੀ ਹੀ ਆਲ ਰਾਊਂਡਰ ਖਿਡਾਰੀ ਵਜੋਂ ਸੰਨ 2000 ਵਿਚ ਪਾਕਿਸਤਾਨ ਦੀ ਕੌਮੀ ਟੀਮ ਲਈ ਚੁਣ ਲਿਆ ਗਿਆ।

ਉਹ ਆਪਣੇ ਮਾਮੇ ਦੇ ਪੁੱਤਰ ਅਨਿਲ ਦਲਪਤ ਤੋਂ ਬਾਅਦ ਪਾਕਿਸਤਾਨੀ ਕੌਮੀ ਟੀਮ ਲਈ ਖੇਡਣ ਵਾਲਾ ਦੂਸਰਾ ਹਿੰਦੂ ਖਿਡਾਰੀ ਹੈ।

ਦਲਪਤ ਨੇ ਵੀ ਕੁਝ ਮੈਚਾਂ ਵਿਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ ਸੀ। ਕਨੇਰੀਆ ਲਗਤਾਰ ਦਸ ਸਾਲ ਪਾਕਿਸਤਾਨ ਦੀ ਟੀਮ ਵੱਲੋਂ ਖੇਡਦਾ ਰਿਹਾ। ਉਸ ਦੀ ਗੁਗਲੀ ਬਹੁਤ ਘਾਤਕ ਸੀ ਅਤੇ ਉਹ ਵਸੀਮ ਅਕਰਮ, ਵੱਕਾਰ ਯੂਨਿਸ ਅਤੇ ਇਮਰਾਨ ਖ਼ਾਨ ਤੋਂ ਬਾਅਦ ਪਾਕਿਸਤਾਨ ਦਾ ਚੌਥਾ ਸਭ ਤੋਂ ਵੱਧ ਵਿਕਟਾਂ ਲੈਣ ਵਾਲਾ ਖਿਡਾਰੀ ਹੈ। ਪਾਕਿਸਤਾਨ ਤੋਂ ਇਲਾਵਾ ਉਹ ਇੰਗਲੈਂਡ ਦੇ ਐਸੇਕਸ ਕਾਊਂਟੀ ਕਲੱਬ ਵੱਲੋਂ ਵੀ ਖੇਡਦਾ ਰਿਹਾ ਹੈ ਪਰ 2010 ਵਿਚ ਉਸ ’ਤੇ ਮੈਚ ਫਿਕਸਿੰਗ ਦੇ ਇਲਜ਼ਾਮ ਲੱਗੇ ਅਤੇ ਉਸ ’ਤੇ ਜੀਵਨ ਭਰ ਲਈ ਖੇਡਣ ’ਤੇ ਪਾਬੰਦੀ ਲੱਗ ਗਈ।

ਦੀਪਕ ਪਰਵਾਨੀ ਦਾ ਜਨਮ 1973 ਵਿਚ ਮੀਰਪੁਰ ਖਾਸ (ਸਿੰਧ) ਦੇ ਇਕ ਸਿੰਧੀ ਹਿੰਦੂ ਪਰਿਵਾਰ ਵਿਚ ਹੋਇਆ। ਉਹ ਪਾਕਿਸਤਾਨ ਦਾ ਪ੍ਰਸਿੱਧ ਮਾਡਲ ਅਤੇ ਫੈਸ਼ਨ ਡਿਜ਼ਾਈਨਰ ਹੈ। ਉਸ ਨੇ ਦੁਨੀਆ ਦਾ ਸਭ ਤੋਂ ਵੱਡਾ ਕੁੜਤਾ ਬਣਾਇਆ ਹੈ ਜੋ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਦਰਜ ਹੈ। ਕੁੜਤੇ ਦੀ ਲੰਬਾਈ 101 ਫੁੱਟ, ਚੌੜਾਈ 60 ਫੁੱਟ ਅਤੇ ਬਾਹਾਂ ਦੀ ਲੰਬਾਈ 57 ਫੁੱਟ ਹੈ ਅਤੇ ਇਸ ਦਾ ਭਾਰ 800 ਕਿੱਲੋ ਹੈ।

ਦੀਪਕ ਪਰਵਾਨੀ ਦਾ ਚਚੇਰਾ ਭਰਾ ਨਵੀਨ ਪਰਵਾਨੀ ਪਾਕਿਸਤਾਨ ਦਾ ਅੰਤਰਰਾਸ਼ਟਰੀ ਸਨੂਕਰ ਪਲੇਅਰ ਹੈ ਅਤੇ ਪਾਕਿਸਤਾਨੀ ਟੀਮ ਦੀ 2006 ਵਿਚ ਹੋਈਆਂ ਦੋਹਾ ਏਸ਼ੀਅਨ ਖੇਡਾਂ ਵਿਚ ਪ੍ਰਤੀਨਿਧਤਾ ਕਰ ਚੁੱਕਾ ਹੈ। ਉਹ ਜਾਰਡਨ ਵਿਚ 2006 ਵਿਚ ਹੋਈ ਵਰਲਡ ਚੈਂਪੀਅਨਸ਼ਿਪ ਵਿਚ ਦੂਸਰੇ ਸਥਾਨ ’ਤੇ ਰਿਹਾ ਸੀ।

ਰਮੇਸ਼ ਕੁਮਾਰ ਵੰਕਵਾਨੀ ਪੇਸ਼ੇ ਤੋਂ ਡਾਕਟਰ ਹੈ ਅਤੇ ਪਾਕਿਸਤਾਨੀ ਸਿਆਸਤ ਵਿਚ ਕਾਫ਼ੀ ਨਾਂ ਕਮਾ ਰਿਹਾ ਹੈ।

ਉਹ ਮੁਸਲਿਮ ਲੀਗ ਪਾਰਟੀ ਵੱਲੋਂ ਘੱਟ ਗਿਣਤੀਆਂ ਲਈ ਰਿਜ਼ਰਵ ਸੀਟ ਤੋਂ 2002 ਵਿਚ ਐੱਮਐੱਲਏ ਅਤੇ 2014 ਵਿਚ ਨਵਾਜ਼ ਸ਼ਰੀਫ ਦੀ ਪਾਰਟੀ ਵੱਲੋਂ ਐੱਮਪੀ ਚੁਣਿਆ ਗਿਆ। ਸੰਨ 2018 ਦੀ ਚੋਣ ਵੇਲੇ ਉਹ ਇਮਰਾਨ ਖ਼ਾਨ ਦੀ ਪਾਰਟੀ ਵਿਚ ਸ਼ਾਮਲ ਹੋ ਗਿਆ ਅਤੇ ਫਿਰ ਐੱਮਪੀ ਚੁਣਿਆ ਗਿਆ। ਇਸ ਵੇਲੇ ਉਹ ਪਾਰਲੀਮੈਂਟ ਦੀ ਅੰਕੜਾ ਕਮੇਟੀ ਦਾ ਚੇਅਰਮੈਨ ਹੈ।

ਮਹੇਸ਼ ਕੁਮਾਰ ਮਲਾਨੀ ਜਨਰਲ ਸੀਟ ਤੋਂ ਐੱਮਐੱਲਏ ਅਤੇ ਐੱਮਪੀ ਬਣਨ ਵਾਲਾ ਪਾਕਿਸਤਾਨ ਦਾ ਪਹਿਲਾ ਗ਼ੈਰ ਮੁਸਲਿਮ ਸਿਅਸਤਦਾਨ ਹੈ। ਉਸ ਦਾ ਜਨਮ 24 ਅਕਤੂਬਰ 1962 ਨੂੰ ਸਿੰਧ ਦੇ ਜ਼ਿਲਾ ਥਰਪਾਰਕਰ ਦੇ ਮਿੱਠੀ ਸ਼ਹਿਰ ਵਿਚ ਹੋਇਆ ਸੀ। ਸ਼ੁਰੂ ਤੋਂ ਹੀ ਉਹ ਬੇਨਜ਼ੀਰ ਭੁੱਟੋ ਦੀ ਪੀਪਲਜ਼ ਪਾਰਟੀ ਨਾਲ ਜੁੜਿਆ ਹੋਇਆ ਹੈ। ਸੰਨ 2008 ਵਿਚ ਉਹ ਘੱਟ ਗਿਣਤੀਆਂ ਲਈ ਰਿਜ਼ਰਵ ਸੀਟ ਤੋਂ ਸਿੰਧ ਅਸੈਂਬਲੀ ਲਈ ਐੱਮਐੱਲਏ ਚੁਣਿਆ ਗਿਆ।

ਸੰਨ 2013 ਵਿਚ ਉਹ ਮਿੱਠੀ ਜਨਰਲ ਹਲਕੇ ਤੋਂ ਦੁਬਾਰਾ ਐੱਮਐੱਲਏ ਚੁਣਿਆ ਗਿਆ। ਸੰਨ 2018 ਵਿਚ ਹੋਈਆਂ ਚੋਣਾਂ ਵੇਲੇ ਉਸ ਨੇ ਥਰਪਾਰਕਰ ਜਨਰਲ ਹਲਕੇ ਤੋਂ ਐੱਮਪੀ ਦੀ ਸੀਟ ਜਿੱਤ ਕੇ ਇਤਿਹਾਸ ਰਚ ਦਿੱਤਾ। ਅਜਿਹਾ ਕਰਨ ਵਾਲਾ ਉਹ ਪਾਕਿਸਤਾਨ ਦਾ ਪਹਿਲਾ ਹਿੰਦੂ ਹੈ। ਉਸ ਤੋਂ ਪਹਿਲੇ ਸਾਰੇ ਹਿੰਦੂ ਸਿਆਸਤਦਾਨ ਘੱਟ ਗਿਣਤੀਆਂ ਲਈ ਰਿਜ਼ਰਵ ਸੀਟਾਂ ’ਤੇ ਹੀ ਜਿੱਤਦੇ ਰਹੇ ਹਨ।



# ਕੀ ਪੰਜਾਬ ਵਿਚ ਸਹਿਕਾਰੀ ਖੇਤੀ ਸੰਭਵ ਹੈ ?

**ਡਾਕਟਰ ਧਰਮ ਸਿੰਘ**

ਪੰਜਾਬ ਵਿਚਲਾ ਕਿਸਾਨੀ ਸੰਕਟ ਇਕ ਗੁੰਝਲਦਾਰ ਮਸਲਾ ਹੈ ਜਿਸ ਦੀਆਂ ਕਈ ਪਰਤਾਂ ਅਤੇ ਰੂਪ ਹਨ। ਖੇਤੀ ਨਾਲ ਸਬੰਧਤ ਜਦ ਮੇਰਾ ਕੋਈ ਲੇਖ ਛਪਦਾ ਹੈ ਤਾਂ ਪਾਠਕਾਂ ਦੇ ਕਈ ਫ਼ੋਨ ਆਉਂਦੇ ਹਨ। ਪਿਛਲੇ ਦਿਨੀਂ ਛਪੇ ਇਕ ਲੇਖ ਦੇ ਪ੍ਰਤੀਕਰਮ ਵਜੋਂ ਇਕ ਜਾਗਰੂਕ ਪਾਠਕ ਨੇ ਕਿਹਾ ਕਿ ਵਰਤਮਾਨ ਖੇਤੀ ਸੰਕਟ ਦਾ ਹੱਲ ਕੇਵਲ ਸਹਿਕਾਰੀ ਖੇਤੀ ਹੀ ਹੈ। ਕੀ ਵਾਕਈ ਸਹਿਕਾਰੀ ਖੇਤੀ ਨਾਲ ਇਹ ਸੰਕਟ ਹੱਲ ਹੋ ਸਕਦਾ ਹੈ ? ਇਹੋ ਪ੍ਰਸ਼ਨ ਅੱਜ ਅਸੀਂ ਵਿਚਾਰਾਂਗੇ।

ਤਕਨੀਕੀ ਪਰਿਭਾਸ਼ਾ ਵਿਚ ਨਾ ਪਈਏ ਤਾਂ ਸਹਿਕਾਰੀ ਖੇਤੀ ਤੋਂ ਭਾਵ ਰਲ-ਮਿਲ ਕੇ ਖੇਤੀ ਕਰਨਾ ਹੈ। ਓਪਰੀ ਨਜ਼ਰੇ ਇਹ ਵਿਚਾਰ ਬੜਾ ਨਰੋਆ ਅਤੇ ਅਗਾਂਹਵਧੂ ਲਗਦਾ ਹੈ। ਉਂਜ ਵੀ ਸਾਨੂੰ ਗੁਰੂ ਸਾਹਿਬਾਨ ਵਲੋਂ ਸਿੱਖਿਆ ਦਿੱਤੀ ਗਈ ਹੈ ਕਿ ਰਲ-ਮਿਲ ਕੇ ਰਹਿਣ, ਵੰਡ ਛਕਣ ਅਤੇ ਇਕ ਦੂਜੇ ਦਾ ਦੁੱਖ-ਦਰਦ ਵੰਡਾਉਣ ਵਿਚ ਭਲਾ ਹੈ। ਸਰਬੱਤ ਦਾ ਭਲਾ ਅਤੇ 'ਸਭੇ ਸਾਂਝੀਵਾਲ ਸਦਾਇਨ' ਦਾ ਵੀ ਇਹੋ ਸੰਦੇਸ਼ ਹੈ। ਇਹ ਅਸੂਲ ਮੱਧਕਾਲ ਵਿਚ ਕਾਫ਼ੀ ਉਪਯੋਗੀ ਜਾਂ ਕਾਰਆਮਦ ਰਿਹਾ ਹੈ, ਜਦ ਅਜੇ ਪੈਸੇ ਦੀ ਦੌੜ ਸ਼ੁਰੂ ਨਹੀਂ ਸੀ ਹੋਈ। ਅੱਜ ਜਦ ਕਿ ਪੰਜਾਬੀ ਸਮਾਜ ਜਗੀਰਦਾਰੀ ਵਿਚੋਂ ਨਿਕਲ ਕੇ ਪੂੰਜੀਵਾਦੀ ਯੁੱਗ ਵਿਚ ਦਾਖ਼ਲ ਹੋ ਰਿਹਾ ਹੈ ਤਾਂ ਇਹ ਦੌੜ ਨਾਲ ਹੀ ਸ਼ੁਰੂ ਹੋ ਗਈ ਹੈ। ਇਸ ਚੂਹਾ ਦੌੜ ਨੇ ਸਾਨੂੰ ਕਿਥੇ ਲਿਆ ਖੜਾ ਕੀਤਾ ਹੈ ? ਇਸ ਬਾਰੇ ਬਹੁਤਾ ਕੁਝ ਦੱਸਣ ਪੁੱਛਣ ਦੀ ਲੋੜ ਨਹੀਂ। ਸੁਆਰਥ, ਮੌਕਾਪ੍ਰਸਤੀ, ਬੇਈਮਾਨੀ, ਠੱਗੀ-ਠੋਰੀ, ਧਰਮ ਦਾ ਘਟ ਰਿਹਾ ਪ੍ਰਭਾਵ, ਨੈਤਿਕ ਕਦਰਾਂ-ਕੀਮਤਾਂ ਵਿਚ ਨਿਘਾਰ, ਰਿਸ਼ਤਿਆਂ ਵਿਚ ਬੇਗ਼ਾਨਗੀ ਅਤੇ ਟੁੱਟ-ਭੱਜ ਇਸੇ ਪੂੰਜੀਵਾਦ ਦੀਆਂ ਹੀ ਦੇਣਾਂ ਹਨ। ਕੀ ਅਜਿਹੇ ਵਰਤਾਰੇ ਵਿਚ ਕੋਈ ਕਿਸੇ ਨਾਲ ਰਲ-ਮਿਲ ਕੇ ਚਲ ਸਕਦਾ ਹੈ ?

ਉਪਰੋਕਤ ਪ੍ਰਸ਼ਨ ਦਾ ਸਿੱਧਾ ਸਬੰਧ ਪੰਜਾਬੀਆਂ ਦੀ ਮਾਨਸਿਕਤਾ ਨਾਲ ਵੀ ਜੁੜਿਆ ਹੋਇਆ ਹੈ ਅਤੇ ਇਹ ਮਾਨਸਿਕਤਾ ਵੱਖ-ਵੱਖ ਪ੍ਰਭਾਵਾਂ ਅਧੀਨ ਦਿਨੋ-ਦਿਨ ਬਦਲ ਰਹੀ ਹੈ। ਪੰਜਾਬੀ ਸੁਭਾਅ ਦੇ ਤੌਰ 'ਤੇ ਕਿਸੇ ਦੀ ਟੈਂਅ ਮੰਨਣ ਵਾਲੇ ਨਹੀਂ। ਇਥੇ ਸਾਨੂੰ ਸਵੈਮਾਣ ਅਤੇ ਹੰਕਾਰ ਵਿਚ ਫ਼ਰਕ ਕਰਨ ਦੀ ਲੋੜ ਹੈ। ਸਵੈਮਾਣੀ ਹੋਣਾ ਗੁਣ ਹੈ, ਜਦ ਕਿ ਹੰਕਾਰੀ ਹੋਣਾ ਔਗੁਣ ਹੈ। ਹੰਕਾਰ ਨੂੰ ਹਰ ਧਰਮ ਵਿਚ ਔਗੁਣ ਮੰਨਿਆ ਗਿਆ ਹੈ। ਇਸੇ ਲਈ ਗੁਰਮਤਿ ਵਿਚ ਵੀ ਇਸ ਨੂੰ ਪੰਜ ਵੱਡੇ ਵਿਕਾਰਾਂ ਵਿਚ ਸ਼ਾਮਿਲ ਕੀਤਾ ਗਿਆ ਹੈ। ਮੈਨੂੰ ਇਹ ਕਹਿਣ ਵਿਚ ਜ਼ਰਾ ਵੀ ਸੰਕੋਚ ਨਹੀਂ ਕਿ ਬਹੁਤ ਸਾਰੇ ਪੰਜਾਬੀ ਅੱਜ ਪੁੱਜ ਕੇ ਹੰਕਾਰੀ ਬਣੇ ਪਏ ਹਨ। ਵਿੱਦਿਆ, ਰੁਜ਼ਗਾਰ ਦੇ ਨਵੇਂ ਵਸੀਲੇ ਅਤੇ ਮੌਕੇ, ਜ਼ਮੀਨਾਂ ਦਾ ਮਹਿੰਗੇ ਹੋਣਾ, ਵੱਡੀਆਂ-ਵੱਡੀਆਂ ਕਾਰਾਂ-ਕੋਠੀਆਂ ਦੀ ਲਾਲਸਾ, ਵਿਖਾਵਾ ਆਦਿ ਕੁਝ ਅਜਿਹੇ ਕਾਰਨ ਹਨ ਜਿਨਾਂ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਬਦਲ ਦਿੱਤਾ ਹੈ। ਅੱਜ ਉਹ ਰੁੱਖੀ-ਮਿੱਸੀ ਖਾ ਕੇ ਠੰਢਾ ਪਾਣੀ ਪੀਣ ਨਾਲ ਸੰਤੁਸ਼ਟ ਨਹੀਂ ਹੁੰਦੇ। ਸਹਿਕਾਰਤਾ ਵਿਚ ਦੂਜੇ ਦੀ ਭਾਈਵਾਲੀ ਦਾ ਆਦਰ ਕਰਨਾ ਪੈਂਦਾ ਹੈ। ਸਾਬਰ, ਸ਼ਾਕਰ ਅਤੇ ਸਾਦਿਕ ਬਣਨਾ ਪੈਂਦਾ ਹੈ। ਪ੍ਰਸ਼ਨ ਹੈ ਕਿ ਕੀ ਸਾਡੇ ਵਿਚ ਇਹ ਸਦਗੁਣ ਹਨ ? ਅੱਜ ਜਿਹੜਾ ਜੁਰਮਾਂ ਵਿਚ ਵਾਧਾ ਹੋ ਰਿਹਾ ਹੈ, ਉਹ ਅਜਿਹੇ ਗੁਣਾਂ ਦੀ ਘਾਟ ਕਰਕੇ ਹੈ। ਹੋਰ ਤਾਂ ਹੋਰ ਅਸੀਂ ਆਪਣੇ ਕੰਮਾਂ ਲਈ ਵੀ ਕਤਾਰ ਵਿਚ ਖੜੇ ਹੋਣ ਨੂੰ ਆਪਣੀ ਤੌਹੀਨ ਸਮਝਦੇ ਹਾਂ। ਕੀ ਅਸੀਂ ਅਜਿਹੀ ਮਾਨਸਿਕਤਾ ਬਦਲ ਕੇ ਸਿੱਧੇ ਰਾਹ ਪੈ ਸਕਦੇ ਹਾਂ ?

ਸਹਿਕਾਰੀ ਖੇਤੀ ਦੀਆਂ ਕੁਝ ਵਿਹਾਰਕ ਸਮੱਸਿਆਵਾਂ ਵੀ ਹਨ। ਫ਼ਰਜ਼ ਕਰੋ ਕੁਝ ਲੋਕ ਰਲ ਕੇ ਇਕ ਗਰੁੱਪ ਜਾਂ ਸਮੂਹ ਬਣਾ ਲੈਂਦੇ ਹਨ। ਬਿਜਾਈ ਦੇ ਸਮੇਂ ਹਰ ਇਕ ਮੈਂਬਰ ਦੀ ਇਹੋ ਕੋਸ਼ਿਸ਼ ਹੋਵੇਗੀ ਕਿ ਉਸ ਦੀ ਫ਼ਸਲ ਦੂਜੇ ਤੋਂ ਪਹਿਲਾਂ ਬੀਜੀ ਜਾਵੇ। ਫ਼ਸਲ ਨੂੰ ਸਿੰਜਣ, ਪਾਲਣ ਅਤੇ ਵੱਢਣ ਸਮੇਂ ਵੀ ਇਹੋ ਪ੍ਰਵਿਰਤੀ ਰਹੇਗੀ। ਖੇਤੀ ਸੰਦ ਜਾਂ ਮਸ਼ੀਨਰੀ ਥੋੜੀ ਹੋਵੇਗੀ ਪਰ ਕੰਮ ਵਧੇਰੇ ਹੋਣ ਕਰਕੇ ਨਾ ਤੇ ਵਾਰੀ ਬੰਨ ਸਕਾਂਗੇ ਅਤੇ ਜੇ ਬੰਨ ਵੀ ਲਈ ਤਾਂ ਵੀ ਸਾਡੀ ਕੋਸ਼ਿਸ਼ ਦੂਜੇ ਨਾਲੋਂ ਪਹਿਲਾਂ ਵਾਰੀ ਹਾਸਲ ਕਰਨ ਦੀ ਰਹੇਗੀ। ਸਰਕਾਰ ਨੇ ਜ਼ਿਲਾ ਪੱਧਰ ਉੱਪਰ ਖੇਤੀ ਮਸ਼ੀਨਰੀ ਕਿਰਾਏ ਉੱਪਰ ਦੇਣ ਦਾ ਪ੍ਰਬੰਧ ਕੀਤਾ ਸੀ ਪਰ ਉਹ ਯੋਜਨਾ ਕਾਹਲ ਅਤੇ ਬੇਸਮਝੀ ਕਾਰਨ ਬੇਕਾਰ ਸਾਬਤ ਹੋਈ। ਖੇਤੀ ਮਾਹਰ ਦੱਸਦੇ ਹਨ ਕਿ ਇਸ ਵੇਲੇ ਟਰੈਕਟਰਾਂ ਦੀ ਜਿੰਨੀ ਗਿਣਤੀ ਪੰਜਾਬ ਵਿਚ ਹੈ, ਰਕਬੇ ਦੇ ਲਿਹਾਜ਼ ਨਾਲ ਇਸ ਤੋਂ ਚੌਥਾ ਹਿੱਸਾ ਹੀ ਚਾਹੀਦੇ ਹਨ ਕਿਉਂਕਿ ਉਨਾਂ ਨੇ ਇਕ ਟਰੈਕਟਰ ਦੇ ਕੰਮ ਕਰਨ ਦੇ ਘੰਟਿਆਂ ਦਾ ਹਿਸਾਬ-ਕਿਤਾਬ ਲਾ ਰੱਖਿਆ ਹੈ। ਤਿੰਨ ਗੁਣਾ ਵੱਧ ਟਰੈਕਟਰ ਅਸੀਂ ਦੂਜਿਆਂ ਨੂੰ ਵਿਖਾਉਣ, ਮਕਾਣਾਂ ਢੋਣ, ਧਾਰਮਿਕ ਯਾਤਰਾਵਾਂ ਕਰਵਾ ਕੇ ਪੁੰਨ ਖੱਟਣ ਅਤੇ ਮੇਲੇ-ਮੁਸਾਹਬਿਆਂ ਉੱਪਰ ਪੈਂਠ ਬਣਾਉਣ ਲਈ ਖ਼ਰੀਦੇ ਹੋਏ ਹਨ। ਟਰੈਕਟਰਾਂ ਦੇ ਨਾਲ-ਨਾਲ ਮਸ਼ੀਨਰੀ ਵੀ ਇਸੇ ਤਰਾਂ ਬੇਲੋੜੀ ਹੈ। ਪੰਜਾਬ ਵਿਚ ਬੰਬੀਆਂ ਦੀ ਗਿਣਤੀ ਵੀਹ ਲੱਖ ਨੂੰ ਢੁੱਕਣ ਵਾਲੀ ਹੈ। ਮੁਫ਼ਤ ਬਿਜਲੀ ਨੇ ਇਸ ਰੁਝਾਨ ਨੂੰ ਹੋਰ ਵਧਾਵਾ ਦਿੱਤਾ ਹੈ। ਬਿਜਲੀ ਅਤੇ ਪਾਣੀ ਦੀ ਦੁਰਵਰਤੋਂ ਕਰਨ ਵਿਚ ਸਾਡਾ ਕੋਈ ਮੁਕਾਬਲਾ ਨਹੀਂ। ਛੋਟੀ ਕਿਸਾਨੀ ਹੋਣ ਕਰਕੇ ਮੇਰੇ ਬਾਪ ਨੇ ਬੰਬੀ ਨਹੀਂ ਸੀ ਲਵਾਈ ਅਤੇ ਉਹ ਯੂਨਿਟਾਂ ਅਤੇ ਘੰਟਿਆਂ ਦੇ ਹਿਸਾਬ ਨਾਲ ਪਾਣੀ ਮੁੱਲ ਲਿਆ ਕਰਦਾ ਸੀ। ਅੱਜ ਤੋਂ ਚਾਲੀ ਸਾਲ ਪਹਿਲਾਂ ਝੋਨਾ ਘੱਟ ਰਕਬੇ ਉੱਪਰ ਲਾਇਆ ਜਾਂਦਾ ਸੀ, ਇਸ ਲਈ ਮੁੱਲ ਦੇ ਪਾਣੀ ਨਾਲ ਕੰਮ ਸਰ ਜਾਂਦਾ ਸੀ। ਖ਼ਰਚਾ ਵੀ ਘੱਟ ਹੁੰਦਾ ਸੀ ਕਿਉਂਕਿ ਮੀਹਾਂ ਨਾਲ ਮਦਦ ਹੋ ਜਾਂਦੀ ਸੀ। ਅੱਜ ਸਭ ਤੋਂ ਵੱਡੀ ਸਮੱਸਿਆ ਪਾਣੀਆਂ ਦੇ ਡੂੰਘੇ ਹੋਣ ਦੀ ਹੈ, ਖੇਤੀ ਮਾਹਰ ਝੋਨੇ ਦੀ ਬਿਜਾਈ ਅਤੇ ਪਾਲਣ ਲਈ ਉਹ ਤਕਨੀਕਾਂ ਸੁਝਾਅ ਰਹੇ ਹਨ ਜਿਨਾਂ ਨਾਲ ਪਾਣੀ ਦੀ ਬੱਚਤ ਹੋਵੇ। ਅਜਿਹੀ ਨੌਬਤ ਇਸੇ ਕਰਕੇ ਆਈ ਹੈ, ਕਿਉਂਕਿ ਅਸੀਂ ਰਲ ਕੇ ਰਹਿਣਾ ਛੱਡ ਦਿੱਤਾ ਹੈ। ਅੱਜ ਹਰ ਵਿਅਕਤੀ ਜਾਤੀ ਅਤੇ ਜਮਾਤੀ ਅਭਿਮਾਨ ਵਿਚ ਗ੍ਰਸਤ ਹੈ, ਜਿਸ ਦਾ ਇਕ ਸਬੂਤ ਇਹ ਵੀ ਹੈ ਕਿ ਉਹ ਆਪਣੇ ਨਾਂਅ ਪਿੱਛੇ ਕੋਈ ਨਾ ਕੋਈ ਪਲੇਥਣ ਲਾਈ ਫਿਰਦਾ ਹੈ। ਇਹ ਪਲੇਥਣ ਸ਼ਾਇਦ ਇਸ ਕਰਕੇ ਲਾ ਰਿਹਾ ਹੈ ਕਿ ਉਸ ਦੇ ਪਿੱਛੇ 'ਸਾਹਿਬ' ਲਾ ਕੇ ਉਹ ਫਲਾਣਾ ਸਾਹਿਬ ਅਤੇ ਢਿਮਕਾ ਸਾਹਿਬ ਬਣ ਸਕੇਗਾ। ਫੁਕਰੇ ਕਿਸਮ ਦੇ ਲੋਕਾਂ ਨੇ ਆਪਣੇ ਵਾਹਨਾਂ ਉੱਪਰ ਆਪਣੇ ਨਾਂਅ ਨਾਲ 'ਸਾਹਿਬ' ਲਿਖਵਾਇਆ ਹੁੰਦਾ ਹੈ ਅਤੇ ਉਨਾਂ ਦੀ ਵਿੱਦਿਆ ਦਾ ਜਲੂਸ ਇਸ ਕਰਕੇ ਨਿਕਲਿਆ ਹੁੰਦਾ ਹੈ ਸਾਹਿਬ ਦੇ ਸ਼ਬਦ ਜੋੜ 'ਸਾਬ' ਲਿਖੇ ਹੁੰਦੇ ਹਨ, ਜੋ ਗ਼ਲਤ ਹਨ। ਵਿਅਕਤੀ ਦੀ ਪਛਾਣ ਅੱਜ ਤੋਂ ਪਹਿਲਾਂ ਪਿੰਡਾਂ-ਸ਼ਹਿਰਾਂ ਜਾਂ ਹੋਰ ਗੱਲਾਂ ਕਰਕੇ ਹੁੰਦੀ ਸੀ। ਅੱਜ ਜਾਤੀ-ਜਮਾਤੀ ਲਕਬਾਂ ਨਾਲ ਜੁੜ ਗਈ ਹੈ।

ਮੇਰੇ ਹਮ-ਉਮਰਾਂ ਨੂੰ ਯਾਦ ਹੋਵੇਗਾ ਕਿ ਜੇਕਰ ਕਿਸੇ ਕੋਲ ਜੋਗ ਦੀ ਬਜਾਏ ਕੇਵਲ ਇਕ ਡੰਗਰ ਹੀ ਹੁੰਦਾ ਸੀ ਤਾਂ ਉਹ ਦੂਜਾ ਡੰਗਰ ਕਿਸੇ ਭਾਈਵਾਲ ਦਾ ਤਲਾਸ਼ ਲੈਂਦਾ ਸੀ। ਇੰਜ ਦੋਵਾਂ ਧਿਰਾਂ ਦਾ ਸਰ ਜਾਂਦਾ ਸੀ। ਵਧੇਰੇ ਕੰਮ ਨੂੰ ਰਲ-ਮਿਲ ਕੇ ਕਰਨੇ ਨੂੰ ਮੰਗ ਪਾਉਣੀ ਕਹਿੰਦੇ ਸਨ। ਅੱਜ ਇਹ ਮੁਹਾਵਰਾ ਕੇਵਲ ਕੋਸ਼ ਵਿਚ ਹੀ ਲੱਭੇਗਾ। ਵਿਹਾਰਕਤਾ ਵਿਚ ਹੀ ਇਕ ਹੋਰ ਤੱਥ ਇਹ ਆਣ ਰਲਿਆ ਹੈ ਕਿ ਉਹ ਸਰਕਾਰ ਜੋ ਪਹਿਲਾਂ ਸਹਿਕਾਰਤਾ ਨੂੰ ਉਤਸ਼ਾਹਿਤ ਕਰਦੀ ਸੀ, ਅੱਜ ਇਸ ਨੂੰ ਤਬਾਹ ਕਰਨ ਦੇ ਰਾਹ ਉੱਪਰ ਚੱਲ ਰਹੀ ਹੈ। ਸਰਕਾਰੀ ਸਭਾਵਾਂ ਵਿਚ ਤਨਖ਼ਾਹਦਾਰ ਸਰਕਾਰੀ ਮੁਲਾਜ਼ਮ ਹੁੰਦੇ ਹਨ। ਜਿੱਥੇ ਬਾਕੀ ਮਹਿਕਮਿਆਂ ਵਿਚ ਕਈ ਕਈ ਦਹਾਕਿਆਂ ਤੋਂ ਨਵੀਂ ਭਰਤੀ ਨਹੀਂ ਹੋਈ, ਉਥੇ ਸਹਿਕਾਰਤਾ ਵਿਭਾਗ ਵੀ ਇਸ ਮਾਰ ਤੋਂ ਨਹੀਂ ਬਚ ਸਕਿਆ। ਸਹਿਕਾਰਤਾ ਅਤੇ ਸਹਿਕਾਰੀ ਖੇਤੀ ਬਹੁਤ ਚੰਗੀ ਚੀਜ਼ ਹੈ ਕਿਉਂਕਿ ਇਸ ਦੇ ਫਾਇਦੇ ਹਨ। ਘੱਟ ਖੇਚਲ, ਘੱਟ ਖ਼ਰਚਾ, ਘੱਟ ਸਮਾਂ ਲਾ ਕੇ ਬਿਹਤਰ ਨਤੀਜਿਆਂ ਦੀ ਆਸ ਕੀਤੀ ਜਾ ਸਕਦੀ ਹੈ ਪਰ ਸੁਆਲਾਂ ਦਾ ਸੁਆਲ ਫਿਰ ਇਹੋ ਹੈ ਕਿ ਅਸੀਂ ਪ੍ਰਤਿਸ਼ਠਾ, ਫੋਕੀ ਆਕੜ, ਜਾਤੀ ਅਤੇ ਜਮਾਤੀ ਅਭਿਮਾਨ ਤਿਆਗ ਕੇ ਰਲ-ਮਿਲ ਕੇ ਚੱਲਣ ਲਈ ਤਿਆਰ ਹਾਂ ? ਅਜਿਹਾ ਕਰਨ ਲਈ ਸਾਨੂੰ ਹੈਂਕੜ ਵਾਲੀ ਮਾਨਸਿਕਤਾ ਤਿਆਗ ਕੇ ਸਦਗੁਣਾਂ ਦੇ ਧਾਰਨੀ ਬਣਨਾ ਪਵੇਗਾ। ਸਹਿਕਾਰੀ ਖੇਤੀ ਦਾ ਭਵਿੱਖ ਤਾਂ ਹੀ ਰੌਸ਼ਨ ਹੋ ਸਕੇਗਾ।

# ਕਿਸਾਨ ਅੰਦੋਲਨ ਤੇ ਸਿੱਖ ਮਸਲੇ ਦੇ ਮੁੱਦੇ ਉੱਤੇ ਡਟੇ ਸੱਤਿਆਪਾਲ ਮਲਿਕ

## ਮੋਦੀ ਸਰਕਾਰ ਨੂੰ ਪਾਈਆਂ ਝਾੜਾਂ, ਕਿਹਾ ਕਿ ਕਿਸਾਨ ਮਸਲਾ ਤੁਰੰਤ ਹੱਲ ਕਰੋ

**ਚੰਡੀਗੜ/ਏ.ਟੀ.ਨਿਊਜ਼ :** 2004 ਵਿੱਚ ਮਰਹੂਮ ਅਟਲ ਬਿਹਾਰੀ ਵਾਜਪਈ ਦੇ ਪ੍ਰਧਾਨ ਮੰਤਰੀ ਰਹਿੰਦਿਆਂ ਭਾਜਪਾ ਵਿੱਚ ਸ਼ਾਮਲ ਹੋਏ ਸਨ ਸੱਤਿਆਪਾਲ ਮਲਿਕ। ਮੇਘਾਲਿਆ ਦੇ ਰਾਜਪਾਲ ਸੱਤਿਆਪਾਲ ਮਲਿਕ ਨੇ ਇੱਕ ਵਾਰ ਮੁੜ ਕਿਸਾਨ ਅੰਦੋਲਨ ਤੇ ਸਿੱਖ ਮਸਲੇ ਦੇ ਮੁੱਦੇ ਉੱਤੇ ਨਰਿੰਦਰ ਮੋਦੀ ਨੂੰ ਘੇਰਿਆ ਹੈ। ਉਨਾਂ ਕਿਹਾ ਸੀ ਕਿ ਸਿੱਖ ਚੌਰਾਸੀ ਕਰਕੇ ਇੰਦਰਾ ਨੂੰ ਨਹੀਂ ਭੁਲੇ ਤੇ ਮੋਦੀ ਸਰਕਾਰ ਇੰਦਰਾ ਦਾ ਰਾਹ ਨਾ ਅਪਣਾਵੇ।

ਬੀਤੇ ਐਤਵਾਰ ਨੂੰ ਜੈਪੁਰ ਵਿੱਚ ਤੇਜਾ ਫਾਉਂਡੇਸ਼ਨ ਵੱਲੋਂ ਆਯੋਜਿਤ ਗਲੋਬਲ ਜਾਟ ਸੰਮੇਲਨ ਵਿੱਚ ਮਲਿਕ ਨੇ ਕਿਹਾ ਕਿ 'ਇਸ ਦੇਸ਼ ਨੇ ਹੁਣ ਤੱਕ ਇੰਨੇ ਵੱਡੇ ਪੱਧਰ ਦਾ ਅੰਦੋਲਨ ਨਹੀਂ ਦੇਖਿਆ ਹੈ, ਜਿੱਥੇ 600 ਲੋਕ ਸ਼ਹੀਦ ਹੋ ਗਏ ਹਨ। ਜੇਕਰ ਇੱਕ ਜਾਨਵਰ ਵੀ ਮਰਦਾ ਹੈ ਤਾਂ ਦਿੱਲੀ ਦੇ ਆਗੂਆਂ ਦਾ ਸੋਗ ਸੁਨੇਹਾ ਜਾਂਦਾ ਹੈ।'

'ਕੱਲ ਮਹਾਰਾਸ਼ਟਰ ਵਿੱਚ ਅੱਗ ਲੱਗੀ ਅਤੇ ਦਿੱਲੀ ਤੋਂ ਇੱਕ ਪ੍ਰਸਤਾਵ ਪਾਸ ਹੋ ਗਿਆ। ਪਰ ਸਾਡੇ 600 ਲੋਕ ਮਰੇ ਅਤੇ ਕਿਸੇ ਨੇ ਵੀ ਕੁਝ ਨਹੀਂ ਬੋਲਿਆ। ਇੱਥੋਂ ਤੱਕ ਕਿ ਸਾਡਾ ਵਰਗ (ਕਿਸਾਨ ਭਾਈਚਾਰੇ) ਸੰਸਦ ਵਿੱਚ ਪ੍ਰਸਤਾਵ ਪਾਸ ਕਰਨ ਲਈ ਖੜਾ ਨਹੀਂ ਹੋਇਆ। ਇਹ ਚੰਗੀ ਸਥਿਤੀ ਨਹੀਂ ਹੈ।'

ਮਲਿਕ ਨੇ ਇਹ ਵੀ ਕਿਹਾ ਕਿ ਉਹ ਜਦੋਂ ਵੀ ਕਿਸਾਨਾਂ ਦੇ ਮੁੱਦੇ ਉੱਤੇ ਬੋਲਦੇ ਹਨ ਤਾਂ ਕਈ ਹਫ਼ਤੇ ਤੱਕ ਉਨਾਂ ਨੂੰ ਖਦਸ਼ਾ ਬਣਿਆ ਰਹਿੰਦਾ ਹੈ ਕਿ ਦਿੱਲੀ ਤੋਂ ਫ਼ੋਨ ਆ ਸਕਦਾ ਹੈ।ਉਨਾਂ ਨੇ ਕਿਹਾ ਕਿ ਉਨਾਂ ਦੇ 'ਸ਼ੁਭਚਿੰਤਕ' ਇੰਤਜ਼ਾਰ ਕਰ ਰਹੇ ਹਨ ਕਿ ਉਨਾਂ ਨੂੰ ਹਟਾਉਣ ਲਈ ਕਦੋਂ ਕਿਹਾ ਜਾਂਦਾ ਹੈ। ਮੈਨੂੰ ਬਣਾਇਆ ਦਿੱਲੀ ਵਿਚਲੇ 2-3 ਵੱਡੇ ਲੋਕਾਂ ਨੇ, ਮੈਂ ਉਨਾਂ ਦੀ ਇੱਛਾ ਖਿਲਾਫ਼ ਬੋਲ ਰਿਹਾ ਹਾਂ। ਮੈਂ ਇਹ ਜਾਣਬੁੱਝ ਕੇ ਹੀ ਬੋਲ ਰਿਹਾ ਹਾਂ ਕਿ ਉਨਾਂ ਨੂੰ ਦਿੱਕਤ



ਹੋਵੇਗੀ। ਉਹ ਜਦੋਂ ਕਹਿਣਗੇ ਕਿ ਉਨਾਂ ਨੂੰ ਦਿੱਕਤ ਹੈ ਮੈਂ ਛੱਡ ਦਿਆਂਗਾ, ਮੈਂ ਇੱਕ ਮਿੰਟ ਨਹੀਂ ਲਗਾਵਾਂਗਾ।ਇਸ ਤੋਂ ਪਹਿਲਾਂ ਵੀ ਸੱਤਿਆਪਾਲ ਮਲਿਕ ਕਈ ਵਾਰ ਕਿਸਾਨਾਂ ਦੇ ਹੱਕ ਵਿੱਚ ਬਿਆਨ ਦੇ ਚੁੱਕੇ ਹਨ ਪਰ ਭਾਰਤੀ ਜਨਤਾ ਪਾਰਟੀ ਲੀਡਰਸ਼ਿਪ ਨੇ ਇਸ ਉੱਤੇ ਕੋਈ ਖਾਸ ਪ੍ਰਤੀਕਰਮ ਨਹੀਂ ਦਿੱਤਾ ਹੈ।ਸੱਤਿਆਪਾਲ ਮਲਿਕ ਨੇ ਕਿਹਾ ਸੀ, 'ਮੈਂ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਨੂੰ ਖਾਲੀ ਹੱਥ ਨਾ ਮੋੜਿਆ ਜਾਵੇ ਅਤੇ ਨਾ ਹੀ ਚੁੱਪ ਕਰਵਾਉਣ ਲਈ ਬਲ ਦੀ ਵਰਤੋਂ ਕੀਤੀ ਜਾਵੇ।'

**ਸੱਤਿਆਪਾਲ ਮਲਿਕ ਦਾ ਪਿਛੋਕੜ**

ਸੱਤਿਆਪਾਲ ਮਲਿਕ ਉੱਤਰ ਪ੍ਰਦੇਸ਼ ਦੇ ਬਾਗ਼ਪਤ ਜ਼ਿਲੇ ਦੇ ਹਿਸਵਾੜਾ ਪਿੰਡ ਦੇ ਕਿਰਸਾਨੀ ਭਾਈਚਾਰੇ ਨਾਲ ਸਬੰਧਿਤ ਹਨ। ਉਹ ਕਾਫ਼ੀ ਸਮੇਂ ਤੋਂ ਕਿਰਸਾਨੀ ਮੁੱਦੇ 'ਤੇ ਬੇਬਾਕ ਬੋਲਦੇ ਆਏ ਹਨ ਅਤੇ ਇੱਥੋਂ ਤੱਕ ਕਿ ਕਿਸਾਨਾਂ ਅਤੇ ਸਰਕਾਰ ਵਿਚਾਲੇ ਵਿਚੋਲਗੀ ਦੀ ਪੇਸ਼ਕਸ਼ ਵੀ ਕੀਤੀ ਹੈ।

ਮਲਿਕ ਉੱਤਰ ਪ੍ਰਦੇਸ਼ ਦੇ ਜਾਟ ਭਾਈਚਾਰੇ ਵਿੱਚੋਂ ਹਨ, ਉਹ ਉਸ ਵੇਲੇ ਭਾਜਪਾ ਲਈ ਸੰਕਟ ਮੋਚਨ ਬਣੇ ਸਨ ਜਦੋਂ ਨਰਿੰਦਰ ਮੋਦੀ ਸਰਕਾਰ ਨੇ ਜੰਮੂ-ਕਸ਼ਮੀਰ ਵਿੱਚ ਆਰਟੀਕਲ 370 ਨੂੰ ਰੱਦ ਕੀਤਾ ਸੀ।ਉਹ ਮਲਿਕ ਹੀ ਸਨ, ਜਿਨਾਂ ਨੂੰ 23 ਅਗਸਤ 2018 ਵਿੱਚ ਤਤਕਾਲੀ ਜੰਮੂ-ਕਸ਼ਮੀਰ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਸੀ।

ਮਲਿਕ, 30 ਸਤੰਬਰ 2017 ਨੂੰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵਿੱਚ ਬਿਹਾਰ ਦੇ ਰਾਜਪਾਲ ਬਣੇ। ਉਹ 2004 ਵਿੱਚ ਮਰਹੂਮ ਅਟਲ ਬਿਹਾਰੀ ਵਾਜਪਾਈ ਦੇ ਪ੍ਰਧਾਨ ਮੰਤਰੀ ਵਜੋਂ ਕਾਰਜਕਾਲ ਦੌਰਾਨ ਭਾਜਪਾ ਵਿੱਚ ਸ਼ਾਮਲ ਹੋਏ ਸਨ। ਉਸ ਵੇਲੇ ਉਹ ਉੜੀਸਾ ਦੇ ਰਾਜਪਾਲ ਬਣੇ, ਫਿਰ 3 ਨਵੰਬਰ 2019 ਨੂੰ ਗੋਆ (ਰਾਜਪਾਲ ਬਣ ਕੇ) ਗਏ ਅਤੇ ਫਿਰ 18 ਅਗਸਤ 2020 ਨੂੰ ਮੇਘਾਲਿਆ ਦੇ ਰਾਜਪਾਲ ਬਣੇ।

ਪਿਛਲੇ ਤਿੰਨ ਦਹਾਕਿਆਂ ਤੋਂ ਸੱਤਿਆਪਾਲ ਮਲਿਕ ਦੇ ਵਫ਼ਾਦਾਰ ਰਹੇ ਰਾਜ ਸਿੰਘ ਹੁੱਡਾ ਨੇ ਦੱਸਿਆ ਕਿ ਮਲਿਕ ਨੂੰ ਚੋਣਾਵੀਂ ਸਿਆਸਤ ਵਿਚ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਲੈ ਕੇ ਆਏ ਸਨ।

# ਕਿਸਾਨ ਨੇਤਾ ਰਾਕੇਸ਼ ਟਿਕੈਤ ਦਾ ਫਤਵਾ

## ਭਾਜਪਾ ਨੇਤਾਵਾਂ ਦੀ ਭਾਸ਼ਾ ਸੁਣ ਕੇ ਲੱਗਦੈ ਜਿਵੇਂ ਉਹ ਤਾਲਿਬਾਨੀ ਹੋਣ



**ਹਿਸਾਰ/ਏ.ਟੀ.ਨਿਊਜ਼ :** ਸੰਸਦ ਮੈਂਬਰ ਅਰਵਿੰਦ ਸ਼ਰਮਾ ਦੇ ਵਿਵਾਦਿਤ ਬਿਆਨ ਨੂੰ ਲੈ ਕੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਭਾਜਪਾ ਨੇਤਾਵਾਂ ਦੀ ਭਾਸ਼ਾ ਸੁਣ ਕੇ ਲੱਗਦਾ ਹੈ ਕਿ ਕਿਤੇ ਇਨਾਂ ਦਾ ਤਾਲਿਬਾਨ ਨਾਲ ਸਬੰਧ ਤਾਂ ਨਹੀਂ ਹੈ। ਟਿਕੈਤ ਇੱਥੇ ਹਾਂਸੀ ਵਿਚ ਰਾਜ ਸਭਾ ਸੰਸਦ ਮੈਂਬਰ ਅਤੇ ਭਾਜਪਾ ਨੇਤਾ ਰਾਮਚੰਦਰ ਜਾਂਗੜਾ ਵਿਰੁੱਧ ਪੁਲਿਸ ਕੇਸ ਦਰਜ ਕਰਨ ਅਤੇ ਕਿਸਾਨਾਂ ਵਿਰੁੱਧ ਦਰਜ ਕੇਸ ਵਾਪਸ ਲੈਣ ਦੀ ਮੰਗ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ ਦੇ ਧਰਨੇ ਵਿਚ ਆਏ ਸਨ। ਇਸ ਦੌਰਾਨ ਟਿਕੈਤ ਨੇ ਸ੍ਰੀ ਸ਼ਰਮਾ ਦੇ 'ਅੱਖਾਂ ਕੱਢਣ' ਵਾਲੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਨਾਂ ਦੇ ਸਾਰੇ ਨੇਤਾ ਇਸੇ ਤਰਾਂ ਗੱਲ ਕਰਦੇ ਹਨ। ਇਨਾਂ ਨੂੰ ਇਸ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਨਾਂ ਦੀ ਭਾਸ਼ਾ ਦੇਖ ਕੇ ਲੱਗਦਾ ਹੈ ਕਿ ਇਨਾਂ ਦਾ ਕਿਤੇ ਤਾਲਿਬਾਨ ਨਾਲ ਸਬੰਧ ਤਾਂ ਨਹੀਂ ਹੈ। ਇਸ ਵਿਚ ਕਿਸਾਨਾਂ ਦੇ ਪੁਲਿਸ ਸੁਪਰਡੈਂਟ ਦਫ਼ਤਰ ਦੇ ਘਿਰਾਓ ਦੇ ਐਲਾਨ ਤੋਂ ਬਾਅਦ ਹਾਂਸੀ ਐੱਸ.ਪੀ. ਦਫ਼ਤਰ ਨੂੰ ਛਾਉਣੀ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਤਿੰਨ ਦਿਨ ਪਹਿਲਾਂ ਨਾਰਨੌਂਦ 'ਚ ਸ੍ਰੀ ਜਾਂਗੜਾ ਇਕ ਪ੍ਰੋਗਰਾਮ 'ਚ ਆਏ ਸਨ ਅਤੇ ਤਿੰਨ ਕੇਂਦਰੀ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨ ਉੱਥੇ ਪਹੁੰਚ ਗਏ। ਦੋਸ਼ ਹੈ ਕਿ ਪੁਲਿਸ ਨੇ ਇਸ ਦੌਰਾਨ ਲਾਠੀਚਾਰਜ ਕੀਤਾ, ਜਿਸ 'ਚ ਕੁਲਦੀਪ ਸਾਤਰੋਡ ਬੁਰੀ ਤਰਾਂ ਜ਼ਖਮੀ ਹੋਇਆ ਅਤੇ ਆਈ.ਸੀ.ਯੂ. ਵਿਚ ਹੈ।

# ਅਕਸ਼ੈ ਕੁਮਾਰ ਦੀ ਫ਼ਿਲਮ 'ਸੂਰਿਆਵੰਸ਼ੀ' ਦਾ ਕਿਸਾਨਾਂ ਵੱਲੋਂ ਵਿਰੋਧ

## ✪ ਫ਼ਿਲਮ ਬੰਦ ਕਰਵਾਈ ✪ ਕਿਸਾਨ ਵਿਰੋਧੀ ਅਦਾਕਾਰਾਂ ਦਾ ਵਿਰੋਧ ਜਾਰੀ ਰੱਖਣ ਦਾ ਐਲਾਨ

**ਮਾਨਸਾ/ਏ.ਟੀ.ਨਿਊਜ਼ :** ਖੇਤੀ ਕਾਨੂੰਨਾਂ ਖ਼ਿਲਾਫ਼ ਆਵਾਜ਼ ਨਾ ਉਠਾਉਣ ਦੇ ਰੋਸ ਵਜੋਂ ਕਿਸਾਨਾਂ ਨੇ ਵੱਖ-ਵੱਖ ਥਾਵਾਂ 'ਤੇ ਫਿਲਮ ਅਦਾਕਾਰ ਅਕਸ਼ੈ ਕੁਮਾਰ ਦੀ ਫ਼ਿਲਮ 'ਸੂਰਿਆਵੰਸ਼ੀ' ਦਾ ਵਿਰੋਧ ਕੀਤਾ। ਮਾਨਸਾ ਦੇ ਗ੍ਰੈਂਡ ਮਾਲ ਵਿੱਚ ਕਿਸਾਨਾਂ ਨੇ ਫ਼ਿਲਮ ਬੰਦ ਕਰਵਾ ਕੇ ਪੋਸਟਰ ਪਾੜੇ ਅਤੇ ਅਦਾਕਾਰਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।



ਕਿਸਾਨਾਂ ਨੇ ਕਿਹਾ ਕਿ ਫਿਲਮ ਅਦਾਕਾਰ ਸੰਨੀ ਦਿਓਲ, ਅਕਸ਼ੈ ਕੁਮਾਰ ਅਤੇ ਕੰਗਨਾ ਰਣੌਤ ਖੇਤੀ ਕਾਨੂੰਨਾਂ ਦੀ ਹਮਾਇਤ ਕਰਦੇ ਹਨ। ਇਨਾਂ ਨੇ ਕਦੇ ਵੀ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਨਹੀਂ ਕੀਤੀ, ਜਿਸ ਕਰ ਕੇ ਕਿਸਾਨਾਂ ਦਾ ਫ਼ੈਸਲਾ ਹੈ ਕਿ ਉਹ ਇਨਾਂ ਅਦਾਕਾਰਾਂ ਦੀਆਂ ਫਿਲਮਾਂ ਸੂਬੇ ਦੇ ਸਿਨੇਮਾ ਘਰਾਂ 'ਚ ਨਹੀਂ ਚੱਲਣ ਦੇਣਗੇ। ਜਿਸ ਮਗਰੋਂ ਮਾਲ ਮਾਲਕਾਂ ਨੇ ਭਰੋਸਾ ਦਿੱਤਾ ਕਿ ਉਹ ਆਪਣੇ ਸਿਨੇਮਾ ਘਰ ਵਿੱਚ ਫ਼ਿਲਮ ਨਹੀਂ ਚਲਾਉਣਗੇ। ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਪ੍ਰਸ਼ਾਸਨ ਨੇ ਸਿਨੇਮਾ ਘਰ ਵਿੱਚ ਪੁਲਿਸ ਤਾਇਨਾਤ ਕਰ ਦਿੱਤੀ ਤੇ ਡੀਐੱਸਪੀ ਦੀ ਪਹਿਲ ਕਦਮੀ ਨਾਲ ਸਿਨੇਮਾ ਮਾਲਕ ਫਿਲਮ ਹਟਾਉਣ ਤੇ ਪੋਸਟਰ ਉਤਾਰਨ ਲਈ ਰਾਜ਼ੀ ਹੋ ਗਏ। ਇਸ ਦੌਰਾਨ ਨੀਲਮ ਨੋਵਾ ਸਿਨੇਮਾ ਦੇ ਮੈਨੇਜਰ ਰਾਜ ਕੁਮਾਰ ਨੇ ਕਿਹਾ ਕਿ ਹੁਣ ਇਹ ਫਿਲਮ ਨਹੀਂ ਚਲਾਈ ਜਾਵੇਗੀ।

ਬਾਕੀ ਸਫ਼ਾ 30 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

12 ਨਵੰਬਰ 2021 ਤੋਂ 18 ਨਵੰਬਰ 2021

# ਅਨੰਦਪੁਰ ਸਾਹਿਬ ਦਾ ਮਤਾ

ਅਨੰਦਪੁਰ ਸਾਹਿਬ ਦਾ ਮਤਾ ਇੱਕ ਨਹੀਂ ਹੈ, ਇਹ ਤਿੰਨ ਹਨ ਪਰ ਇਹ ਗੱਲ ਬਹੁਤ ਘੱਟ ਚਰਚਾ ਵਿੱਚ ਆਉਣ ਕਰਕੇ ਹਰ ਕਿਸੇ ਦੇ ਧਿਆਨ ਵਿੱਚ ਨਹੀਂ ਹੈ। ਇੱਥੋਂ ਤੱਕ ਕੇ ਕਈ ਦਫ਼ਾ ਅਕਾਲੀ ਦਲ ਦੇ ਮੋਢੀ ਆਗੂਆਂ ਨੂੰ ਵੀ ਇਸ ਗੱਲ ਤੋਂ ਅਣਜਾਣ ਵੇਖਿਆ ਗਿਆ ਹੈ। ਅਨੰਦਪੁਰ ਸਾਹਿਬ ਦਾ ਮੂਲ ਮਤਾ ਸਿਰਦਾਰ ਕਪੂਰ ਸਿੰਘ ਵੱਲੋਂ ਲਿਖਿਆ ਗਿਆ ਸੀ ਜੋ ਕਿ ਸ਼੍ਰੋਮਣੀ ਅਕਾਲੀ ਦਲ ਨੇ ੧੯੭੨ ਵਿੱਚ ਪਾਸ ਤਾਂ ਕਰ ਦਿੱਤਾ ਸੀ ਪਰ ਇਸ 'ਤੇ ਕੋਈ ਠੋਸ ਅਮਲ ਨਹੀਂ ਕੀਤਾ ਗਿਆ ਸਗੋਂ ਉਲਟਾ ਇਸ ਦੇ ਤੱਥਾਂ ਅਤੇ ਹਕੀਕਤਾਂ ਨੂੰ ਤੋੜ-ਮਰੋੜ ਕੇ ਅਤੇ ਭੁਲੇਖੇ ਪਾ ਕੇ ਧੁੰਦਲਾ ਕਰਨ ਅਤੇ ਦੁਬਿਧਾ ਪਾਉਣ ਦਾ ਕੰਮ ਜਰੂਰ ਕੀਤਾ। ਆਮ ਸਿੱਖਾਂ ਤੱਕ ਜਿਸ ਕਦਰ ਇਹ ਮਤਾ ਪਹੁੰਚਣਾ ਚਾਹੀਦਾ ਸੀ, ਪਹੁੰਚ ਨਾ ਸਕਿਆ। ਧਰਮ ਯੁੱਧ ਮੋਰਚੇ ਦੌਰਾਨ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਮ ਉੱਤੇ ਵੱਡੇ ਪੱਧਰ ਉੱਤੇ ਵੰਡਿਆ ਅਤੇ ਪ੍ਰਚਾਰਿਆ ਗਿਆ ਦਸਤਾਵੇਜ਼ ਅਸਲ ਵਿੱਚ ਅਨੰਦਪੁਰ ਸਾਹਿਬ ਦੇ ਮਤੇ ਨੂੰ ਅਧਾਰ ਬਣਾ ਕੇ ਤਿਆਰ ਕੀਤਾ ਗਿਆ ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਨੀਤੀ ਪ੍ਰੋਗਰਾਮ ਸੀ। ਇਸ ਨੂੰ ਘੜਨ ਲਈ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ੧੧ ਦਸੰਬਰ ੧੯੭੨ ਨੂੰ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਇਕ ਸਬ-ਕਮੇਟੀ ਕਾਇਮ ਕੀਤੀ ਸੀ। ਫਿਰ ੧੬-੧੭ ਅਕਤੂਬਰ ੧੯੭੩ ਨੂੰ ਵਰਕਿੰਗ ਕਮੇਟੀ ਵੱਲੋਂ ਇਸ ਨਵੇਂ ਨੀਤੀ ਪ੍ਰੋਗਰਾਮ ਨੂੰ ਅਨੰਦਪੁਰ ਸਾਹਿਬ ਵਿਖੇ ਪਾਸ ਕੀਤਾ ਗਿਆ ਜਿਸ ਕਰਕੇ ਇਸ ਨੂੰ ਅਨੰਦਪੁਰ ਸਾਹਿਬ ਦਾ ਮਤਾ ਹੀ ਕਿਹਾ ਜਾਣ ਲੱਗ ਪਿਆ। ਇਸ ਤੋਂ ਬਾਅਦ ਇਹ ਮਤਾ ੨੮ ਅਗਸਤ ੧੯੭੭ ਨੂੰ ਅਕਾਲੀ ਦਲ ਦੇ ਜਨਰਲ ਇਜਲਾਸ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਗਿਆ ਸੀ। ਆਮ ਲੋਕਾਂ ਤੱਕ ਇਹ ਮਤਾ ਧਰਮ ਯੁੱਧ ਮੋਰਚੇ ਦੌਰਾਨ ੧੯੮੨ ਵਿੱਚ ਹੀ ਪਹੁੰਚਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਨਵੇਂ ਨੀਤੀ ਪ੍ਰੋਗਰਾਮ ਦੇ ਖਰੜੇ ਨੂੰ ਹੀ ਅਨੰਦਪੁਰ ਸਾਹਿਬ ਦੇ ਮਤੇ ਦੇ ਰੂਪ ਵਿੱਚ ਪੇਸ਼ ਕਰਨ ਨਾਲ ਮੂਲ ਮਤਾ ਅੱਖੋਂ ਪਰੋਖੇ ਹੋ ਗਿਆ। ਇਸ ਤੋਂ ਇਲਾਵਾ ਤਲਵੰਡੀ ਦਲ ਨੇ ਵੀ ਮੂਲ ਮਤੇ ਵਿੱਚ ਕੁਝ ਅਦਲਾ-ਬਦਲੀ ਕੀਤੀ ਸੀ। ਇਸ ਦਾ ਜ਼ਿਆਦਾਤਰ ਹਿੱਸਾ ਸਿਰਦਾਰ ਕਪੂਰ ਸਿੰਘ ਵੱਲੋਂ ਲਿਖੇ ਗਏ ਅਨੰਦਪੁਰ ਸਾਹਿਬ ਦੇ ਮਤੇ ਵਾਲਾ ਹੀ ਹੈ ਪਰ ਇਸ ਵਿੱਚ ਕੁਝ ਵੱਧ ਇਲਾਕੇ ਸ਼ਾਮਿਲ ਕੀਤੇ ਗਏ ਹਨ। ਤਲਵੰਡੀ ਦਲ ਦੇ ਮਤੇ ਵਿੱਚ ਕਰੰਸੀ ਦਾ ਮਹਿਕਮਾ ਕੇਂਦਰ ਸਰਕਾਰ ਕੋਲ ਨਾ ਰੱਖਣ ਦੀ ਗੱਲ ਵੀ ਕੀਤੀ ਗਈ ਹੈ ਜਦਕਿ ਸਿਰਦਾਰ ਕਪੂਰ ਸਿੰਘ ਵਾਲੇ ਮਤੇ ਵਿੱਚ ਇਹ ਮਹਿਕਮਾ ਕੇਂਦਰ ਸਰਕਾਰ ਕੋਲ ਰੱਖਣ ਦੀ ਗੱਲ ਹੈ। ਇਸ ਤੋਂ ਇਲਾਵਾ ਕੁਝ ਥਾਂਈ ਸ਼ਬਦਾਂ ਦਾ ਫਰਕ ਹੈ। ਇਸ ਤਰਾਂ ਮੂਲ ਮਤੇ ਤੋਂ ਇਲਾਵਾ ਇਹ ਦੋ ਮਤੇ ਵੀ ਹਨ ਜਿੰਨਾਂ ਕਰਕੇ ਅਕਸਰ ਆਮ ਲੋਕਾਂ ਵਿੱਚ ਕਾਫੀ ਦੁਬਿਧਾ ਰਹਿੰਦੀ ਹੈ।

ਪਿਛਲੇ ਦਿਨੀਂ ਸੁਖਬੀਰ ਬਾਦਲ ਵੱਲੋਂ ਅਕਾਲੀ ਦਲ ਦੇ ੨੮ ਅਗਸਤ ੧੯੭੭ ਵਾਲੇ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਇੱਕ ਵੀਡੀਓ ਸਾਂਝੀ ਕੀਤੀ ਗਈ ਜਿਸ ਨੂੰ ਸਾਂਝੀ ਕਰਨ ਵਕਤ ਕੁਝ ਇਸ ਤਰਾਂ ਦਾ ਲਿਖਿਆ ਗਿਆ; ਪੰਜਾਬ ਅਤੇ ਪੰਥ ਦੀ ਬਿਹਤਰੀ ਨੂੰ ਸਮਰਪਿਤ ਸੋਚ ਦਾ ਦਸਤਾਵੇਜ਼ ਸੀ ਸ਼੍ਰੋਮਣੀ ਅਕਾਲੀ ਦਲ ਦਾ ਅਨੰਦਪੁਰ ਦਾ ਮਤਾ। ਸੂਬਿਆਂ ਦੀ ਖ਼ੁਦਮੁਖਤਿਆਰੀ, ਸਭ ਵਰਗਾਂ ਤੇ ਘੱਟ ਗਿਣਤੀਆਂ ਦੀ ਸਿਆਸੀ, ਧਾਰਮਿਕ ਅਤੇ ਸਮਾਜਿਕ ਅਜ਼ਾਦੀ ਨੂੰ ਅਸੀਂ ਸਦਾ ਸਮਰਪਿਤ ਸੀ, ਅਤੇ ਰਹਾਂਗੇ।

ਬੀਤੀ ੧੧ ਨਵੰਬਰ ਨੂੰ ਵਿਧਾਨ ਸਭ ਦੇ ਸੈਸ਼ਨ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੋਲਦਿਆਂ ਕੁਝ ਇਸ ਤਰਾਂ ਕਿਹਾ ਕਿ "ਇਹਨਾਂ (ਅਕਾਲੀ ਦਲ) ਨੇ ਅਨੰਦਪੁਰ ਸਾਹਿਬ ਦਾ ਮਤਾ ਵੀ ਲਿਆਂਦਾ ਸੀ, ਲੇਕਿਨ ਹਰ ਗੱਲ ਵਿੱਚ ਇਹਨਾਂ ਦੀ ਰਾਜਨੀਤਕ ਸੋਚ ਰਹੀ ਹੈ। ਇਹ ਲੋਕ ਹਰ ਗੱਲ ਨੂੰ ਰਾਜਨੀਤਕ ਸ਼ੀਸ਼ੇ ਵਿੱਚ ਦੀ ਵੇਖਦੇ ਹਨ। ਜਦ ਸਰਕਾਰ ਤੋਂ ਬਾਹਰ ਹੁੰਦੇ ਨੇ ਤਾਂ ਇਹਨਾਂ ਨੂੰ ਰਾਜਾਂ ਦੇ ਵੱਧ ਅਧਿਆਕਰ ਵੀ ਯਾਦ ਆਉਂਦੇ ਨੇ, ਫਿਰ ਇਹਨਾਂ ਨੂੰ ਚੰਡੀਗੜ ਵੀ ਯਾਦ ਆਉਂਦੈ, ਫਿਰ ਇਹਨਾਂ ਨੂੰ ਪੰਜਾਬੀ ਬੋਲਦੇ ਇਲਾਕੇ ਜਿਹੜੇ ਪੰਜਾਬ ਤੋਂ ਬਾਹਰ ਚਲੇ ਗਏ, ਉਹ ਵੀ ਬਹੁਤ ਯਾਦ ਆਉਂਦੇ ਨੇ। ਫਿਰ ਇਹ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਂਦੇ ਨੇ, ਮਤਾ ਲੈ ਕੇ ਆਏ ਅਨੰਦਪੁਰ ਸਾਹਿਬ ਦਾ, ਪੰਜਾਬ ਦੇ ਲੋਕਾਂ ਦੀਆਂ ਭਾਵਨਵਾਂ ਨੂੰ ਭੜਕਾਇਆ, ਨਤੀਜਾ ਕੀ ਹੋਇਆ ਕਿ ਪੰਜਾਬ ਦੇ ਵਿੱਚ ਅੱਤਵਾਦ ਆਇਆ, ਹਜ਼ਾਰਾਂ ਨਹੀਂ ਲੱਖਾਂ ਲੋਕ ਪ੍ਰਭਾਵਿਤ ਹੋਏ, ਦੇਸ਼ ਦੇ ਵਿੱਚ ਅੱਤਵਾਦ ਲਿਆ ਕੇ ਇਹਨਾਂ ਨੇ ਪੰਜਾਬ ਦੀ ਨੌਜਵਾਨੀ ਦਾ ਘਾਣ ਕੀਤਾ। ਪੰਜਾਬ ਦੀ ਅਰਥ ਵਿਵਸਥਾ ਇਹਨਾਂ ਨੇ ਵਿਗਾੜੀ। ਇਹਨਾਂ ਨੇ ੭੩ ਦੇ ਵਿੱਚ ਮਤਾ ਲਿਆਂਦਾ ਓਹਦੇ ਵਿੱਚ ਖ਼ੁਦਮੁਖਤਿਆਰੀ ਦੀ ਗੱਲ ਕੀਤੀ ਲੇਕਿਨ ੭੭ ਵਿੱਚ ਇਹਨਾਂ ਦਾ ਰਾਜ ਆ ਗਿਆ, ਜਨਤਾ ਪਾਰਟੀ ਦੀ ਸਰਕਾਰ ਬਣ ਗਈ, ਓਥੇ ਇਹ ਪਲਟ ਗਏ। ੧੯੭੮ ਦੇ ਵਿੱਚ ਇਹਨਾਂ ਨੇ ਕਿਹਾ ਕਿ ਸਾਨੂੰ ਖ਼ੁਦਮੁਖਤਿਆਰੀ ਨਹੀਂ ਸਾਨੂੰ ਵੱਧ ਅਧਿਕਾਰ ਦੇ ਦੇਵੋ, ਕਿਉਂਕਿ ਰਾਜ ਆ ਗਿਆ...।"

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਇਹ ਟਿੱਪਣੀ ਕਿ ਅਨੰਦਪੁਰ ਸਾਹਿਬ ਦੇ ਮਤੇ ਨਾਲ ਭਾਵਨਾਵਾਂ ਭੜਕਾ ਕੇ ਪੰਜਾਬ ਵਿੱਚ ਅੱਤਵਾਦ ਆਇਆ, ਇਹ ਕਾਂਗਰਸ ਦਾ ਪਿਛਲੇ ਤਕਰੀਬਨ ੪੦ ਸਾਲ ਦਾ ਬਿਰਤਾਂਤ ਹੈ, ਮੁੱਖ ਮੰਤਰੀ ਨੇ ਓਹੀ ਦੁਹਰਾਇਆ ਹੈ। ਟਿੱਪਣੀ ਵਿੱਚ ਅੱਗੇ ਉਹਨਾਂ ਨੇ ਅਕਾਲੀ ਦਲ ਦੇ ਸੱਤਾ ਵਿੱਚ ਹੋਣ ਜਾਂ ਨਾ ਹੋਣ ਵੇਲੇ ਦੇ ਅਮਲ ਬਾਰੇ ਕਿਹਾ ਹੈ, ਅਸਲ ਵਿੱਚ ਜਿਸ ਭਾਵਨਾ ਵਿੱਚੋਂ ਅਤੇ ਜਿਸ ਮਕਸਦ ਲਈ ਅਕਾਲੀ ਦਲ ਹੋਂਦ ਵਿੱਚ ਆਇਆ ਸੀ, ੬੦ਵਿਆਂ ਵਿੱਚ ਅਕਾਲੀ ਦਲ ਨੇ ਉਥੋਂ ਥਿੜਕ ਕੇ ਸਿਰਫ ਵੋਟ ਸਿਆਸਤ ਵੱਲ ਨੂੰ ਹੀ ਮੂੰਹ ਕਰ ਲਿਆ ਸੀ। ਹੁਣ ਜਦੋਂ ਵੀ ਅਕਾਲੀ ਦਲ ਸੱਤਾ ਤੋਂ ਬਾਹਰ ਹੁੰਦਾ ਹੈ ਉਦੋਂ ਉਹ ਅੰਸ਼ਿਕ ਮਾਤਰ ਅਸਲ ਅਕਾਲੀ ਦਲ ਦੇ ਰੂਪ ਵਿੱਚ ਹੁੰਦਾ ਹੈ। ਉਦੋਂ ਸੰਗਤ ਦੀਆਂ ਭਾਵਨਾਵਾਂ ਹਲੂਣਾ ਮਾਰਦੀਆਂ ਹਨ ਅਤੇ ਅਕਾਲੀ ਦਲ ਨੂੰ ਕਾਰਜ ਕਰਨਾ ਪੈਂਦਾ ਹੈ। ਸੂਬੇ ਦੀ ਸੱਤਾਧਾਰੀ ਧਿਰ ਚਾਹੇ ਅਕਾਲੀ ਦਲ ਹੋਵੇ ਚਾਹੇ ਕਾਂਗਰਸ, ਉਸਨੂੰ ਦਿੱਲੀ ਦਰਬਾਰ ਦੇ ਦਬਕੇ 'ਚ ਹੀ ਚੱਲਣਾ ਪੈਂਦਾ ਹੈ ਦਿੱਲੀ ਦਰਬਾਰ ਦੀ ਕੁਹਾੜੀ ਦਾ ਦਸਤਾ ਬਣ ਕੇ। ਇਹ ਮੌਜੂਦਾ ਨਿਜ਼ਾਮ ਦੀ ਸੱਚਾਈ ਹੈ।

ਅਨੰਦਪੁਰ ਸਾਹਿਬ ਦੇ ਮੂਲ ਮਤੇ 'ਤੇ ਕੋਈ ਠੋਸ ਅਮਲ ਹੋ ਸਕੇ ਇਸ ਲਈ ਗੁਰੂ ਪਾਤਿਸਾਹ ਨੂੰ ਅਰਦਾਸ ਹੈ। ਗੁਰੂ ਭਲੀ ਕਰੇ।

# ਸਿੱਖ ਦੁਖਾਂਤ, ਕਤਲੇਆਮ ਅਤੇ ਕਾਤਲ ਸਿਸਟਮ



ਰਣਜੀਤ ਸਿੰਘ ਕੁਕੀ

ਮਨੁੱਖਾਂ ਨਾਲ ਬੀਤੇ ਦੁਖਾਂਤ ਉਸ ਸਮੇਂ ਭੁਲਾ ਦਿੱਤੇ ਜਾਂਦੇ ਹਨ ਜਾਂ ਮਹਿਜ਼ ਬੀਤੇ ਦੀ ਗੱਲ ਬਣ ਜਾਂਦੇ ਹਨ ਜਦੋਂ ਉਨਾਂ ਨੂੰ ਗਿਣਤੀ ਤੱਕ ਹੀ ਸੀਮਿਤ ਕਰ ਦਿੱਤਾ ਜਾਂਦਾ ਹੈ। ਪ੍ਰਸਿੱਧ ਜਰਮਨ ਨਾਟਕਕਾਰ ਅਤੇ ਕਵੀ ਬ੍ਰਤੋਲਤ ਬ੍ਰੈਖ਼ਤ ਲਿਖਦਾ ਹੈ :

ਸਾਮਰਾਜ ਢਹਿ-ਢੇਰੀ ਹੋ ਜਾਂਦੇ ਹਨ।
ਗਿਰੋਹ ਦੇ ਲੀਡਰ ਰਾਜਨੇਤਾਵਾਂ ਦੀ ਤਰਾਂ
ਅਕੜਾ ਕੇ ਚੱਲਦੇ ਹਨ,
ਪਰ ਉਨਾਂ ਦੇ ਅਸਤਰਾਂ-ਸ਼ਸ਼ਤਰਾਂ ਦੀ ਚਮਕ ਵਿਚ ਲੋਕਾਂ ਨੂੰ ਨਹੀਂ ਦੇਖਿਆ ਜਾ ਸਕਦਾ।

ਜਰਮਨ ਅਮਰੀਕਨ ਦਾਰਸ਼ਨਿਕ ਅਤੇ ਲੇਖਕ ਹੰਨਾ ਅਰੈਂਟ ਨੇ 1963 ਵਿਚ 'ਬੁਰਾਈ ਦੀ ਸਾਧਾਰਣਤਾ' ਦਾ ਸੰਕਲਪ ਪੇਸ਼ ਕੀਤਾ ਸੀ ਜਿਸ ਵਿਚ ਉਸ ਨੇ ਕਿਹਾ ਸੀ ਕਿ ਜਦੋਂ ਨਸਲਕੁਸ਼ੀ ਜਾਂ ਕਤਲੇਆਮ ਜਿਹੇ ਭਿਆਨਕ ਮੰਜ਼ਰ ਵਾਪਰਦੇ ਹਨ ਤਾਂ ਇਹ ਅਕਸਰ ਮਨੋਰੋਗੀਆਂ ਜਾਂ ਦੂਜਿਆਂ ਨੂੰ ਦੁੱਖ ਦੇ ਕੇ ਖੁਸ਼ੀ ਪ੍ਰਾਪਤ ਕਰਨ ਵਾਲਿਆਂ ਦੁਆਰਾ ਸਿਰੇ ਨਹੀਂ ਚੜਾਏ ਜਾਂਦੇ, ਬਲਕਿ ਆਮ ਅਤੇ ਸੂਝਵਾਨ ਵਿਅਕਤੀ ਇਸ ਵਿਚ ਸ਼ਾਮਿਲ ਹੁੰਦੇ ਹਨ ਜੋ ਕਿ ਨੌਕਰਸ਼ਾਹੀ ਨਿਪੁੰਨਤਾ ਨਾਲ ਇਨਾਂ ਨੂੰ ਨੇਪਰੇ ਚਾੜਦੇ ਹਨ। ਜਗਦੀਸ਼ ਟਾਈਟਲਰ, ਜੋ ਕਿ 1984 ਵਿਚ ਦਿੱਲੀ ਵਿਚ ਸਿੱਖਾਂ ਦੇ ਕਤਲੇਆਮ ਦਾ ਮੁੱਖ ਦੋਸ਼ੀ ਹੈ, ਇਕ ਸਿੱਖ ਮਾਂ ਦੀ ਕੁੱਖੋਂ ਪੈਦਾ ਹੋਇਆ ਅਤੇ ਇਕ ਪ੍ਰਸਿੱਧ ਈਸਾਈ ਸਿੱਖਿਆ ਸ਼ਾਸਤਰੀ, ਜਿਸ ਨੇ ਦਿੱਲੀ ਪਬਲਿਕ ਸਕੂਲ ਜਿਹੀਆਂ ਸੰਸਥਾਵਾਂ ਖੋਲੀਆਂ, ਦੁਆਰਾ ਉਸ ਦਾ ਪਾਲਣ-ਪੋਸ਼ਣ ਹੋਇਆ। ਟਾਈਟਲਰ ਕਾਂਗਰਸ ਦਾ ਪ੍ਰਮੁੱਖ ਨੇਤਾ ਹੈ ਅਤੇ ਕੇਂਦਰੀ ਸਰਕਾਰ ਵਿਚ ਮੰਤਰੀ ਵੀ ਰਿਹਾ ਹੈ। ਕਾਨੂੰਨ ਦੀਆਂ ਕਥਿਤ ਲੰਬੀਆਂ ਬਾਹਵਾਂ ਇਸ ਭਿਆਨਕ ਕਤਲੇਆਮ ਦੇ ਸੈਂਤੀ ਸਾਲਾਂ ਬਾਅਦ ਵੀ ਉਸ ਤੱਕ ਨਹੀਂ ਪਹੁੰਚ ਸਕੀਆਂ ਹਨ ਅਤੇ ਸ਼ਾਇਦ ਨਾ ਹੀ ਕਦੇ ਪਹੁੰਚ ਸਕਣ।ਇਹ ਧਿਆਨ ਰੱਖਣ ਯੋਗ ਗੱਲ ਹੈ ਕਿ ਅੱਠ ਹਜਾਰ ਤੋਂ ਜਿਆਦਾ ਸਿੱਖਾਂ ਦੇ ਕਤਲੇਆਮ ਦੇ ਸਬੰਧ ਵਿਚ ਸਜਾ ਦੇਣ ਦੀ ਦਰ ਮਹਿਜ਼ ਇਕ ਪ੍ਰਤੀਸ਼ਤ ਹੈ। ਇਸੇ ਤਰਾਂ ਹੀ ਗੁਜਰਾਤ ਦੰਗਿਆਂ ਦੌਰਾਨ ਹੋਏ ਕਤਲੇਆਮ ਦੇ ਸਬੰਧ ਵਿਚ ਉੱਥੋਂ ਦੀ ਮੰਤਰੀ ਅਤੇ ਪ੍ਰਸਿੱਧ ਡਾਕਟਰ ਮਾਇਆ ਕੌਡਾਨੀ ਨੂੰ ਦੋਸ਼ੀ ਠਹਿਰਾਇਆ ਗਿਆ ਸੀ, ਪਰ ਕੇਂਦਰ ਸਰਕਾਰ ਨੇ ਉਸ ਨੂੰ ਰਾਹਤ ਦਿੰਦੇ ਹੋਏ 2002 ਵਿਚ ਨਰਿੰਦਰ ਮੋਦੀ ਦੀ ਸਰਕਾਰ ਵਿਚ ਉਸ ਨੂੰ ਮੰਤਰੀ ਬਣਾਇਆ ਗਿਆ ਸੀ। ਸਿੱਖਾਂ ਦੇ ਭਿਆਨਕ ਕਤਲੇਆਮ ਵਾਂਗ ਹਰ ਕਤਲੇਆਮ ਵਿਚ ਕਿਸ਼ੋਰੀ ਲਾਲ, ਟਾਈਟਲਰਾਂ ਅਤੇ ਕੌਡਾਨੀਆਂ ਦੀ ਮੌਜੂਦਗੀ ਨਾਲ-ਨਾਲ ਹੁੰਦੀ ਹੈ।

ਹੰਨਾ ਅਰੈਂਟ ਦੇ ਅਨੁਸਾਰ ਬੁਰਾਈ ਉਦੋਂ ਸਾਧਾਰਣ ਬਣ ਜਾਂਦੀ ਹੈ ਜਦੋਂ ਆਮ ਲੋਕ ਇਸ ਵਿਚ ਭਾਗੀਦਾਰੀ ਕਰਦੇ ਹਨ, ਫਿਰ ਇਸ ਤੋਂ ਦੂਰੀ ਬਣਾ ਲੈਂਦੇ ਹਨ ਅਤੇ ਇਸ ਨੂੰ ਉੱਚਿਤ ਠਹਿਰਾਉਂਦੇ ਹਨ। ਉਨਾਂ ਸਾਹਮਣੇ ਕੋਈ ਨੈਤਿਕ ਪਹੇਲੀ ਜਾਂ ਤਬਦੀਲੀ ਨਹੀ ਹੁੰਦੀ। ਉਨਾਂ ਨੂੰ ਬੁਰਾਈ ਵੀ ਬੁਰਾਈ ਨਹੀਂ ਲੱਗਦੀ, ਬਲਕਿ ਇਹ ਚਿਹਰਾ-ਵਿਹੀਣ ਹੋ ਜਾਂਦੀ ਹੈ।1984 ਵਿਚ ਸਿੱਖਾਂ ਦੇ ਭਿਆਨਕ ਕਤਲੇਆਮ ਨੂੰ ਮਹੱਤਵਹੀਣ ਅਤੇ ਆਮ ਦਰਸਾ ਕੇ ਹੀ ਨਵੇਂ ਪ੍ਰਧਾਨ ਮੰਤਰੀ ਨੂੰ ਗੱਦੀ ਨਸ਼ੀਨ ਬਣਾਇਆ ਗਿਆ ਜਿਸ ਨੇ ਇਸ ਕਤਲੇਆਮ ਲਈ ਕੋਈ ਪਛਤਾਵਾ ਜ਼ਾਹਿਰ ਕਰਨ ਤੋਂ ਇਨਕਾਰ ਕਰ ਦਿੱਤਾ। ਆਮ ਲੋਕਾਂ ਸਾਹਮਣੇ ਬੌਧਿਕ ਤਰਕ ਪੇਸ਼ ਕੀਤੇ ਜਾਂਦੇ ਹਨ ਜਿਸ ਵਿਚ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਿੱਖਾਂ ਦੇ ਕਤਲੇਆਮ ਜਾਂ ਗੁਜਰਾਤ ਦੰਗਿਆਂ ਜਿਹੀਆਂ ਘਟਨਾਵਾਂ ਲਈ ਕਿਸੇ ਉੱਪਰ ਵੀ ਨੈਤਿਕ ਜ਼ਿੰਮੇਵਾਰੀ ਨਹੀਂ ਪਾਈ ਜਾ ਸਕਦੀ। ਨੈਤਿਕ ਸਵਾਲ ਨੂੰ ਕਾਨੂੰਨੀ ਰੂਪ ਵਿਚ ਪ੍ਰਵਾਨਿਤ ਸਬੂਤਾਂ ਤੱਕ ਹੀ ਸੀਮਿਤ ਕਰ ਦਿੱਤਾ ਜਾਂਦਾ ਹੈ।ਇਸ ਵਿਚ ਬੇਦੋਸ਼ੇ ਹੋਣਾ ਮਹਿਜ਼ ਕਾਨੂੰਨ ਦੀਆਂ ਨਜ਼ਰਾਂ ਵਿਚ ਹੀ ਬੇਦੋਸ਼ੇ ਹੋਣਾ ਹੈ। ਪਰ ਇੱਥੇ ਸੁਆਲ ਇਹ ਹੈ ਕਿ ਸਬੂਤਾਂ ਦਾ ਉਦੋਂ ਕੀ ਅਰਥ ਰਹਿ ਜਾਂਦਾ ਹੈ ਜਦੋਂ ਪੂਰੀ ਰਾਜ ਮਸ਼ੀਨਰੀ, ਰਾਜਨੀਤਿਕ, ਨੌਕਰਸ਼ਾਹੀ ਅਤੇ ਕਾਨੂੰਨੀ ਜਮਾਤ ਹੀ ਸਬੂਤਾਂ ਨਾਲ ਛੇੜਛਾੜ ਕਰਨ, ਉਹਨਾਂ ਨੂੰ ਘੜਨ ਜਾਂ ਮਿਟਾਉਣ ਵਿਚ ਜੁਟੀ ਹੋਵੇ ਜਿਸ ਤਰਾਂ ਕਿ ਸਿੱਖਾਂ ਦੇ ਕਤਲੇਆਮ ਦੌਰਾਨ ਹੋਇਆ ਸੀ ?

ਬੁਰਾਈ ਦੀ ਸਾਧਾਰਣਤਾ ਦਾ ਦੂਜਾ ਪੱਖ ਇਸ ਨੂੰ ਮਹਿਜ਼ ਗਿਣਤੀ ਤੱਕ ਮਹਿਦੂਦ ਕਰਨਾ ਹੈ। 1984 ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਜਨਤਕ ਰੈਲੀ ਵਿਚ ਬਹੁਤ ਹੀ ਅਸੰਵੇਦਨਸ਼ੀਲ ਬਿਆਨ ਦਿੱਤਾ ਸੀ ਜੋ ਕਿ ਸਰਕਾਰ ਦੀ ਕਠੋਰਤਾ ਅਤੇ ਬੁਰਾਈ ਨੂੰ ਸਾਧਾਰਨ ਬਣਾਉਣ ਦੀ ਪ੍ਰੀਕਿਰਿਆ ਨੂੰ ਦਿਖਾਉਂਦਾ ਹੈ। ਇਸ ਤਰਾਂ ਦੇ ਗਿਣਤੀ-ਮਿਣਤੀ ਦੇ ਸਮੀਕਰਨਾਂ ਵਿਚ ਅਸਲ ਮਨੁੱਖਾਂ ਅਤੇ ਉਨਾਂ ਦੇ ਦੁਖਾਂਤਾਂ ਨੂੰ ਪੂਰੀ ਤਰਾਂ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ।ਬੁਰਾਈ ਦੀ ਸਾਧਾਰਣਤਾ ਉਦੋਂ ਵੀ ਵਾਪਰਦੀ ਹੈ ਜਦੋਂ ਪਛਤਾਵੇ ਦੀ ਪ੍ਰੀਕਿਰਿਆ ਨੂੰ ਸਤਹੀ ਮਾਫੀ ਤੱਕ ਮਹਿਦੂਦ ਕਰ ਦਿੱਤਾ ਜਾਂਦਾ ਹੈ। ਅਰਥਹੀਣ ਮਾਫੀਆਂ ਅਤੇ ਅਫ਼ਸੋਸ ਦੀ ਕੋਈ ਭਾਵਨਾ ਦਾ ਨਾ ਹੋਣਾ ਵਿਅਕਤੀ ਨੂੰ ਸੋਚਣ ਲਈ ਮਜਬੂਰ ਕਰਦਾ ਹੈ ਕਿ ਕਿਸ ਹੱਦ ਤੱਕ ਦਮਿਤ ਧਿਰਾਂ ਇਸ ਤਰਾਂ ਦੀਆਂ ਘਟਨਾਵਾਂ ਤੋਂ ਬਾਹਰ ਆ ਸਕਦੀਆਂ ਹਨ ? ਬੁਰਾਈ ਦੀ ਸਾਧਾਰਣਤਾ ਇੰਨੀ ਸ਼ਕਤੀਸ਼ਾਲੀ ਹੁੰਦੀ ਹੈ ਇਸ ਦਾ ਤੱਥਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ ਹੈ। ਫਾਸੀਵਾਦੀ ਰਾਜ ਦਾ ਉਦੈ ਉਦੋਂ ਹੀ ਹੁੰਦਾ ਹੈ ਜਦੋਂ ਨੈਤਿਕਤਾ ਅਤੇ ਮਨੁੱਖੀ ਚੰਗਿਆਈ ਦੇ ਸੰਕਲਪਾਂ ਨੂੰ ਰਾਜਨੀਤਿਕ ਪ੍ਰਵਚਨ ਵਿਚੋਂ ਬੁਰੀ ਤਰਾਂ ਖਤਮ ਕਰ ਦਿੱਤਾ ਜਾਂਦਾ ਹੈ ਅਤੇ ਘੱਟ-ਗਿਣਤੀਆਂ ਵਿਰੁੱਧ ਹਿੰਸਾ ਬਹੁਤ ਆਮ/ਸਾਧਾਰਣ ਗੱਲ ਹੋ ਜਾਂਦੀ ਹੈ। ਬੁਰਾਈ ਚੰਗਿਆਈ ਦਾ ਜਾਮਾ ਪਾ ਕੇ ਸਭ ਜਗਾ ਆਪਣਾ ਘਰ ਬਣਾ ਲੈਂਦੀ ਹੈ।ਇਹ ਪੇਚੀਦਗੀ ਇਸ ਤੱਥ ਵਿਚ ਪਈ ਹੈ ਕਿ ਕਿਉਂ ਬੁਰਾਈ ਦਾ ਧੁਰਾ ਇੰਨੇ ਵੱਡੇ ਦੁਖਾਤਾਂ ਵਿਚ ਤਬਦੀਲ ਹੋ ਜਾਂਦਾ ਹੈ।

ਇਨਾਂ ਸੰਗੀਨ ਬੁਰਾਈਆਂ ਨੂੰ ਨੇਪਰੇ ਚਾੜਨ ਵਾਲੇ ਵਿਅਕਤੀ ਕੋਈ ਬਹੁਤ ਅਸਾਧਾਰਣ ਜਾਂ ਮਹਾਨ ਵਿਅਕਤੀ ਨਹੀਂ ਹੁੰਦੇ; ਬਲਕਿ ਬਹੁਤ ਹੀ ਸਾਧਾਰਣ ਵਿਅਕਤੀ ਹੁੰਦੇ ਹਨ।ਬੁਰਾਈ ਦੀ ਸਾਧਾਰਣਤਾ ਵਿਚ ਬਿਆਨ ਨਾ ਕੀਤੇ ਜਾ ਸਕਣ ਵਾਲੇ ਭਿਆਨਕ ਕਾਰਿਆਂ ਅਤੇ ਇਹਨਾਂ ਨੂੰ ਸਿਰੇ ਚੜਾਉਣ ਵਾਲੇ ਵਿਅਕਤੀਆਂ ਦੀ ਨਾ ਨਕਾਰੀ ਜਾ ਸਕਣ ਵਾਲੀ ਬੇਰੁਖੀ ਵਿਚਕਾਰ ਦੁਵਿਧਾ ਹੁੰਦੀ ਹੈ।ਬੁਰਾਈ ਚਰਮ ਸੀਮਾ ਤੇ ਹੀ ਹੁੰਦੀ ਹੈ ਅਤੇ ਇਸ ਵਿਚ ਨਾ ਤਾਂ ਕੋਈ ਡੂੰਘਾਈ ਹੁੰਦੀ ਹੈ ਤੇ ਨਾ ਹੀ ਕੋਈ ਰਾਖਸ਼ੀ ਪੱਖ ਹੁੰਦਾ ਹੈ।ਇਹ ਵਧਦੀ ਰਹਿੰਦੀ ਹੈ ਅਤੇ ਸਤਹ ਉੱਪਰ ਪਈ ਫੰਗਸ ਵਾਂਗ ਪਈ ਰਹਿੰਦੀ ਹੈ।ਬੁਰਾਈ ਵਿਚਾਰਾਂ ਨੂੰ ਤੁੱਛ ਜਾਣਦੀ ਹੈ, ਇਹ ਕਦੇ ਜਿੱਤਦੀ ਨਹੀਂ ਪਰ ਇਹ ਕਦੇ ਮਰਦੀ ਵੀ ਨਹੀਂ।ਆਮ ਲੋਕ ਇਸ ਤਰਾਂ ਦੇ ਘ੍ਰਿਣਤ ਕੰਮ ਕਿਉਂ ਕਰਦੇ ਹਨ, ਇਸ ਸਵਾਲ ਨੇ ਸਦੀਆਂ ਤੋਂ ਹੀ ਬੁੱਧੀਜੀਵੀਆਂ ਨੂੰ ਪ੍ਰੇਸ਼ਾਨ ਕਰੀ ਰੱਖਿਆ ਹੈ।ਪਰ ਪੁਰਾਣੇ ਅਤੇ ਘਿਸੇ-ਪਿਟੇ ਵਿਚਾਰ ਆਧੁਨਿਕ ਕੱਟੜਪੁਣੇ ਨੂੰ ਸਮਝਣ ਵਿਚ ਸਹਾਈ ਨਹੀਂ ਹੋ ਸਕਦੇ।

ਆਰੰਭਿਕ ਈਸਾਈ ਧਰਮ ਸ਼ਾਸਤਰੀਆਂ ਨੇ ਇਸ ਗੱਲ ਉੱਪਰ ਬੇਇੰਤਹਾ ਸਮਾਂ ਲਗਾਇਆ ਕਿ ਮਿਹਰਬਾਨ ਅਤੇ ਸਰਵਸ਼ਕਤੀਮਾਨ ਈਸ਼ਵਰ ਬੁਰਾਈ ਦੀ ਹੋਂਦ ਨੂੰ ਕਿਸ ਤਰਾਂ ਸਵੀਕਾਰ ਕਰ ਸਕਦਾ ਹੈ ? ਮਨੁੱਖੀ ਸੁਭਾਅ ਦਾ ਹਨੇਰਾ ਪਾਸਾ ਬਹੁਤ ਹੀ ਚਿੰਤਾਜਨਕ ਹੈ, ਹਾਲਾਂਕਿ, ਲੋਕ ਇਸ ਦੀ ਕੁਦਰਤੀ ਵਿਆਖਿਆ ਦੇਣ ਦੀ ਕੋਸ਼ਿਸ਼ ਕਰਦੇ ਹਨ।ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਹੁਤ ਹੀ ਉਘੜਵੇਂ ਰੂਪ ਵਿਚ ਸਾਹਮਣੇ ਆਇਆ ਜਿਸਨੇ ਉਸ ਨੀਚਤਾ ਦੀ ਗਹਿਰਾਈ ਨੂੰ ਨੰਗਿਆ ਕੀਤਾ ਜਿੱਥੋਂ ਤੱਕ ਮਨੁੱਖ ਗਿਰ ਸਕਦੇ ਹਨ।ਇਹ ਵਿਚਾਰ ਕਿ ਬੁਰੇ ਕਾਰੇ ਜਰੂਰੀ ਨਹੀਂ ਕਿ ਬੁਰੇ ਲੋਕਾਂ ਦੁਆਰਾ ਹੀ ਕੀਤੇ ਜਾਣ ਇਸ ਤੱਥ ਨੂੰ ਦਿਖਾਉਂਦਾ ਹੈ ਕਿ ਆਮ ਲੋਕਾਂ ਨੂੰ ਬਹੁਤ ਅਸਾਨੀ ਨਾਲ ਕਰੂਰ ਕਾਰੇ ਕਰਨ ਲਈ ਭਰਮਾਇਆ ਜਾ ਸਕਦਾ ਹੈ ਜਿਸ ਵਿਚ ਉਹ ਕਿਸੇ ਨੂੰ ਮਾਰਨ ਜਾਂ ਜਲੀਲ ਕਰਨ ਲਈ ਸਿਰਫ ਆਦੇਸ਼ਾਂ ਦਾ ਹੀ ਪਾਲਣ ਕਰਦੇ ਹਨ।

ਵੀਹਵੀਂ ਸਦੀ ਵਿਚ ਹੋਈਆਂ ਸਮੂਹਿਕ ਅੱਤਿਆਚਾਰਾਂ ਦੀਆਂ ਘਟਨਾਵਾਂ ਨੂੰ ਸਮਝਣ ਲਈ ਬੁਰਾਈ ਦੀ ਸਾਧਾਰਣਤਾ ਦੇ ਸੰਕਲਪ ਨੂੰ ਪ੍ਰਮੁੱਖ ਰੂਪ ਵਿਚ ਵਰਤਿਆ ਗਿਆ।ਇਸ ਦੀ ਅਪੀਲ ਬਹੁਤ ਹੀ ਸਪੱਸ਼ਟ ਸੀ।ਇਸ ਨੇ ਸਦੀ ਵਿਚ ਹੋਏ ਸਭ ਤੋਂ ਕਰੂਰ ਕਾਰਿਆਂ ਦੀ ਵਿਆਖਿਆ ਕੀਤੀ ਜਿਸ ਵਿਚ ਜਿਆਦਾਤਰ ਦੋਸ਼ੀਆਂ ਨੂੰ ਆਪਣੇ ਕਾਰਿਆਂ ਦੀ ਕੋਈ ਸਜ਼ਾ ਨਹੀਂ ਹੋਈ।ਸਿੱਖ ਕਤਲੇਆਮ ਵੀ ਆਮ ਲੋਕਾਂ ਵਿਚ ਅਪ੍ਰਤੱਖ ਅਤੇ ਅਣਪਛਾਤੀ ਬੀਮਾਰੀ ਦਾ ਇਜ਼ਹਾਰ ਹੈ। ਸਰਲ ਸ਼ਬਦਾਂ ਵਿਚ ਬੁਰਾਈ ਦੀ ਸਾਧਾਰਣਤਾ ਵਿਚ ਕਰੂਰ ਕਾਰਿਆਂ ਨੂੰ ਬਹੁਤ ਹੀ ਆਮ ਅਤੇ ਮਨੁੱਖੀ ਪ੍ਰਕਿਰਤੀ ਵਜੋਂ ਪੇਸ਼ ਕੀਤਾ ਜਾਂਦਾ ਹੈ ਜਿਸ ਕਰਕੇ ਉਹ ਬਿਨਾਂ ਕਿਸੇ ਸੁਆਲ ਤੋਂ ਸੱਤਾ ਅੱਗੇ ਸਿਰ ਝੁਕਾਉਂਦੇ ਹਨ। ਉਹ ਬਹੁਤ ਸਹਿਜੇ ਹੀ ਆਪਣੇ ਸਾਥੀਆਂ ਦੇ ਦਬਾਅ ਹੇਠ ਆ ਜਾਂਦੇ ਹਨ ਅਤੇ ਆਪਣੇ ਨਾਲ ਦੇ ਹੀ ਮਨੁੱਖਾਂ ਨੂੰ ਖਤਮ ਕਰਨ ਜਿਹੇ ਕਰੂਰ ਕਾਰਿਆਂ ਵਿਚ ਆਪਣੀ ਮਨੁੱਖਤਾ ਨੂੰ ਅਸਾਨੀ ਨਾਲ ਭੁੱਲ ਜਾਂਦੇ ਹਨ। ਬੁਰਾਈ ਦੀ ਹੋਂਦ ਨੂੰ ਬਣਾਈ ਰੱਖਣ ਅਤੇ ਇਸ ਵਿਚ ਲੋਕਾਂ ਦੀ ਬਿਨਾਂ ਸੋਚੀ-ਸਮਝੀ ਭਾਗੀਦਾਰੀ ਕਾਇਮ ਕਰਨ ਲਈ ਹੀ ਬੁਰਾਈ ਨੂੰ ਸਾਧਾਰਣ ਬਣਾਇਆ ਜਾਂਦਾ ਹੈ ਅਤੇ ਵਿਅਕਤੀਆਂ, ਸਮੂਹਾਂ ਅਤੇ ਦੇਸ਼ਾਂ ਵਿਚ ਇਸ ਦਾ ਸਥਾਨ ਬਣਾਇਆ ਜਾਂਦਾ ਹੈ।

ਬੁਰਾਈ ਦੇ ਰਾਜ ਵਿਚ ਰਾਜਨੇਤਾ ਅਤੇ ਸੱਤਾਧਾਰੀ ਧਿਰ ਕਿਸੇ ਦੇ ਅਧੀਨ ਨਹੀਂ ਹੁੰਦੀ ਅਤੇ ਉਹ ਨਫਰਤ ਅਤੇ ਹਿੰਸਾ ਫੈਲਾਉਂਦੀ ਹੈ। ਰਾਜਨੇਤਾ ਅਤੇ ਸੱਤਾਧਾਰੀ ਧਿਰ ਵੀ ਇਸ ਜਾਲ ਵਿਚ ਕੈਦ ਹੁੰਦੀ ਹੈ ਅਤੇ ਸਵੈ-ਚਾਲਿਤ ਢੰਗ ਨਾਲ ਇਸ ਪ੍ਰੀਕਿਰਿਆ ਨੂੰ ਅੱਗੇ ਤੋਰਦੀ ਹੈ।ਇਹ ਧਿਰ ਇਸ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਵਿਚ ਮਾਹਿਰ ਹੁੰਦੀ ਹੈ। ਇਸ ਲਈ ਉਹ ਮੌਜੂਦ ਵਿਚਾਰਧਾਰਾਵਾਂ, ਤਰਕਾਂ, ਰਾਸ਼ਟਰੀ ਅਖੰਡਤਾ, ਕਾਲਪਨਿਕ ਨੈਤਿਕ ਸ੍ਰੇਸ਼ਠਤਾ, ਝੂਠ ਸਹਾਰੇ ਸਿਰਜੀ ਅਸਲੀਅਤ ਜਿਹੇ ਸੰਕਲਪਾਂ ਦਾ ਸਹਾਰਾ ਲੈਂਦੇ ਹਨ। ਸਿੱਖ ਕਤਲੇਆਮ ਨੂੰ ਸਿੱਖਾਂ ਨੂੰ ਖਤਮ ਕਰਨ ਜਿਹੀ ਭਿਅੰਕਰ ਮਨਸ਼ਾ ਨਾਲ ਸਿਰੇ ਚੜਾਇਆ ਗਿਆ, ਪਰ ਜਿਸ ਵਿਚ ਬੁਰਾਈ ਨੂੰ ਬੁਰਾਈ ਵਾਂਗ ਨਹੀਂ ਸੀ ਸਮਝਿਆ ਗਿਆ। ਅਗਰ ਅਸੀ ਭਾਰਤ ਦੇ ਹਿੰਸਕ ਇਤਿਹਾਸ ਉੱਪਰ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਚੰਗਿਆਈ ਦੇ ਨਾਂ 'ਤੇ ਰਾਜ ਦੁਆਰਾ ਬੁਰਾਈ ਦਾ ਪੈਰਾਮਿਡ ਉਸਾਰ ਲਿਆ ਗਿਆ ਹੈ ਜਿਸ ਦੀ ਸਰਵ-ਵਿਆਪੀ ਹੋਂਦ ਬਣ ਚੁੱਕੀ ਹੈ।

ਬੁਰਾਈ ਦੀ ਸਾਧਾਰਣਤਾ ਦਾ ਇਕ ਹੋਰ ਪੱਖ ਇਹ ਹੈ ਕਿ ਇਸ ਵਿਚ ਮੰਨਿਆ ਜਾਂਦਾ ਹੈ ਜੋ ਵੀ ਬੁਰਾ ਕਾਰਾ ਕੋਈ ਵਿਅਕਤੀ ਕਰ ਰਿਹਾ ਹੈ, ਉਹ ਅਸਲ ਵਿਚ ਬੁਰਾ ਨਹੀਂ ਹੈ ਸਗੋਂ ਉਸੇ ਕਾਰੇ ਨੂੰ ਸਮਾਜ ਦੁਆਰਾ ਹੀ ਆਮ ਕਰ ਦਿੱਤਾ ਜਾਂਦਾ ਹੈ। 1984 ਵਿਚ ਹੋਈਆਂ ਘਟਨਾਵਾਂ ਜਿਆਦਾਤਰ ਰਾਜਨੀਤਿਕ ਵਿਵਸਥਾ ਅਤੇ ਨੇਤਾਵਾਂ ਦੀ ਜ਼ਿੰਮੇਵਾਰੀ ਕਰਕੇ ਹੋਈਆਂ। ਅਗਰ ਮਨੁੱਖਤਾ ਖਿਲਾਫ ਹੋਈਆਂ ਇਨਾਂ ਘਟਨਾਵਾਂ ਨੇ ਸਾਧਾਰਨ ਰੂਪ ਲੈ ਲਿਆ, ਉਹ ਇਸ ਲਈ ਸੀ ਕਿ ਇਹ ਬਹੁਤ ਆਮ, ਪਰ ਵਿਵਸਥਿਤ ਰੂਪ ਵਿਚ ਸਿਰੇ ਚੜਾਈਆਂ ਗਈਆਂ ਜਿਸ ਦਾ ਕਿਸੇ ਨੇ ਵਿਰੋਧ ਨਹੀਂ ਕੀਤਾ।

ਬਾਕੀ ਸਫ਼ਾ 30 'ਤੇ

# ਕਥਿਤ ਕਾਤਲ ਮਿਸ਼ਰਾ ਨੂੰ ਬਚਾ ਰਹੀ ਏ ਯੋਗੀ ਸਰਕਾਰ

## ਲਖੀਮਪੁਰ ਕਾਂਡ ਦੀ ਢਿੱਲੀ ਜਾਂਚ ਬਾਰੇ ਯੋਗੀ ਸਰਕਾਰ ਨੂੰ ਸੁਪਰੀਮ ਕੋਰਟ ਵਲੋਂ ਝਾੜਾਂ

**ਲਖੀਮਪੁਰ/ਏ.ਟੀ.ਨਿਊਜ਼ :** ਲਖੀਮਪੁਰ ਖੀਰੀ ਵਿਚ 3 ਅਕਤੂਬਰ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੇ ਮਿਸ਼ਰਾ ਦੀ ਗੱਡੀ ਨਾਲ ਦਰੜ ਕੇ ਮੌਤ ਦੇ ਘਾਟ ਉਤਾਰ ਦਿੱਤੇ ਗਏ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਦੇ ਮਾਮਲੇ ਦੀ ਜਾਂਚ ਸਬੰਧੀ ਸੁਪਰੀਮ ਕੋਰਟ ਨੇ ਯੂ.ਪੀ. ਸਰਕਾਰ ਦੀ ਨੀਅਤ ਉੱਤੇ ਸ਼ੱਕ ਪ੍ਰਗਟ ਕੀਤਾ ਹੈ। ਪਿਛਲੀ ਸੁਣਵਾਈ ਸਮੇਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸੈਂਕੜੇ ਲੋਕਾਂ ਦੀ ਮੌਜੂਦਗੀ ਦੇ ਬਾਵਜੂਦ ਗਵਾਹਾਂ ਦੇ ਬਿਆਨਾਂ ਦੀ ਸੁਸਤ ਰਫ਼ਤਾਰ ਇਹ ਸੰਕੇਤ ਦੇ ਰਹੀ ਹੈ ਕਿ ਯੂਪੀ ਸਰਕਾਰ ਇਸ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਵਿਚ ਦਿਲਚਸਪੀ ਨਹੀਂ ਲੈ ਰਹੀ। ਅਗਲੀ ਪੇਸ਼ੀ ਉੱਤੇ ਸਟੇਟਸ ਰਿਪੋਰਟ ਪੇਸ਼ ਕਰਨ ਦਾ ਹੁਕਮ ਵੀ ਦਿੱਤਾ ਸੀ। ਹੁਣ ਸੋਮਵਾਰ ਨੂੰ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਮੁੜ ਨਾਰਾਜ਼ਗੀ ਜਤਾਈ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਸਟੇਟਸ ਰਿਪੋਰਟ ਵਿਚ ਕੁਝ ਹੋਰ ਗਵਾਹਾਂ ਦੇ ਬਿਆਨ ਦਰਜ ਕਰਨ ਤੋਂ ਇਲਾਵਾ ਕੁਝ ਵੀ ਨਵਾਂ ਨਹੀਂ ਹੈ, ਲੈਬ ਰਿਪੋਰਟਾਂ ਅਜੇ ਤੱਕ ਨਹੀਂ ਆਈਆਂ। ਪੁਲਿਸ ਨੇ ਮੰਤਰੀ ਦੇ ਲੜਕੇ ਆਸ਼ੀਸ਼ ਮਿਸ਼ਰਾ ਦਾ ਹੀ ਮੋਬਾਇਲ ਫ਼ੋਨ ਕਬਜ਼ੇ ਵਿਚ ਲਿਆ ਹੈ, ਬਾਕੀ ਅਜੇ ਤੱਕ ਨਹੀਂ ਲਏ ਗਏ।

ਸੁਪਰੀਮ ਕੋਰਟ ਦੀ ਨਾਰਾਜ਼ਗੀ ਇੱਥੋਂ ਤੱਕ ਹੈ ਕਿ ਯੂ.ਪੀ. ਹਾਈਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਿਚ ਬਣਾਏ ਨਿਆਇਕ ਕਮਿਸ਼ਨ ਉੱਤੇ ਇਕ ਤਰਾਂ ਨਾਲ ਬੇਭਰੋਸਗੀ ਪ੍ਰਗਟ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਇਹ ਕਰ ਸਕਦੇ ਹਨ ਕਿ ਕਿਸੇ ਬਾਹਰਲੀ ਹਾਈਕੋਰਟ ਦੇ ਸੇਵਾਮੁਕਤ ਜੱਜ ਨੂੰ ਲਖੀਮਪੁਰ ਮਾਮਲੇ ਦਾ ਚਲਾਨ ਪੇਸ਼ ਹੋਣ ਤੱਕ ਨਿਗਰਾਨੀ ਲਈ ਨਿਯੁਕਤ ਕੀਤਾ ਜਾਵੇ। ਅਸੀਂ ਜਿਸ ਤਰਾਂ ਸੋਚਿਆ ਸੀ, ਉਸ ਤਰਾਂ ਤਾਂ ਮਾਮਲੇ ਦੀ ਪੜਤਾਲ ਬਿਲਕੁਲ ਵੀ ਨਹੀਂ ਹੋ ਰਹੀ ਹੈ।' ਕਿਸਾਨਾਂ ਨੂੰ ਵਾਹਨ ਹੇਠਾਂ ਦਰੜਨ ਅਤੇ ਬਾਅਦ 'ਚ ਲੋਕਾਂ ਦੀ ਲਿੰਚਿੰਗ ਨਾਲ ਸਬੰਧਤ ਦੋ ਵੱਖਰੀਆਂ ਐੱਫਆਈਆਰਜ਼ 'ਤੇ ਵੱਖੋ-ਵੱਖਰੀ ਜਾਂਚ ਕਰਨ ਦੇ ਨਿਰਦੇਸ਼ ਦਿੰਦਿਆਂ ਬੈਂਚ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਲਿੰਚਿੰਗ ਕੇਸ 'ਚ ਇਕੱਤਰ ਕੀਤੇ ਗਏ ਸਬੂਤ ਮੁਲਜ਼ਮ ਨੂੰ ਦੂਜੇ ਕੇਸ ਵਿਚੋਂ ਬਚਾਉਣ ਦੀ ਕੋਸ਼ਿਸ਼ ਹੈ। ਬੈਂਚ ਨੇ ਕਿਹਾ ਕਿ ਉਹ ਪੰਜਾਬ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ, ਜੋ ਫ਼ੌਜਦਾਰੀ ਕਾਨੂੰਨ ਦੇ ਮਾਹਿਰ ਹਨ ਅਤੇ ਜਿਨਾਂ ਦਾ ਫ਼ੌਜ ਦਾ ਪਿਛੋਕੜ ਹੈ, ਨੂੰ ਨਿਯੁਕਤ ਕਰਨ ਜਾਂ ਜਸਟਿਸ ਰਾਕੇਸ਼ ਕੁਮਾਰ ਜੈਨ ਵਰਗੇ ਜੱਜ ਦੀ ਨਿਗਰਾਨੀ ਹੇਠ ਜਾਂਚ ਕਰਾਉਣ ਦੀ ਤਜਵੀਜ਼ ਪੇਸ਼ ਕਰਦੇ ਹਨ। ਯੂ.ਪੀ. ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ ਉਨਾਂ ਨੂੰ ਕੁਝ ਸਮਾਂ ਚਾਹੀਦਾ ਹੈ ਤਾਂ ਬੈਂਚ ਨੇ ਕੇਸ ਦੀ ਸੁਣਵਾਈ 12 ਨਵੰਬਰ ਤੱਕ ਲਈ ਮੁਲਤਵੀ ਕਰ ਦਿੱਤੀ। ਬੈਂਚ ਨੇ ਕਿਹਾ ਕਿ 'ਤਿੰਨ ਤਰਾਂ ਦੀਆਂ ਹੱਤਿਆਵਾਂ' ਹੋਈਆਂ ਹਨ। ਇਕ ਕਿਸਾਨਾਂ ਨੂੰ ਦਰੜਨ, ਦੂਜਾ ਪੱਤਰਕਾਰ ਅਤੇ ਤੀਜਾ ਸਿਆਸੀ ਵਰਕਰਾਂ ਦੀਆਂ ਹੱਤਿਆਵਾਂ ਹਨ। ਉਨਾਂ ਕਿਹਾ ਕਿ ਸਾਰੇ ਮਾਮਲਿਆਂ ਦੀ ਇਕੱਠੀ ਜਾਂਚ ਕਰਕੇ ਕਿਸੇ ਨਤੀਜੇ 'ਤੇ ਪਹੁੰਚਿਆ ਜਾਣਾ ਚਾਹੀਦਾ ਹੈ। 'ਸਿਆਸੀ ਵਰਕਰਾਂ ਦੀ ਮੌਤ ਦੇ ਮਾਮਲੇ 'ਚ ਮੁਲਜ਼ਮ ਵਿਅਕਤੀ ਵੀ ਮਾਰੇ ਜਾ ਚੁੱਕੇ ਹਨ। ਹੁਣ ਉਹ ਗਵਾਹ ਪੇਸ਼ ਕੀਤੇ ਜਾ ਰਹੇ ਹਨ ਜੋ ਇਕ ਖਾਸ ਮੁਲਜ਼ਮ ਦੇ ਪੱਖ 'ਚ ਭੁਗਤ ਰਹੇ ਹਨ।'



ਸੰਯੁਕਤ ਕਿਸਾਨ ਮੋਰਚੇ ਨੇ ਹਰ ਸੂਬੇ ਵਿਚ ਭਾਜਪਾ ਦੇ ਆਗੂਆਂ ਅਤੇ ਮੰਤਰੀਆਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੋਇਆ ਹੈ। ਲਖੀਮਪੁਰ ਖੀਰੀ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਨੇ ਕਿਸਾਨਾਂ ਨੂੰ ਘਿਰਾਓ ਨਾ ਕਰਨ ਦੀ ਚਿਤਾਵਨੀ ਦਿੱਤੀ ਸੀ। ਕਿਸਾਨਾਂ ਨੇ ਯੂ.ਪੀ. ਦੇ ਮੁੱਖ ਮੰਤਰੀ ਦਾ ਹੈਲੀਕਾਪਟਰ ਨਹੀਂ ਸੀ ਉੱਤਰਨ ਦਿੱਤਾ ਅਤੇ ਇਸ ਖਿਝ ਕਾਰਨ ਤੁਰੇ ਜਾਂਦੇ ਕਿਸਾਨਾਂ ਉੱਤੇ ਗੱਡੀ ਚੜਾ ਦੇਣ ਦਾ ਇਲਜ਼ਾਮ ਮੰਤਰੀ ਅਤੇ ਉਸ ਦੇ ਲੜਕੇ ਉੱਤੇ ਲੱਗ ਰਿਹਾ ਹੈ। ਆਸ਼ੀਸ਼ ਮਿਸ਼ਰਾ ਸਮੇਤ ਅਜੇ ਤੱਕ 13 ਬੰਦੇ ਗ੍ਰਿਫ਼ਤਾਰ ਕੀਤੇ ਗਏ ਹਨ। ਸੰਯੁਕਤ ਕਿਸਾਨ ਮੋਰਚਾ ਨਿਰਪੱਖ ਜਾਂਚ ਵਾਸਤੇ ਵਿਜੈ ਮਿਸ਼ਰਾ ਨੂੰ ਬਰਖ਼ਾਸਤ ਕਰਨ ਦੀ ਮੰਗ ਕਰ ਰਿਹਾ ਹੈ। ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਅਜੇ ਤੱਕ ਇਸ ਘਟਨਾ ਉੱਤੇ ਖ਼ਮੋਸ਼ੀ ਧਾਰੀ ਹੋਈ ਹੈ। ਇਸੇ ਕਰਕੇ ਇਨਸਾਫ਼ ਸੁਪਰੀਮ ਕੋਰਟ ਦੇ ਦਖ਼ਲ ਅਤੇ ਕਿਸਾਨ ਅੰਦੋਲਨ ਦੇ ਦਬਾਅ ਉੱਤੇ ਨਿਰਭਰ ਕਰੇਗਾ।

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸਮੇਤ ਤਿੰਨ ਮੈਂਬਰੀ ਬੈਂਚ ਦੀ ਮੈਂਬਰ ਜਸਟਿਸ ਹਿਮਾ ਕੋਹਲੀ ਨੇ ਲਖੀਮਪੁਰ ਕੇਸ ਦੀ ਦਿਨ ਪ੍ਰਤੀ ਦਿਨ ਜਾਂਚ ਦੀ ਨਿਗਰਾਨੀ ਵਾਸਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਅਤੇ ਜਸਟਿਸ ਰਾਕੇਸ਼ ਕੁਮਾਰ ਦੇ ਨਾਮ ਸੁਝਾਏ। ਅਦਾਲਤ ਵਿਚ ਬਹਿਸ ਦੌਰਾਨ ਲਖੀਮਪੁਰ ਵਿਚ ਮਰੇ ਇਕ ਹੋਰ ਸ਼ਖ਼ਸ ਦੇ ਵਕੀਲ ਨੇ ਸਵਾਲ ਖੜਾ ਕੀਤਾ ਕਿ ਇਸ ਸ਼ਖ਼ਸ ਨੂੰ ਪੁਲੀਸ ਹਿਰਾਸਤ ਵਿਚ ਦੇ ਦਿੱਤਾ ਗਿਆ ਸੀ ਅਤੇ ਪੁਲੀਸ ਕੋਲ ਬੁਲਟ ਪਰੂਫ਼ ਜੈਕਟਾਂ ਸਨ, ਉਸ ਸ਼ਖ਼ਸ ਦੀ ਮੌਤ ਫਿਰ ਵੀ ਕਿਵੇਂ ਹੋਈ?

ਸੁਪਰੀਮ ਕੋਰਟ ਨੇ ਕਿਸਾਨਾਂ ਅਤੇ ਪੱਤਰਕਾਰ ਦੀ ਮੌਤ ਬਾਰੇ ਐੱਫ਼ਆਈਆਰ ਅਤੇ ਭਾਜਪਾ ਕਾਰਕੁਨਾਂ ਦੀ ਮੌਤ ਸਬੰਧੀ ਐੱਫਆਈਆਰ, ਦੋਵਾਂ ਨੂੰ ਮਿਲਾ ਕੇ ਜਾਂਚ ਕਰਨ ਬਾਰੇ ਚਿਤਾਵਨੀ ਦਿੰਦਿਆਂ ਕਿਹਾ ਕਿ ਦੋਵਾਂ ਦੀ ਜਾਂਚ ਅਲੱਗ ਅਲੱਗ ਕੀਤੀ ਜਾਵੇ।

ਸਿਖਰਲੀ ਅਦਾਲਤ ਨੇ ਘਟਨਾ ਦੌਰਾਨ ਮਾਰੇ ਗਏ ਇਕ ਮੁਲਜ਼ਮ ਸ਼ਿਆਮ ਸੁੰਦਰ ਦੀ ਪਤਨੀ ਰੂਬੀ ਦੇਵੀ ਦੇ ਵਕੀਲ ਅਰੁਣ ਭਾਰਦਵਾਜ ਨੂੰ ਕਿਹਾ ਕਿ ਉਹ ਦਰਜ ਹੋਈਆਂ ਐੱਫਆਈਆਰਜ਼ ਦੀ ਨਿਰਪੱਖ ਅਤੇ ਢੁੱਕਵੀਂ ਜਾਂਚ ਲਈ ਹਾਈਕੋਰਟ ਦੇ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਤਹਿਕੀਕਾਤ ਦੀ ਸਿਫ਼ਾਰਿਸ਼ ਕਰ ਰਹੇ ਹਨ। ਭਾਰਦਵਾਜ ਨੇ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਾਉਣ ਦੀ ਮੰਗ ਕੀਤੀ ਤਾਂ ਬੈਂਚ ਨੇ ਕਿਹਾ, 'ਹਰ ਸਮੱਸਿਆ ਦਾ ਹੱਲ ਸੀਬੀਆਈ ਨਹੀਂ ਹੈ।' ਢਿੱਲੀ ਜਾਂਚ 'ਤੇ ਨਾਰਾਜ਼ਗੀ ਜਤਾਉਂਦਿਆਂ ਚੀਫ਼ ਜਸਟਿਸ ਨੇ ਉੱਤਰ ਪ੍ਰਦੇਸ਼ ਸਰਕਾਰ ਦੀ ਆਲੋਚਨਾ ਕੀਤੀ ਅਤੇ ਉਨਾਂ ਯੂ.ਪੀ. ਸਰਕਾਰ ਤਰਫ਼ੋਂ ਪੇਸ਼ ਹੋਏ ਵਕੀਲ ਹਰੀਸ਼ ਸਾਲਵੇ ਨੂੰ ਕਿਹਾ ਕਿ ਉਹ ਇਸ ਮਾਮਲੇ ਨੂੰ ਕੋਈ ਸਿਆਸੀ ਰੰਗ ਨਹੀਂ ਦੇਣਾ ਚਾਹੁੰਦੇ ਹਨ। ਸ੍ਰੀ ਸਾਲਵੇ ਨੇ ਸਪੱਸ਼ਟ ਕੀਤਾ ਕਿ ਘਟਨਾ ਦੌਰਾਨ ਮਾਰਿਆ ਗਿਆ ਪੱਤਰਕਾਰ ਅਸਲ ਵਿਚ ਕਾਰ ਨਾਲ ਦਰੜਿਆ ਗਿਆ ਹੈ। ਬੈਂਚ ਨੇ ਕਿਹਾ ਕਿ ਜਦਕਿ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪੱਤਰਕਾਰ ਨੂੰ ਕੁੱਟ-ਕੁੱਟ ਕੇ ਮਾਰਿਆ ਗਿਆ ਹੈ। ਭਾਰਦਵਾਜ ਵਾਰ ਵਾਰ ਸ਼ਿਆਮ ਸੁੰਦਰ ਦੀ ਤਸਵੀਰ ਦਿਖਾ ਰਿਹਾ ਸੀ ਜਿਸ 'ਤੇ ਬੈਂਚ ਨੇ ਉਸ ਨੂੰ ਟੋਕ ਦਿੱਤਾ ਅਤੇ ਕਿਹਾ ਕਿ ਇਸੇ ਕਰਕੇ ਉਹ ਸੂਬੇ ਤੋਂ ਬਾਹਰ ਦੇ ਨਿਰਪੱਖ ਜੱਜ ਤੋਂ ਜਾਂਚ ਦੀ ਪੇਸ਼ਕਸ਼ ਕਰ ਰਹੇ ਹਨ। ਭਾਰਦਵਾਜ ਨੇ ਕਿਹਾ ਕਿ ਉਸ ਨੇ ਇਹ ਤਸਵੀਰ ਉੱਤਰ ਪ੍ਰਦੇਸ਼ ਦੇ ਵਧੀਕ ਐਡਵੋਕੇਟ ਜਨਰਲ ਨੂੰ 15 ਦਿਨ ਪਹਿਲਾਂ ਭੇਜ ਦਿੱਤੀ ਸੀ ਪਰ ਅਜੇ ਤੱਕ ਕੁਝ ਵੀ ਨਹੀਂ ਹੋਇਆ ਹੈ। ਸਾਲਵੇ ਨੇ ਕਿਹਾ ਕਿ ਜੇਕਰ ਇਸ ਮੁਕਾਮ 'ਤੇ ਸੀਬੀਆਈ ਤੋਂ ਜਾਂਚ ਦੇ ਹੁਕਮ ਦਿੱਤੇ ਗਏ ਤਾਂ ਇਸ ਨਾਲ ਮੁਸ਼ਕਲ ਖੜੀ ਹੋ ਜਾਵੇਗੀ।

ਇਸ ਤੋਂ ਪਹਿਲਾਂ ਬੈਂਚ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਗਵਾਹ ਸੁਰੱਖਿਆ ਯੋਜਨਾ, 2018 ਤਹਿਤ ਗਵਾਹਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਸਨ। ਉਨਾਂ ਗਵਾਹਾਂ ਦੇ ਬਿਆਨ ਜੁਡੀਸ਼ਲ ਮੈਜਿਸਟ੍ਰੇਟ ਅੱਗੇ ਸੀਆਰਪੀਸੀ ਦੀ ਧਾਰਾ 164 ਤਹਿਤ ਰਿਕਾਰਡ ਕਰਨ ਅਤੇ ਮਾਹਿਰਾਂ ਵੱਲੋਂ ਡਿਜੀਟਲ ਸਬੂਤਾਂ ਦੀ ਤਹਿਕੀਕਾਤ ਤੇਜ਼ ਕਰਨ ਲਈ ਵੀ ਕਿਹਾ ਸੀ। ਪੁਲਿਸ ਨੇ ਇਸ ਮਾਮਲੇ 'ਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਸਮੇਤ 13 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕਿਸਾਨਾਂ ਨੇ ਦਾਅਵਾ ਕੀਤਾ ਹੈ ਕਿ 3 ਅਕਤੂਬਰ ਨੂੰ ਲਖੀਮਪੁਰ ਖੀਰੀ 'ਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਮੰਤਰੀ ਦੇ ਪੁੱਤਰ ਦੀ ਕਾਰ ਨੇ ਪਿੱਛਿਉਂ ਦਰੜਿਆ ਸੀ ਅਤੇ ਉਹ ਵੀ ਕਾਰ 'ਚ ਸਵਾਰ ਸੀ।

ਸੰਯੁਕਤ ਕਿਸਾਨ ਮੋਰਚੇ ਨੇ ਲਖੀਮਪੁਰ ਕਿਸਾਨ ਕਤਲ ਕਾਂਡ ਦੀ ਸੁਪਰੀਮ ਕੋਰਟ ਵਿਚ ਹੋਈ ਸੁਣਵਾਈ ਉਤੇ ਤਸੱਲੀ ਪ੍ਰਗਟ ਕੀਤੀ ਹੈ। ਮੋਰਚੇ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਕੇਸ ਦੀ ਸੁਣਵਾਈ ਦੌਰਾਨ ਉੱਤਰ ਪ੍ਰਦੇਸ਼ ਸਰਕਾਰ ਨੂੰ ਹੁਣ ਤੱਕ ਦੀ ਸਪੱਸ਼ਟ ਪੱਖਪਾਤੀ ਅਤੇ ਘਟੀਆ ਜਾਂਚ ਲਈ ਇੱਕ ਵਾਰ ਫਿਰ ਸਖ਼ਤ ਝਾੜ ਪਾਈ ਹੈ। ਮੋਰਚੇ ਮੁਤਾਬਕ ਸਿਖਰਲੀ ਅਦਾਲਤ ਨੇ ਕਿਸਾਨਾਂ ਦੇ ਕਤਲ ਦੇ ਸਬੂਤ ਛਿਪਾਉਣ ਲਈ ਯੂ.ਪੀ. 'ਚ ਭਾਜਪਾ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਨੋਟਿਸ ਲਿਆ ਹੈ। ਮੋਰਚੇ ਨੇ ਕਿਹਾ, ਬੈਂਚ ਨੇ ਦੇਖਿਆ ਕਿ ਜਾਂਚ ਟੀਮ ਦੋ ਵੱਖ-ਵੱਖ ਐੱਫਆਈਆਰਜ਼ ਵਿੱਚ ਜਾਂਚ ਨੂੰ ਮਿਲਾ ਰਹੀ ਹੈ ਅਤੇ ਐੱਫਆਈਆਰ 220 (ਕਿਸਾਨਾਂ ਵਿਰੁੱਧ) ਵਿੱਚ ਗਵਾਹਾਂ ਦੇ ਬਿਆਨਾਂ ਦੀ ਵਰਤੋਂ ਐੱਫਆਈਆਰ 219 ਵਿੱਚ ਇੱਕ ਮੁਲਜ਼ਮ ਨੂੰ ਬਚਾਉਣ ਲਈ ਕੀਤੀ ਜਾ ਰਹੀ ਹੈ। ਜੱਜਾਂ ਨੇ ਕਿਹਾ ਕਿ ਜਾਂਚ ਨੂੰ ਵੱਖਰਾ ਨਹੀਂ ਰੱਖਿਆ ਗਿਆ ਤੇ ਮਾਮਲੇ ਵਿੱਚ ਦੋ ਓਵਰਲੈਪਿੰਗ ਐੱਫਆਈਆਰ ਦਾ ਉਦੇਸ਼ ਦੋਸ਼ੀ (ਆਸ਼ੀਸ਼ ਮਿਸ਼ਰਾ) ਨੂੰ ਬਚਾਉਣਾ ਹੈ। ਅਦਾਲਤ ਇਸ ਤੱਥ ਤੋਂ ਸੰਤੁਸ਼ਟ ਨਹੀਂ ਕਿ ਹੁਣ ਤੱਕ ਸਾਰੇ ਮੁਲਜ਼ਮਾਂ ਦੇ ਫ਼ੋਨ ਜ਼ਬਤ ਨਹੀਂ ਕੀਤੇ ਗਏ ਤੇ ਪਿਛਲੀ ਸੁਣਵਾਈ ਤੋਂ 10 ਦਿਨ ਬੀਤ ਜਾਣ ਦੇ ਬਾਵਜੂਦ ਫਰੈਂਸਿਕ ਲੈਬ ਦੀ ਰਿਪੋਰਟ ਵੀ ਨਹੀਂ ਆਈ ਹੈ।' ਕਿਸਾਨਾਂ ਮੁਤਾਬਕ ਅਦਾਲਤ ਨੇ ਕਿਹਾ ਕਿ ਉਹ ਰੋਜ਼ਾਨਾ ਦੀ ਜਾਂਚ ਦੀ ਨਿਗਰਾਨੀ ਕਰਨ ਲਈ ਹਾਈ ਕੋਰਟ ਦੇ ਇੱਕ ਸਾਬਕਾ ਜੱਜ ਨੂੰ ਨਿਯੁਕਤ ਕਰਨ ਦੇ ਇੱਛੁਕ ਹੈ ਤੇ ਬੈਂਚ ਯੂ.ਪੀ. ਰਾਜ ਸਰਕਾਰ ਵੱਲੋਂ ਤੈਅ ਜੱਜ ਨਹੀਂ ਚਾਹੁੰਦੀ ਹੈ।

# ਪੰਜਾਬੀਆਂ ਨੂੰ ਮੁਫ਼ਤ ਸਹੂਲਤਾਂ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ

**ਐਸ ਕੇ ਸੰਧੂ**

ਸੰਸਾਰ ਵਿਚ ਕੁਝ ਵੀ ਮੁਫ਼ਤ ਨਹੀਂ ਮਿਲਦਾ। ਕਹਿੰਦੇ ਹਨ ਕਿ ਮੁਫ਼ਤ ਦੀ ਚੀਜ਼ ਬਹੁਤ ਮਹਿੰਗੀ ਪੈਂਦੀ ਹੈ। ਕੀਮਤ ਹਮੇਸ਼ਾ ਪੈਸੇ ਨਾਲ ਹੀ ਨਹੀਂ ਚੁਕਾਈ ਜਾਂਦੀ। ਕੀਮਤ ਤਾਰਨ ਅਤੇ ਵਸੂਲਣ ਦੇ ਕਈ ਤਰੀਕੇ ਹਨ। ਅਗਿਆਨਤਾ ਜਾਂ ਸਵਾਰਥ ਵੱਸ ਜਿਨਾਂ ਵਸਤਾਂ ਜਾਂ ਸਹੂਲਤਾਂ ਨੂੰ ਅਸੀਂ ਮੁਫ਼ਤ ਸਮਝ ਕੇ ਖੁਸ਼ ਹੋ ਜਾਂਦੇ ਹਾਂ, ਅਸੀਂ ਅਹਿਸਾਸ ਹੀ ਨਹੀਂ ਕਰਦੇ ਕਿ ਉਨਾਂ ਦੀ ਕੀਮਤ ਕਿਵੇਂ ਅਤੇ ਕਿਸ ਤਰਾਂ ਦੇਣੀ ਪਵੇਗੀ। ਸਾਨੂੰ ਛਲਾਵਾ ਹੁੰਦਾ ਹੈ ਕਿ ਸਾਡੀ ਲੋੜ ਬਿਨਾਂ ਪੈਸੇ ਦਿੱਤਿਆਂ ਪੂਰੀ ਹੋ ਗਈ ਹੈ। ਜੇ ਮੈਂ ਕਿਸੇ ਵਸਤੂ ਜਾਂ ਸਹੂਲਤ ਦੇ ਪੈਸੇ ਨਹੀਂ ਦੇ ਰਿਹਾ ਤਾਂ ਇਹ ਨਾ ਸਮਝੋ ਕਿ ਮੈਂ ਉਸ ਦੀ ਕਦੀ ਕੀਮਤ ਨਹੀਂ ਤਾਰਾਂਗਾ ਜਾਂ ਨਹੀਂ ਤਾਰ ਰਿਹਾ। ਹੋ ਸਕਦਾ ਹੈ ਕਿ ਭਵਿੱਖ ਵਿਚ ਉਹ ਕੀਮਤ ਕਿਸੇ ਹੋਰ ਢੰਗ ਨਾਲ ਸੂਦ ਸਮੇਤ ਅਦਾ ਕਰਨੀ ਪਵੇ। ਮੁਫ਼ਤ ਪ੍ਰਾਪਤ ਹੋਈ ਵਸਤੂ ਦਾ ਸਾਡੇ 'ਤੇ, ਸਮਾਜ 'ਤੇ ਅਤੇ ਕੌਮ 'ਤੇ ਪਏ ਅਸਰ ਦੀ ਸਮਝ ਬਹੁਤੀ ਵਾਰ ਦੇਰ ਨਾਲ ਆਉਂਦੀ ਹੈ। ਮੁਫ਼ਤ ਪ੍ਰਾਪਤ ਹੋਈ ਸਹੂਲਤ ਦਾ ਥੋੜ-ਚਿਰਾ ਸੁੱਖ ਵਿਅਕਤੀਗਤ, ਸਮਾਜਿਕ ਅਤੇ ਦੇਸ਼ ਵਿਆਪੀ ਪੱਧਰ 'ਤੇ ਆਪਣੀ ਕੁੱਖ ਵਿਚ ਲੰਮੇਰੇ ਦੁੱਖ ਲੈ ਕੇ ਆ ਸਕਦਾ ਹੈ। ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਵੀ ਵਲੋਂ ਦਿੱਤੀ ਮੁਫ਼ਤ ਵਸਤੂ/ਸਹੂਲਤ ਪਿੱਛੇ ਕੋਈ ਲੋਚਨਾ, ਯੋਜਨਾ ਜਾਂ ਮੰਤਵ ਤਾਂ ਹੁੰਦਾ ਹੀ ਹੈ, ਬੇਸ਼ੱਕ ਇਹ ਦੋ ਵਿਅਕਤੀਆਂ, ਰਿਸ਼ਤਿਆਂ ਜਾਂ ਰਾਜਨੀਤਕ ਪਾਰਟੀਆਂ ਅਤੇ ਵੋਟਰਾਂ ਵਿਚਕਾਰ ਹੋਵੇ। ਰਾਜਨੀਤੀ ਵਿਚ ਇਹ ਰਿਵਾਜ ਤਾਮਿਲਨਾਡੂ ਤੋਂ ਸ਼ੁਰੂ ਹੋਇਆ ਅਤੇ ਪੂਰੇ ਦੇਸ਼ ਵਿਚ ਫੈਲ ਗਿਆ। ਇਸ ਦੇ ਪ੍ਰਭਾਵਾਂ ਬਾਰੇ ਕੋਈ ਵਿਸਤ੍ਰਿਤ ਅਧਿਐਨ ਨਹੀਂ ਹੋਇਆ। ਸਮਾਜਿਕ ਸੁਰੱਖਿਆ ਅਤੇ ਮੁਫ਼ਤਖੋਰੀ ਵਿਚ ਫ਼ਰਕ ਨੂੰ ਭਲੀਭਾਂਤ ਸਮਝਣਾ ਜ਼ਰੂਰੀ ਹੈ। ਸਮਾਜਿਕ ਸੁਰੱਖਿਆ ਅਧੀਨ ਸਿਰਫ਼ ਜ਼ਰੂਰਤਮੰਦਾਂ ਅਤੇ ਨਿਆਸਰਿਆਂ ਲਈ ਜੀਵਨ ਸੁਖਾਲਾ ਕਰਨ ਹਿਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਕਿਸੇ ਲੋਭ ਜਾਂ ਲਾਲਚ ਤੋਂ ਰਹਿਤ।

ਮੁਫ਼ਤ ਉਹੀ ਦੇ ਸਕਦਾ ਹੈ ਜਿਸ ਕੋਲ ਮੁਫ਼ਤ ਦੇਣ ਦੀ ਸਮਰੱਥਾ ਹੋਵੇ। ਆਰਥਿਕ ਮਾਹਰਾਂ ਦਾ ਵਿਚਾਰ ਹੈ ਕਿ ਜੇ ਸਰਕਾਰ ਦੀ ਸਮਰੱਥਾ ਹੋਵੇ ਅਤੇ ਇਹ ਆਰਥਿਕ ਬੋਝ ਪੈਦਾ ਨਾ ਕਰਨ, ਫਿਰ ਤਾਂ ਠੀਕ ਹੈ। ਜੇ ਉਸ ਦੀ ਵਾਧੂ ਸਮਰੱਥਾ ਨਾ ਹੋਵੇ ਜਾਂ ਮੁਫ਼ਤ ਸਹੂਲਤਾਂ ਉੱਪਰ ਆਉਣ ਵਾਲੇ ਖ਼ਰਚੇ ਦੇ ਸਰੋਤ ਸਪੱਸ਼ਟ ਨਾ ਕੀਤੇ ਹੋਣ, ਤਾਂ ਮੁਫ਼ਤ ਦੇਣ ਦੇ ਇਰਾਦੇ ਅਤੇ ਵਾਅਦੇ ਇਮਾਨਦਾਰੀ ਅਤੇ ਨੈਤਿਕਤਾ ਤੋਂ ਵਿਹੂਣੇ ਹੁੰਦੇ ਹਨ। ਕੀ ਕਦੀ ਅਸੀਂ ਸੋਚਦੇ ਹਾਂ ਕਿ ਮੁਫ਼ਤ ਵਸਤਾਂ ਪਿੱਛੇ ਮੰਤਵ ਕੀ ਹੈ? ਕੀ ਮੁਫ਼ਤ ਵਸਤਾਂ ਦੇਣ ਵਾਲੇ ਕੋਲ ਇਸ ਦੇ ਵਸੀਲੇ ਵੀ ਹਨ? ਮੁਫ਼ਤ ਬਿਜਲੀ, ਮੁਫ਼ਤ ਸਫ਼ਰ, ਮੁਫ਼ਤ ਪੜਾਈ, ਹੋਰ ਬਹੁਤ ਕੁਝ ਮੁਫ਼ਤ, ਇਨਾਂ ਸਭ ਚੀਜ਼ਾਂ ਦੀ ਕੀਮਤ ਕੌਣ ਦੇ ਰਿਹਾ ਹੈ? ਇੰਜ ਭੁਲੇਖਾ ਪੈਂਦਾ ਹੈ ਕਿ ਸ਼ਾਇਦ ਸਰਕਾਰ ਇਸ ਦੀ ਕੀਮਤ ਅਦਾ ਕਰ ਰਹੀ ਹੈ। ਪਰ ਇੰਝ ਨਹੀਂ ਹੈ। ਇਹ ਕਿਸੇ ਹੋਰ ਦੀ ਜੇਬ ਵਿਚੋਂ ਨਹੀਂ ਸਗੋਂ ਲੋਕਾਂ ਦੇ ਟੈਕਸ ਜਾਂ ਕਰਜ਼ੇ ਰਾਹੀਂ ਹੀ ਦਿੱਤੀਆਂ ਜਾਂਦੀਆਂ ਹਨ ਜਾਂ ਫਿਰ ਤੁਹਾਨੂੰ ਪ੍ਰਦਾਨ ਕਰਨ ਵਾਲੇ ਮੁਢਲੇ ਢਾਂਚੇ ਨੂੰ ਨਜ਼ਰਅੰਦਾਜ਼ ਕਰਕੇ। ਵੇਖਣ ਵਾਲੀ ਗੱਲ ਹੈ ਕਿ ਲਾਭਪਾਤਰੀ ਅਤੇ ਸਰਕਾਰਾਂ ਨੂੰ ਇਸ ਵਿਵਸਥਾ ਵਿਚ ਕੀ ਨਫ਼ੇ-ਨੁਕਸਾਨ ਹਨ। ਸਰਕਾਰਾਂ ਵਾਸਤੇ ਇਹ ਸੌਖਾ ਅਤੇ ਸ਼ਾਰਟਕੱਟ ਰਸਤਾ ਹੈ। ਸਰਕਾਰਾਂ ਦਾ ਫਾਇਦਾ ਹੈ ਕਿ ਉਹ ਲੋਕਾਂ ਨੂੰ ਮੁਫ਼ਤਵਾਦ ਦੀਆਂ ਘੁੰਮਣਘੇਰੀਆਂ ਵਿਚ ਰਿਝਾਈ ਰੱਖੇ ਤਾਂ ਕਿ ਲੋਕਾਂ ਦੀ ਅੱਖ ਸਰਕਾਰਾਂ ਦੀ ਕਾਰਗੁਜ਼ਾਰੀ ਵੱਲ ਨਾ ਜਾ ਸਕੇ। ਸਰਕਾਰਾਂ ਨੂੰ ਜੋ ਉਨਾਂ ਦਾ ਅਸਲੀ ਮੰਤਵ ਹੁੰਦਾ ਹੈ ਵੱਲ ਮਿਹਨਤ ਕਰਨ ਦੀ ਲੋੜ ਨਹੀਂ ਪੈਂਦੀ। ਸਰਕਾਰਾਂ ਦਾ ਆਪਣਾ ਪੂਰਾ ਸਮਾਂ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ ਸੁਖਾਲਾ ਲੰਘ ਜਾਂਦਾ ਹੈ। ਸਰਕਾਰ ਸੋਚਦੀ ਹੈ ਕਿ ਜੇ ਕੁਝ ਮੁਫ਼ਤ ਸਹੂਲਤਾਂ ਦੇ ਕੇ ਰਾਜ ਭਾਗ ਕਰ ਸਕਦੇ ਹਾਂ ਤਾਂ ਚੰਗਾ ਪ੍ਰਸ਼ਾਸਨ ਦੇਣ ਲਈ ਮਿਹਨਤ ਕਰਨ ਦੀ ਕੀ ਲੋੜ ਹੈ, ਲੋਕਾਂ ਪ੍ਰਤੀ ਜਵਾਬਦੇਹੀ ਦੀ ਕੀ ਲੋੜ ਹੈ? ਪਰ ਇਹ ਭੁਲੇਖਾ ਹੈ ਕਿ ਇਨਾਂ ਦਾ ਰਾਜਨੀਤਕ ਲਾਭ ਲੰਬਾ ਹੁੰਦਾ ਹੈ। ਲਾਭ ਪਾਤਰੀਆਂ ਨੂੰ ਮੁਫ਼ਤ ਸਹੂਲਤਾਂ ਦੀ ਕਿੰਨੀ ਕਦਰ ਹੈ? ਲਾਭਪਾਤਰੀ ਸੁਪਨ-ਦੁਨੀਆ ਵਿਚ ਰਹਿ ਰਹੇ ਹਨ। ਜੋ ਉਹ ਕੀਮਤ ਅਦਾ ਕਰ ਰਹੇ ਹਨ, ਉਨਾਂ ਨੂੰ ਅਹਿਸਾਸ ਹੀ ਨਹੀਂ ਹੈ। ਕੀਮਤ ਤਾਂ ਅਦਾ ਕਰਨੀ ਪਵੇਗੀ ਹਰ ਹਾਲਤ ਵਿਚ, ਅਦਾਇਗੀ ਦੇ ਢੰਗ, ਸਮਾਂ ਅਤੇ ਤਰੀਕੇ ਵੱਖਰੇ ਹੋ ਸਕਦੇ ਹਨ। ਸਭ ਤੋਂ ਸੌਖੀ ਅਦਾਇਗੀ ਦਾ ਢੰਗ ਪੈਸੇ ਨਾਲ ਭੁਗਤਾਨ ਕਰਨਾ ਹੈ, ਜਿਸ ਦਾ ਕੋਈ ਮਾਨਸਿਕ ਬੋਝ ਨਹੀਂ ਹੈ ਅਤੇ ਨਾ ਹੀ ਭਵਿੱਖੀ ਅਸਰ। ਪਰ ਲਾਭਪਾਤਰੀ ਤੇ ਪੂਰਾ ਸਮਾਜ ਆਪਣੇ ਅਧਿਕਾਰਾਂ ਨਾਲ ਸਮਝੌਤਾ ਕਰਕੇ ਇਹ ਮੁਫ਼ਤ ਸਹੂਲਤਾਂ ਪ੍ਰਾਪਤ ਕਰਕੇ ਕਾਣਾ ਹੋ ਜਾਂਦਾ ਹੈ। ਸਰਕਾਰ ਦੀ ਅੱਖ ਵਿਚ ਅੱਖ ਪਾ ਕੇ ਗੱਲ ਨਹੀਂ ਕਰ ਸਕਦਾ। ਸਰਕਾਰ ਦੀ ਕਾਰਗੁਜ਼ਾਰੀ ਤੇ ਨਿਗਰਾਨੀ ਕਰਨ ਦਾ ਅਧਿਕਾਰ ਖੋਹ ਬੈਠਦਾ ਹੈ। ਸਰਕਾਰ ਦੇ ਮਨ ਵਿਚ ਉਸ ਦੀ ਕਦਰ ਨਹੀਂ ਰਹਿੰਦੀ। ਆਪਣੇ ਮਨ ਵਿਚ ਹੀਣ-ਭਾਵਨਾ ਪੈਦਾ ਹੋ ਜਾਂਦੀ ਹੈ। ਨਿਰਭਰਤਾ ਉਸ ਦੇ ਸਵੈ-ਅਭਿਮਾਨ ਨੂੰ ਸੱਟ ਮਾਰਦੀ ਹੈ। ਪਰ ਮੁਫ਼ਤ ਦੇਣ ਵਾਲੇ ਅਤੇ ਮੁਫ਼ਤ ਲੈਣ ਵਾਲਿਆਂ ਤੋਂ ਇਲਾਵਾ ਇਕ ਤੀਜੀ ਧਿਰ ਵੀ ਹੈ ਜੋ ਆਮ ਤੌਰ 'ਤੇ ਮੂਕ ਰਹਿ ਕੇ ਦੁੱਖ ਸਹਾਰਦੀ ਹੈ। ਉਹ ਹੈ ਸਮੂਹਿਕ ਸਮਾਜ, ਰਾਜ, ਕੌਮ ਅਤੇ ਦੇਸ਼।

ਬਾਕੀ ਸਫ਼ਾ 30 'ਤੇ

# ਭਾਜਪਾ ਦਾ ਸਿਆਸਤ ਅਤੇ ਸੱਤਾ ਦਾ ਕਾਰੋਬਾਰ

**ਔਨਿੰਦਯੋ ਚਕਰਵਰਤੀ**

ਪ੍ਰਸ਼ਾਂਤ ਕਿਸ਼ੋਰ ਨੇ ਇਹ ਕਹਿ ਕੇ ਆਪਣੇ ਪੱਕੇ ਹਮਾਇਤੀਆਂ, ਭਾਵ ਅੰਗਰੇਜ਼ੀ ਬੋਲਣ ਵਾਲੇ ਭਾਰਤੀ ਉਦਾਰਵਾਦੀਆਂ ਨੂੰ ਨਿਰਾਸ਼ ਕਰ ਦਿੱਤਾ ਕਿ ਭਾਜਪਾ ਕਈ ਦਹਾਕਿਆਂ ਤੱਕ 'ਭਾਰਤੀ ਸਿਆਸਤ ਦੇ ਕੇਂਦਰ' ਵਿਚ ਰਹਿਣ ਵਾਲੀ ਹੈ ਅਤੇ ਕਿਸੇ ਨੂੰ ਵੀ ਇਸ 'ਝਾਂਸੇ ਵਿਚ ਨਹੀਂ ਆਉਣਾ ਚਾਹੀਦਾ ਕਿ ਮੁਲਕ ਦੇ ਲੋਕ ਨਾਰਾਜ਼ ਹੋ ਰਹੇ ਹਨ ਤੇ ਉਹ ਮੋਦੀ ਨੂੰ ਸੱਤਾ ਤੋਂ ਲਾਂਭੇ ਕਰ ਦੇਣਗੇ।' ਬਹੁਤ ਸਾਰੀਆਂ ਮੋਦੀ ਵਿਰੋਧੀ ਆਵਾਜ਼ਾਂ ਲਈ ਇਹ ਬਹੁਤ ਕਠੋਰ ਗੱਲ ਹੈ ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਭਾਰਤ ਦਾ ਸਭ ਤੋਂ ਮੰਨਿਆ-ਪ੍ਰਮੰਨਿਆ ਭਾੜੇ ਦਾ ਚੋਣ ਰਣਨੀਤੀਕਾਰ 2024 ਵਿਚ ਮੋਦੀ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਕੋਈ ਜਾਦੂ ਮਾਰਨ ਵਾਲਾ ਸੀ।

ਸਵਾਲ ਇਹ ਹੈ ਕਿ ਭਾਜਪਾ ਨੂੰ ਕਿਸ ਚੀਜ਼ ਨੇ ਅਜਿਹੀ 'ਰਾਜ ਕਰਨ ਵਾਲੀ ਪਾਰਟੀ' ਬਣਾ ਦਿੱਤਾ ਹੈ, ਜਿਹੜੀ ਚੋਣਾਂ ਹਾਰਨ ਦੇ ਬਾਵਜੂਦ (ਜਿਵੇਂ ਪੱਛਮੀ ਬੰਗਾਲ ਵਿਚ) ਸਿਆਸੀ ਚਰਚਾ ਵਿਚ ਹੈ ? ਇਸ ਦੇ ਦੋ ਕਾਰਨ ਹਨ, ਪਹਿਲਾ, ਭਾਰਤ ਦੇ ਹਾਕਮ ਕੁਲੀਨ ਵਰਗ ਦੀ ਬਣਤਰ ਵਿਚ ਤਬਦੀਲੀ ਅਤੇ ਦੂਜਾ, ਗ਼ੈਰ ਪ੍ਰਭਾਵਸ਼ਾਲੀ ਓਬੀਸੀ (ਪਛੜੀਆਂ ਜਾਤਾਂ) ਤੇ ਦਲਿਤਾਂ ਦੀ ਇਕਮੁੱਠਤਾ। ਇਨ੍ਹਾਂ ਵਿਚੋਂ ਪਹਿਲਾ ਕਾਰਨ ਉਸ ਅਮਲ ਦਾ ਸਿੱਟਾ ਹੈ ਜਿਹੜਾ ਅੱਧ-1980ਵਿਆਂ ਵਿਚ ਸ਼ੁਰੂ ਹੋਇਆ ਸੀ ਅਤੇ ਦੂਜੇ ਦਾ ਮੂਲ ਕਾਫ਼ੀ ਸੱਜਰਾ ਹੈ।

ਭਾਰਤ ਦੀ ਅਜ਼ਾਦੀ ਤੋਂ ਬਾਅਦ ਦੇ ਪਹਿਲੇ 35 ਸਾਲਾਂ ਦੌਰਾਨ ਮੁਲਕ ਦੇ ਸ਼ਾਸਨ ਪ੍ਰਬੰਧ ਵਿਚ ਹਕੂਮਤ ਚਲਾਉਣ ਦੀਆਂ ਨੀਤੀਆਂ ਦਾ ਬੋਲਬਾਲਾ ਰਿਹਾ ਜਿਥੇ ਸਟੇਟ/ਰਿਆਸਤ ਦਾ ਅਰਥਚਾਰੇ ਉੱਤੇ ਖ਼ੂਬ ਗ਼ਲਬਾ ਰਿਹਾ। ਆਲੋਚਕਾਂ ਨੇ ਇਸ ਨੂੰ 'ਰਿਆਸਤੀ ਸਰਮਾਏਦਾਰੀ' ਕਰਾਰ ਦਿੱਤਾ ਅਤੇ ਦਲੀਲ ਦਿੱਤੀ ਕਿ 'ਨਹਿਰੂਵਾਦੀ ਸਮਾਜਵਾਦ' ਜੋ ਕੁਝ ਵੀ ਕਰ ਰਿਹਾ ਸੀ, ਉਸ ਵੱਲੋਂ ਭਾਰਤ ਵਿਚ ਪੈਦਾ ਹੋਏ ਸਰਮਾਏਦਾਰਾਂ ਨੂੰ ਕੌਮਾਂਤਰੀ ਸਰਮਾਏ ਉਤੇ ਕਬਜ਼ਾ ਕਰਨ ਦੇ ਕਾਬਲ ਬਣਾਉਣ ਲਈ ਲਾਂਚ ਪੈਡ ਦੀ ਉਸਾਰੀ ਕੀਤੀ ਜਾ ਰਹੀ ਸੀ। ਦੂਜੇ ਪਾਸੇ ਇਨ੍ਹਾਂ ਵਰਿਆਂ ਦੌਰਾਨ ਜ਼ਿਆਦਾਤਰ ਸਮਾਂ ਮੁਲਕ ਉਤੇ ਰਾਜ ਕਰਨ ਵਾਲੀ ਕਾਂਗਰਸ ਨੂੰ ਆਪਣੀ ਹਕੂਮਤ ਕਾਇਮ ਰੱਖਣ ਲਈ ਸਨਅਤ ਦੇ ਮੋਹਰੀਆਂ ਦੀ ਮਦਦ ਦੀ ਲੋੜ ਸੀ, ਭਾਵੇਂ ਕਾਂਗਰਸ ਦਾ ਸਰਮਾਏਦਾਰੀ ਪ੍ਰਬੰਧ ਨਾਲ ਕਦੇ ਪਿਆਰ ਤੇ ਕਦੇ ਨਫ਼ਰਤ ਵਾਲਾ ਰਿਸ਼ਤਾ ਚੱਲਦਾ ਰਹਿੰਦਾ ਸੀ।

ਇਸ ਦੀਆਂ ਬਹੁਤੀਆਂ ਜੜ੍ਹਾਂ ਬਸਤੀਵਾਦੀ ਦੌਰ ਅਤੇ ਬਸਤੀਵਾਦ ਵਿਰੋਧੀ ਘੋਲ ਵਿਚੋਂ ਤਲਾਸ਼ੀਆਂ ਜਾ ਸਕਦੀਆਂ ਹਨ। ਜਿਵੇਂ ਸਭ ਜਾਣਦੇ ਹਨ, ਕਾਂਗਰਸ ਉਤੇ ਪੇਸ਼ੇਵਰ ਵਰਗਾਂ, ਅੰਗਰੇਜ਼ੀ ਪੜ੍ਹੇ-ਲਿਖੇ, ਉੱਚ ਜਾਤੀਏ ਭਾਰਤੀਆਂ ਦਾ ਗ਼ਲਬਾ ਸੀ ਜਿਨ੍ਹਾਂ ਦੀ 'ਰਾਸ਼ਟਰਵਾਦੀ ਚੇਤਨਾ' ਪੱਛਮੀ ਗਿਆਨ ਵਿਖਿਆਨ ਤੋਂ ਲਈ ਗਈ ਸੀ ਪਰ ਜਿਸ ਚੀਜ਼ ਬਾਰੇ ਘੱਟ ਗੱਲ ਕੀਤੀ ਜਾਂਦੀ ਹੈ, ਉਹ ਉਨ੍ਹਾਂ ਲੋਕਾਂ ਦਾ ਜਾਤੀ ਆਧਾਰ ਸੀ ਜਿਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਭਾਰਤ ਦੀ ਵਾਗਡੋਰ ਸੰਭਾਲਣੀ ਸੀ। ਇਸ ਵਿਚ 'ਗਿਆਨਵਾਨ ਜਾਤਾਂ' ਦਾ ਭਾਰੀ ਦਬਦਬਾ ਸੀ ਜਿਹੜੀਆਂ ਅੰਗਰੇਜ਼ ਹਕੂਮਤ ਦੌਰਾਨ ਆਧੁਨਿਕ ਸ਼ਾਸਨ ਪ੍ਰਬੰਧ ਚਲਾਉਣ ਲਈ ਸਿਖਲਾਈਯਾਫ਼ਤਾ ਸਨ। ਉਨ੍ਹਾਂ ਦੇ ਦਿਲ ਵਿਚ 'ਵਪਾਰੀ ਜਾਤਾਂ' ਪ੍ਰਤੀ ਘਿਰਣਾ ਵਾਲੀ ਭਾਵਨਾ ਸੀ ਅਤੇ ਇਨ੍ਹਾਂ ਵਪਾਰੀ ਜਾਤ ਭਾਈਚਾਰਿਆਂ ਕੋਲ ਪੈਸਾ ਤਾਂ ਸੀ ਪਰ ਸਮਾਜਿਕ ਰੁਤਬੇ ਦੀ ਘਾਟ ਸੀ।

ਨਹਿਰੂ ਨੇ ਆਪਣਾ ਇਹ ਰਵੱਈਆ 1936 ਵਿਚ ਹੀ ਐਨ ਸਾਫ਼ ਦਿਖਾ ਦਿੱਤਾ ਸੀ ਜਦੋਂ ਉਨ੍ਹਾਂ ਸਰਮਾਏਦਾਰਾ ਪ੍ਰਬੰਧ ਦੀ ਤੁਲਨਾ 'ਬਾਣੀਏ ਜਾਂ ਸ਼ਾਹੂਕਾਰਾ ਤਹਿਜ਼ੀਬ' ਨਾਲ ਅਤੇ ਸਮਾਜਵਾਦ ਦੀ ਤੁਲਨਾ 'ਸੇਵਾ ਦੇ ਪੁਰਾਣੇ ਬ੍ਰਾਹਮਣ ਆਦਰਸ਼' ਨਾਲ ਕੀਤੀ ਸੀ। ਨਹਿਰੂ ਨੇ ਇਹ ਟਿੱਪਣੀ ਭਾਵੇਂ ਉਦੋਂ ਕੀਤੀ ਜਦੋਂ ਉਨ੍ਹਾਂ ਦਾ ਮਾਰਕਸਵਾਦ ਨਾਲ ਪਲ ਭਰ ਦਾ ਪਿਆਰ ਸਿਖਰ ਤੇ ਸੀ ਪਰ ਇਸ ਦੇ ਬਾਵਜੂਦ ਇਹ ਭਾਵਨਾ 'ਨਹਿਰੂਵਾਦੀ ਸਮਾਜਵਾਦ' ਦੇ ਪੂਰੇ ਅਰਸੇ ਦੌਰਾਨ ਜਾਰੀ ਰਹੀ। ਇਸ ਦੌਰਾਨ ਮੁਨਾਫ਼ਾਖ਼ੋਰੀ ਨੂੰ ਘਟੀਆ ਮੰਨਿਆ ਜਾਂਦਾ ਸੀ ਅਤੇ ਉਦਮੀਆਂ ਨੂੰ ਆਮ ਬਾਬੂਆਂ ਅੱਗੇ ਝੁਕਣਾ ਪੈਂਦਾ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਇਕ ਫ਼ੀਸਦੀ ਸਭ ਤੋਂ ਸਿਖਰਲੇ ਅਮੀਰ ਭਾਰਤੀਆਂ ਦਾ ਕੁੱਲ ਕੌਮੀ ਆਮਦਨ ਵਿਚ ਹਿੱਸਾ 1951 ਦੇ 11.8 ਫ਼ੀਸਦੀ ਤੋਂ 1981 ਵਿਚ ਕਰੀਬ ਅੱਧਾ ਘਟ ਕੇ 6.3 ਫ਼ੀਸਦੀ ਰਹਿ ਗਿਆ। ਦੂਜੇ ਪਾਸੇ ਇਸ ਅਰਸੇ ਦੌਰਾਨ ਹੇਠਲੇ ਸਭ ਤੋਂ ਗ਼ਰੀਬ 50 ਫ਼ੀਸਦੀ ਭਾਰਤੀਆਂ ਦਾ ਇਹ ਹਿੱਸਾ 18.9 ਤੋਂ ਵਧ ਕੇ 21.4 ਫ਼ੀਸਦੀ ਹੋ ਗਿਆ।

ਇਹ ਭਾਰਤ ਦੀਆਂ ਵਪਾਰੀ ਜਾਤਾਂ ਅਤੇ ਭਾਈਚਾਰਿਆਂ ਲਈ ਬਹੁਤ ਔਖਾ ਵੇਲਾ ਸੀ ਜਿਨ੍ਹਾਂ ਦਾ ਵਪਾਰ ਅਤੇ ਉੱਦਮਾਂ ਵਿਚ ਦਬਦਬਾ ਸੀ ਪਰ ਸਰਕਾਰ ਵਿਚ ਉਨ੍ਹਾਂ ਦੀ ਨੁਮਾਇੰਦਗੀ ਨਾਂ-ਮਾਤਰ ਹੀ ਸੀ। ਅਜ਼ਾਦੀ ਸੰਘਰਸ਼ ਦੌਰਾਨ ਉਨ੍ਹਾਂ ਦੇ ਕਾਂਗਰਸ ਵਿਰੋਧੀ ਰੁਝਾਨਾਂ, ਖ਼ਾਸਕਰ 'ਹਿੰਦੂ ਰਾਸ਼ਟਰਵਾਦ' ਨਾਲ ਇਤਿਹਾਸਕ ਰਿਸ਼ਤਿਆਂ ਨੇ ਵਪਾਰੀ ਜਾਤ ਭਾਈਚਾਰਿਆਂ ਲਈ ਦਿੱਲੀ ਦੇ ਸੱਤਾ ਪ੍ਰਬੰਧ ਵਿਚ ਕੋਈ ਥਾਂ ਹਾਸਲ ਕਰਨੀ ਮੁਸ਼ਕਿਲ ਬਣਾ ਦਿੱਤੀ ਪਰ ਇਹ ਹਾਲਾਤ 1980ਵਿਆਂ ਦੀ ਸ਼ੁਰੂਆਤ ਵਿਚ ਉਦੋਂ ਨਾਟਕੀ ਢੰਗ ਨਾਲ ਬਦਲ ਗਏ ਜਦੋਂ ਪਹਿਲਾਂ ਇੰਦਰਾ ਗਾਂਧੀ ਅਤੇ ਫਿਰ ਰਾਜੀਵ ਗਾਂਧੀ ਨੇ ਹੌਲੀ ਹੌਲੀ ਅਰਥਚਾਰੇ ਨੂੰ ਨਿਜੀ ਸਰਮਾਏਦਾਰਾਂ ਲਈ ਖੋਲ੍ਹਣਾ ਸ਼ੁਰੂ ਕਰ ਦਿੱਤਾ।

ਵਪਾਰੀ ਜਾਤ ਭਾਈਚਾਰਿਆਂ ਦਾ ਉਭਾਰ ਇਤਫ਼ਾਕਨ ਐਨ ਉਦੋਂ ਹੋਇਆ ਜਦੋਂ ਪੱਛਮੀ ਵਿਚ ਨਵ-ਉਦਾਰਵਾਦ ਜਿੱਤਾਂ ਦੇ ਝੰਡੇ ਗੱਡ ਰਿਹਾ ਸੀ। ਜਿਉਂ ਹੀ ਵਿੱਤੀ ਪੂੰਜੀ ਨੇ ਆਪਣਾ ਆਲਮੀ ਦਬਦਬਾ ਕਾਇਮ ਕੀਤਾ ਅਤੇ ਭਾਰਤ ਨੇ ਨਿਜੀਕਰਨ-ਵਿਸ਼ਵੀਕਰਨ-ਉਦਾਰੀਕਰਨ ਦੀ ਲਾਹੇਵੰਦੀ ਧਰਾਤਲ ਉਤੇ ਪੈਰ ਧਰ ਦਿੱਤੇ ਤਾਂ ਇਸ ਦਾ ਜ਼ਿਆਦਾ ਤੋਂ ਜ਼ਿਆਦਾ ਲਾਹਾ ਲੈਣ ਲਈ ਵਪਾਰੀ ਜਾਤ ਭਾਈਚਾਰੇ ਸਭ ਤੋਂ ਵੱਧ ਢੁਕਵੇਂ ਸਨ। ਅੱਧ-1990 ਵਿਆਂ ਤੱਕ ਜਨਤਕ ਵਿਖਿਆਨ ਬਿਲਕੁਲ ਪੁੱਠਾ ਗੇੜਾ ਖਾ ਚੁੱਕਾ ਸੀ; ਕਿਸੇ ਸਮੇਂ ਵਪਾਰੀਆਂ ਨੂੰ ਨਫ਼ਰਤ ਕਰਨ ਤੋਂ ਉਨ੍ਹਾਂ ਦੀ ਪੂਜਾ ਕਰਨ ਤੱਕ।

ਭਾਜਪਾ ਅਤੇ ਇਸ ਦਾ ਪਹਿਲਾ ਰੂਪ ਭਾਰਤੀ ਜਨ ਸੰਘ ਹਮੇਸ਼ਾ ਵਪਾਰੀ ਜਾਤ ਭਾਈਚਾਰਿਆਂ ਦੀ ਪਿੱਠ ਥਾਪੜਦੇ ਸਨ ਅਤੇ ਇਵਜ਼ ਵਿਚ ਉਨ੍ਹਾਂ ਨੇ ਵੀ 1980ਵਿਆਂ ਤੋਂ ਪਾਰਟੀ ਨੂੰ ਉੱਭਰਨ ਵਿਚ ਮਦਦ ਕੀਤੀ। ਜਿਉਂ ਹੀ ਵਪਾਰੀ ਜਾਤ ਭਾਈਚਾਰੇ ਅਰਥਚਾਰੇ ਉਤੇ ਹਾਵੀ ਹੋਣ ਲੱਗੇ ਤਾਂ ਯਕੀਨਨ ਹੌਲੀ ਹੌਲੀ ਸਿਆਸਤ ਵਿਚ ਵੀ ਉਨ੍ਹਾਂ ਦਾ ਰਸੂਖ਼ ਵਧਣਾ ਹੀ ਸੀ। ਹਿੰਦੀ ਪੱਟੀ ਦੇ ਗ਼ੈਰ ਅੰਗਰੇਜ਼ੀ ਭਾਸ਼ੀ 'ਸਥਾਨਕ' ਬ੍ਰਾਹਮਣ ਭਾਵੇਂ 1990ਵਿਆਂ ਦੇ ਅਖ਼ੀਰ ਤੱਕ ਸੱਤਾ ਦੇ ਸਿਖਰ ਉਤੇ ਸਨ ਪਰ ਅਜਿਹਾ ਕਾਰੋਬਾਰੀ ਜਗਤ ਨਾਲ ਗੱਠਜੋੜ ਸਦਕਾ ਹੀ ਸੀ ਅਤੇ ਇਸ ਉਤੇ ਵਪਾਰੀ ਜਾਤ ਭਾਈਚਾਰਿਆਂ ਦਾ ਗ਼ਲਬਾ ਸੀ। ਇਸ ਵੇਲੇ ਤੱਕ ਆਰਥਿਕ ਨੀਤੀ ਉਤੇ ਉਨ੍ਹਾਂ ਦੀ ਮਜ਼ਬੂਤ ਪਕੜ ਬਣ ਚੁੱਕੀ ਸੀ ਜਿਸ ਦਾ ਅੰਦਾਜ਼ਾ ਕੌਮੀ ਆਮਦਨ ਦੀ ਵੰਡ ਵਿਚ ਆਈ ਤਬਦੀਲੀ ਤੋਂ ਲਾਇਆ ਜਾ ਸਕਦਾ ਹੈ। ਗ਼ੌਰਤਲਬ ਹੈ ਕਿ 1991 ਤੋਂ 2014 ਤੱਕ ਸਿਖਰਲੇ ਇਕ ਫ਼ੀਸਦੀ ਭਾਰਤੀ ਅਮੀਰਾਂ ਦਾ ਕੌਮੀ ਆਮਦਨ ਵਿਚ ਹਿੱਸਾ ਵਧ ਕੇ 10 ਤੋਂ 22 ਫ਼ੀਸਦੀ ਤੱਕ ਚਲਾ ਗਿਆ, ਇਸ ਦੇ ਨਾਲ ਹੀ ਸਭ ਤੋਂ ਗ਼ਰੀਬ 50 ਫ਼ੀਸਦੀ ਆਬਾਦੀ ਦਾ ਹਿੱਸਾ 20 ਫ਼ੀਸਦੀ ਤੋਂ ਘਟ ਕੇ 13 ਫ਼ੀਸਦੀ ਰਹਿ ਗਿਆ। ਇਸੇ ਤਰ੍ਹਾਂ ਇਕ ਫ਼ੀਸਦੀ ਅਮੀਰਾਂ ਦੀ ਪ੍ਰਤੀ ਜੀਅ ਅਸਲ ਆਮਦਨ ਇਸ ਅਰਸੇ ਦੌਰਾਨ 6 ਫ਼ੀਸਦੀ ਸਾਲਾਨਾ ਦਰ ਨਾਲ ਵਧੀ, ਦੂਜੇ ਪਾਸੇ ਸਭ ਤੋਂ ਗ਼ਰੀਬ ਹੇਠਲੀ ਅੱਧੀ ਅਬਾਦੀ ਦੀ ਆਮਦਨ ਇਸ ਦੌਰਾਨ ਮਹਿਜ਼ 1.9 ਫ਼ੀਸਦੀ ਦੀ ਦਰ ਨਾਲ ਵਧੀ। ਦੂਜੇ ਲਫ਼ਜ਼ਾਂ ਵਿਚ ਆਖਿਆ ਜਾ ਸਕਦਾ ਹੈ ਕਿ ਹੇਠਲੀ ਸਭ ਤੋਂ ਗ਼ਰੀਬ ਅੱਧੀ ਅਬਾਦੀ ਦੀ ਹਾਲਤ ਨਰਸਿਮਾ ਰਾਓ ਤੇ ਡਾ. ਮਨਮੋਹਨ ਸਿੰਘ ਦੇ 1991 ਦੇ ਆਰਥਿਕ ਸੁਧਾਰਾਂ ਦੇ ਬਾਅਦ ਵਾਲੇ ਦੌਰ ਦੇ ਮੁਕਾਬਲੇ 'ਨਹਿਰੂਵਾਦੀ ਸਮਾਜਵਾਦ' ਦੌਰਾਨ ਕਿਤੇ ਚੰਗੀ ਸੀ।

ਇਸ ਵਧਦੀ ਹੋਈ ਨਾ-ਬਰਾਬਰੀ ਨੇ ਵਪਾਰੀ ਜਾਤ ਭਾਈਚਾਰਿਆਂ ਨੂੰ ਸੱਤਾ ਦੀ ਗੱਦੀ ਉਤੇ ਬਹੁਤ ਮਜ਼ਬੂਤੀ ਨਾਲ ਬਿਠਾ ਦਿੱਤਾ ਪਰ ਇਸ ਮਜ਼ਬੂਤੀ ਨੂੰ ਜਾਰੀ ਰੱਖਣ ਅਤੇ ਮੁੜ ਮੁੜ ਕਾਇਮ ਕਰਨ ਲਈ ਜ਼ਰੂਰੀ ਸੀ ਕਿ ਮਹਿਜ਼ ਕੁਲੀਨ ਵਰਗ ਦੀ ਥਾਂ ਇਕ ਵਿਆਪਕ ਗੱਠਜੋੜ ਕਾਇਮ ਕੀਤਾ ਜਾਂਦਾ। ਬੱਸ ਇਸੇ ਮੌਕੇ ਨਰਿੰਦਰ ਮੋਦੀ ਦੀ ਅਗਵਾਈ ਹੇਠ ਨਵੀਂ ਭਾਜਪਾ ਨੇ ਬਹੁਤ ਅਹਿਮ ਰੋਲ ਅਦਾ ਕੀਤਾ। ਇਸ ਲਈ ਬੁਨਿਆਦ ਬਣਾਉਣ ਦਾ ਕੰਮ ਦੋ ਆਪਸ ਵਿਚ ਜੁੜੀਆਂ ਹੋਈਆਂ ਪ੍ਰਕਿਰਿਆਵਾਂ ਨੇ ਕੀਤਾ।

ਬਾਕੀ ਸਫ਼ਾ 30 'ਤੇ

# ਸਿਆਸਤਦਾਨਾਂ ਦੇ ਝੂਠੇ ਚੋਣ ਵਾਅਦੇ

**ਡਾ. ਸ ਸ ਛੀਨਾ**

ਬਹੁਤ ਸਾਰੇ ਸੁਤੰਤਰਤਾ ਸੈਨਾਨੀਆਂ ਜਿਨ੍ਹਾਂ ਵਿਚ ਭਗਤ ਸਿੰਘ ਮੁੱਖ ਸਨ, ਦੇ ਵਿਚਾਰ ਬਹੁਤ ਵਰਨਣਯੋਗ ਅਤੇ ਮਹੱਤਵਪੂਰਨ ਹਨ। ਉਨ੍ਹਾਂ ਦਾ ਮਕਸਦ ਸਿਰਫ਼ ਅੰਗਰੇਜ਼ਾਂ ਨੂੰ ਬਾਹਰ ਕੱਢਣ ਤੱਕ ਸੀਮਤ ਨਹੀਂ ਸੀ ਸਗੋਂ ਇਹੋ ਜਿਹਾ ਸਮਾਜ ਬਣਾਉਣਾ ਸੀ ਜਿਸ ਵਿਚ ਗ਼ਰੀਬੀ ਤੇ ਥੁੜ ਨਾ ਹੋਵੇ, ਨਾ ਕੋਈ ਦਾਨ ਮੰਗਣ ਵਾਲਾ ਹੋਵੇ ਨਾ ਕੋਈ ਦਾਨ ਦੇਣ ਵਾਲਾ ਹੋਵੇ ਪਰ 1952 ਤੋਂ ਹੁਣ ਤੱਕ ਜਿੰਨੀਆਂ ਵੀ ਚੋਣਾਂ ਹੋਈਆਂ ਹਨ, ਚੋਣਾਂ ਵੇਲੇ ਹਰ ਸਿਆਸੀ ਪਾਰਟੀ ਵੋਟਰਾਂ ਨੂੰ ਲੁਭਾਉਣ ਲਈ ਬਹੁਤ ਸਾਰੇ ਚੋਣ ਵਾਅਦੇ ਕਰਦੀ ਹੈ, ਮਸਲਨ ਰੋਟੀ, ਕੱਪੜਾ ਤੇ ਮਕਾਨ, ਗ਼ਰੀਬੀ ਹਟਾਓ, ਪੂਰਨ ਰੁਜ਼ਗਾਰ, ਮੁਫ਼ਤ ਬਿਜਲੀ ਆਦਿ ਪਰ ਮਜ਼ੇਦਾਰ ਗੱਲ ਇਹ ਹੈ ਕਿ ਹਰ ਚੋਣ 'ਤੇ ਇਨ੍ਹਾਂ ਵਾਅਦਿਆਂ ਦੀ ਮਾਤਰਾ ਅਤੇ ਗਿਣਤੀ ਵੀ ਵਧਦੀ ਗਈ ਪਰ ਇਸ ਨਾਲ ਨਾ ਗ਼ਰੀਬੀ ਦੂਰ ਹੋਈ, ਨਾ ਹੀ ਨਾ-ਬਰਾਬਰੀ ਮੁੱਕੀ ਅਤੇ ਨਾ ਬੇਰੁਜ਼ਗਾਰੀ ਖ਼ਤਮ ਹੋਈ ਸਗੋਂ ਇਨ੍ਹਾਂ ਵਿਚ ਵਾਧਾ ਹੁੰਦਾ ਗਿਆ।

ਆਮਦਨ ਨਾ-ਬਰਾਬਰੀ, ਬੇਰੁਜ਼ਗਾਰੀ ਅਤੇ ਗ਼ਰੀਬੀ, ਤਿੰਨੇ ਤੱਤ ਆਪਸ ਵਿਚ ਗੂੜ੍ਹੀ ਤਰ੍ਹਾਂ ਨਾਲ ਜੁੜੇ ਹੋਏ ਹਨ। ਜਦੋਂ ਬੇਰੁਜ਼ਗਾਰੀ ਹੋਵੇਗੀ, ਉਦੋਂ ਗ਼ਰੀਬੀ ਹੋਵੇਗੀ ਅਤੇ ਇਹ ਦੋਵੇਂ ਆਮਦਨ ਨਾ-ਬਰਾਬਰੀ 'ਤੇ ਆਧਾਰਤ ਹਨ। ਬੇਰੁਜ਼ਗਾਰੀ ਆਪਣੇ ਆਪ ਆਮਦਨ ਨਾ-ਬਰਾਬਰੀ 'ਤੇ ਆਧਾਰਤ ਹੈ। ਬੇਰੁਜ਼ਗਾਰੀ ਦਾ ਸਭ ਤੋਂ ਵੱਡਾ ਕਾਰਨ ਆਮਦਨ ਨਾ-ਬਰਾਬਰੀ ਹੈ। ਜੇ ਇਕ ਤਰਫ਼ ਬਹੁਤ ਵੱਡੀ ਗਿਣਤੀ ਵਿਚ ਗ਼ਰੀਬ ਵਸੋਂ ਹੋਵੇਗੀ ਅਤੇ ਦੂਸਰੀ ਤਰਫ਼ ਥੋੜ੍ਹੀ ਜਿਹੀ ਗਿਣਤੀ ਵਿਚ ਅਮੀਰ ਲੋਕ ਹੋਣਗੇ, ਉਦੋਂ ਮੁਲਕ ਦੀ ਪ੍ਰਭਾਵੀ ਮੰਗ ਘੱਟ ਹੋਵੇਗੀ। ਅਮੀਰ ਲੋਕ ਬਹੁਤ ਸਾਰੇ ਪੈਸੇ ਬਚਾ ਲੈਂਦੇ ਹਨ ਕਿਉਂ ਜੋ ਉਨ੍ਹਾਂ ਦੀਆਂ ਲੋੜਾਂ ਥੋੜ੍ਹੇ ਜਿਹੇ ਪੈਸਿਆਂ ਨਾਲ ਪੂਰੀਆਂ ਹੋ ਜਾਂਦੀਆਂ ਹਨ। ਜਦੋਂ ਸਾਰੇ ਪੈਸੇ ਖ਼ਰਚ ਨਹੀਂ ਹੁੰਦੇ ਤਾਂ ਬਹੁਤ ਸਾਰਾ ਸਾਮਾਨ ਵਿਕਣੋਂ ਰਹਿ ਜਾਂਦਾ ਹੈ ਤੇ ਹੋਰ ਸਾਮਾਨ ਬਣਾਉਣ ਦੀ ਲੋੜ ਨਹੀਂ ਪੈਂਦੀ। ਪਹਿਲਾ ਸਾਮਾਨ ਵੀ ਜਮਾਂ ਹੋਣ ਕਰਕੇ ਕਈ ਕਿਰਤੀਆਂ ਦੀ ਛੁੱਟੀ ਕਰਨੀ ਪੈਂਦੀ ਹੈ ਤੇ ਨਵੇਂ ਕਿਰਤੀ ਲਾਏ ਨਹੀਂ ਜਾਂਦੇ ਜਿਸ ਕਾਰਨ ਰੁਜ਼ਗਾਰ ਦਾ ਪੱਧਰ ਪਹਿਲਾਂ ਤੋਂ ਵੀ ਘਟ ਜਾਂਦਾ ਹੈ ਤੇ ਗ਼ਰੀਬੀ ਪਹਿਲਾਂ ਤੋਂ ਵੀ ਵਧ ਜਾਂਦੀ ਹੈ। ਲੋਕ ਗ਼ਰੀਬ ਹਨ ਕਿਉਂ ਜੋ ਉਨ੍ਹਾਂ ਕੋਲ ਰੁਜ਼ਗਾਰ ਨਹੀਂ। ਰੁਜ਼ਗਾਰ ਇਸ ਕਰਕੇ ਨਹੀਂ ਕਿ ਪਹਿਲੀਆਂ ਵਸਤੂਆਂ ਵੀ ਨਹੀਂ ਵਿਕੀਆਂ ਤੇ ਨਵੀਆਂ ਬਣਾਉਣ ਦੀ ਲੋੜ ਨਹੀਂ। ਇਸ ਲਈ ਰੁਜ਼ਗਾਰ ਨਹੀਂ ਵਧਦਾ, ਗ਼ਰੀਬੀ ਹੋਰ ਵਧਦੀ ਹੈ। ਇਸ ਨਾਲ ਗ਼ਰੀਬੀ ਅਤੇ ਬੇਰੁਜ਼ਗਾਰੀ ਦਾ ਮਾੜਾ ਚੱਕਰ ਚਲਦਾ ਰਹਿੰਦਾ ਹੈ। ਇਹ ਚੱਕਰ ਤੋੜਨ ਲਈ ਲੋੜ ਹੈ ਕਿ ਆਮਦਨ ਨਾ-ਬਰਾਬਰੀ ਘਟਾਈ ਜਾਵੇ ਅਤੇ ਆਮਦਨ ਬਰਾਬਰੀ ਵਧਾਈ ਜਾਵੇ।

ਜਿਨ੍ਹਾਂ ਮੁਲਕਾਂ ਵਿਚ ਆਮਦਨ ਦੀ ਬਰਾਬਰੀ ਹੈ, ਉੱਥੇ ਪੂਰਨ ਰੁਜ਼ਗਾਰ ਹੈ, ਵਿਕਾਸ ਦਰ ਉੱਚੀ ਹੈ ਅਤੇ ਵਿਕਾਸ ਲਗਾਤਾਰ ਚੱਲਣ ਵਾਲਾ ਹੈ। 1929 ਵਿਚ ਜਦੋਂ ਦੁਨੀਆ ਭਰ ਵਿਚ ਮਹਾਂ ਮੰਦੀ ਫੈਲੀ ਸੀ ਤਾਂ ਉਸ ਦਾ ਕਾਰਨ ਮੰਗ ਦੀ ਘਾਟ ਲੱਭਿਆ ਗਿਆ ਸੀ। ਉਸ ਵਕਤ ਦਿਨੋ-ਦਿਨ ਮੰਗ ਘਟ ਰਹੀ ਸੀ ਜਿਸ ਕਰਕੇ ਰੁਜ਼ਗਾਰ ਘਟ ਰਿਹਾ ਸੀ ਅਤੇ ਉਹ ਮੰਦੀ ਸਾਰੀ ਦੁਨੀਆ ਵਿਚ ਫੈਲੀ ਹੋਈ ਸੀ। ਉਸ ਵਕਤ ਜਦੋਂ ਇਸ ਦਾ ਹੱਲ ਪ੍ਰਸਿੱਧ ਅਰਥਸ਼ਾਸਤਰੀ ਜੇਮਸ ਕੇਨਜ਼ ਨੇ ਲੱਭਿਆ ਤਾਂ ਉਹ ਇਹੋ ਸੀ ਕਿ ਆਮ ਲੋਕਾਂ ਦੀ ਖ਼ਰੀਦ ਸ਼ਕਤੀ ਵਧਾਈ ਜਾਵੇ। ਵਸਤੂਆਂ ਕਰਜ਼ੇ ਨਾਲ ਕਿਸ਼ਤਾਂ ਵਿਚ ਦੇ ਕੇ ਜਾਂ ਸਰਕਾਰ ਵੱਲੋਂ ਜਨਤਕ ਕੰਮ ਆਪ ਸ਼ੁਰੂ ਕਰਕੇ ਲੋਕਾਂ ਨੂੰ ਉਜਰਤਾਂ ਦਿੱਤੀਆਂ ਜਾਣ ਜਿਸ ਨਾਲ ਉਨ੍ਹਾਂ ਦੀ ਆਮਦਨ ਵਧੇ ਅਤੇ ਉਨ੍ਹਾਂ ਦੀ ਖ਼ਰੀਦ ਸ਼ਕਤੀ ਵਧਣ ਨਾਲ ਹੋਰ ਮੰਗ ਪੈਦਾ ਹੋਵੇ, ਹੋਰ ਰੁਜ਼ਗਾਰ ਦੀ ਲੋੜ ਪੈਦਾ ਹੋਵੇ; ਠੀਕ ਇਸ ਤਰ੍ਹਾਂ ਹੀ ਮਹਾਂ-ਮੰਦੀ ਦੂਰ ਕੀਤੀ ਗਈ।

ਉਸ ਵਕਤ ਦੁਨੀਆ ਦਾ ਇਕ ਹੀ ਮੁਲਕ ਸੋਵੀਅਤ ਯੂਨੀਅਨ ਸੀ ਜਿੱਥੇ ਨਾ ਮੰਗ ਘਟੀ ਸੀ, ਨਾ ਬੇਰੁਜ਼ਗਾਰੀ ਫੈਲੀ ਸੀ। ਉਸ ਮੰਦੀ ਤੋਂ ਸਬਕ ਲੈਂਦੇ ਹੋਏ ਦੁਨੀਆ ਦੇ ਪੂੰਜੀਪਤੀ ਮੁਲਕਾਂ ਨੇ ਵੀ ਆਮਦਨ ਬਰਾਬਰੀ ਨੂੰ ਲਗਾਤਾਰ ਵਿਕਾਸ ਦਾ ਹੱਲ ਮੰਨ ਲਿਆ। ਇਹੋ ਵਜ੍ਹਾ ਹੈ ਕਿ ਉਨ੍ਹਾਂ ਮੁਲਕਾਂ ਵਿਚ ਟੈਕਸ ਪ੍ਰਣਾਲੀ ਨਾਲ ਆਮਦਨ ਬਰਾਬਰੀ ਪੈਦਾ ਕੀਤੀ ਗਈ। ਬੇਰੁਜ਼ਗਾਰੀ ਸਮੇਂ ਬੇਰੁਜ਼ਗਾਰੀ ਭੱਤਾ ਦੇ ਕੇ ਆਮਦਨ ਬਣਾਈ ਰੱਖਣ ਦੀ ਵਿਵਸਥਾ ਬਣਾਈ ਜਿਸ ਨਾਲ ਇਕ ਤਾਂ ਕੀਮਤਾਂ ਵਿਚ ਕਮੀ ਨਾ ਹੋਈ, ਨਾ ਮੰਗ ਘਟੀ, ਜਦੋਂ ਮੰਗ ਨਾ ਘਟੀ ਤਾਂ ਰੁਜ਼ਗਾਰ ਬਣਿਆ ਰਿਹਾ।

ਭਾਰਤ ਦੀ ਸੁਤੰਤਰਤਾ ਤੋਂ ਬਾਅਦ ਆਮਦਨ ਬਰਾਬਰੀ ਪੈਦਾ ਕਰਨ ਦੇ ਕਈ ਢੰਗ ਵਰਤੇ ਗਏ। ਭਾਰਤ ਦੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਸਮਾਜਵਾਦੀ ਸਮਾਜਿਕ ਢਾਂਚਾ ਕਾਇਮ ਕਰਨ ਦੀ ਗੱਲ ਕੀਤੀ ਗਈ। ਜਨਤਕ ਉੱਦਮ ਜਾਂ ਕਾਰੋਬਾਰ ਸ਼ੁਰੂ ਕੀਤੇ ਜਿਨ੍ਹਾਂ ਨਾਲ ਜਿੱਥੇ ਰੁਜ਼ਗਾਰ ਵਿਚ ਵਾਧਾ ਕੀਤਾ ਗਿਆ, ਉੱਥੇ ਸਮਾਜਿਕ ਸੁਰੱਖਿਆ ਵਧਾਈ ਗਈ ਪਰ ਦੇਖਣ ਵਿਚ ਇਹ ਆਇਆ ਕਿ ਆਮਦਨ ਨਾ-ਬਰਾਬਰੀ ਲਗਾਤਾਰ ਵਧਦੀ ਗਈ। ਇਕ ਰਿਪੋਰਟ ਅਨੁਸਾਰ 1939-40 ਵਿਚ ਭਾਰਤ ਦੀ ਇਕ ਫ਼ੀਸਦੀ ਆਬਾਦੀ ਕੋਲ ਮੁਲਕ ਦੇ ਧਨ ਦਾ 20.7 ਫ਼ੀਸਦੀ ਹਿੱਸਾ ਸੀ ਜੋ ਵੱਡੀ ਨਾ-ਬਰਾਬਰੀ ਪ੍ਰਗਟ ਕਰਦਾ ਸੀ ਪਰ ਉਸ ਤੋਂ ਬਾਅਦ ਨਾ-ਬਰਾਬਰੀ ਘਟੀ ਨਹੀਂ ਸਗੋਂ ਵਧੀ ਹੈ ਕਿਉਂ ਜੋ ਅੱਜਕੱਲ ਇਕ ਫ਼ੀਸਦੀ ਵਸੋਂ ਕੋਲ ਮੁਲਕ ਦੇ ਕੁੱਲ ਧਨ ਦਾ 58.4 ਫ਼ੀਸਦੀ ਹਿੱਸਾ ਹੈ ਅਤੇ 10 ਫ਼ੀਸਦੀ ਅਮੀਰ ਲੋਕਾਂ ਕੋਲ ਮੁਲਕ ਦਾ 80.7 ਫ਼ੀਸਦੀ ਧਨ ਹੈ। 2017 ਵਿਚ ਮੁਲਕ ਦੇ ਇਕ ਫ਼ੀਸਦੀ ਲੋਕਾਂ ਦਾ ਧਨ 73 ਫ਼ੀਸਦੀ ਵਧਿਆ ਜਦੋਂਕਿ 6.7 ਕਰੋੜ ਲੋਕ ਜਿਨ੍ਹਾਂ ਵਿਚ ਮੁਲਕ ਦੀ ਗ਼ਰੀਬ ਵਸੋਂ ਹੈ, ਉਸ ਦਾ ਧਨ ਸਿਰਫ਼ 1 ਫ਼ੀਸਦੀ ਵਧਿਆ। ਵਰਤਮਾਨ ਪ੍ਰਣਾਲੀ ਵਿਚ ਧਨ ਅਤੇ ਆਮਦਨ ਨਾ-ਬਰਾਬਰੀ ਲਗਾਤਾਰ ਵਧ ਰਹੀ ਹੈ ਜਿਹੜੀ ਗ਼ਰੀਬੀ ਅਤੇ ਬੇਰੁਜ਼ਗਾਰੀ ਦਾ ਵੱਡਾ ਕਾਰਨ ਹੈ। ਇਹੋ ਵਜ੍ਹਾ ਹੈ ਕਿ ਹਰ ਚੋਣ ਸਮੇਂ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਜਿਹੜੇ ਚੋਣ ਵਾਅਦੇ ਕੀਤੇ ਜਾਂਦੇ ਹਨ, ਉਨ੍ਹਾਂ ਵਿਚੋਂ ਜ਼ਿਆਦਾ ਰੁਜ਼ਗਾਰ ਵਧਾਓ, ਗ਼ਰੀਬੀ ਹਟਾਓ ਆਦਿ ਨਾਲ ਸਬੰਧਤ ਹੁੰਦੇ ਹਨ।

ਸੁਤੰਤਰਤਾ ਸਮੇਂ ਮੁਲਕ ਦੀ 75 ਫ਼ੀਸਦੀ ਆਬਾਦੀ ਦਾ ਮੁੱਖ ਪੇਸ਼ਾ ਖੇਤੀਬਾੜੀ ਸੀ ਪਰ ਖੇਤਾਂ ਵਿਚ ਜ਼ਿਮੀਂਦਾਰੀ ਪ੍ਰਣਾਲੀ ਸੀ। ਇਕ ਤਰਫ਼ ਉਹ ਜ਼ਿਮੀਂਦਾਰ ਸਨ ਜਿਨ੍ਹਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਸੀ ਅਤੇ ਦੂਸਰੀ ਤਰਫ਼ ਉਹ ਮੁਜਾਰੇ ਸਨ ਜਿਨ੍ਹਾਂ ਨੂੰ ਕਿਸੇ ਵੇਲੇ ਵੀ ਜ਼ਮੀਨ ਦੀ ਕਾਸ਼ਤ ਤੋਂ ਵੱਖ ਕੀਤਾ ਜਾ ਸਕਦਾ ਸੀ। ਖੇਤੀ ਖੇਤਰ ਵਿਚ ਵੱਡੀ ਨਾ-ਬਰਾਬਰੀ ਸੀ। ਇਸ ਕਾਰਨ ਖੇਤੀ ਸੁਧਾਰਾਂ ਵਿਚ ਜ਼ਿਮੀਂਦਾਰੀ ਪ੍ਰਣਾਲੀ ਖ਼ਤਮ ਕਰ ਦਿੱਤੀ ਗਈ ਤੇ ਜ਼ਮੀਨ ਦੀ ਉਪਰਲੀ ਸੀਮਾ ਨਿਸ਼ਚਿਤ ਕੀਤੀ ਗਈ ਜਿਸ ਦਾ ਉਦੇਸ਼ ਭਾਵੇਂ ਖੇਤੀ ਵਾਲੀ ਭੂਮੀ ਦੀ ਚੰਗੀ ਵਰਤੋਂ ਸੀ ਪਰ ਉਸ ਦਾ ਮਕਸਦ ਧਨ ਅਤੇ ਆਮਦਨ ਬਰਾਬਰੀ ਵੀ ਸੀ। ਕੀ ਇਸ ਨਾਲ ਇਸ ਖੇਤਰ ਵਿਚ ਬਰਾਬਰੀ ਪੈਦਾ ਹੋਈ ? ਬਿਲਕੁਲ ਨਹੀਂ। ਪੰਜਾਬ ਵਿਚ 33 ਫ਼ੀਸਦੀ ਜੋਤਾਂ ਉਹ ਹਨ ਜਿਨ੍ਹਾਂ ਕੋਲ 5 ਏਕੜ ਤੋਂ ਘੱਟ ਭੂਮੀ ਹੈ ਅਤੇ ਉਨ੍ਹਾਂ ਦਾ ਗੁਜ਼ਾਰਾ ਵੀ ਮੁਸ਼ਕਿਲ ਹੁੰਦਾ ਹੈ; ਉਨ੍ਹਾਂ ਕੋਲ ਪੰਜਾਬ ਦੇ ਕੁੱਲ ਖੇਤਰ ਦਾ ਸਿਰਫ਼ 2.36 ਫ਼ੀਸਦੀ ਖੇਤਰ ਹੈ। ਦੂਸਰੀ ਤਰਫ਼ 26 ਏਕੜ ਤੋਂ ਵੱਡੇ ਕਿਸਾਨਾਂ ਦੀ ਗਿਣਤੀ ਸਿਰਫ਼ 5.28 ਫ਼ੀਸਦੀ ਹੈ ਤੇ ਉਨ੍ਹਾਂ ਕੋਲ ਪੰਜਾਬ ਦੇ ਖੇਤਰ ਦਾ 21.68 ਫ਼ੀਸਦੀ ਖੇਤਰ ਹੈ। ਇਸ ਤਰ੍ਹਾਂ ਹੀ ਹੋਰ ਪ੍ਰਾਂਤਾਂ ਦੇ ਹਾਲਾਤ ਹਨ। ਇਸ ਦਾ ਅਰਥ ਹੈ ਕਿ ਭੂਮੀ ਦੀ ਉਪਰਲੀ ਸੀਮਾ ਵੀ ਲੋੜੀਂਦੇ ਸਿੱਟੇ ਨਾ ਦੇ ਸਕੀ।

ਜਦੋਂ ਖੇਤੀ ਵਾਲੀ ਭੂਮੀ 'ਤੇ ਉਪਰਲੀ ਸੀਮਾ ਲਾਈ ਸੀ ਤਾਂ ਬਹੁਤ ਸਾਰੇ ਨੀਤੀਵਾਨਾਂ ਨੇ ਸੁਝਾਅ ਦਿੱਤਾ ਸੀ ਕਿ ਸ਼ਹਿਰੀ ਜਾਇਦਾਦ 'ਤੇ ਵੀ ਉਪਰਲੀ ਸੀਮਾ ਲਾਈ ਜਾਵੇ ਪਰ ਇਸ ਨੂੰ ਇਸ ਕਰਕੇ ਰੱਦ ਕਰ ਦਿੱਤਾ ਕਿ ਇਸ ਨਾਲ ਉਦਯੋਗਿਕ ਵਿਕਾਸ 'ਤੇ ਮਾੜੇ ਪ੍ਰਭਾਵ ਪੈਣਗੇ ਜਦਕਿ ਹੋਇਆ ਇਹ ਕਿ ਵੱਡੇ ਵੱਡੇ ਉਦਯੋਗਪਤੀਆਂ ਅਤੇ ਵਪਾਰੀਆਂ ਨੇ ਏਕੜਾਂ ਵਿਚ ਆਪਣੇ ਘਰ ਉਸਾਰ ਲਏ ਜਦੋਂਕਿ ਜ਼ਿਆਦਾਤਰ ਪਰਿਵਾਰ 100 ਗਜ਼ ਦੇ ਫਲੈਟ ਵਿਚ ਰਹਿ ਰਹੇ ਹਨ। ਕਰੀਬ 8 ਕਰੋੜ ਉਹ ਲੋਕ ਹਨ ਜਿਨ੍ਹਾਂ ਕੋਲ ਆਪਣਾ ਘਰ ਹੀ ਨਹੀਂ ਅਤੇ ਉਹ ਸੜਕਾਂ 'ਤੇ ਸੌਣ ਲਈ ਮਜਬੂਰ ਹਨ ਅਤੇ ਉਨ੍ਹਾਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ। ਮੁਲਕ ਵਿਚ 3 ਕਰੋੜ ਬੱਚੇ ਮਜ਼ਦੂਰੀ ਕਰਨ ਲਈ ਮਜਬੂਰ ਹਨ ਭਾਵੇਂ ਬਾਲ ਮਜ਼ਦੂਰੀ ਜੁਰਮ ਹੈ। ਇਹ ਸਭ ਆਮਦਨ ਨਾ-ਬਰਾਬਰੀ ਦਾ ਸਿੱਟਾ ਹੈ।

ਹੁਣ ਲੋੜ ਉਸ ਆਰਥਿਕ ਪ੍ਰਣਾਲੀ ਦੀ ਹੈ ਜਿਹੜੀ ਆਮਦਨ ਬਰਾਬਰੀ ਨੂੰ ਯਕੀਨੀ ਬਣਾਏ। ਚੋਣਾਂ ਵਿਚ ਕੀਤੇ ਵਾਅਦੇ ਜਾਂ ਮੁਫ਼ਤ ਤੋਹਫੇ. ਫਿਰ ਉਨ੍ਹਾਂ ਲੋਕਾਂ 'ਤੇ ਹੀ ਬੋਝ ਹਨ ਕਿਉਂ ਜੋ ਆਮਦਨ ਟੈਕਸ ਦੇਣ ਵਾਲੇ ਤਾਂ ਬਹੁਤ ਘੱਟ ਹਨ ਪਰ ਵਿਕਰੀ ਕਰ ਜਿਹੜਾ ਝੁੱਗੀ ਵਿਚ ਰਹਿਣ ਵਾਲੇ ਤੋਂ ਲੈ ਕੇ ਹਰ ਇਕ ਨੂੰ ਦੇਣਾ ਪੈਂਦਾ ਹੈ, ਉਹ ਕਿਸੇ ਵੀ ਸਰਕਾਰ ਦੇ ਮੰਤਰੀਆਂ ਵੱਲੋਂ ਨਹੀਂ ਦਿੱਤਾ ਜਾਣਾ, ਉਹ ਜਨਤਾ ਨੂੰ ਹੀ ਦੇਣਾ ਪੈਂਦਾ ਹੈ। ਜੇ ਇਸ ਤਰ੍ਹਾਂ ਚਲਦਾ ਰਿਹਾ ਤਾਂ ਹਰ ਚੋਣ ਵਿਚ ਵਾਅਦੇ ਵੀ ਵਧਦੇ ਜਾਣਗੇ ਅਤੇ ਗ਼ਰੀਬੀ, ਬੇਰੁਜ਼ਗਾਰੀ ਅਤੇ ਨਾ-ਬਰਾਬਰੀ ਵੀ ਵਧਦੀ ਜਾਵੇਗੀ ਕਿਉਂ ਜੋ ਸਿਰਫ਼ ਆਮਦਨ ਬਰਾਬਰੀ ਹੀ ਇਨ੍ਹਾਂ ਮੁਸ਼ਕਿਲਾਂ ਦਾ ਸਾਰਥਿਕ ਹੱਲ ਹੈ।

# ਫਿਰਕੂ ਰਾਸ਼ਟਰਵਾਦੀ ਸਮਾਜ ਲਈ ਖਤਰਾ

**ਜਸਵੀਰ ਸ਼ੀਰੀਂ**

ਭਾਰਤ ਪਾਕਿਸਤਾਨ ਦੇ ਕ੍ਰਿਕਟ ਮੈਚ ਮਗਰੋਂ ਪਾਕਿਸਤਾਨੀ ਜਿੱਤ ਦੀ ਖ਼ੁਸ਼ੀ ਮਨਾਉਣ ਦੇ ਦੋਸ਼ ਹੇਠ ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਅੰਦਰ ਘੱਟੋ-ਘੱਟ 14 ਜਣਿਆਂ ਖਿਲਾਫ਼ ਦੇਸ਼-ਧ੍ਰੋਹ, ਦਹਿਸ਼ਤਗਰਦੀ, ਸਾਈਬਰ ਦਹਿਸ਼ਤਗਰਦੀ, ਵੱਖ ਵੱਖ ਭਾਈਚਾਰਿਆਂ ਵਿਚ ਨਫ਼ਰਤ ਭੜਕਾਉਣ, ਸਟੇਟ/ਰਿਆਸਤ ਖ਼ਿਲਾਫ਼ ਜੁਰਮ ਨੂੰ ਉਤਸ਼ਾਹਤ ਕਰਨ ਆਦਿ ਸੰਗੀਨ ਧਾਰਾਵਾਂ ਹੇਠ ਕੇਸ ਦਰਜ ਕੀਤੇ ਗਏ। ਇਨਾਂ ਵਿਚੋਂ ਦੇਸ਼-ਧ੍ਰੋਹ ਵਰਗੀਆਂ ਧਾਰਾਵਾਂ ਅਜਿਹੀਆਂ ਹਨ ਜਿਨਾਂ ਵਿਚ ਉਮਰ ਕੈਦ ਤਕ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਇਨਾਂ ਕੇਸਾਂ ਦੇ ਨਾਲ ਨਾਲ ਸਬੰਧਤ ਵਿਦਿਆਰਥੀਆਂ ਨੂੰ ਉਨਾਂ ਦੇ ਵਿਦਿਅਕ ਅਦਾਰਿਆਂ ਵਿਚੋਂ ਅਤੇ ਇਕ ਅਧਿਆਪਕਾ ਨੂੰ ਉਸ ਦੇ ਸਕੂਲ ਵਿਚੋਂ ਕੱਢ ਦਿੱਤਾ ਗਿਆ ਹੈ। ਗੁਆਂਢੀ ਮੁਲਕ ਜੋ ਸਾਡੇ ਮੁਲਕ ਦਾ ਅੰਗ ਰਿਹਾ ਹੈ, ਦੀ ਜਿੱਤ ਦੇ ਜਸ਼ਨ ਮਨਾਉਣ ਨੂੰ ਕੌਮ ਖ਼ਿਲਾਫ਼ ਮੰਦ ਭਾਵਨਾ ਦਾ ਕਾਫੀ ਸਬੂਤ ਸਮਝਿਆ ਗਿਆ ਹੈ।

ਹਕੂਮਤ ਦੇ ਇਸ ਪ੍ਰਤੀਕਰਮ ਤੋਂ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਹੁਣ ਇਸ ਮੁਲਕ ਅੰਦਰ ਜੰਗ ਹੀ ਨਹੀਂ, ਖੇਡ ਦੌਰਾਨ ਵੀ ਕਿਸੇ ਮੁਲਕ ਦਾ ਪੱਖ ਨਹੀਂ ਲਿਆ ਜਾ ਸਕਦਾ ਕਿ ਕਿਸੇ ਹੋਰ ਮੁਲਕ ਦੀ ਪ੍ਰਸ਼ੰਸਾ ਕਰਨ ਦਾ ਅਰਥ ਆਪਣੇ ਮੁਲਕ ਨੂੰ ਨਿੰਦਣਾ ਬਣਦਾ ਹੈ ਕਿ ਕਿਸੇ ਮੁਲਕ ਦੀ ਹਕੂਮਤ ਨਾਲ ਕੁਝ ਮੁੱਦਿਆਂ ਉਪਰ ਟਕਰਾਅ ਹੋਣ ਦਾ ਮਤਲਬ ਉੱਥੋਂ ਦੇ ਸਾਧਾਰਨ ਲੋਕਾਂ ਨਾਲ ਸਾਰੇ ਮੁੱਦਿਆਂ ਉਪਰ ਹੀ ਟਕਰਾਅ ਹੁੰਦਾ ਹੈ ਤੇ ਉਸ ਮੁਲਕ ਦੇ ਸਾਰੇ ਹੀ ਲੋਕ ਨਫ਼ਰਤ ਤੇ ਗੁੱਸੇ ਦੇ ਪਾਤਰ ਹੁੰਦੇ ਹਨ। ਇਸ ਤੋਂ ਪਹਿਲਾਂ ਫਰਵਰੀ 2020 ਵਿਚ ਅਮੁੱਲਿਆ ਲਿਓਨ ਨਾਂ ਦੀ ਲੜਕੀ ਨੇ ਜਦ ਭਾਰਤ, ਪਾਕਿਸਤਾਨ, ਬੰਗਲਾਦੇਸ਼ ਸਮੇਤ ਸਾਰੇ ਮੁਲਕਾਂ ਲਈ ਜਿੰਦਾਬਾਦ ਦੇ ਨਾਅਰੇ ਲਗਾਉਣ ਦੀ ਕੋਸ਼ਿਸ਼ ਕੀਤੀ ਸੀ ਤਾਂ ਉਸ ਦੀ ਇਸ ਉੱਚੀ ਸੁੱਚੀ ਭਾਵਨਾ ਨੂੰ ਦੇਸ਼ਧ੍ਰੋਹ ਦੇ ਕੇਸ ਨਾਲ ਨਵਾਜਿਆ ਗਿਆ ਸੀ। ਬੀਤੇ ਦਹਾਕੇ ਦੌਰਾਨ ਦਰਜ ਕੀਤੇ ਦੇਸ਼ਧ੍ਰੋਹ ਦੇ 405 ਕੇਸਾਂ ਵਿਚੋਂ 96 ਫੀਸਦੀ ਮੋਦੀ ਹਕੂਮਤ ਦੇ ਸੱਤਾ ਵਿਚ ਆਉਣ ਤੋਂ ਬਾਅਦ ਦਰਜ ਕੀਤੇ ਗਏ ਹਨ।

ਹਕੀਕਤ ਵਿਚ ਹਕੂਮਤ ਦੇ ਅਜਿਹੇ ਕਦਮਾਂ ਰਾਹੀਂ ਲੋਕ ਮਨਾਂ ਵਿਚ ਜੋ ਚੀਜ਼ ਪੈਦਾ ਕਰਨ ਦੀ ਕੋਸਿ.ਸ਼ ਕੀਤੀ ਜਾ ਰਹੀ ਹੈ, ਉਹ ਦੇਸ਼ ਪਿਆਰ ਨਹੀਂ ਸਗੋਂ ਹਕੂਮਤੀ ਦਹਿਸ਼ਤ ਹੈ।



ਹੁਣ ਦਿਖਾਇਆ ਗਿਆ ਹਕੂਮਤੀ ਪ੍ਰਤੀਕਰਮ ਕੇਂਦਰੀ ਹਕੂਮਤ ਦੀ ਨੀਤੀ-ਪਹੁੰਚ ਦਾ ਝਲਕਾਰਾ ਹੈ। ਇਹ ਨੀਤੀ ਕੌਮੀ ਅਤੇ ਫਿਰਕੂ ਸ਼ਾਵਨਵਾਦ ਦੇ ਹਥਿਆਰਾਂ ਦੀ ਵਰਤੋਂ ਨਾਲ ਲੋਕ ਮਨਾਂ ਅੰਦਰ ਦਾਬੇ ਅਤੇ ਦਹਿਸ਼ਤ ਦਾ ਸੰਚਾਰ ਕਰਨ ਦੀ ਨੀਤੀ ਹੈ। ਕਿਸੇ ਵੀ ਕਿਸਮ ਦਾ ਦਾਬਾ ਅਤੇ ਦਹਿਸ਼ਤ ਤਾਨਾਸ਼ਾਹੀ ਅਤੇ ਲੋਕ ਵਿਰੋਧੀ ਹਕੂਮਤਾਂ ਦਾ ਹਥਿਆਰ ਹੁੰਦਾ ਹੈ। ਕਿਸੇ ਖਰੀ ਜਮਹੂਰੀਅਤ ਵਿਚ ਇਨਾਂ ਦੀ ਕੋਈ ਥਾਂ ਨਹੀਂ ਹੁੰਦੀ। ਇਸ ਨੀਤੀ ਦੀ ਲੋੜ ਉਨਾਂ ਹਕੂਮਤਾਂ ਨੂੰ ਹੀ ਪੈਂਦੀ ਹੈ ਜਿਨਾਂ ਨੇ ਲੋਕ ਹਿਤਾਂ ਤੋਂ ਉਲਟ ਕਦਮ ਚੁੱਕਣੇ ਹੋਣ ਅਤੇ ਲੋਕ ਰੋਹ ਨਾਲ ਨਜਿੱਠਣਾ ਉਨਾਂ ਦੀ ਸਮੱਸਿਆ ਹੋਵੇ। ਪ੍ਰਸਿੱਧ ਲੇਖਕ ਨੈਓਮੀ ਕਲੇਨ ਦੀ ਰਚਨਾ 'ਸਦਮਾ ਸਿਧਾਂਤ' ਵੀ ਹਕੂਮਤਾਂ ਦੀ ਇਸੇ ਨੀਤੀ ਦੀ ਵਿਆਖਿਆ ਹੈ।

ਦਹਾਕਿਆਂ ਤੋਂ ਚਲ ਰਿਹਾ ਆਰਥਿਕ ਹੱਲਾ ਅਤੇ ਸਾਮਰਾਜੀ ਲੁੱਟ ਹੁਣ ਮੌਜੂਦਾ ਹਕੂਮਤ ਸਮੇਂ ਨਵੇਂ ਮੁਕਾਮ ਹਾਸਲ ਕਰ ਰਿਹਾ ਹੈ। ਲੋਕ ਵਿਰੋਧੀ ਕਦਮ ਬਰਕਰਾਰ ਰੱਖਣ ਲਈ ਦਾਬੇ ਅਤੇ ਦਹਿਸ਼ਤ ਦੀ ਨੀਤੀ ਦੀ ਵਰਤੋਂ ਹਕੂਮਤ ਦੀ ਅਣਸਰਦੀ ਲੋੜ ਹੈ। ਮੌਜੂਦਾ ਹਕੂਮਤ ਦਾ 'ਰਾਸ਼ਟਰਵਾਦ' ਦਾ ਸੰਕਲਪ ਵੀ ਇਸੇ ਲੋੜ ਦੀ ਉਪਜ ਹੈ। ਹਕੀਕਤ ਵਿਚ ਇਹ ਨਾ ਸਿਰਫ਼ ਅੰਨਾ ਕੌਮੀ ਸ਼ਾਵਨਵਾਦ ਹੈ ਬਲਕਿ ਇਹ ਫਿਰਕੂ ਸਿਆਸਤ ਨਾਲ ਵੀ ਗੁੰਦਿਆ ਹੋਇਆ ਹੈ। ਗੁਆਂਢੀ ਮੁਲਕ ਪਾਕਿਸਤਾਨ ਤੋਂ ਖਤਰੇ ਦਾ ਬਿਰਤਾਂਤ ਇਸ ਰਾਸ਼ਟਰਵਾਦ ਦਾ ਖਾਸ ਸਹਾਰਾ ਹੈ। ਇਸ ਲਈ ਭਾਰਤ ਦੀ ਘੱਟ ਗਿਣਤੀ ਮੁਸਲਿਮ ਆਬਾਦੀ ਸਦਾ ਇਸ ਰਾਸ਼ਟਰਵਾਦ ਦੇ ਨਿਸ਼ਾਨੇ ਤੇ ਰਹਿੰਦੀ ਹੈ। ਇਸ ਆਬਾਦੀ ਨੂੰ ਪਾਕਿਸਤਾਨੀ, ਅਤਿਵਾਦੀ, ਫੁੱਟਪਾਊ ਆਦਿ ਲਕਬਾਂ ਨਾਲ ਨਵਾਜਣਾ ਬਹੁਤ ਸੌਖਾ ਹੈ। ਇਨਾਂ ਦੀ ਦੇਸ਼ਭਗਤੀ ਅਕਸਰ ਸ਼ੱਕ ਦੇ ਘੇਰੇ ਵਿਚ ਖੜੀ ਕਰ ਦਿੱਤੀ ਜਾਂਦੀ ਹੈ। ਇਨਾਂ ਇਲਜ਼ਾਮਾਂ ਤੋਂ ਬਚਣ ਲਈ ਕਿਸੇ ਵੀ ਹੱਕੀ ਮਸਲੇ ਉੱਪਰ ਆਵਾਜ਼ ਉਠਾਉਣ ਵੇਲੇ ਇਸ ਅਬਾਦੀ ਲਈ ਆਪਣੀ ਦੇਸ਼ ਭਗਤੀ ਦੇ ਸਬੂਤ ਵੀ ਨਾਲੋ ਨਾਲ ਉਭਾਰਨ ਦੀ ਮਜਬੂਰੀ ਖੜੀ ਰਹਿੰਦੀ ਹੈ।

ਇਸ ਮਾਮਲੇ ਨੂੰ ਗੁੰਝਲਦਾਰ ਕਰਦਾ ਇਕ ਹੋਰ ਪਹਿਲੂ ਇਸ ਸਾਰੇ ਵਿਹਾਰ ਨਾਲ ਇੱਥੋਂ ਦੀ ਮੁਸਲਿਮ ਆਬਾਦੀ, ਖ਼ਾਸਕਰ ਕਸ਼ਮੀਰੀ ਵਸੋਂ ਅੰਦਰ ਪੈਦਾ ਹੋਈ ਬੇਗਾਨਗੀ ਦੀ ਭਾਵਨਾ ਹੈ। ਕਸ਼ਮੀਰੀ ਲੋਕਾਂ ਦੀ ਜਮਹੂਰੀ ਰਜ਼ਾ ਨੂੰ ਫੌਜੀ ਤਾਕਤ ਦੇ ਜ਼ੋਰ ਕੁਚਲਣ ਦੀ ਭਾਰਤੀ ਹਕੂਮਤ ਦੀ ਨੀਤੀ ਨੇ ਕਸ਼ਮੀਰੀਆਂ ਨੂੰ ਭਾਰਤ ਤੋਂ ਦੂਰ ਧੱਕਿਆ ਹੈ। ਗ਼ੈਰ ਜਮਹੂਰੀ ਅਤੇ ਗ਼ੈਰ ਸੰਵਿਧਾਨਕ ਤਰੀਕੇ ਨਾਲ ਧਾਰਾ 370 ਖ਼ਤਮ ਕਰਨ ਨੇ ਰਹੀ ਸਹੀ ਕਸਰ ਵੀ ਪੂਰੀ ਕਰ ਦਿੱਤੀ ਹੈ। ਮੁਲਕ ਵਿਚ ਹੋਰ ਥਾਈਂ ਮੁਸਲਿਮ ਵਸੋਂ ਵੱਲੋਂ ਮਹਿਸੂਸ ਕੀਤਾ ਜਾਂਦਾ ਅਸੁਰੱਖਿਆ ਦਾ ਪਰਛਾਵਾਂ ਪਿਛਲੇ ਅਰਸੇ ਅੰਦਰ ਤੇਜ਼ ਹੋਈਆਂ ਹਜੂਮੀ ਹਿੰਸਾ ਦੀਆਂ ਘਟਨਾਵਾਂ ਅਤੇ ਇਸ ਹਿੰਸਾ ਦੇ ਮੁਜਰਮਾਂ ਨੂੰ ਮਿਲਦੀ ਰਹੀ ਪੁਸ਼ਤਪਨਾਹੀ ਨੇ ਗੂੜਾ ਕੀਤਾ ਹੈ। ਨਾਗਰਿਕਤਾ ਸੋਧ ਕਾਨੂੰਨ ਲਾਗੂ ਕੀਤੇ ਜਾਣ ਅਤੇ ਇਸ ਨੂੰ ਲਾਗੂ ਕਰਨ ਲਈ ਝੁਲਾਏ ਹਿੰਸਾ ਦੇ ਝੱਖੜ ਤੋਂ ਬਾਅਦ ਅਸੁਰੱਖਿਆ ਦੀ ਇਹ ਭਾਵਨਾ ਹੋਰ ਪ੍ਰਬਲ ਹੋਈ ਹੈ ਪਰ ਅਸੁਰੱਖਿਆ ਦੀ ਇਸ ਭਾਵਨਾ ਅਤੇ ਇਸ ਵਿਚੋਂ ਉੱਠਦੇ ਇਜ਼ਹਾਰਾਂ ਨਾਲ ਨਜਿੱਠਣ ਦਾ ਰਾਹ ਹਕੂਮਤੀ ਡੰਡੇ ਦੀ ਵਰਤੋਂ ਦਾ ਰਾਹ ਨਹੀਂ ਹੈ ਬਲਕਿ ਅਜਿਹਾ ਮਾਹੌਲ ਸਿਰਜਣ ਦਾ ਰਾਹ ਹੈ ਜਿਸ ਵਿਚ ਪੈਰ ਪੈਰ ਤੇ ਮੁਲਕ ਪ੍ਰਤੀ ਉਨਾਂ ਦੀ ਵਫ਼ਾਦਾਰੀ ਸ਼ੱਕ ਦੇ ਘੇਰੇ ਵਿਚ ਨਾ ਆਵੇ, ਮਹਿਜ਼ ਆਪਣੀ ਪਛਾਣ ਕਰਕੇ ਉਨਾਂ ਦੀ ਖੱਜਲ ਖੁਆਰੀ ਹੋਣੀ ਬੰਦ ਹੋਵੇ, ਘੱਟ ਗਿਣਤੀਆਂ ਖਿਲਾਫ਼ ਸੇਧਤ ਕਾਨੂੰਨ ਵਾਪਸ ਲਏ ਜਾਣ ਤੇ ਸਭ ਤੋਂ ਵਧ ਕੇ ਹਜੂਮੀ ਹਿੰਸਾ ਵਰਗੀਆਂ ਘਟਨਾਵਾਂ ਨੂੰ ਸਖ਼ਤੀ ਨਾਲ ਨੱਥ ਪਾਈ ਜਾਵੇ।

ਗੁਆਂਢੀ ਮੁਲਕਾਂ ਨਾਲ ਦੁਸ਼ਮਣੀ ਨੂੰ ਹਵਾ ਦੇ ਕੇ ਅਤੇ ਆਪਣੀ ਹੀ ਆਬਾਦੀ ਦੇ ਇੱਕ ਹਿੱਸੇ ਨੂੰ ਨਿਸ਼ਾਨੇ ਹੇਠ ਲਿਆ ਕੇ ਉਭਾਰਿਆ ਗਿਆ ਇਹ ਸੌੜਾ ਰਾਸ਼ਟਰਵਾਦ ਉਸ ਹਕੂਮਤੀ ਹਿੱਸੇ ਵੱਲੋਂ ਉਭਾਰਿਆ ਜਾ ਰਿਹਾ ਹੈ ਜੋ ਆਪ ਕੌਮੀ ਹਿੱਤਾਂ ਨੂੰ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੇ ਹਿੱਤਾਂ ਅੱਗੇ ਬਲੀ ਚੜ੍ਹਾਉਣ ਲਈ ਸਵਾਲਾਂ ਦੇ ਕਟਹਿਰੇ ਵਿਚ ਹੈ। ਜਿਸ ਨੇ ਪਿਛਲੇ ਅਰਸੇ ਅੰਦਰ ਧੜਾਧੜ ਸਭ ਸਰਕਾਰੀ ਖੇਤਰ ਵਿਦੇਸ਼ੀ ਸਾਮਰਾਜੀ ਲੁੱਟ ਲਈ ਖੋਲੇ ਹਨ। ਆਰਥਿਕਤਾ ਦੇ ਥੰਮ ਬਣਦੇ ਕੋਲਾ, ਖਣਿਜ, ਬਿਜਲੀ ਵਰਗੇ ਅਹਿਮ ਖੇਤਰ ਇਸ ਵਿਚ ਸ਼ਾਮਲ ਹਨ। ਸੁਰੱਖਿਆ ਪੱਖੋਂ ਬੇਹੱਦ ਸੰਵੇਦਨਸ਼ੀਲ ਪੁਲਾੜ, ਹਵਾਬਾਜ਼ੀ, ਪਰਮਾਣੂ ਊਰਜਾ ਦੇ ਖੇਤਰ ਇਸ ਵਿਚ ਸ਼ਾਮਿਲ ਹਨ। ਹਵਾਈ ਅੱਡੇ, ਰੇਲਵੇ ਸਟੇਸ਼ਨ, ਸੜਕਾਂ ਇਸ ਵਿਚ ਸ਼ਾਮਲ ਹਨ। ਕਰੋਨਾ ਆਫ਼ਤ ਦਾ ਸੰਕਟ ਵਾਲਾ ਸਮਾਂ ਵੀ ਹਕੂਮਤ ਦੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਟੈਕਸ ਛੋਟਾਂ ਦੇਣ ਲਈ ਵਰਤਿਆ ਹੈ। ਵਿਦੇਸ਼ੀ ਸਪਾਈਵੇਅਰਾਂ ਰਾਹੀਂ ਆਪਣੇ ਮੁਲਕ ਦੇ ਲੋਕਾਂ ਦੀ ਜਾਸੂਸੀ ਕਰਵਾਉਣ ਦਾ ਇਲਜ਼ਾਮ ਵੀ ਉਸ ਉੱਪਰ ਹੈ। ਨਵੇਂ ਖੇਤੀ ਕਾਨੂੰਨ ਜਿਨਾਂ ਖਿਲਾਫ਼ ਮੁਲਕ ਦੀ ਲੋਕਾਈ ਵੱਡੀਆਂ ਕੁਰਬਾਨੀਆਂ ਭਰੀ ਲੜਾਈ ਲੜ ਰਹੀ ਹੈ, ਖੇਤੀ ਖੇਤਰ ਨੂੰ ਸਾਮਰਾਜੀ ਕੰਪਨੀਆਂ ਦੇ ਹਵਾਲੇ ਕਰਨ ਲਈ ਘੜੇ ਗਏ ਹਨ। ਬਸਤਰ ਦੇ ਜੰਗਲ ਹੋਣ ਜਾਂ ਨਿਆਮਗਿਰੀ ਦੀਆਂ ਪਹਾੜੀਆਂ, ਟੂਟੀਕੋਰਨ ਦੀਆਂ ਸੜਕਾਂ ਹੋਣ ਜਾਂ ਰਾਜਧਾਨੀ ਦੀਆਂ ਹੱਦਾਂ, ਥਾਂ ਥਾਂ ਲੋਕ ਆਪਣੇ ਮੁਲਕ ਦੇ ਸਰੋਤਾਂ ਨੂੰ ਸਾਮਰਾਜੀ ਲੁੱਟ ਤੋਂ ਬਚਾਉਣ ਲਈ ਸੰਘਰਸ਼ ਦੇ ਮੈਦਾਨਾਂ ਵਿਚ ਹਨ।

ਦੂਜੇ ਪਾਸੇ ਹਾਕਮ ਵਧ ਚੜ ਕੇ ਇਸ ਲੁੱਟ ਲਈ ਸਭ ਦਰਵਾਜ਼ੇ ਖੋਲ ਰਹੇ ਹਨ। ਇਸੇ ਸਾਮਰਾਜੀ ਲੁੱਟ ਖਸੁੱਟ ਤੋਂ ਮੁਕਤੀ ਲਈ ਸਾਡੇ ਕੌਮੀ ਨਾਇਕਾਂ ਨੇ ਅਣਗਿਣਤ ਸ਼ਹਾਦਤਾਂ ਅਤੇ ਕੁਰਬਾਨੀਆਂ ਦਿੱਤੀਆਂ। ਅੱਜ ਫੇਰ ਮੁਲਕ ਦੇ ਲੋਕ ਇਸ ਲੁੱਟ ਖ਼ਿਲਾਫ਼ ਜੂਝ ਰਹੇ ਹਨ ਤੇ ਦੇਸ਼ਭਗਤੀ ਦੀ ਉਸ ਵਿਰਾਸਤ ਨੂੰ ਬੁਲੰਦ ਰੱਖ ਰਹੇ ਹਨ। ਇਨਾਂ ਸੰਘਰਸ਼ਾਂ ਵਿਚ ਲੋਕਾਂ ਦਾ ਸਾਥ ਦੇਣ ਵਾਲੇ ਸੁਧਾ ਭਾਰਦਵਾਜ, ਵਰਵਰਾ ਰਾਓ, ਗੌਤਮ ਨਵਲੱਖਾ ਵਰਗੇ ਅਨੇਕਾਂ ਹਕੀਕੀ ਰਾਸ਼ਟਰਵਾਦੀ ਆਪਣੀ ਦੇਸ਼ਭਗਤੀ ਦੀ ਮਹਿੰਗੀ ਕੀਮਤ ਚੁਕਾ ਰਹੇ ਹਨ। ਇਸ ਲਈ ਦੇਸ਼ਭਗਤੀ ਦਾ ਪ੍ਰਮਾਣ ਦੇਣ ਦੀ ਜ਼ਰੂਰਤ ਇੱਥੋਂ ਦੇ ਲੋਕਾਂ ਨੂੰ ਨਹੀਂ ਸਗੋਂ ਹਾਕਮਾਂ ਨੂੰ ਹੈ। ਅੱਜ ਹਾਕਮਾਂ ਤੋਂ ਕੌਮੀ ਹਿੱਤਾਂ ਨੂੰ ਵੱਡੀਆਂ ਕੰਪਨੀਆਂ ਅੱਗੇ ਨਿਛਾਵਰ ਕਰਨ ਦਾ ਜਵਾਬ ਮੰਗਣਾ ਚਾਹੀਦਾ ਹੈ। ਲੋਕਾਂ ਨੂੰ ਹਾਕਮਾਂ ਦਾ ਪ੍ਰਚਾਰਿਆ ਜਾਂਦਾ 'ਰਾਸ਼ਟਰਵਾਦ' ਰੱਦ ਕਰਨਾ ਚਾਹੀਦਾ ਹੈ। ਮੁਲਕ ਦੇ ਸੋਮਿਆਂ ਦੀ ਸਾਮਰਾਜੀ ਲੁੱਟ ਤੋਂ ਰੱਖਿਆ ਅਤੇ ਭਾਈਚਾਰਕ ਸਾਂਝ ਦੀ ਜ਼ਾਮਨੀ ਕਰਨ ਵਾਲਾ ਰਾਸ਼ਟਰਵਾਦ ਹੀ ਲੋਕਾਂ ਦਾ ਰਾਸ਼ਟਰਵਾਦ ਹੈ।

# ਅਮਰੀਕਾ ਅਤੇ ਕੈਨੇਡਾ ਦੀ ਹਾਕੀ ਵਿੱਚ ਪੰਜਾਬੀ ਖਿਡਾਰੀਆਂ ਦੀ ਬੱਲੇ ਬੱਲੇ

## ਜੂਨੀਅਰ ਵਿਸ਼ਵ ਕੱਪ ਹਾਕੀ 2021 ਲਈ ਅਮਰੀਕਾ ਅਤੇ ਕੈਨੇਡਾ ਦੀਆਂ ਟੀਮਾਂ ਵਾਸਤੇ 13 ਪੰਜਾਬੀਆਂ ਦੀ ਹੋਈ ਚੋਣ



**ਜਗਰੂਪ ਸਿੰਘ ਜਰਖੜ**
+91-9814300722



ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲਾ ਜੋ ਭਾਰਤ ਦੀ ਹਾਕੀ ਰਾਜਧਾਨੀ ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਵਿਖੇ 24 ਨਵੰਬਰ ਤੋਂ 5 ਦਸੰਬਰ ਤੱਕ ਹੋ ਰਿਹਾ ਹੈ। ਵਿਸ਼ਵ ਕੱਪ ਹਾਕੀ ਲਈ ਦੁਨੀਆਂ ਦੀਆਂ 16 ਟੀਮਾਂ ਹਿੱਸਾ ਲੈ ਰਹੀਆਂ ਹਨ। ਜੂਨੀਅਰ ਵਿਸ਼ਵ ਕੱਪ ਹਾਕੀ ਚੁਣੀਆਂ ਗਈਆਂ ਅਮਰੀਕਾ ਅਤੇ ਕੈਨੇਡਾ ਦੀਆਂ ਟੀਮਾਂ ਵਿੱਚ ਪੰਜਾਬੀ ਖਿਡਾਰੀ ਦੀ ਬੱਲੇ ਬੱਲੇ ਹੋਈ ਹੈ। ਕੈਨੇਡਾ ਦੀ ਚੁਣੀ ਗਈ 16 ਮੈਂਬਰੀ ਕੌਮੀ ਹਾਕੀ ਟੀਮ ਲਈ 8 ਪੰਜਾਬੀ ਖਿਡਾਰੀ ਚੁਣੇ ਗਏ ਹਨ। ਜਦਕਿ ਅਮਰੀਕਾ ਦੀ ਚੁਣੀ ਗਈ ਟੀਮ ਲਈ 5 ਪੰਜਾਬੀ ਖਿਡਾਰੀਆਂ ਦੀ ਚੋਣ ਹੋਈ ਹੈ।

ਜੂਨੀਅਰ ਵਿਸ਼ਵ ਕੱਪ ਹਾਕੀ ਲਈ ਜੋ ਕੈਨੇਡਾ ਦੀ 16 ਮੈਂਬਰੀ ਟੀਮ ਚੁਣੀ ਗਈ ਹੈ ਉਸ ਵਿਚ ਪੰਜਾਬੀ ਖਿਡਾਰੀਆਂ ਵਿੱਚ ਮਨਵੀਰ ਸਿੰਘ ਝੱਮਟ ਵੈਨਕੂਵਰ, ਅਭਿਜੋਤ ਸਿੰਘ ਬੁੱਟਰ ਬੀਸੀ, ਨਮਨ ਸ਼ਰਮਾ ਬੀਸੀ, ਤਨਵੀਰ ਸਿੰਘ ਕੰਗ ਅਲਬਰਟਾ, ਭਵਦੀਪ ਸਿੰਘ ਧਾਲੀਵਾਲ ਬੀਸੀ, ਗੰਗਾ ਸਿੰਘ ਜੂਨੀਅਰ ਓਂਟਾਰੀਓ, ਜੋਤ ਸਿੱਧੂ ਬੀਸੀ, ਰੂਪ ਕੰਵਰ ਸਿੰਘ ਢਿੱਲੋਂ ਚੁਣੇ ਗਏ ਹਨ ਜਦ ਕਿ ਮਨਕੀਰਤ ਰਾਏ ਉਂਟਾਰੀਓ ਨੂੰ ਰਾਖਵੇਂ ਖਿਡਾਰੀਆਂ ਵਿੱਚ ਰੱਖਿਆ ਗਿਆ ਹੈ ਇਸ ਤੋਂ ਇਲਾਵਾ ਕੈਨੇਡਾ ਟੀਮ ਦੇ ਕੋਚ ਵੀ ਇੰਡੀ ਸੈਂਹਬੀ ਵੀ ਪੰਜਾਬੀ ਹੀ ਹਨ।

ਇਸ ਤੋਂ ਇਲਾਵਾ ਅਮਰੀਕਾ ਦੀ ਜੋ ਵਿਸ਼ਵ ਕੱਪ ਹਾਕੀ ਵਾਸਤੇ ਟੀਮ ਚੁਣੀ ਗਈ ਹੈ। ਉਸ ਵਾਸਤੇ ਮਹਿਤਾਬ ਸਿੰਘ ਗਰੇਵਾਲ ਕੈਲੇਫੋਰਨੀਆ, ਗੁਰਚਰਨ ਸਿੰਘ ਜੌਹਲ ਫੀਨਿਕਸ, ਅਮਰਿੰਦਰਪਾਲ ਸਿੰਘ ਕੈਲੀਫੋਰਨੀਆ, ਜਤਿਨ ਸ਼ਰਮਾ ਸਨਫਰਾਂਸਿਸਕੋ, ਸੋਮਿਕ ਚੱਕਰਵਰਤੀ ਵਾਸ਼ਿੰਗਟਨ ਚੁਣੇ ਗਏ ਹਨ। ਇਸ ਤੋਂ ਇਲਾਵਾ ਰਾਖਵੇਂ ਖਿਡਾਰੀਆਂ ਵਿੱਚ ਅਮਰ ਸਿੰਘ ਕੈਲੇਫੋਰਨੀਆ, ਸਿਵਨ ਪਟੇਲ ਕੈਲੀਫੋਰਨੀਆ ਚੁਣੇ ਗਏ ਹਨ। ਯਾਦ ਰਹੇ ਅਮਰੀਕਾ ਜੋ 2024 ਓਲੰਪਿਕ ਖੇਡਾਂ ਜੋ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਨੂੰ ਅਲਾਟ ਹੋਈਆਂ ਹਨ ਨੂੰ ਮੁੱਖ ਰੱਖ ਕੇ ਹਾਕੀ ਟੀਮ ਤਿਆਰ ਕਰ ਰਿਹਾ ਹੈ।

**ਖੇਡ ਜਗਤ**

ਜਿਸ ਵਾਸਤੇ ਉਨਾਂ ਨੇ ਭਾਰਤੀ ਹਾਕੀ ਟੀਮ ਦੇ ਸਾਬਕਾ ਕੋਚ ਹਰਿੰਦਰ ਸਿੰਘ ਨੂੰ ਟੀਮ ਦੀ ਕੋਚਿੰਗ ਦਾ ਜ਼ਿੰਮਾ ਦਿੱਤਾ ਹੈ। ਅਮਰੀਕਾ ਅਤੇ ਕੈਨੇਡਾ ਦੀਆਂ ਹਾਕੀ ਟੀਮਾਂ ਨੂੰ ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ ਵਾਈਲਡ ਕਾਰਡ ਰਾਹੀਂ ਐਂਟਰੀ ਮਿਲੀ ਹੈ ਕਿਉਂਕਿ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਨੇ ਕੋਰੋਨਾ ਮਹਾਂਮਾਰੀ ਕਾਰਨ ਵਿਸ਼ਵ ਕੱਪ ਹਾਕੀ ਵਿੱਚ ਭਾਗ ਲੈਣ ਤੋਂ ਅਸਮਰੱਥਾ ਪ੍ਰਗਟਾਈ ਸੀ। ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ ਕੈਨੇਡਾ ਦੀ ਟੀਮ ਨੂੰ ਭਾਰਤ ਵਾਲੇ ਪੂਲ ਬੀ ਵਿੱਚ ਰੱਖਿਆ ਗਿਆ ਹੈ। ਕੈਨੇਡਾ ਤੋਂ ਇਲਾਵਾ ਫਰਾਂਸ ਅਤੇ ਪੋਲੈਂਡ ਦੀਆਂ ਟੀਮਾਂ ਇਸ ਪੂਲ ਵਿੱਚ ਖੇਡਣਗੀਆਂ। ਕੈਨੇਡਾ ਦੀ ਟੀਮ ਆਪਣਾ ਪਹਿਲਾ ਮੈਚ 24 ਨਵੰਬਰ ਨੂੰ ਪੋਲੈਂਡ ਦੇ ਨਾਲ ਜਦਕਿ ਦੂਜਾ ਮੈਚ 25 ਨਵੰਬਰ ਨੂੰ ਭਾਰਤ ਨਾਲ ਅਤੇ ਪੂਲ ਦਾ ਆਖ਼ਰੀ ਮੈਚ 27 ਨਵੰਬਰ ਨੂੰ ਫਰਾਂਸ ਦੇ ਨਾਲ ਖੇਡੇਗੀ । ਇਸ ਤੋਂ ਇਲਾਵਾ ਅਮਰੀਕਾ ਦੀ ਟੀਮ ਨੂੰ ਪੂਲ ਸੀ ਵਿੱਚ ਰੱਖਿਆ ਗਿਆ ਹੈ । ਪੂਲ ਸੀ ਵਿੱਚ ਅਮਰੀਕਾ ਤੋਂ ਇਲਾਵਾ ਹਾਲੈਂਡ ਕੋਰੀਆ ਅਤੇ ਸਪੇਨ ਦੀਆਂ ਟੀਮਾਂ ਹਨ। ਅਮਰੀਕਾ ਦਾ ਪਹਿਲਾ ਮੁਕਾਬਲਾ 25 ਨਵੰਬਰ ਨੂੰ ਸਪੇਨ ਦੇ ਨਾਲ ਜਦਕਿ ਦੂਸਰਾ ਮੁਕਾਬਲਾ 26 ਨਵੰਬਰ ਨੂੰ ਕੋਰੀਆ ਦੇ ਨਾਲ ਜਦਕਿ ਆਖ਼ਰੀ ਮੁਕਾਬਲਾ 28 ਨਵੰਬਰ ਨੂੰ ਹਾਲੈਂਡ ਦੇ ਵਿਰੁੱਧ ਖੇਡਿਆ ਜਾਵੇਗਾ। ਹਰ ਪੂਲ ਵਿਚੋਂ ਦੋ ਸਰਵੋਤਮ ਟੀਮਾਂ ਕੁਆਰਟਰ ਫਾਈਨਲ ਲਈ ਕੁਆਲੀਫਾਈ ਕਰਨਗੀਆਂ। ਜੇਕਰ ਕੈਨੇਡਾ ਅਤੇ ਅਮਰੀਕਾ ਦੀਆਂ ਟੀਮਾਂ ਕੁਆਰਟਰ ਫਾਈਨਲ ਲਈ ਕੁਆਲੀਫਾਈ ਕਰ ਜਾਂਦੀਆਂ ਹਨ ਤਾਂ ਕਿਸੇ ਕ੍ਰਿਸ਼ਮੇ ਤੋਂ ਨਹੀਂ ਹੋਵੇਗਾ। ਇਸਦੇ ਨਾਲ ਹੀ ਪੰਜਾਬੀ ਖਿਡਾਰੀਆਂ ਖਾਸ ਕਰਕੇ ਸਿੱਖ ਖਿਡਾਰੀਆਂ ਦੀ ਚੜਤ ਪੂਰੀ ਦੁਨੀਆਂ ਵਿੱਚ ਮੱਚੇਗੀ। 1973 ਵਿਸ਼ਵ ਕੱਪ ਹਾਕੀ ਐਮਸਟਰਡਮ ਹਾਲੈਂਡ ਵਿੱਚ 32 ਸਿੱਖ ਖਿਡਾਰੀ ਜੂੜਿਆਂ ਵਾਲੇ ਵੱਖ ਵੱਖ ਮੁਲਕਾਂ ਦੀਆਂ ਟੀਮਾਂ ਵੱਲੋਂ ਖੇਡੇ ਸਨ ਜਦਕਿ 1972 ਮਿਊਨਿਖ ਓਲੰਪਿਕ ਖੇਡਾਂ ਵਿੱਚ 30 ਜੂੜਿਆਂ ਵਾਲੇ ਖਿਡਾਰੀ ਖੇਡੇ ਸਨ। ਇਸ ਵਾਰ ਅਜੇ ਭਾਰਤ ਅਤੇ ਮਲੇਸ਼ੀਆ ਵਰਗੀਆਂ ਟੀਮਾਂ ਦੀ ਚੋਣ ਬਾਕੀ ਹੈ ਜਿਸ ਵਿੱਚ ਪੰਜਾਬੀਆਂ ਦੀ ਭਰਮਾਰ ਹੋ ਸਕਦੀ ਹੈ। ਪੰਜਾਬੀ ਖਿਡਾਰੀਆਂ ਦਾ ਹਾਕੀ ਵਿੱਚ ਹੋਰ ਕੀਰਤੀਮਾਨ ਬਣ ਸਕਦਾ ਹੈ।




# ਮਾਸੂਮ ਨਿਮਾਣਾ ਅਤੇ ਅਣਭੋਲ ਝੂਠ

**ਹਰਪ੍ਰੀਤ ਸਿੰਘ ਜਵੰਦਾ**

ਪੀ.ਆਰ ਮਿਲਣ ਮਗਰੋਂ ਜਿਵੇਂ ਰਿਸ਼ਤਿਆਂ ਦਾ ਹੜ ਜਿਹਾ ਆ ਗਿਆ ਹੋਵੇ, ਸਾਧਾਰਨ ਜਿਹਾ ਵਜੂਦ, ਬਿਨਾਂ ਬਾਪ ਦੀ ਆਮ ਜਿਹੀ ਧੀ, ਚੰਗੀ ਤਰਾਂ ਜਾਣਦੀ ਸਾਂ ਇਸ ਅਚਾਨਕ ਵਗ ਤੁਰੇ ਹੜ ਪਿੱਛੇ ਦਾ ਕਾਰਨ। ਜੀਵਨ ਸਾਥੀ ਚੁਣਨ ਦੀ ਵਾਰੀ ਆਈ, ਕੁਝ ਨਿੱਜੀ ਪਹਿਲਕਦਮੀਆਂ ਅਤੇ ਜਜ਼ਬਾਤ ਇੱਕ ਪਾਸੇ ਕਰ ਸਾਰੀ ਗੱਲ ਭੂਆ ਫੁੱਫੜ ਜੀ ਤੇ ਸਿੱਟ ਦਿੱਤੀ ਗਈ। ਡੈਡੀ ਜੀ ਦੇ ਜਾਣ ਮਗਰੋਂ ਉਨਾਂ ਦੀ ਸਾਡੇ ਘਰੇ ਬਹੁਤ ਚੱਲਿਆ ਕਰਦੀ ਸੀ, ਮਾਂ ਨੂੰ ਵੀ ਝੱਟ ਹਾਮੀ ਭਰਨੀ ਪਈ। ਉਨਾਂ ਦਿਨਾਂ ਵਿਚ ਇੰਝ ਦੀ ਫਾਈਲ ਦੇ ਕੰਢੇ ਲੱਗਣ ਵਿਚ ਡੇਢ ਕੂ ਵਰੇ ਲੱਗ ਹੀ ਜਾਇਆ ਕਰਦੇ ਸਨ। ਸੱਤ ਸਮੁੰਦਰ ਪਾਰ ਢਾਈ ਨੌਕਰੀਆਂ, ਮਸਾਂ ਪੰਜ ਕੂ ਘੰਟੇ ਦੀ ਨੀਂਦ ਹੀ ਨਸੀਬ ਹੋਇਆ ਕਰਦੀ, ਕਾਹਲੀ ਕਰਦਿਆਂ ਕਈ ਵੇਰ ਮਸੀਂ ਮਰਨੋਂ ਮਸਾਂ ਬਚੀ। ਭਵਿੱਖ ਦੇ ਕੁਝ ਟੀਚੇ ਅਤੇ ਸੱਧਰਾਂ ਮੈਨੂੰ ਅਕਸਰ ਹੀ ਸੁਵੇਰੇ ਛੇਤੀ ਉਠਾ ਦਿਆ ਕਰਦੀਆਂ ਤੇ ਨਵੇਂ ਸਾਥੀ ਨਾਲ ਸੰਜੋਏ ਹੋਏ ਕਿੰਨੇ ਸਾਰੇ ਸੁਫ਼ਨੇ ਮੈਨੂੰ ਰਾਤੀਂ ਛੇਤੀ ਸੌਣ ਨਾ ਦਿੰਦੇ।

ਉਹ ਰੋਜ਼ ਫੋਨ ਕਰ ਆਖਦਾ ਤੂੰ ਮੇਰੇ ਸਾਹਾਂ ਦੀ ਲੜੀ ਏਂ, ਨਬਜ ਏ, ਵਜੂਦ ਏ, ਪਿਆਰ ਮੁਹੱਬਤ ਅਰਮਾਨ ਸੱਧਰਾਂ ਦਿਲ ਜਜਬਾਤ ਹੋਰ ਵੀ ਕਿੰਨਾ ਕੁਝ ਬਿਲਕੁਲ ਵੀ ਫ਼ਿਲਮੀ ਜਿਹਾ ਨਾ ਲੱਗਦਾ, ਸਗੋਂ ਮੁਹੱਬਤ ਦੀ ਚਾਸ਼ਨੀ ਵਿਚ ਲਬਰੇਜ ਇਹ ਕੀਮਤੀ ਸਬਦ ਮੇਰਾ ਸਾਰਾ ਥਕੇਵਾਂ ਲਾਹ ਦਿਆ ਕਰਦੇ।

ਅਖੀਰ ਉਹ ਦਿਨ ਵੀ ਆਣ ਪਹੁੰਚਿਆ, ਉਸਦੀ ਫਲਾਈਟ ਲੌਂਢੇ ਵੇਲੇ ਲੈਂਡ ਹੋਣੀ ਸੀ..ਰਹਿ ਰਹਿ ਕੇ ਸੁਰਿੰਦਰ ਕੌਰ ਦਾ ਗੀਤ ਚੇਤੇ ਆਈ ਜਾਂਦਾ, 'ਲੌਂਢੇ ਵੇਲੇ ਮਾਹੀਏ ਆਉਣਾ, ਮੰਨ ਪਕਾਵਾਂ ਕਣਕ ਦਾ, ਅੰਦਰ ਜਾਵਾਂ ਬਾਹਰ ਜਾਵਾਂ, ਲਾਲ ਚੂੜਾ ਖਣਕਦਾ'।

ਛੇ ਮਹੀਨੇ ਅੱਖ ਦੇ ਫੋਰ ਵਿਚ ਨਿਕਲ ਗਏ। ਉਸਦੀ ਹਰ ਮੋੜ ਤੇ ਨਾਜ਼ੁਕ ਵੇਲ ਸਮਝ ਪੂਰੀ ਰਾਖੀ ਕੀਤੀ, ਹਰ ਤੱਤੀ ਠੰਡੀ ਤੋਂ ਬਚਾ ਕੇ ਰਖਿਆ, ਆਖਿਆ ਬੇਸ਼ੱਕ ਕੰਮ ਨਾ ਕਰ ਪਰ ਪੜਾਈ ਪੂਰੀ ਜ਼ਰੂਰ ਕਰ ਲੈ।

ਓਦੋਂ ਪ੍ਰੇਗਨੈਂਟ ਹੋਈ ਨੂੰ ਮਸਾਂ ਤਿੰਨ ਕੂ ਮਹੀਨੇ ਹੀ ਹੋਏ ਹੋਣੇ ਕਿ ਗਲਤੀ ਨਾਲ ਘਰੇ ਰਹਿ ਗਏ ਇਸਦੇ ਫੋਨ ਤੇ ਇੱਕ ਕਾਲ ਆਈ। ਬਾਰ ਬਾਰ ਘੰਟੀ ਵੱਜਣ ਤੇ ਅਖੀਰ ਚੁੱਕ ਹੀ ਲਿਆ, ਪੰਜਾਬੋਂ ਕਿਸੇ ਕੁੜੀ ਦਾ ਸੀ, ਇਸਦੇ



ਬਾਰੇ ਪੁੱਛ ਰਹੀ ਸੀ।

ਜਦੋਂ ਇਸ ਬਾਬਤ ਗੱਲ ਹੋਈ ਤਾਂ ਇਸ ਕੋਲ ਕੋਈ ਤਸੱਲੀਬਖਸ਼ ਜੁਆਬ ਨਹੀਂ ਸੀ, ਸਗੋਂ 'ਪ੍ਰਾਈਵੇਸੀ' ਨਾਮ ਦੀ ਆਧੁਨਿਕ ਸ਼ੈਅ ਦਾ ਹਵਾਲਾ ਦਿੰਦਾ ਹੋਇਆ ਆਖਣ ਲੱਗਿਆ ਕੇ ਤੈਨੂੰ ਮੇਰਾ ਫੋਨ ਨਹੀਂ ਸੀ ਚੁੱਕਣਾ ਚਾਹੀਦਾ।

ਉਸ ਦਿਨ ਮਗਰੋਂ ਜਦੋਂ ਵੀ ਘੰਟੀ ਵੱਜਦੀ ਮੇਰੀ ਧੜਕਣ ਵੱਧ ਜਾਂਦੀ।

ਕਿੰਨੀਆਂ ਸਾਰੀਆਂ ਜੋਬਾਂ ਦਾ ਬੋਝ ਤੇ ਉੱਤੋਂ ਦਿਨੋਂ ਦਿਨ ਵਧਦਾ ਜਾਂਦਾ ਢਿੱਡ, ਫੇਰ ਵੀ ਲਗਾਤਾਰ ਕੰਮ ਤੇ ਜਾਂਦੀ ਹੀ ਰਹੀ। ਜਿਸ ਪਿਆਰ ਮੁਹੱਬਤ ਅਤੇ ਅਪਣੱਤ ਦੀ ਗੱਲ ਇਹ ਅਕਸਰ ਹੀ ਕਰਿਆ ਕਰਦਾ, ਉਹ ਕਦੀ ਵੀ ਨਸੀਬ ਨਾ ਹੋਇਆ।

ਕੰਮ ਤੇ ਵੀ ਧੁੜਕੂ ਲੱਗਾ ਰਹਿੰਦਾ। ਕਿਧਰੇ ਓਹੀ ਫੋਨ ਹੀ ਨਾ ਹੋਵੇ, ਆਪਸੀ ਤਲਖੀ ਅਤੇ ਫਾਸਲੇ ਵੀ ਲਗਾਤਾਰ ਵਧਦੇ ਗਏ।

ਇੱਕ ਦਿਨ ਆਖਣ ਲੱਗਾ ਮਾਪੇ ਸਪੌਂਸਰ ਕਰਨੇ, ਅੱਗੋਂ ਆਖਿਆ ਕੰਮ ਤੇ ਲੱਗਣਾ ਪੈਣਾ, ਕੱਲੀ ਦੇ ਵੱਸ ਨਹੀਂ ਐਨਿਆਂ ਜਣਿਆਂ ਦਾ ਢਿਡ ਭਰਨਾ, ਮਗਰੋਂ ਬੜਾ ਕਲੇਸ਼ ਪਿਆ। ਫੇਰ ਇੱਕ ਦਿਨ ਪੀੜਾਂ ਲੱਗ ਗਈਆਂ ਤੇ ਕੰਮ ਤੇ ਹੀ ਐਂਬੂਲੈਂਸ ਬੁਲਾ ਹਸਪਤਾਲ ਭਿਜਵਾ ਦਿੱਤਾ ਗਿਆ।

ਇਸ ਅਹਿਮ ਮੌਕੇ ਤੇ ਉਹ ਮੇਰੇ ਕੋਲ ਨਹੀਂ ਸੀ, ਕਿਸੇ ਕੋਲੋਂ ਭੂਆ ਫੁੱਫੜ ਨੂੰ ਫੋਨ ਕਰਵਾਇਆ, ਸਾਰੇ ਹਾਲਾਤ ਦੱਸੇ, ਆਖਣ ਲੱਗੇ ਤੁਹਾਡਾ ਆਪਸੀ ਮਾਮਲਾ ਏ ਅਸੀਂ ਕੁਝ ਨੀ ਕਰ ਸਕਦੇ।

ਫੇਰ ਨਵੀਂ ਜਨਮੀਂ ਨੂੰ ਖੁਦ ਹੀ ਤੇਲ ਚੋ ਕੇ ਘਰ ਦੀਆਂ ਬਰੂਹਾਂ ਟਪਾਈਆਂ, ਸਾਹਮਣੇ ਲੈਂਪ ਹੇਠ ਪਈ ਇੱਕ ਪਰਚੀ ਨੇ ਪੈਰਾਂ ਹੇਠੋਂ ਜਮੀਨ ਕੱਢ ਦਿੱਤੀ, ਲਿੱਖਿਆ ਸੀ ਦੂਰ ਜਾ ਰਿਹਾ ਹਾਂ ਇਸ ਘੁਟਣ ਵਾਲੇ ਮਾਹੌਲ ਤੋਂ। ਪਹਿਲਾਂ ਸੋਚਿਆ ਕਿਤੇ ਖ਼ੁਦਕੁਸ਼ੀ ਹੀ ਨਾ ਕਰ ਲਈ ਹੋਵੇ, ਫੇਰ ਸੋਚਿਆ ਇੱਕ ਧੋਖੇਬਾਜ ਅਤੇ ਅੱਤ ਦਰਜੇ ਦਾ ਬੁਝਦਿਲ ਕਦੀ ਖ਼ੁਦਕੁਸ਼ੀ ਬਾਰੇ ਕਿੱਦਾਂ ਸੋਚ ਸਕਦਾ। 'ਤਾਲੀ ਦੋਵੇਂ ਹੱਥਾਂ ਨਾਲ ਵੱਜਦੀ' ਆਖ ਆਲੇ ਦਵਾਲੇ ਨੇ ਸਾਰੇ ਘਟਨਾਕ੍ਰਮ ਦੀ ਜੁੰਮੇਵਾਰੀ ਮੇਰੇ ਸਿਰ ਹੀ ਸੁੱਟ ਦਿੱਤੀ।

ਮੈਂ ਰੋ-ਰੋ ਕੇ ਵਿਖਾਉਣ ਦੀ ਥਾਂ ਹਰੇਕ ਇੱਟ ਦਾ ਜੁਆਬ ਪੱਥਰ ਨਾਲ ਦੇਣ ਦਾ ਫੈਸਲਾ ਕਰ ਲਿਆ। ਹੁਣ ਮੇਰੇ ਕੋਲ ਗਵਾਉਣ ਲਈ ਹੋਰ ਕੁਝ ਹੈ ਵੀ ਤਾਂ ਨਹੀਂ ਸੀ। ਮੈਨੂੰ ਦੱਸਦੇ ਰਹਿੰਦੇ ਕੇ ਉਹ ਹਜਾਰ ਕੂ ਕਿਲੋਮੀਟਰ ਦੂਰ ਕਿਸੇ ਦੂਜੇ ਸ਼ਹਿਰ ਕਿਸੇ ਹੋਰ ਨਾਲ ਰਹਿ ਰਿਹਾ ਏ, ਜਾਣਨਾ ਵੀ ਨਹੀਂ ਸਾਂ ਚਾਹੁੰਦੀ ਕਿ ਕਿਸ ਨਾਲ ਰਹਿ ਰਿਹਾ ਹੋਵੇਗਾ ਪਰ ਸ਼ਾਇਦ ਓਸੇ ਫੋਨ ਵਾਲੀ ਨਾਲ, ਦੋਹਾਂ ਦੀ ਲੰਮੀ ਚੌੜੀ ਪਲਾਨਿੰਗ ਸੀ, ਮੈਂ ਸਿਰਫ ਉਸਦੀ ਮੰਜਿਲ ਵਾਲੇ ਚੁਬਾਰੇ ਨੂੰ ਜਾਂਦੀ ਹੋਈ ਪੌੜੀ ਦਾ ਇੱਕ ਡੰਡਾ ਬਣ ਕੇ ਰਹਿ ਗਈ ਸਾਂ। ਧੀ ਵੱਲ ਵੇਖਦੀ ਤਾਂ ਧੋਖੇਬਾਜ ਦੀ ਯਾਦ ਆਉਂਦੀ।

ਪੰਜ ਸਾਲ ਦੀ ਹੋ ਗਈ, ਪਰ ਪਿਓ ਨੇ ਇਕ ਵਾਰ ਵੀ ਸ਼ਕਲ ਨਹੀਂ ਸੀ ਵੇਖੀ।

ਹੁਣ ਸਾਰੀ ਗੱਲ ਸਮਝਦੀ ਵੀ ਸੀ, ਅਕਸਰ ਕਈ ਵਾਰ ਜਦੋਂ ਮੈਨੂੰ ਰੋਂਦੀ ਹੋਈ ਨੂੰ ਚੁੱਪ ਕਰਾਉਂਦੀ ਤਾਂ ਅਰਸ਼ੋਂ ਉੱਤਰੀ ਮੇਰੀ ਮਾਂ ਦੀ ਹੀ ਰੂਹ ਲੱਗਦੀ।

ਅਖੀਰ ਵਿਚ ਏਨਾ ਹੀ ਆਖਾਂਗੀ, ਅਜੋਕੇ ਪਦਾਰਥਵਾਦ ਵਿਚ ਹਰ ਮੋੜ ਤੇ ਸੱਚ ਅਤੇ ਹਮਦਰਦੀ ਦੇ ਕੱਪੜੇ ਪਾਈ ਵਿਚਰ ਰਿਹਾ ਝੂਠ ਜਰੂਰ ਮਿਲੇਗਾ, ਮਾਸੂਮ ਨਿਮਾਣਾ ਅਤੇ ਅਣਭੋਲ ਜਿਹਾ ਬਣ ਕੇ। ਪਹਿਲਾਂ ਆਪਣੇ ਸ਼ਿਕਾਰ ਨੂੰ ਜਜ਼ਬਾਤੀ ਕਰੇਗਾ, ਫੇਰ ਉਸਦੀਆਂ ਕਮਜ਼ੋਰੀਆਂ ਨੂੰ ਬਖੂਬੀ ਵਰਤ ਇੱਕ ਦਿਨ ਕੱਖੋਂ ਹੌਲਾ ਕਰ ਸਦਾ ਲਈ ਕੂੜੇਦਾਨ ਵਿਚ ਸਿੱਟ ਦੇਵੇਗਾ।

ਆਓ ਆਪਣੀ ਔਲਾਦ ਅਤੇ ਮਿੱਤਰ ਪਿਆਰਿਆਂ ਨੂੰ ਜਿੰਦਗੀ ਦੇ ਫੈਸਲੇ ਵਾਲੀਆਂ ਅਹਿਮ ਘੜੀਆਂ ਵੇਲੇ ਦਿਲੋਂ-ਦਿਮਾਗ ਦੇ ਬੂਹੇ ਖੁੱਲੇ ਰੱਖਣੇ ਸਿਖਾਈਏ।

ਕਿਉਂਕਿ ਫਰੇਬ ਦੀ ਆਰੀ ਚੱਲਣ ਮਗਰੋਂ ਦੋ ਟੋਟੇ ਹੋ ਗਿਆਂ ਨੂੰ ਕੋਈ ਨਹੀਂ ਪੁੱਛਦਾ, ਉਲਟਾ ਅੱਧ ਵਿਚਾਲੇ ਆ ਗਈ ਇਸ ਕੂਲੇਹਣੀਂ ਜਿਹੀ ਖੜੋਤ ਵੱਲ ਵੇਖ ਜਿਆਦਾਤਰ ਕੋਲੋਂ ਲੰਘਦੇ ਟਿੱਚਰ ਮਖੌਲਾਂ ਹੀ ਕਰਦੇ ਮਿਲਦੇ ਨੇ।

ਵੈਸੇ ਇਸ ਹਕੀਕਤ ਤੋਂ ਵੀ ਕਦੀ ਮੂੰਹ ਨਹੀਂ ਮੋੜਿਆ ਜਾ ਸਕਦਾ ਕੇ ਜੇ ਜਮਾਨੇ ਦੀਆਂ ਜਿਆਦਾਤਰ 'ਮੁਹੱਬਤਾਂ' ਬਾਹਰੀ ਸ਼ਕਲਾਂ ਸੂਰਤਾਂ ਦੀ ਚਕਾਚੌਂਦ ਕਰਕੇ ਹੀ ਹੋਇਆ ਕਰਦੀਆਂ ਤਾਂ ਰੱਬ ਸ਼ਾਇਦ 'ਦਿਲ' ਨਾਮ ਦੀ ਚੀਜ ਕਦੇ ਵੀ ਨਾ ਬਣਾਉਂਦਾ।

# ਵੇਹੜੇ ਤਾਂ ਮੇਰੇ ਮਾਏ ਅੱਜ ਵੀ ਸੁਲੱਖਣੇ...

**ਨਰਿੰਦਰ ਸਿੰਘ**

ਬਾਪੂ ਜਦ ਫ਼ੌਜ ਵਿੱਚੋ ਰਿਟਾਇਰ ਹੋ ਗਿਆ ਤਾਂ ਸਾਰੇ ਟੱਬਰ ਨਾਲ ਪਿੰਡ ਆ ਕੇ ਰਹਿਣ ਲੱਗ ਗਿਆ। ਮੈਂ ਜੰਮੀ ਪਲੀ ਮਹਾਰਾਸ਼ਟਰ ਸੀ ਤਾਂ ਪਿੰਡ ਨਾਲੋਂ ਜ਼ਿਆਦਾ ਮੋਹ ਉੱਥੋਂ ਦਾ ਆਉਂਦਾ ਸੀ। ਮੇਰੇ ਟੱਬਰ ਵਿੱਚ ਮੈਂ ਤੇ ਮੇਰੀ ਵੱਡੀ ਭੈਣ ਤੇ ਮਾਂ ਪਿਓ। ਹੋਰ ਹੁਣ ...ਮੇਰੇ ਲਈ ਤਾਂ ਮੇਰਾ ਇਹੀ ਟੱਬਰ। ਜਦ ਅਸੀਂ ਪਿੰਡ ਆਏ ਤਾਂ ਅਸੀਂ ਕਹਿਣਾ, ਅਸੀਂ ਨੀਂ ਰਹਿਣਾ ਇੱਥੇ ਅਸੀਂ ਤਾਂ ਵਾਪਿਸ ਜਾਣਾ। ਸਾਡਾ ਨੀਂ ਲੱਗਦਾ ਜੀ ਇੱਥੇ। ਚੱਲ ਹੌਲੀ ਹੌਲੀ ਅਸੀਂ ਮਾਹੌਲ ਵਿੱਚ ਢਲ ਗਏ। ਸਮਾਂ ਬੀਤਣ ਦੇ ਨਾਲ ਨਾਲ ਪਿੰਡ ਵੀ ਪਿਆਰਾ ਲੱਗਣ ਲੱਗ ਗਿਆ।

ਪਿੰਡ ਵਿੱਚ ਮੇਰੇ ਬਾਪੂ ਦੀ ਬੜੀ ਇੱਜ਼ਤ ਸੀ। ਅਸੀਂ ਦੋਵੇਂ ਕੁੜੀਆਂ ਨੇ ਬਾਪੂ ਦੀ ਪੱਗ ਉਹਦੇ ਸਿਰ ਤੇ ਸਦਾ ਟਹਿਕ ਵਿੱਚ ਰੱਖੀ। ਬਾਪੂ ਨੇ ਮਾਂ ਨੂੰ ਆਖਣਾ ਕੇ ਪਿੰਡ ਵਿੱਚ ਸਾਰੇ ਕਹਿੰਦੇ ਨੇ, ਕੁੜੀਆਂ ਹੋਣ ਤਾਂ ਫੌਜੀ ਦੀਅ: ਕੁੜੀਆਂ ਵਰਗੀਆਂ। ਸਮਾਂ ਲੰਘਿਆ ਮੇਰੀ ਵੱਡੀ ਭੈਣ ਦਾ ਵਿਆਹ ਹੋ ਗਿਆ। ਵਧੀਆ ਘਰ ਬਾਰ ਮਿਲ ਗਿਆ। ਮੇਰੀ ਭੈਣ ਨੇ ਜਦ ਵੀ ਆਉਣਾ ਤਾਂ ਉਸਨੇ ਕਹਿਣਾ ਮੇਰੀ ਸੱਸ ਤੇਰੇ ਵਾਰੇ ਆਖਦੀ ਆ ਕੇ ਤੂੰ ਤਾਂ ਸਾਡੇ ਟੱਬਰ ਵਿੱਚ ਰਲਦੀ ਮਿਲਦੀ ਆ, ਸਾਕ ਮੰਗਦੀ ਮੇਰੀ ਸੱਸ ਤੇਰਾ ਮੇਰੇ ਦਿਓਰ ਨੂੰ। ਮੈਂ ਓਸੇ ਵੇਲੇ ਮਾਂ ਨੂੰ ਕਹਿਣਾ ਮਾਂ ਮੈਂ ਨੀ ਕਰਾਉਣਾ ਓਸੇ ਘਰ ਵਿਆਹ। ਬਹੁਤ ਦਿਨ ਗੱਲ ਏਦਾਂ ਹੀ ਚੱਲਦੀ ਰਿਹੀ ਤੇ ਮੈਂ ਅੱਕੀ ਹੋਈ ਨੇ ਆਖ ਦਿੱਤਾ, ਮੈਂ ਨੀਂ ਕਰਾਉਣਾ ਉੱਥੇ ਵਿਆਹ, ਇਹਦੇ ਨਾਲੋਂ ਚੰਗਾ ਮੈਨੂੰ ਖੂਹ ਵਿੱਚ ਧੱਕਾ ਦੇ ਦੇਵੋ। ਕਾਰਨ ਪੁੱਛਣ ਤੇ ਮੈਂ ਦੱਸ ਦਿੱਤਾ ਕਿ ਉਨਾਂ ਦੇ ਘਰ ਦੇ ਸਾਰੇ ਜੀ ਚੰਗੇ ਨੇ ਪਰ ਮੈਨੂੰ ਘਰ ਦਾ ਮਾਹੌਲ ਪਸੰਦ ਨੀ। ਫੇਰ ਦੁਬਾਰਾ ਕਿਸੇ ਨੇ ਮੁੜ ਇਹ ਰਿਸ਼ਤੇ ਦਾ ਜ਼ਿਕਰ ਨਾ ਕਰਿਆ।

ਮਾਂ ਨੇ ਅਕਸਰ ਪੁੱਛਣਾ ਕੇ ਚੱਲ ਪੁੱਤ ਮੈਨੂੰ ਦੱਸ ਕਿਦਾਂ ਦਾ ਰਿਸ਼ਤਾ ਲੱਭ ਕੇ ਲਿਆਵਾਂ। ਹੁਣ ਮੈਂ ਮਾਂ ਨੂੰ ਕੀ ਆਖਾਂ ਕਿ ਮੈਨੂੰ ਤਾਂ ਡਰ ਲੱਗਦਾ ਇਹ ਸੋਚਦੀ ਨੂੰ ਕਿ ਕੋਈ ਹਾਣ ਪਰਵਾਣ ਦਾ ਖੁੱਦ ਚੱਲ ਕੇ ਕਿਵੇਂ ਆ ਸਕਦਾ? ਮੈਂ ਚੁੱਪ ਕਰ ਜਾਇਆ ਕਰਦੀ ਤੇ ਆਖ ਦਿੰਦੀ ਕੋਈ ਨੀ ਮਾਂ ਰੱਬ ਸਭ ਖੈਰ ਕਰੁ।

ਇੱਕ ਦਿਨ ਬਾਪੂ ਦੀ ਦੂਰ ਦੀ ਰਿਸ਼ਤੇਦਾਰੀ 'ਚੋਂ ਭੂਆ ਸਾਕ ਲੈ ਕੇ ਆਈ। ਮੁੰਡਾ ਪ੍ਰਦੇਸ਼ ਤੋਂ ਸੀ। ਗੱਲ ਚਲਦੀ ਰਹੀ ਤੇ ਸੁਨੇਹਾ ਆਇਆ ਕਿ ਕੁੜੀ ਦਿਖਾ ਦੋ। ਮੁੰਡੇ ਦੇ ਮਾਂ ਬਾਪ ਮੈਨੂੰ ਦੇਖ ਕੇ ਪਸੰਦ ਕਰ ਗਏ। ਕੁਝ ਦਿਨ ਲੰਘੇ ਤੇ ਮੁੰਡੇ ਦੇ ਮਾਂ ਬਾਪ ਪ੍ਰਦੇਸ਼ ਵਾਪਿਸ ਮੁੜ ਗਏ ਤੇ ਫੇਰ ਜਦ ਉਹ ਛੇ ਮਹੀਨੇ ਮਗਰੋਂ ਵਾਪਿਸ ਆਏ ਤਾਂ ਉਨਾਂ ਕਿਹਾ ਮੁੰਡਾ ਤਾਂ ਨੀ ਆ ਸਕਿਆ ਪਰ ਅਸੀਂ ਕੁੜੀ ਨੂੰ ਸ਼ਗਨ ਪਾ ਕੇ ਮੰਗਣਾ ਕਰ ਜਾਨੇ ਆ। ਮੇਰੇ ਘਰਦਿਆਂ ਨੂੰ ਕੋਈ ਪ੍ਰੇਸ਼ਾਨੀ ਨੀ ਸੀ ਇਸ ਵਿੱਚ। ਘਰ ਆ ਕੇ ਮੈਨੂੰ ਸ਼ਗਨ ਪਾ ਗਏ। ਮੈਂ ਥੋੜੀ ਥੋੜੀ ਚੁੱਪ ਸੀ। ਹੌਂਸਲਾ ਜੇਹਾ ਕਰ ਕੇ ਮਾਂ ਨਾਲ ਗੱਲ ਕਰਨਾ ਸਹੀ ਸਮਝਿਆ। ਮੈਂ ਮਾਂ ਨੂੰ ਆਖਣ ਲੱਗੀ, ਮਾਂ ਦੇਖੀ ਕਿਤੇ ਮੁੰਡੇ ਵਿੱਚ ਕੋਈ ਕਮੀ ਨਾ ਹੋਵੇ ਜਿਹੜਾ ਨਾ ਪਹਿਲਾਂ ਆਇਆ ਸੀ ਤੇ ਨਾ ਹੁਣ ਮੰਗਣਾ ਕਰਾਉਣ ਆਇਆ। ਮਾਂ ਨੇ ਕਿਹਾ ਨਾ ਪੁੱਤ ਏਦਾਂ ਨੀ ਕਹਿੰਦੇ ਹੁੰਦੇ, ਨਾਲੇ ਜੇ ਕੋਈ ਏਦਾਂ ਦੀ ਗੱਲ ਹੋਵੇ ਤਾਂ ਅਗਲੇ ਪਹਿਲਾਂ ਦੱਸ ਦਿੰਦੇ ਨੇ। ਇੰਨੀ ਗੱਲ ਕਹਿ ਕੇ ਮਾਂ ਨੇ ਮੇਰੇ ਮੱਥੇ ਤੇ ਹੱਥ ਫੇਰਿਆ ਤੇ ਕਿਹਾ ਕੋਈ ਨਾ ਇੰਨਾ ਨਾ ਸੋਚ ਰੱਬ ਸਭ ਸਹੀ ਕਰੁ।

ਫੇਰ ਕੁਝ ਮਹੀਨਿਆਂ ਪਿੱਛੋਂ ਸੁਨੇਹਾ ਆਇਆ ਕਿ ਮੁੰਡਾ



ਵਿਆਹ ਕਰਵਾਉਣ ਨੀ ਆ ਸਕਦਾ, ਤੁਸੀਂ ਕੁੜੀ ਨੂੰ ਸਾਡੇ ਕੋਲ ਪ੍ਰਦੇਸ ਭੇਜ ਦੇਵੋ, ਅਸੀਂ ਇੱਥੇ ਹੀ ਵਿਆਹ ਕਰ ਲਵਾਂਗੇ। ਨਾ ਮੈਂ ਕਦੇ ਦੇਖਿਆ ਸੀ ਨਾ ਸੁਣਿਆ ਸੀ ਜੋ ਮੇਰੇ ਨਾਲ ਹੋਣ ਲੱਗਾ ਸੀ। ਆਖੇ ਕੁੜੀ ਭੇਜ ਦੋ ਵਿਆਹ ਅਸੀਂ ਕਰ ਲਵਾਂਗੇ। ਉਪਰੋਂ ਮੇਰੇ ਮਾਪੇ ਓਦਾਂ ਦੇ, ਕਰਨਾ ਤੇ ਕਹਿਣਾ ਕੀ ਸੀ ਬੱਸ ਭੇਜਤੀ। ਮੈਨੂੰ ਪਹਿਲੀ ਵਾਰ ਉਹ ਏਅਰਪੋਰਟ 'ਤੇ ਮਿਲੇ ਸੀ। ਮੈਂ ਚੁੱਪ ਚੁਪੀਤੀ ਗੱਡੀ ਵਿੱਚ ਬੈਠ ਕੇ ਚਲੀ ਗਈ। ਉਨਾਂ ਦੇ ਨਾਲ ਸਾਰਾ ਟੱਬਰ ਮੈਨੂੰ ਏਅਰਪੋਰਟ 'ਤੇ ਲੈਣਾ ਆਇਆ ਸੀ। ਖੁਸ਼ੀ ਸੀ ਮਨ ਵਿੱਚ ਬਹੁਤ ਸਾਰੀ ਕਿ ਸ਼ੁਕਰ ਚੰਗਾ ਭਲਾ ਤੇ ਸੋਹਣਾ ਸੁਨੱਖਾ। ਆਪਣੇ ਆਪ ਨੂੰ ਕੋਸਿਆ ਤੇ ਆਖਣ ਲੱਗੀ ਐਵੇਂ ਚੰਦਰੀ ਏਧਰ ਓਧਰ ਦਾ ਸੋਚੀ ਗਈ। ਫੇਰ ਕੁਝ ਦਿਨਾਂ ਵਿੱਚ ਹੀ ਮੇਰੇ ਮਾਂ ਬਾਪ ਨੂੰ ਵੀ ਟੂਰਿਸਟ ਵੀਜ਼ੇ 'ਤੇ ਬੁਲਾ ਲਿਆ। ਬਹੁਤ ਸੋਹਣਾ ਸਭ ਨੇ ਰਲ ਮਿਲ ਕੇ ਮੇਰਾ ਵਿਆਹ ਕਰ ਦਿੱਤਾ।

ਮੈਂ ਰੱਬ ਦਾ ਦੋਵੇਂ ਹੱਥ ਜੋੜ ਸ਼ੁਕਰਾਨਾ ਕਰਿਆ ਤੇ ਮੈਨੂੰ ਮਾਂ ਦੀ ਗੱਲ ਯਾਦ ਆਈ ਕਿ ਜਦ ਉਹ ਕਹਿੰਦੀ ਸੀ ਰੱਬ ਤੇ ਯਕੀਨ ਰੱਖ ਉਹ ਸਭ ਖੈਰ ਕਰੁ।

ਮੈਂ ਕਰਮਾ ਵਾਲੀ ਸੀ ਜੋ ਮੇਰੇ ਹਾਣ ਪ੍ਰਵਾਣ ਦਾ ਰੱਬ ਨੇ ਮਿਲਾ ਦਿੱਤਾ। ਮੈਂ ਮਾਂ ਨੂੰ ਆਖਰੀ ਸਾਹਾਂ ਤੱਕ ਆਪਣੇ ਨਾਲ ਪ੍ਰਦੇਸ ਵਿੱਚ ਰੱਖਿਆ ਸੀ ਤੇ ਉਨਾਂ ਦੀ ਸੇਵਾ ਕਰੀ। ਮੈਂ ਅੱਜ ਵੀ ਦੋਵੇਂ ਹੱਥ ਜੋੜ ਕੇ ਏਹੀ ਸ਼ੁਕਰ ਕਰਦੀ ਆਂ ਕਿ ਰੱਬ ਨੇ ਸਭ ਮੇਰੇ ਮਨ ਦੀਆਂ ਨੇੜੇ ਹੋ ਕੇ ਸੁਣੀਆਂ ਜੋ ਇੰਨਾ ਸੋਹਣਾ ਘਰ ਵਾਰ ਲੱਭ ਕੇ ਦਿੱਤਾ।

ਮੈਂ ਅੱਜ ਵੀ ਮਾਂ ਨੂੰ ਯਾਦ ਕਰਕੇ ਦੋ ਲਾਈਨਾਂ ਮਨੋ ਮਨੀ ਆਖ ਲੈਂਦੀ ਹਾਂ..

ਅੱਖਾਂ ਵਿੱਚ ਬੱਸ ਇਕ ਛੁਪੀਆਂ ਨਮੀਆਂ ਨੇ ਮੇਰੀਆਂ ...
ਵੇਹੜੇ ਤਾਂ ਮੇਰੇ ਮਾਏ ਅੱਜ ਵੀ ਸੁਲੱਖਣੇ ....
ਬੱਸ ਇੱਕ ਕਮੀਆਂ ਨੇ ਤੇਰੀਆਂ।

# ਬਹਾਦਰ ਬੀਬੀ ਬਸੰਤ ਲਤਾ



ਜੋਰਾਵਰ ਸਿੰਘ ਤਰਸਿੱਕਾ

ਬੀਬੀ ਬਸੰਤ ਲਤਾ ਬਹੁਤ ਭਗਤੀ ਭਾਵ ਵਾਲੀ ਸੇਵਾ ਸਿਮਰਨ ਵਿਚ ਏਨੀ ਗੜੂੰਦ ਕਿ ਵਿਆਹ ਨਹੀਂ ਕਰਾਇਆ। ਜਦੋਂ ਘਰ ਦੇ ਵਿਆਹ ਕਰਨ ਲੱਗੇ ਤਾਂ ਇਹ ਅਨੰਦਪੁਰ ਮਾਤਾ ਸਾਹਿਬ ਕੌਰ ਪਾਸ ਉਸ ਦੀ ਸੇਵਾ ਵਿੱਚ ਜੁੱਟ ਗਈ। ਜਦੋਂ ਅਨੰਦਪੁਰ ਛੱਡਿਆ ਤਾਂ ਮਾਤਾ ਜੀ ਨਾਲੋਂ ਵਿਛੜ ਕੇ ਦੁਸ਼ਮਣਾਂ ਦੇ ਹੱਥ ਆ ਗਈ। ਇਸ ਨੇ ਆਪਣਾ ਧਰਮ ਪਵਿੱਤਰ ਰੱਖਣ ਲਈ ਅਰਦਾਸ ਕੀਤੀ। ਆਪਣੀ ਇਜ਼ਤ ਦੀ ਪਵਿਤਰਤਾ ਕਲਗੀਆਂ ਵਾਲੇ ਆਪੇ ਆ ਰੱਖੀ ਤੇ ਇਸ ਦੇ ਉਪਦੇਸ਼ ਸੁਣ ਇਸ ਨੂੰ ਚੁੱਕ ਕੇ ਲਿਆਉਣ ਵਾਲੇ ਨੇ ਇਸ ਨੂੰ ਭੈਣ ਬਣਾ ਲਿਆ ਤੇ ਆਪ ਵੀ ਸੁਧਰ ਗਿਆ।

ਬੀਬੀ ਬਸੰਤ ਲਤਾ ਇਕ ਖੱਤਰੀਆਂ ਦੀ ਲੜਕੀ ਸੀ। ਇਸ ਦੇ ਮਾਂ ਬਾਪ ਗੁਰੂਘਰ ਦੇ ਬਹੁਤ ਸ਼ਰਧਾਲੂ ਸਨ। ਇਹ ਪ੍ਰਵਾਰ ਦੱਸਾਂ ਨਹੁੰਆਂ ਦੀ ਕਿਰਤ ਕਰਦਾ ਤੇ ਬਹੁਤਾ ਹਿੱਸਾ ਗੁਰੂਘਰ ਭੇਜ ਦਿੰਦਾ। ਬੜਾ ਧਰਮਾਤਮਾ ਪਰਵਾਰ ਸੀ। ਬਸੰਤ ਲਤਾ ਇਨਾਂ ਦੀ ਤੀਜੀ ਲੜਕੀ ਸੀ। ਇਹ ਮਾਪਿਆਂ ਨਾਲ ਗੁਰੂਘਰ ਆ ਝਾੜੂ ਤੇ ਲੰਗਰ ਦੀ ਸੇਵਾ ਕਰਦੀ ਸੀ। ਸੇਵਾ ਕਰਦੀ ਸਿਮਰਨ ਕਰਦੀ ਰਹਿੰਦੀ।ਇਸ ਸੁੰਦਰ ਸਰੀਰ ਵਿਚ ਪਵਿੱਤਰ ਆਤਮਾ ਸਾਂਭੀ ਬੈਠੀ ਸੀ। ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰ ਤੇ ਨਿੱਤ ਨੇਮ ਕਰ ਦੀਵਾਨ ਵਿਚ ਕਥਾ ਕੀਰਤਨ ਸਰਵਨ ਕਰ ਬਾਕੀ ਸਮਾਂ ਉਥੇ ਕਈ ਕਿਸਮ ਦੀ ਸੇਵਾ ਕਰਦੀ ਨਾ ਅਕਦੀ ਨਾ ਥਕਦੀ।

ਸੋਲਾਂ ਸਾਲਾਂ ਦੀ ਮੁਟਿਆਰ ਹੋ ਗਈ। ਇਸ ਦੇ ਮਾਪਿਆਂ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਇਸ ਦੇ ਵਿਆਹ ਕਰਨ ਬਾਰੇ ਵਿਚਾਰ ਪੁਛੀ ਤਾਂ ਉਨਾਂ ਕਿਹਾ ਕਿ ਇਸ ਦਾ ਵਿਆਹ ਕਰ ਦੇਣਾ ਚਾਹੀਦਾ ਹੈ। ਜਦੋਂ ਬਸੰਤ ਲਤਾ ਨੂੰ ਇਸ ਵਿਆਹ ਦੇ ਵਿਚਾਰ ਦਾ ਪਤਾ ਲੱਗਾ ਤਾਂ ਇਸ ਨੇ ਆਪਣੇ ਮਾਪਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ 'ਮੈਂ ਕੰਵਾਰੀ ਰਹਿ ਕੇ ਗੁਰੂਘਰ ਦੀ ਸੇਵਾ ਕਰਨੀ ਚਾਹੁੰਦੀ ਹਾਂ। ਜੇ ਮੇਰਾ ਜਬਰਦਸਤੀ ਵਿਆਹ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੈਂ ਕੁਝ ਖਾ ਕੇ ਮਰ ਜਾਵਾਂਗੀ।' ਇਹ ਪਵਿਤਰ ਵਿਚਾਰਾਂ ਦੀ ਧਾਰਨੀ ਸੀ ਤੇ ਮਾਤਾ ਸਾਹਿਬ ਕੌਰ ਪਾਸ ਰਹਿ ਉਨਾਂ ਦੀ ਸੇਵਾ ਕਰਨੀ ਚਾਹੁੰਦੀ ਸੀ।

ਜਦੋਂ ਬਸੰਤ ਨੂੰ ਪਤਾ ਲਗਾ ਉਸ ਦੇ ਮਾਪੇ ਉਸ ਦੇ ਇਸ ਪਵਿੱਤਰ ਵਿਚਾਰਾਂ ਵਿਰੁੱਧ ਡੱਟ ਗਏ ਹਨ ਤਾਂ ਉਹ ਭੱਜ ਕੇ ਮਾਤਾ ਸਾਹਿਬ ਕੌਰ ਪਾਸ ਆ ਗਈ। ਮਾਤਾ ਜੀ ਦੇ ਪਵਿੱਤਰ ਚਰਨ ਪਕੜ ਹੰਝੂਆਂ ਨਾਲ ਭਜਿਓ ਦਿੱਤੇ। ਮਾਤਾ ਜੀ ਨੂੰ ਕਿਹਾ ਕਿ ਉਹ ਉਸ ਦੇ ਮਾਪਿਆਂ ਨੂੰ ਉਸ ਦਾ ਵਿਆਹ ਕਰਨ ਤੋਂ ਰੋਕਣ। ਆਖਰ ਮਾਤਾ ਜੀ ਨੇ ਉਸ ਦੇ ਮਾਪਿਆਂ ਨੂੰ ਉਸ ਦੀ ਸ਼ਾਦੀ ਕਰਨੋਂ ਵਰਜ ਦਿੱਤਾ ਤੇ ਘਰ ਨਾ ਜਾਣ ਦਿੱਤਾ। ਮਾਤਾ ਜੀ ਦੀ ਬੜੇ ਪ੍ਰੇਮ ਤੇ ਸ਼ਰਧਾ ਨਾਲ ਸੇਵਾ ਕਰਦੀ। ਨਿਸ਼ਕਾਮ ਸੇਵਾ ਤੇ ਸਿਮਰਨ ਤੇ ਬਸੰਤ ਨੂੰ ਇਕ ਦੇਵੀ ਹੀ ਬਣਾ ਦਿਤਾ। ਸਾਰੇ ਪਾਸੇ ਇਸ ਦੇ ਆਦਰ ਮਾਨ ਹੋਣ ਲੱਗ ਪਏ। ਇਥੇ ਰਹਿ ਇਸ ਨੇ ਗੁਰਮੁਖੀ ਤੇ ਸੰਸਕ੍ਰਿਤ ਦੀ ਪੜਾਈ ਵੀ ਸਿੱਖੀ। ਕੇਵਲ ਪੰਜ ਘੰਟੇ ਸੌਂ ਬਾਕੀ ਸਮਾਂ ਸੇਵਾ ਸਿਮਰਨ ਤੇ ਨੇਕ ਕੰਮ ਕਰਨ ਵਿੱਚ ਗੁਜਾਰਦੀ। ਹਰ ਵਕਤ ਮਾਤਾ ਜੀ ਨੂੰ ਵੱਧ ਤੋਂ ਵੱਧ ਸੇਵਾ ਤੇ ਸਹੂਲਤਾਂ ਪ੍ਰਦਾਨ ਕਰਨ ਦੇ ਯਤਨ ਕਰਦੀ ਰਹਿੰਦੀ।

ਇਧਰ ਕਈ ਮਹੀਨਿਆਂ ਦੀ ਜੰਗ ਤੋਂ ਬਾਅਦ ਅਨੰਦਪੁਰ ਛੱਡਣਾ ਪਿਆ। ਗੁਰੂ ਜੀ ਅਜੇ ਕਿਲਾ ਖਾਲੀ ਕਰਕੇ ਥੋੜੀ ਦੂਰ ਹੀ ਗਏ ਸਨ ਕਿ ਵੈਰੀਆਂ ਨੇ ਗਊ ਤੇ ਕੁਰਾਨ ਤੇ ਹੱਥ ਰੱਖ ਖਾਧੀਆਂ ਕਸਮਾਂ ਛਿੱਕੇ ਤੇ ਟੰਗ ਪਿਛੋਂ ਹਮਲਾ ਕਰ ਦਿੱਤਾ। ਆਪਣੀ ਜਵਾਨੀ ਨੂੰ ਗੁਰੂਘਰ ਤੋਂ ਵਾਰਨ ਵਾਲੀ ਬਸੰਤ ਨੇ ਮਾਤਾ ਸਾਹਿਬ ਕੌਰ ਦਾ ਸਾਥ ਨਾ ਛੱਡਿਆ। ਮਾਤਾ ਜੀ ਨਾਲ ਪੈਦਲ ਚਲ ਪਈ। ਮਾਤਾ ਜੀ ਨੇ ਬਥੇਰਾ ਸਮਝਾਇਆ ਕਿ ਉਹ ਮਾਤਾ ਦੇ ਨਾਲ ਪਾਲਕੀ ਵਿੱਚ ਬੈਠ ਜਾਵੇ। ਇਹੋ ਕਹਿ ਟਾਲ ਦੇਵੇ ਕਿ ਉਹ ਪੂਜਨੀਕ ਮਾਤਾ ਦੇ ਬਰਾਬਰ ਨਹੀਂ ਬੈਠ ਸਕਦੀ, ਬਸੰਤ ਲਤਾ ਤੇਈ ਕੁ ਸਾਲ ਦੀ ਹੋਵੇਗੀ। ਪਵਿਤਰ ਜੀਵਨ, ਕੰਵਾਰਾਪਨ ਹੋਣ ਕਰਕੇ ਕਾਫੀ ਬਲਵਾਨ ਸੀ। ਚੁੰਗੀਆਂ ਮਾਰਦੀ ਪਾਲਕੀ ਦੇ ਨਾਲ ਨੱਠੀ ਜਾਂਦੀ ਹੱਥ ਵਿਚ ਨੰਗੀ ਕਿਰਪਾਨ। ਸਿਰ ਉਪਰ ਕੇਸਰੀ ਲੱਕ ਦੁਆਲੇ ਕਮਰ ਕੱਸਾ। ਫੁਰਤੀਲਾ ਸਰੀਰ ਏਨੀ ਠੰਡ ਤੇ ਸ਼ੀਤ ਵਾਲੀ ਹਵਾ ਦੀ ਵੀ ਕੋਈ ਪ੍ਰਵਾਹ ਨਾ ਕਰਦੀ। ਅੱਗੇ ਜੋਬਨਮਤੀ ਸ਼ੂਕਾਂ ਮਾਰਦੀ ਸਰਸਾ ਨਦੀ ਠਾਠਾਂ ਮਾਰ ਰਹੀ ਹੈ। ਇਸ ਨੂੰ ਪਾਰ ਕਰ ਠੰਡ ਨਾਲ ਬੌਂਦਲ ਗਈ। ਪਹਿਲਾਂ ਵਾਂਗ ਪਾਲਕੀ ਨਾਲ ਚਲਣੋਂ ਅਸਮਰਥ ਹੋ ਗਈ। ਹਨੇਰੀ ਰਾਤ ਵਿੱਚ ਠੇਡਾ ਖਾ ਡਿਗ ਪਈ। ਕਾਹਲੀ ਵਿੱਚ ਸਾਥੀ ਅੱਗੇ ਨਿਕਲ ਗਏ। ਜਦੋਂ ਹੋਸ਼ ਆਈ ਤਾਂ ਕਿਰਪਾਨ ਸੰਭਾਲ ਫਿਰ ਤੁਰ ਪਈ। ਪਿਛੋਂ ਨਿਰਦਈ ਵੈਰੀਆਂ ਦੇ ਸਿਪਾਹੀ ਆ ਮਿਲੇ। ਬਿਜਲੀ ਦੀ ਲਿਸ਼ਕ ਨਾਲ ਉਨਾਂ ਦੀ ਨਿਗਾਹ ਇਸ 'ਤੇ ਪਈ। ਸੁੰਦਰ ਮੁਟਿਆਰ ਨੂੰ ਇਕੱਲਿਆਂ ਵੇਖ ਪਕੜ ਲਿਆ। ਇਸ ਨੇ ਕਿਰਪਾਨ ਦਾ ਪ੍ਰਯੋਗ ਕਰਨ ਦਾ ਬਥੇਰਾ ਯਤਨ ਕੀਤਾ। ਇਕ ਤਾਂ ਠੰਡ ਨੇ ਉਸ ਨੂੰ ਨਿਢਾਲ ਕਰ ਦਿੱਤਾ ਸੀ ਦੂਜੇ ਵੈਰੀਆਂ ਦਾ ਗਲਬਾ ਪੈ ਗਿਆ। ਵਿਚਾਰੀ ਦੀ ਕੋਈ ਪੇਸ਼ ਨਾ ਗਈ। ਸਿਪਾਹੀ ਉਸ ਨੂੰ ਧੂਹਦੇ ਆਪਣੇ ਹਾਕਮ ਸਮੁੰਦ ਖਾਂ ਪਾਸ ਲੈ ਗਏ। ਇਹ ਬੜਾ ਨਿਰਦਈ ਤੇ ਕਾਮੀ ਪੁਰਸ਼ ਸੀ। ਇਸ ਨੂੰ ਵੇਖ ਉਹ ਆਪਣਾ ਦਿਲ ਹੀ ਖੋ ਬੈਠਾ। ਸਮੁੰਦ ਖਾਂ ਪਹਾੜੀ ਰਾਜਿਆਂ ਦਾ ਨਵਾਬ ਸੀ। ਬੜਾ ਬਦਚਲਨ, ਲਾਲਚੀ ਤੇ ਅਭਿਮਾਨੀ ਸੀ। ਬਸੰਤ ਨੂੰ ਆਪਣੇ ਕਿਲੇ ਵਿਚ ਲੈ ਗਿਆ। ਕਿਲੇ ਵਿੱਚ ਲਿਜਾ ਬੜੇ ਲਾਲਚ ਮੁਖ ਬੇਗਮ ਬਣਾਉਣ ਤੇ ਹੋਰ ਐਸ਼ੋ ਇਸ਼ਰਤ ਦੇ ਲਾਲਚ ਦੇ ਵਰਗਲਾਉਣ ਲੱਗਾ ਪਰ ਬਸੰਤ ਲਤਾ ਨੇ ਸੱਚੀ ਗੱਲ ਕਹੀ ਕਿ 'ਬਸੰਤ ਨੂੰ ਭਾਵੇਂ ਕੁੱਟ ਕੁੱਟ, ਭੁਖਿਆ ਰਖ, ਕੀਮਾਂ ਕੀਮਾਂ ਕਰ ਦਿਉ। ਇਹ ਕਿਸੇ ਮਰਦ ਨੂੰ ਆਪਣਾ ਪਤੀ ਸਵੀਕਾਰ ਨਹੀਂ ਕਰੇਗੀ। ਮੈਂ ਸਤਿਗੁਰੂ ਜੀ ਹਜ਼ੂਰੀ ਵਿੱਚ ਇਹ ਪ੍ਰਣ ਕੀਤਾ ਹੈ। ਮੈਨੂੰ ਸੰਸਾਰਕ ਐਸ਼ੋ ਇਸ਼ਰਤ ਨਹੀਂ ਭਾਉਂਦੇ। ਮੈਂ ਮਾਤਾ ਜੀ ਦੀ ਸੇਵਾ ਕਰਨ ਦਾ ਪ੍ਰਣ ਕੀਤਾ ਹੋਇਆ ਹੈ। ਜੇ ਉਹ ਮਿਲ ਜਾਣ ਤਾਂ ਉਨਾਂ ਦੇ ਚਰਨਾਂ ਵਿਚ ਸੇਵਾ ਕਰ ਜੀਵਨ ਬਤੀਤ ਕਰ ਸਕਾਂ।'

ਸਮੁੰਦ ਖਾਂ ਇਸ ਨੂੰ ਗੁਰੂਘਰ ਵਿਚੋਂ ਇਸਤਰੀ ਸਮਝਦਾ ਸੀ। ਸਮੁੰਦ ਖਾਂ ਨੇ ਬੜਾ ਜ਼ੋਰ ਲਾਇਆ ਕਿ ਬਸੰਤ ਬੇਗਮ ਬਣ ਜਾਵੇ। ਲਾਲਚ, ਡਰਾਵੇ ਜਦੋਂ ਫੇਲ ਹੋ ਗਏ ਤਾਂ ਇਸ ਨੂੰ ਬੰਦੀ ਖਾਨੇ ਵਿਚ ਪਾ ਕੇ ਨਿਰਬਲ ਕਰਨ ਦੀ ਵਿਚਾਰ ਬਣਾਈ। ਬੰਦੀ ਖਾਨਾ ਵੀ ਇਕ ਨਰਕ ਹੀ ਸੀ। ਸਲਾਬੀ ਥਾਂ, ਘੁੱਪ ਹਨੇਰਾ, ਅੰਦਰ ਕੀੜੇ ਮਕੌੜੇ, ਚੂਹੇ ਕਿਰਲੀਆਂ ਅਨੇਕ ਹੋਰ ਜੀਵ। ਇਸ ਵਿਚ ਇਕ ਪੱਥਰ ਦਾ ਉੱਚਾ ਥੜਾ ਬਣਿਆ ਹੋਇਆ ਸੀ। ਜਿਸ ਉਪਰ ਬੈਠਿਆ ਤਾਂ ਜਾ ਸਕਦਾ ਸੀ। ਜੰਗਲ ਪਾਣੀ ਵੀ ਵਿਚੇ ਹੀ। ਪਹਿਲੀ ਰਾਤ ਸਿਰ ਤੇ ਆਈ ਥੱਕੀ ਟੁੱਟੀ ਨੂੰ ਨੀਂਦ ਆ ਗਈ। ਸਾਰੀ ਰਾਤ ਰਾਹ ਵਿੱਚ ਕਸ਼ਟਾਂ ਤੇ ਲੜਾਈ ਦਾ ਖਿਆਲ ਫਿਲਮ ਵਾਂਗ ਖਿਆਲਾਂ ਵਿੱਚ ਆਉਂਦਾ ਰਿਹਾ ਜਦੋਂ ਮਾਤਾ ਸਾਹਿਬ ਕੌਰ ਦਾ ਵਿਛੋੜਾ ਯਾਦ ਆ ਗਿਆ ਸੁਪਨੇ ਵਿਚ ਬੜਾਉਣ ਲੱਗੀ 'ਮਾਤਾ ਜੀ ਮਾਤਾ ਜੀ ਮੈਨੂੰ ਛੱਡ ਕੇ ਨਾ ਜਾਇਓ' ਕਰਦੀ ਉਠ ਕੇ ਭੱਜੀ ਤਾਂ ਪੱਥਰ ਦੀ ਕੰਧ ਨਾਲ ਸਿਰ ਜਾ ਵੱਜਾ ਸੱਟ ਲੱਗੀ ਤਾਂ ਹੋਸ਼ ਵਿੱਚ ਆਈ ਤਾਂ ਪਤਾ ਲਗਾ ਕਿ ਮੈਂ ਕੈਦ ਵਿਚ ਹਾਂ।'

ਉਥੇ ਹੀ ਦੋਵੇਂ ਹੱਥ ਜੋੜ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਧਿਆਨ ਕਰ ਅਰਦਾਸ ਬੇਨਤੀ ਕਰਨ ਲੱਗੀ। 'ਹੇ ਸੱਚੇ ਪਾਤਸ਼ਾਹ! ਕਲਗੀਆਂ ਵਾਲੇ! ਦਿਆਲੂ ਪਿਤਾ ਦਾਸੀ ਨੂੰ ਤਾਂ ਤੇਰਾ ਹੀ ਆਸਰਾ ਹੈ। ਮੈਂ ਭੋਲੇ ਭਾ ਪ੍ਰਣ ਕਰ ਲਿਆ ਸੀ ਕਿ ਤੇਰੇ, ਚਰਨਾਂ ਵਿੱਚ ਜੀਵਨ ਬਤੀਤ ਕਰਾਂਗੀ, ਮਾਤਾ ਜੀ ਦੀ ਸੇਵਾ ਕਰਾਂਗੀ, ਗੁਰੂਘਰ ਦੇ ਜੂਠੇ ਬਰਤਨ ਮਾਜਾਂਗੀ ਤੇ ਸੰਗਤ ਦੇ ਜੋੜੇ ਝਾੜ ਜਨਮ ਸਫਲਾ ਕਰਾਂਗੀ। ਕੀ ਭਾਣਾ ਵਰਤਾ ਦਿੱਤਾ। ਸਾਰੇ ਵਿਛੜ ਗਏ। ਮੈਨੂੰ ਇਕੱਲੀ ਨੂੰ ਛੱਡ ਗਏ। ਮੇਰਾ ਰੂਪ ਤੇ ਜਵਾਨੀ ਹੀ ਮੇਰਾ ਵੈਰੀ ਬਣ ਗਿਆ। ਮੈਨੂੰ ਤੇ ਮੇਰੀ ਪਵਿਤਰਤਾ ਨੂੰ ਬਚਾਓ। ਮੇਰਾ ਧਰਮ ਚਲਿਆ ਜੇ ਕਿਤੇ ਮੇਰਾ ਨਰਕਾਂ ਵਿਚ ਵਾਸਾ ਨਾ ਹੋਵੇ। ਹੇ ਜਗਤ ਰਖਿਅਕ ਦੀਨ ਦਿਆਲੂ ਪ੍ਰਭੂ ਲਜਿਆ ਰੱਖੋ।

**'ਰਾਖਨ ਹਾਰੇ ਰਾਖਹੁ ਆਪ ॥ ਸਗਲ ਸੁਖਾ ਪ੍ਰਭ ਤੁਮਰੈ ਹਾਥ ॥'**

ਇਸ ਤਰਾਂ ਪ੍ਰਮਾਤਮਾ ਅੱਗੇ ਲਿਲੜੀਆਂ ਲੈ ਰਹੀ ਸੀ ਕਿ ਪ੍ਰਭੂ ਮੇਰੀ ਸਹਾਇਤਾ ਕਰੋ। ਇਸ ਤਰਾਂ ਆਪਣੇ ਨਾਲ ਹੀ ਗੱਲਾਂ ਕਰ ਰਹੀ ਸੀ ਕਿ ਇਕ ਅੱਧਖੜ ਹਿੰਦੂ ਤੀਵੀਂ ਦੀਵਾ ਲੈ ਕੇ ਬੰਦੀ ਖਾਨੇ ਦੇ ਬੂਹੇ ਅੱਗੇ ਆ ਖਲੋਤੀ ਤੇ ਕਹਿਣ ਲੱਗੀ ਕਿ ਉਹ ਹਿੰਦੂ ਹੈ ਉਸ ਨੂੰ ਖਾਨ ਬਹਾਦਰ ਨੇ ਉਸ ਲਈ ਰੋਟੀ ਪਕਵਾ ਕੇ ਘੱਲੀ ਰੋਟੀ ਖਾ ਲੈ। ਬਸੰਤ ਲਤਾ ਨੇ ਬੜਾ ਟਾਲਿਆ ਪਰ ਬੁੱਢੜੀ ਨੇ ਉਸ ਨੂੰ ਰੋਟੀ ਖਾਣ ਲਈ ਮਜਬੂਰ ਕਰ ਹੀ ਦਿੱਤਾ। ਦੋ ਤਿੰਨ ਦੀ ਦੁਖੀ ਨੇ ਰੋਟੀ ਖਾਧੀ ਤੇ ਅੰਦਰ ਜਾ ਪੱਥਰ ਤੇ ਲੇਟੀ।

ਚੰਦਰ ਪ੍ਰਭਾ ਹਿੰਦੂ ਤੀਵੀਂ ਨੂੰ ਅਜੇ ਥੋੜਾ ਚਿਰ ਗਈ ਨੂੰ ਹੋਇਆ ਸੀ ਕਿ ਸਮੁੰਦ ਖਾਨ ਬੰਦੀ ਖਾਨੇ ਵਿੱਚ ਆ ਵੜਿਆ ਆਉਂਦਿਆਂ ਹੀ ਬਸੰਤ ਨੂੰ ਕਿਹਾ ਹੈ ਸੁੰਦਰਤਾ ਦੀ ਦੇਵੀ, ਮੈਨੂੰ ਅਫਸੋਸ ਹੈ ਤੈਨੂੰ ਇਸ ਕਾਲ ਕੋਠੜੀ ਵਿੱਚ ਸੁੱਟਣਾ ਪਿਆ। ਮੈਨੂੰ ਦੱਸੋ ਮੇਰੇ ਵਿਚ ਕੀ ਐਬ ਹੈ? ਤੇਰੇ ਸਾਰੇ ਸਾਥੀ ਤੇ ਗੁਰੂ ਦਾ ਪ੍ਰਵਾਰ ਖਤਮ ਕਰ ਦਿੱਤਾ ਗਿਆ ਹੈ। ਤੇਰਾ ਹੁਣ ਕੋਈ ਆਸਰਾ ਨਹੀਂ ਰਿਹਾ। ਤੂੰ ਇਕੱਲੀ ਕੀ ਕਰੇਂਗੀ? ਕਿਥੇ ਜਾਵੇਂਗੀ? ਤੈਨੂੰ ਸਭ ਸੁੱਖ ਆਰਾਮ ਅਰਪਣ ਕੀਤਾ ਜਾਣਗੇ।'

ਬਸੰਤ ਨੇ ਕਿਹਾ ਕਿ 'ਮੈਂ ਇਕ ਵਾਰੀ ਨਹੀਂ ਕਈ ਵਾਰੀ ਕਿਹਾ ਹੈ ਕਿ ਮੈਂ ਖੁਦਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਸਮ ਖਾਧੀ ਹੈ ਕਿ ਮੈਂ ਕਿਸੇ ਨੂੰ ਪਤੀ ਨਹੀਂ ਮਨਾਂਗੀ ਅਤੇ ਨਾ ਕੋਈ ਬੁਰਾ ਐਬ ਕਰਨਾ ਹੈ। ਮੈਨੂੰ ਪਵਿੱਤਰ ਰਹਿਣ ਦਿਓ। ਮੈਨੂੰ ਆਪਣੀ ਭੈਣ ਸਮਝੋ। ਮੇਰੇ ਤੇ ਦਯਾ ਕਰੋ, ਧਰਮ ਕਰੋ। ਸਦਾ ਖੁਦਾ ਪਾਸੋਂ ਡਰਨਾ ਚਾਹੀਦਾ ਹੈ। ਮੈਂ ਇਕ ਇਸਤਰੀ ਹਾਂ ਤੇ ਨਿਰਬਲ ਹਾਂ। ਇਸ ਨਿਰਬਲਤਾ ਦਾ ਲਾਭ ਨਾ ਉਠਾਓ, ਖੁਦਾ ਮੰਦਾ ਚੰਗਾ ਸਭ ਕੁਝ ਦੇਖਦਾ ਹੈ। ਪਾਪ ਕਰ ਕੇ ਦੋਜ਼ਖ ਦੀ ਅੱਗ ਵਿਚ ਨਾ ਸੜਿਓ।

ਸਮੁੰਦ ਖਾਂ ਨਸ਼ੇ ਵਿਚ ਅੰਨਾ ਹੋਇਆ ਪਿਆ ਸੀ ਕਹਿਣ ਲੱਗਾ ਕਿ 'ਜੇ ਇਉਂ ਨਾ ਮੰਨੇਗੀ ਮੈਂ ਧੱਕੇਸ਼ਾਹੀ ਕਰਾਂਗਾ, ਬੀਬੀ ਬਸੰਤ ਲਤਾ ਬੋਲੀ ਕੌਣ ਹੈ ਮੇਰੇ ਨਾਲ ਧੱਕੇਸ਼ਾਹੀ ਕਰਨ ਵਾਲਾ, ਮੇਰਾ ਸਤਿਗੁਰੂ ਮੇਰੇ ਧਰਮ ਦਾ ਰਾਖਾ ਹੈ। ਅਕਾਲ ਪੁਰਖ ਮੇਰੇ ਜਿਹੀਆਂ ਅਬਲਾਵਾਂ ਦੀ ਬੇਨਤੀ ਸੁਣ ਰਖਿਆ ਕਰਦਾ ਹੈ। ਕੰਨ ਖੋਹਲ ਕੇ ਸੁਣ ਲੈ। ਮੈਨੂੰ ਹੱਥ ਲਾ ਕੇ ਆਪਣਾ ਸਤਿਆਨਾਸ ਨਾ ਕਰਾ ਲਵੀਂ। ਮੈਂ ਬਿਜਲੀ ਹਾਂ, ਚੰਡੀ ਹਾਂ। ਮੇਰੀ ਪਵਿਤਰਤਾ ਸੱਚੀ ਹੈ। ਕੋਈ ਮਨੁੱਖ ਮੇਰੇ ਤਨ ਨੂੰ ਹੱਥ ਨਹੀਂ ਲਾ ਸਕਦਾ।'

ਸਮੁੰਦ ਖਾਨ ਬੋਲਿਆ 'ਸਤਿਗੁਰੂ ਤੇਰਾ ਆਪਣੀ ਰਾਖੀ ਨਾ ਕਰ ਸਕਿਆ ਤੇਰੀ ਕੀ ਰਖਿਆ ਕਰੇਗਾ। ਬਸੰਤ ਲਤਾ ਬੋਲੀ।' ਉਹ ਵੇਖ ਮੇਰੇ ਸਤਿਗੁਰੂ ਮੇਰੀ ਸਹਾਇਤਾ ਲਈ ਆ ਰਹੇ ਹਨ। ਪਾਪੀ ਕੁੱਤੇ ਪਰਾਂ ਹਟ ਮਰ ਪਰੇ। ਧੰਨ ਮੇਰੇ ਭਾਗ ਉਹ ਕਲਗੀਆਂ ਵਾਲੇ ਆ ਗਏ ਹਨ। ਮੈਂ ਬਲਿਹਾਰੇ ਜਾਵਾਂ। ਸਮੁੰਦ ਖਾਂ ਹਥ ਫੈਲਾ ਬਾਹਵਾਂ ਵਿਚ ਘੁਟਣ ਲਈ ਬਸੰਤ ਲਤਾ ਵਲ ਅੱਗੇ ਵਧਿਆ। ਬਸੰਤ ਲਤਾ ਖਿੜ ਖਿੜਾ ਹੱਸਣ ਲੱਗੀ 'ਕੀ ਵੇਖ ਰਹੀ ਹੈ ਕਿ ਧੰਨ ਹੈ ਸਤਿਗੁਰੂ! ਮੈਂ ਬਲਿਹਾਰੇ ਜਾਂਦੀ ਹਾਂ। ਆਪਣੀ ਪੁਤਰੀ ਦੀ ਲਾਜ ਤੇ ਪਵਿਤਰਤਾ ਕਾਇਮ ਰੱਖਣ ਖਾਤਰ ਪੁਜ ਹੀ ਗਏ ਨਾ। ਇਸ ਪਾਪੀ ਦੁਸ਼ਟ ਨੂੰ ਬਹੁਤ ਸਮਝਾਇਆ। ਪਰ ਨਹੀਂ ਸਮਝਿਆ। ਅਕਾਲ ਪੁਰਖ ਦੀ ਸ਼ਕਤੀ ਨੂੰ ਮਖੌਲ ਕਰਦਾ ਹੈ। ਦਾਤਾ, ਮਿਹਰ ਕਰੋ ਬੰਦੀ ਖਾਨੇ ਵਿੱਚੋਂ ਕੱਢ ਕੇ ਲੈ ਚਲੋ ਪਾਪੀਆਂ ਪਾਸੋਂ।'

ਸਮੁੰਦ ਖਾਂ ਅੱਗੇ ਵਧਣ ਦਾ ਯਤਨ ਕਰਦਾ ਹੈ, ਬਾਹਵਾਂ ਫੈਲਾਈਆਂ ਹੀ ਰਹਿ ਗਈਆਂ ਹਨ। ਇਕੱਠੀਆਂ ਨਹੀਂ ਹੁੰਦੀਆਂ। ਹੇਠੋਂ ਪੈਰ ਧਰਤੀ ਨਾਲ ਜੁੜ ਗਏ ਹਨ। ਹਿਲਦੇ ਨਹੀਂ ਹਨ। ਅੱਖਾਂ ਤੋਂ ਅੰਨਾ ਹੋ ਗਿਆ ਹੈ। ਉਸ ਦੇ ਸਰੀਰ ਦਾ ਲਹੂ ਜਮਣ ਲੱਗ ਪਿਆ ਹੈ। ਹੈਰਾਨ ਹੈ ਕਿ ਕੀ ਹੋ ਗਿਆ, ਸੋਚਦਾ ਹੈ ਕਿ ਸੱਚਮੁੱਚ ਹੀ ਕੋਈ ਰੱਬੀ ਸ਼ਕਤੀ ਬਸੰਤ ਦੀ ਸਹਾਇਤਾ ਲਈ ਆ ਬਹੁੜੀ ਹੈ। ਬਸੰਤ ਪਿਛੇ ਹੱਟ ਗਈ ਹੈ। ਸਤਿਗੁਰੂ ਦੇ ਦਰਸ਼ਨ ਹੋਣੋਂ ਹੱਟ ਗਏ ਹਨ। ਉਹ ਗੁਰੂ ਜੀ ਦਾ ਜਸ 'ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ' ਦਾ ਜਾਪ ਕਰਨ ਲੱਗੀ। ਸਮੁੰਦ ਖਾਂ ਸਭ ਕੁਝ ਸੁਣ ਰਿਹਾ ਹੈ। ਦਿਖਾਈ ਕੁਝ ਨਹੀਂ ਦੇਂਦਾ। ਬਾਹਵਾਂ ਉਸੇ ਤਰਾਂ ਆਕੜੀਆਂ ਹੋਈਆਂ ਹਨ। ਸ਼ੁਕਰ ਹੈ ਕਿ ਕੰਨ ਤੇ ਜ਼ੁਬਾਨ ਕੰਮ ਕਰਦੇ ਹਨ। ਉਹ ਅਨੁਭਵ ਕਰਨ ਲਗਾ ਕਿ ਵਾਕਈ ਕੋਈ ਖੁਦਾਈ ਸ਼ਕਤੀ ਬਹੁੜੀ ਹੈ। ਡਿਕੋਲੱਕਾ ਜਿਹਾ ਹੋ ਕੇ ਬੋਲਿਆ 'ਹੇ ਦੇਵੀ ਬਸੰਤ ਲਤਾ ਮੈਨੂੰ ਖਿਮਾ ਬਖਸ਼, ਮੈਂ ਭੁਲ ਗਿਆ ਸਾਂ। ਮੇਰੇ ਪਾਪ ਨੂੰ ਨਾ ਚਿਤਾਰ ਬਖਸ਼ ਦੇ। ਭੈਣ ਬਸੰਤ ਲਤਾ ਮੈਨੂੰ ਮੁਆਫ ਕਰ ਕੇ ਮੈਥੋਂ ਗਲਤੀਆਂ ਹੋ ਗਈਆਂ ਹਨ।

ਬਸੰਤ ਲਤਾ ਕਿਹਾ ਕਿ ਇਹ ਮੇਰੇ ਵਸ ਦੀ ਗੱਲ ਨਹੀਂ ਹੈਂ ਮੈਂ ਤਾਂ ਅਬਲਾ ਤੇ ਕੈਦਣ ਹਾਂ, ਮੈਂ ਵਿਚਾਰੀ ਕੀ ਕਰ ਸਕਦੀ ਹਾਂ। ਹੁਣ ਸਮੁੰਦ ਖਾਂ ਦੇ ਕਪਾਟ ਖੁੱਲ ਗਏ ਕਹਿਣ ਲੱਗਾ, 'ਹੇ ਭੈਣੇ, ਮੇਰੇ ਖਾਤਰ ਆਪਣੇ ਸਤਿਗੁਰ ਅੱਗੇ ਅਰਜ਼ ਕਰ ਕਿ ਉਹ ਮੇਰੀਆਂ ਪਿਛਲੀਆਂ ਭੁੱਲਾਂ ਨੂੰ ਬਖਸ਼ਣ। ਮੇਰੀ ਭੈੜੀ ਨੀਚ ਜ਼ਬਾਨ ਵਿਚੋਂ ਉਨਾਂ ਦੀ ਸ਼ਾਨ ਵਿਰੁੱਧ ਜਿਹੜੇ ਭੈੜੇ ਸ਼ਬਦ ਮੈਥੋਂ ਨਿਕਲੇ ਹਨ, ਉਹ ਖਿਮਾ ਕਰਨ। ਮੈਂ ਮਹਾਂ ਪਾਪੀ ਹਾਂ। ਹੁਣ ਮੈਨੂੰ ਬਖਸ਼ ਦੇਣ। ਮੇਰੀਆਂ ਅੱਖਾਂ ਖੁੱਲਣ ਮੇਰੇ ਹੱਥ ਬਾਹਾਂ ਠੀਕ ਹੋਣ। ਤੈਨੂੰ ਭੈਣ ਸਮਝਦਾ ਹਾਂ। ਮੈਂ ਖੁਦਾ ਨੂੰ ਹਾਜ਼ਰ ਨਾਜ਼ਰ ਸਮਝ ਕਸਮ ਖਾਂਦਾ ਹੈ ਕਿ ਮੈਂ ਭੈਣ ਬਸੰਤ ਲਤਾ ਨੂੰ ਗੁਰੂ ਦੇ ਪ੍ਰਵਾਰ ਪਾਸ ਭੇਜ ਦੇਵਾਂਗਾ। ਇਸ ਦੀ ਕੋਈ ਨਿਰਾਦਰੀ ਨਹੀਂ ਕਰੇਗਾ। ਮੈਂ ਫਿਰ ਖਿਮਾ ਲਈ ਅਰਜ਼ ਕਰਦਾ ਹਾਂ।'

ਸਮੁੰਦ ਖਾਂ ਨੇ ਬਸੰਤ ਲਤਾ ਨੂੰ ਬੰਦੀ ਖਾਨਿਓ ਬਾਹਰ ਕੱਢ ਕੇ ਭੈਣ ਬਣਾ ਲਿਆ। ਆਪਣੇ ਮਹਿਲਾਂ ਵਿਚ ਲਿਆ ਕੇ ਆਪਣੀਆਂ ਬੇਗਮਾਂ ਪਾਸੋਂ ਬੜਾ ਆਦਰ ਮਾਣ ਕਰਵਾਇਆ ਤੇ ਸਮੁੰਦ ਖਾਂ ਪਾਸੋਂ ਬਸੰਤ ਦੀ ਪਵਿਤਰਤਾ ਦੀ ਸਾਖੀ ਸੁਣ ਕੇ ਹੱਕੀ ਬੱਕੀ ਰਹਿ ਗਈਆਂ। ਮਹਿਲਾਂ ਦੀਆਂ ਇਸਤਰੀਆਂ ਇਸ ਨੂੰ ਦੇਵੀ ਹੀ ਸਮਝਣ ਲੱਗ ਪਈਆਂ। ਸਾਰੇ ਘਰ ਦਾ ਵਾਤਾਵਰਨ ਹੀ ਬਦਲ ਕੇ ਪਵਿਤਰ ਹੋ ਗਿਆ। ਸਮੁੰਦ ਖਾਂ ਨੇ ਤੀਜੇ ਦਿਨ ਪਤਾ ਕਰਕੇ ਦਸਿਆ ਕਿ 'ਭੈਣ ਜੀ ਬੜੀਆਂ ਮਾੜੀਆਂ ਤੇ ਭੈੜੀਆਂ ਖਬਰਾਂ ਦਸਣ ਲੱਗਾ ਹਾਂ, ਚਮਕੌਰ ਵਿੱਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ। ਗੁਰੂ ਜੀ ਅੱਗੇ ਨਿਕਲ ਗਏ ਹਨ। ਸਾਰਾ ਪ੍ਰਵਾਰ ਹੀ ਖਿਲਰ ਗਿਆ ਹੈ। ਅਜੇ ਰੌਲਾ ਬਹੁਤ ਹੈ। ਤੁਹਾਨੂੰ ਅਜੇ ਬਾਹਰ ਭੇਜਣਾ ਚੰਗਾ ਨਹੀਂ ਹੈ। ਤੁਸੀਂ ਏਥੇ ਆਰਾਮ ਨਾਲ ਟਿਕੋ।

ਇਸ ਤਰਾਂ ਬਸੰਤ ਲਤਾ ਸਮੁੰਦ ਖਾਂ ਦੀ ਭੈਣ ਬਣ ਕੇ ਕਾਫੀ ਅਰਸਾ ਉਸ ਪਾਸ ਰਹੀ। ਸਮੁੰਦ ਖਾਂ ਦੀਆਂ ਬੇਗਮਾਂ ਤੇ ਦਾਸੀਆਂ ਇਸ ਨੂੰ ਦੇਵਾਂ ਕਰਕੇ ਪੂਜਦੀਆਂ। ਇਹ ਸਾਰਾ ਦਿਨ ਪ੍ਰਭੂ ਭਗਤੀ ਤੇ ਸਿਮਰਨ ਵਿੱਚ ਜੁੜੀ ਰਹਿੰਦੀ। ਰਾਤ ਸੌਣ ਲਗਿਆਂ। ਗੁਰੂਘਰ ਦੀਆਂ ਸ਼ਕਤੀਆਂ ਤੇ ਬਰਕਤਾਂ ਬਾਰੇ ਸਾਰਿਆਂ ਨੂੰ ਦੱਸਦੀ। ਜਾਣੋ ਇਕ ਸਤਿਸੰਗ ਹੀ ਲੱਗ ਜਾਂਦਾ। ਸਾਰੇ ਇਸ ਦੀ ਗਿਆਨ ਭਰਪੂਰ ਵਿਚਾਰ ਤੇ ਪ੍ਰਮਾਤਮਾ ਨਾਲ ਜੋੜਨ ਦੀਆਂ ਗਲਾਂ ਬੜੇ ਪ੍ਰੇਮ ਤੇ ਦਿਲਚਸਪੀ ਨਾਲ ਸੁਣਦੇ। ਦੋ ਮਹੀਨੇ ਬੀਤ ਗਏ। ਠੰਡ ਠੰਡੋਲਾ ਹੋ ਗਿਆ। ਬਸੰਤ ਲਤਾ ਨੂੰ ਸਮੁੰਦ ਖਾਂ ਨੇ ਭੈਣਾਂ ਵਾਂਗ ਚੰਗਾ ਸਾਮਾਨ ਬਣਾ ਕੇ ਤੋਰਿਆ। ਛੇ ਘੋੜ ਸਵਾਰ ਦਿੱਤੇ ਬਸੰਤ ਨੂੰ ਪਾਲਕੀ ਵਿੱਚ ਬਿਠਾ ਚੰਦਰ ਪ੍ਰਭਾ ਨੂੰ ਨਾਲ ਘੋੜੇ ਤੇ ਤੋਰਿਆ। ਪੰਦਰਾਂ ਦਿਨ ਮੰਜ਼ਲਾਂ ਮਾਰਦੇ ਗੁਰੂ ਜੀ ਪਾਸ ਦੀਨੇ ਛਡ ਆਏ। ਉਧਰੋਂ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਵੀ ਦਿੱਲੀਓਂ ਉਥੇ ਪੁੱਜ ਗਈਆਂ ਬਾਕੀ ਰਹਿੰਦੇ ਪ੍ਰਵਾਰ ਨੂੰ ਵੇਖ ਕੇ ਬਹੁਤ ਖੁਸ਼ ਹੋਈ। ਆਪਣੀ ਸਾਰੀ ਹੱਡ ਬੀਤੀ ਸਭ ਸੰਗਤ ਨੂੰ ਸੁਣਾਈ। ਕਲਗੀਆਂ ਵਾਲੇ ਦਾ ਧੰਨਵਾਦ ਕੀਤਾ। ਜਿਨਾਂ ਨੇ ਉਸ ਦੀ ਪੈਜ ਤੇ ਪ੍ਰਤਿਗਿਆ ਰੱਖ ਉਸ ਦੀ ਪਵਿਤ੍ਰਤਾ ਕਾਇਮ ਰੱਖੀ ਤੇ ਕਾਲ ਕੋਠੜੀ 'ਚੋਂ ਖਲਾਸੀ ਕਰਾਈ।

ਜਿਹੜੀਆਂ ਬੀਬੀਆਂ ਧਰਮ ਵਿਚ ਪੱਕੀਆਂ, ਪ੍ਰਭੂ ਭਗਤੀ ਤੇ ਸੇਵਾ ਸਿਮਰਨ ਦੀਆਂ ਧਾਰਨੀ ਹੁੰਦੀਆਂ ਹਨ, ਅਕਾਲ ਪੁਰਖ ਆਪ ਬਹੁੜ ਕੇ ਉਨਾਂ ਦੇ ਧਰਮ ਦੀ ਰਖਿਆ ਤੇ ਸਹਾਇਤਾ ਕਰਦਾ ਹੈ। ਉੱਚਾ ਆਰਚਨ ਉੱਚੀ ਅਵਸਥਾ ਵਿਚ ਲੈ ਜਾਂਦਾ ਹੈ। ਇਸ ਬੀਬੀ ਦੀ ਕਥਾ ਵੀ ਸਿੱਖ ਬੀਬੀਆਂ ਲਈ ਇੱਕ ਚਾਨਣ ਮੁਨਾਰਾ ਹੈ।

## ਧੀਆਂ ਬਚਾਉ-ਧੀਆਂ ਪੜਾਉ

ਧੀਆਂ ਨੂੰ ਪੜਾਉ,
ਸਿਆਣੀਆਂ ਬਣਾਉ।
ਜਦੋਂ ਪੜ ਲਿਖ ਜਾਣ,
ਸਿਆਣੀਆਂ ਬਣ ਜਾਣ।
ਤਾਂ ਉਨਾਂ ਨੂੰ ਸਮਝਾਉ,
'ਘਰ' ਦੇ ਖ਼ਿਲਾਫ਼ ਨਹੀਂ ਸੋਚੀਦਾ।
ਵੀਰਿਆਂ ਨਾਲ ਬਰਾਬਰੀ ਨਹੀਂ ਕਰੀਦੀ।
ਪਿਤਾ ਮੂਹਰੇ ਅੱਖ ਨਹੀਂ ਚੁੱਕੀਦੀ।
ਸੁਪਨੇ ਨਹੀਂ ਦੇਖੀਦੇ।
ਬਹੁਤੀਆਂ ਸਿਕਾਇਤਾਂ ਨਹੀਂ ਕਰੀਦੀਆਂ।
ਦੜ ਵੱਟ ਕੇ ਰਹੀਦਾ, ਹੱਕ ਨਹੀਂ ਮੰਗੀਦੇ।
ਰੋਜ਼ਗਾਰ ਦੇ ਕਾਬਿਲ ਹੋ ਜਾਣ
ਤਾਂ ਦੁਬਾਰਾ ਸਮਝਾਉ,
ਸਰਕਾਰ ਦੇ ਖ਼ਿਲਾਫ਼ ਨਹੀਂ ਬੋਲੀਦਾ।
ਧਰਨੇ ਮੁਜ਼ਾਹਰਿਆਂ ਵਿਚ ਨਹੀਂ ਜਾਈਦਾ।
ਇੰਝ ਕਰਨਾ ਤੁਹਾਨੂੰ ਸ਼ੋਭਾ ਨਹੀਂ ਦਿੰਦਾ।
ਅਸੀਂ ਤੁਹਾਨੂੰ ਇਹ ਸਭ ਤਾਂ ਸਿਖਣ ਲਈ ਨਹੀਂ ਕਿਹਾ ਸੀ,
ਜੇ ਸਾਡੀ ਨਹੀਂ ਮੰਨੋਗੀਆਂ
ਕੁੱਟ ਖਾਉਗੀਆਂ।
ਜੇ ਕਿਤੇ ਰੋਜ਼ਗਾਰ ਮਿਲ ਜਾਵੇ
ਫ਼ਿਰ ਸਮਝਾਉਣਾ ਨਾ ਭੁੱਲੋ।
ਨੌਕਰੀ ਦਾ ਹੰਕਾਰ ਨਹੀਂ ਕਰੀਦਾ।
ਨਿਵ ਕੇ ਰਹੀਦਾ।
ਤਨਖ਼ਾਹ ਦੀ ਪਾਈ ਪਾਈ
ਪਤੀ ਪਰਮੇਸ਼ਰ ਦੀ ਤਲੀ ਉੱਤੇ ਰੱਖੀਦੀ।
ਜੇ ਏਟੀਐਮ ਕਾਰਡ ਉਸ ਕੋਲ ਹੈ,
ਤਾਂ ਕੀ ਹੋਇਆ
ਸਭ ਲੋੜਾਂ ਪੂਰੀਆਂ ਹੁੰਦੀਆਂ ਹੋਣ
ਤਾਂ ਐਵੇਂ ਖ਼ਾਹਿਸ਼ਾਂ ਪਿੱਛੇ ਨਹੀਂ ਭੱਜੀਦਾ।
ਕੁੜੀਆਂ ਨੂੰ ਪੜਾਉ, ਸਿਆਣੀਆਂ ਬਣਾਉ
ਜਦੋਂ ਪੜ ਲਿਖ ਜਾਣ, ਸਿਆਣੀਆਂ ਬਣ ਜਾਂਣ ਤਾਂ ਉਨਾਂ ਨੂੰ ਸਮਝਾਉ,
ਸਾਡੀ ਨਹੀਂ ਮੰਨੋਗੀਆਂ ਤਾਂ ਕੁੱਟ ਖਾਉਂਗੀਆਂ।
ਘਰ ਵੀ, ਸਹੁਰੇ ਵੀ, ਬਾਹਰ ਵੀ,
ਸਭ ਕੁੱਟਣਗੇ, ਅਸੀਂ ਵੀ, ਪਤੀ ਵੀ, ਸਰਕਾਰ ਵੀ।

**ਸੁਰਜੀਤ ਸਿੰਘ**

# ਜੇਮਸ ਵੈੱਬ ਪੁਲਾੜ ਦੂਰਬੀਨ

**ਹਰਜੀਤ ਸਿੰਘ**
(ਵਿਗਿਆਨੀ ਇਸਰੋ)

ਪੁਲਾੜ ਵਿਗਿਆਨ ਬਾਰੇ ਥੋੜੀ ਬਹੁਤ ਜਾਣਕਾਰੀ ਰੱਖਣ ਵਾਲਾ ਹਰ ਕੋਈ ਇਨਸਾਨ ਹੱਬਲ ਦਾ ਨਾਮ ਜਰੂਰ ਜਾਣਦਾ ਹੈ। ਇਹ ਇੱਕ ਪੁਲਾੜੀ ਦੂਰਬੀਨ ਹੈ ਜੋ 2 ਦਹਾਕਿਆਂ ਤੋਂ ਸਾਨੂੰ ਪੁਲਾੜੀ ਸ਼ੈਆਂ ਦੀਆਂ ਖ਼ੂਬਸੂਰਤ ਅਤੇ ਜਾਣਕਾਰੀ ਭਰਪੂਰ ਤਸਵੀਰਾਂ ਭੇਜ ਰਹੀ ਹੈ। ਪਰ ਹੁਣ ਇਸਦਾ ਨਿਰਧਾਰਿਤ ਸਮਾਂ ਖਤਮ ਹੋਣ ਦੇ ਨੇੜੇ ਹੈ ਅਤੇ ਇਸਦੇ ਕੰਮ ਨੂੰ ਅੱਗੇ ਵਧਾਉਣ ਲਈ ਨਾਸਾ, ਈਸਾ (ਯੂਰਪੀਅਨ ਪੁਲਾੜ ਏਜੰਸੀ) ਅਤੇ ਕੈਨੇਡੀਅਨ ਪੁਲਾੜ ਏਜੰਸੀ ਨੇ ਮਿਲ ਕੇ 'ਜੇਮਸ ਵੈੱਬ ਪੁਲਾੜ ਦੂਰਬੀਨ' ਨਾਮ ਦੀ ਸ਼ਕਤੀਸ਼ਾਲੀ ਦੂਰਬੀਨ ਤਿਆਰ ਕੀਤੀ ਹੈ। 6.5 ਮੀਟਰ ਦੇ ਮੁੱਖ ਸ਼ੀਸ਼ੇ ਵਾਲੀ ਇਸ ਦੂਰਬੀਨ ਦਾ ਨਾਮ ਅਪੋਲੋ ਪ੍ਰੋਗਰਾਮ ਦੇ ਸਮੇਂ ਨਾਸਾ ਦੇ ਪ੍ਰਬੰਧਕ ਜੇਮਸ ਈ ਵੈੱਬ ਦੇ ਨਾਮ ਤੇ ਰੱਖਿਆ ਗਿਆ ਹੈ। ਇਸ ਨੂੰ ਫਰਾਂਸ ਦੇ ਫ੍ਰੈਂਚ ਗਾਇਨਾ ਤੋਂ ਐਰੀਏਨ-5 ਰਾਕੇਟ ਦੁਆਰਾ ਪੁਲਾੜ ਵਿੱਚ ਦਾਗ਼ਿਆ ਜਾਵੇਗਾ। ਪੁਲਾੜ ਵਿੱਚ ਦਾਗਣ ਸਮੇਂ ਇਸਦਾ ਭਾਰ 6.5 ਟਨ ਹੋਏਗਾ। ਪੁਲਾੜ ਵਿੱਚ ਜਾਣ ਤੋਂ ਬਾਅਦ ਇਸਨੂੰ ਚਲਾਉਣ ਦੀ ਜ਼ਿੰਮੇਵਾਰੀ ਪੁਲਾੜੀ ਦੂਰਬੀਨ ਵਿਗਿਆਨ ਸੰਸਥਾ, ਮੇਰੀਲੈਂਡ (ਅਮਰੀਕਾ) ਦੀ ਹੈ ਜੋ ਕਿ ਹੁਣ ਹੱਬਲ ਨੂੰ ਚਲਾਉਂਦੀ ਹੈ। ਇਸ ਲੇਖ ਵਿੱਚ ਅਸੀਂ ਇਸ ਦੂਰਬੀਨ ਬਾਰੇ ਕੁਝ ਜਾਣਕਾਰੀ ਸੰਖੇਪ ਵਿੱਚ ਪੜਾਂਗੇ।

ਆਕਾਰ ਤੋਂ ਸ਼ੁਰੂ ਕਰੀਏ ਤਾਂ ਵੈੱਬ ਦੇ ਮੁੱਖ ਸ਼ੀਸ਼ੇ ਦਾ ਵਿਆਸ 6.5 ਮੀਟਰ ਹੈ ਜੋ ਹੱਬਲ ਦੇ 2.4 ਮੀਟਰ ਦੇ ਵਿਆਸ ਤੋਂ ਕਿਤੇ ਵੱਡਾ ਹੈ। ਵੱਡੇ ਆਕਾਰ ਦਾ ਮਤਲਬ ਕਿ ਇਹ ਹੱਬਲ ਤੋਂ ਜ਼ਿਆਦਾ ਰੋਸ਼ਨੀ ਇਕੱਠੀ ਕਰ ਸਕਦਾ ਹੈ। ਸੋ ਵੈੱਬ ਦੂਰ ਪਈਆਂ ਧੁੰਦਲੀਆਂ ਅਤੇ ਫਿੱਕੀਆਂ ਚੀਜ਼ਾਂ ਨੂੰ ਸਪੱਸ਼ਟ ਦੇਖ ਸਕੇਗੀ ਜੋ ਹੱਬਲ ਨਾਲ ਸੰਭਵ ਨਹੀਂ ਸੀ।

18 ਸ਼ਟਕੋਣ ਭਾਗਾਂ ਵਾਲਾ ਵੈੱਬ ਦਾ ਸ਼ੀਸ਼ਾ ਬੇਰਿੱਲਿਅਮ ਦਾ ਬਣਿਆ ਹੋਇਆ ਹੈ ਅਤੇ ਇਸਦੇ ਉੱਤੇ ਚਮਕ ਤੇ ਸਮਾਨਤਾ ਵਧਾਉਣ ਲਈ ਸੋਨੇ ਦੀ ਪਰਤ ਚੜਾਈ ਹੋਈ ਹੈ। ਪੁਲਾੜ ਵਿੱਚ ਜਾਣ ਤੇ ਇਹ ਸ਼ੀਸ਼ਾ ਬਹੁਤ ਘੱਟ ਤਾਪਮਾਨ ਤੇ ਹੋਏਗਾ ਜਦਕਿ ਧਰਤੀ ਤੋਂ ਦਾਗੇ ਜਾਣ ਸਮੇਂ ਇਹ ਆਮ ਤਾਪਮਾਨ ਤੇ ਹੋਏਗਾ। ਇਸ ਕਰਕੇ ਇਸਦਾ ਆਕਾਰ ਥੋੜਾ ਸੁੰਗੜ ਜਾਵੇਗਾ ਅਤੇ ਪ੍ਰੋਫ਼ਾਈਲ ਵੀ ਵਿਗੜ ਜਾਵੇਗਾ। ਵਿਗਿਆਨੀਆਂ ਨੇ ਇਸਨੂੰ ਇਸ ਤਰੀਕੇ ਨਾਲ ਬਣਾਇਆ ਹੈ ਕਿ ਇਹ ਸੁੰਗੜ ਕੇ ਹੀ ਆਪਣੇ ਸਹੀ ਪ੍ਰੋਫ਼ਾਈਲ ਵਿੱਚ ਆਵੇ। ਇਸ ਵਾਸਤੇ ਗੋਰਡਨ ਪੁਲਾੜ ਕੇਂਦਰ ਵਿੱਚ ਦੂਰਬੀਨ ਤੇ ਕਈ ਪ੍ਰਯੋਗ ਕੀਤੇ ਗਏ ਅਤੇ ਅੰਤਿਮ ਪ੍ਰੋਫ਼ਾਈਲ ਤੇ ਪਹੁੰਚਿਆ ਗਿਆ। ਬਹੁਤ ਵੱਡਾ ਆਕਾਰ ਹੋਣ ਕਰਕੇ ਇਸਨੂੰ ਕਾਗਜ਼ ਵਾਂਗ ਤਹਿ ਕਰਕੇ ਰਾਕੇਟ ਵਿੱਚ ਰੱਖਿਆ ਜਾਵੇਗਾ ਅਤੇ ਪੁਲਾੜ ਵਿੱਚ ਜਾਣ ਤੋਂ ਬਾਅਦ ਖੋਲਿਆ ਜਾਵੇਗਾ। ਦੂਰਬੀਨ ਦੀਆਂ 126 ਮੋਟਰਾਂ ਇਨਾਂ ਭਾਗਾਂ ਨੂੰ ਆਪਣੇ ਸਹੀ ਸਥਾਨ ਤੇ ਰੱਖਣ ਲਈ ਅਤੇ ਲੋੜ ਪੈਣ ਤੇ ਥੋੜੇ ਬਹੁਤ ਬਦਲਾਅ ਕਰਨ ਲਈ ਵਰਤੀਆਂ ਜਾਣਗੀਆਂ।

ਵੈੱਬ ਦੂਰਬੀਨ ਦੇ ਮੁੱਖ ਉਦੇਸ਼ ਬਿਗ ਬੈਂਗ ਤੋਂ ਬਾਅਦ ਬਣੇ ਪਹਿਲੇ ਤਾਰਿਆਂ ਅਤੇ ਅਕਾਸ਼ ਗੰਗਾਵਾਂ ਨੂੰ ਦੇਖਣਾ, ਅਕਾਸ਼ ਗੰਗਾਵਾਂ ਦੇ ਬਣਨ ਅਤੇ ਵਿਕਾਸ ਦੀ ਪਰਕਿਰਿਆ ਦਾ ਅਧਿਐਨ ਕਰਨਾ ਅਤੇ ਤਾਰਿਆਂ ਤੇ ਗ੍ਰਹਿਾਂ ਦੇ ਬਣਨ ਦੇ ਤਰੀਕੇ ਦਾ ਅਧਿਐਨ ਕਰਨਾ ਹੈ। ਇਹ ਕੰਮ ਇਨਫ਼ਰਾ-ਰੈੱਡ ਰੋਸ਼ਨੀ ਨਾਲ ਜ਼ਿਆਦਾ ਵਧੀਆ ਤਰੀਕੇ ਨਾਲ ਹੋ ਸਕਦਾ ਹੈ। ਇਸੇ ਲਈ ਵੈੱਬ ਬ੍ਰਹਿਮੰਡ ਨੂੰ ਘੋਗਣ ਲਈ ਮੁੱਖ ਤੌਰ ਤੇ ਇਨਫਰਾ-ਰੈੱਡ ਸਪੈਕਟ੍ਰਮ (0.6-28 ਮਾਇਕ੍ਰੋਮੀਟਰ) ਦੀ ਵਰਤੋਂ ਕਰੇਗੀ ਜਦਕਿ ਹੱਬਲ ਮੁੱਖ ਤੌਰ 'ਤੇ ਦ੍ਰਿਸ਼ਮਾਨ **(visible)** ਅਤੇ ਪਰਾਬੈਂਗਣੀ ਸਪੈਕਟ੍ਰਮ ਦੀ ਵਰਤੋਂ ਕਰਦੀ ਹੈ। ਵੈੱਬ ਵਿੱਚ ਨਜ਼ਦੀਕ ਇਨਫ਼ਰਾ-ਰੈੱਡ ਅਤੇ ਮੱਧ ਇਨਫ਼ਰ-ਰੈੱਡ ਸਪੈਕਟ੍ਰਮ ਦੇ ਕੈਮਰੇ ਅਤੇ ਸਪੈਕਟਰੋਮੀਟਰ ਲੱਗੇ ਹੋਏ ਹਨ। ਬ੍ਰਹਿਮੰਡ ਦੇ ਫੈਲਾਓ ਕਰਕੇ ਮੁਢਲੇ ਤਾਰਿਆਂ ਅਤੇ ਅਕਾਸ਼ ਗੰਗਾਵਾਂ ਤੋਂ ਆਉਣ ਵਾਲੀ ਰੋਸ਼ਨੀ, ਜੋਕਿ ਪਰਾਬੈਂਗਣੀ ਤੇ ਦ੍ਰਿਸ਼ਮਾਨ ਸਪੈਕਟ੍ਰਮ ਵਿੱਚ ਪੈਦਾ ਹੁੰਦੀ ਹੈ, ਰੈੱਡ ਸ਼ਿਫਟ (ਡੌਪਲਰ ਪ੍ਰਭਾਵ) ਹੋ ਕੇ ਇਨਫਰਾ-ਰੈੱਡ ਵਿੱਚ ਬਦਲ ਜਾਂਦੀ ਹੈ। ਆਪਣੀ ਇਨਫ਼ਰਾ-ਰੈੱਡ ਕਾਬਲੀਅਤ ਕਰਕੇ ਵੈੱਬ ਮੁਢਲੀਆਂ ਅਕਾਸ਼ ਗੰਗਾਵਾਂ ਅਤੇ ਤਾਰਿਆਂ ਨੂੰ ਪੈਦਾ ਹੁੰਦੇ, ਵਿਕਸਿਤ ਹੁੰਦੇ ਅਤੇ ਇੱਕ ਦੂਜੇ ਵਿੱਚ ਮਿਲਦੇ ਹੋਏ ਦੇਖ ਸਕੇਗੀ।



ਦੂਰ ਸਥਿਤ ਅਕਾਸ਼ ਗੰਗਾਵਾਂ ਅਤੇ ਖਾਸ ਕਰਕੇ ਇਨਾਂ ਦੇ ਕੇਂਦਰ ਧੂੜ ਦੇ ਕਣਾਂ ਦੇ ਪਿੱਛੇ ਲੁਕੇ ਹੁੰਦੇ ਹਨ। ਇਨਫਰਾ-ਰੈੱਡ ਕਿਰਨਾਂ ਧੂੜ ਨੂੰ ਚੀਰ ਕੇ ਬਾਹਰ ਆਉਣ ਵਿੱਚ ਸਮਰੱਥ ਹਨ। ਇਸ ਕਰਕੇ ਇਨਫਰਾ-ਰੈੱਡ ਕਿਰਨਾਂ ਵਰਤ ਕੇ ਹੀ ਅਸੀਂ ਇਨਾਂ ਅਕਾਸ਼ ਗੰਗਾਵਾਂ ਨੂੰ ਦੇਖ ਸਕਦੇ ਹਾਂ। ਉਦਾਹਰਣ ਲਈ ਨਾਲ ਦਿੱਤੀ ਤਸਵੀਰ ਵਿੱਚ ਤੁਸੀਂ 'ਉਤਪਤੀ ਦੇ ਥੰਮ' ਨਾਮ ਦੇ ਨੇਬੂਲਾ ਦੀਆਂ ਤਸਵੀਰਾਂ ਦ੍ਰਿਸ਼ਮਾਨ ਅਤੇ ਇਨਫਰਾ-ਰੈੱਡ ਸਪੈਕਟ੍ਰਮ ਵਿੱਚ ਦੇਖ ਸਕਦੇ ਹੋ। ਇਨਫਰਾ-ਰੈੱਡ ਸਪੈਕਟ੍ਰਮ ਦੀ ਤਸਵੀਰ ਵਿੱਚ ਦਿਖਣ ਵਾਲੇ ਤਾਰੇ ਕਿਤੇ ਵੱਧ ਹਨ।

ਸਾਡੇ ਸੌਰ ਮੰਡਲ ਵਿੱਚ ਝਾਤੀ ਮਾਰੀਏ ਤਾਂ ਇਸਦੀ ਕਾਈਪਰ ਪੱਟੀ ਦੀਆ ਵਸਤਾਂ, ਜੋ ਕਿ ਸੂਰਜ ਤੋਂ ਬਹੁਤ ਦੂਰ ਹੋਣ ਕਰਕੇ ਦਿਖਾਈ ਨਹੀਂ ਦਿੰਦਿਆਂ, ਵੀ ਇਨਫਰਾ-ਰੈੱਡ ਕਿਰਨਾਂ ਛੱਡਦੀਆਂ ਹਨ। ਵੈੱਬ ਦੇ ਨਾਲ ਇਨਾਂ ਨੂੰ ਵਸਤਾਂ ਦਾ ਵੀ ਬਰੀਕੀ ਨਾਲ ਅਧਿਐਨ ਕੀਤਾ ਜਾ ਸਕੇਗਾ। ਧਰਤੀ ਤੇ ਲਾਈਆਂ ਗਈਆਂ ਇਨਫਰਾ-ਰੈੱਡ ਦੂਰਬੀਨਾਂ ਨਾਲ ਅਕਾਸ਼ ਨੂੰ ਵਾਚਣਾ ਬਹੁਤ ਔਖਾ ਹੈ ਕਿਉਂਕਿ ਧਰਤੀ ਦੇ ਵਾਯੂਮੰਡਲ ਵਿੱਚ ਮੌਜੂਦ ਪਾਣੀ, ਕਾਰਬਨ ਡਾਈਆਕਸਾਈਡ ਅਤੇ ਮੀਥੇਨ ਇਨਫਰਾ-ਰੈੱਡ ਕਿਰਨਾਂ ਨੂੰ ਸੋਖ ਲੈਂਦੇ ਹਨ।

ਪਰ ਇਨਫਰਾ-ਰੈੱਡ ਦੂਰਬੀਨ ਦੀ ਇੱਕ ਹੋਰ ਦਿੱਕਤ ਹੈ। ਆਮ ਤਾਪਮਾਨ ਤੇ ਰੱਖੀ ਕੋਈ ਵੀ ਚੀਜ਼, ਏਥੋਂ ਤੱਕ ਕਿ ਦੂਰਬੀਨ ਖ਼ੁਦ ਵੀ, ਇਨਫਰਾ-ਰੈੱਡ ਕਿਰਨਾਂ ਛੱਡਦੀ ਹੈ। ਇਹ ਕਿਰਨਾਂ ਦੂਰਬੀਨ ਨੂੰ ਅੰਨੀ ਕਰ ਦੇਣਗੀਆਂ ਅਤੇ ਦੂਰਬੀਨ ਕੁਝ ਵੀ ਦੇਖ ਨਹੀਂ ਸਕੇਗੀ। ਇਸਤੋਂ ਬਚਾਅ ਲਈ ਵੈੱਬ ਦੂਰਬੀਨ ਦਾ ਤਾਪਮਾਨ 25 ਕੈਲਵਿਨ (-248 ਡਿਗਰੀ ਸੈਂਟੀਗ੍ਰੇਡ) ਦੇ ਆਸ ਪਾਸ ਰੱਖਿਆ ਜਾਵੇਗਾ। ਸੂਰਜ, ਧਰਤੀ ਅਤੇ ਚੰਦਰਮਾ ਤੋਂ ਆਉਣ ਵਾਲੀ ਗਰਮੀ ਤੋਂ ਬਚਣ ਲਈ ਵੈੱਬ ਤੇ 22⊘12 ਮੀਟਰ ਦੀ ਇੱਕ ਤਾਪ ਰੋਧੀ ਢਾਲ ਵਰਤੀ ਗਈ ਹੈ।

ਵੈੱਬ ਧਰਤੀ ਤੋਂ ਲਗਭਗ 15 ਲੱਖ ਕਿਲੋਮੀਟਰ ਦੂਰ ਇੱਕ ਲੈਗਰਾਂਜ ਬਿੰਦੂ *੨ ਤੇ ਸੂਰਜ ਦੁਆਲੇ ਚੱਕਰ ਲਵੇਗੀ। ਹੱਬਲ ਧਰਤੀ ਤੋਂ 570 ਕਿਲੋਮੀਟਰ ਦੀ ਦੂਰੀ ਤੇ ਧਰਤੀ ਦੁਆਲੇ ਚੱਕਰ ਲਾਉਂਦੀ ਹੈ। *੨ ਤੇ ਰਹਿੰਦਿਆਂ ਵੈੱਬ, ਸੂਰਜ ਦੁਆਲੇ ਚੱਕਰ ਕੱਟਣ ਲਈ ਧਰਤੀ ਜਿੰਨਾਂ ਹੀ ਸਮਾਂ ਲਵੇਗੀ ਸੋ ਇਹ ਧਰਤੀ ਦੇ ਸਬੰਧ ਵਿੱਚ ਹਮੇਸ਼ਾ ਸਥਿਰ ਰਹੇਗੀ। *੨ ਤੇ ਹੋਣ ਕਰਕੇ ਸੂਰਜ, ਧਰਤੀ ਅਤੇ ਚੰਨ ਇਸਦੇ ਇੱਕੋ ਪਾਸੇ ਹੋਣਗੇ ਅਤੇ ਇਸਦੀ ਗਰਮੀ ਨੂੰ ਤਾਪ ਰੋਧੀ ਢਾਲ ਰੋਕੇਗੀ। ਇਸ ਤਰਾਂ ਨਾਲ ਦੂਰਬੀਨ ਦਾ ਤਾਪਮਾਨ ਸਥਿਰ ਅਤੇ ਕਾਬੂ ਹੇਠ ਰਹੇਗਾ। ਪਰ ਏਨੀ ਦੂਰ ਹੋਣ ਕਰਕੇ ਇਸਤੇ ਹੱਬਲ ਵਾਂਗ ਕੋਈ ਮੁਰੰਮਤ ਨਹੀਂ ਕੀਤੀ ਜਾ ਸਕੇਗੀ। ਇਸ ਨੂੰ ਆਪਣੀ ਸਥਿਤੀ *੨ ਤੇ ਬਣਾਈ ਰੱਖਣ ਲਈ ਥੋੜੇ-ਥੋੜੇ ਵਕਫ਼ੇ ਬਾਅਦ ਇਸ ਵਿੱਚ ਭਰੇ ਬਾਲਣ ਦੀ ਵਰਤੋਂ ਵੀ ਕਰਨੀ ਪਏਗੀ। ਇਹੀ ਬਾਲਣ ਇਸਦੀ ਉਮਰ ਨਿਰਧਾਰਿਤ ਕਰੇਗਾ। ਬਾਲਣ ਖਤਮ ਹੋਣ ਤੇ ਇਹ ਦੂਰਬੀਨ ਆਪਣੇ ਪੰਧ ਤੋਂ ਭਟਕ ਜਾਵੇਗੀ। ਵੈੱਬ ਦਾ ਜੀਵਨ ਕਾਲ ਵਿਗਿਆਨੀਆਂ ਵੱਲੋਂ 10 ਸਾਲ ਅਨੁਮਾਨਿਆ ਗਿਆ ਹੈ।

ਅੱਗੇ ਚਲਦਿਆਂ ਅਸੀਂ ਗੱਲ ਕਰਦੇ ਹਾਂ ਕਿ ਇਹ ਦੂਰਬੀਨ ਭੂਤਕਾਲ ਵਿੱਚ ਕਿੰਨਾ ਸਮਾਂ ਪਿੱਛੇ ਦੇਖ ਸਕਦੀ ਹੈ ? ਪੜਨ ਨੂੰ ਗੱਲ ਅਜੀਬ ਲੱਗ ਸਕਦੀ ਹੈ, ਪਰ ਕਿਉਂਕਿ ਦੂਰ ਦੁਰਾਡੇ ਤੋਂ ਪ੍ਰਕਾਸ਼ ਨੂੰ ਸਾਡੇ ਤੱਕ ਪਹੁੰਚਣ ਲਈ ਸਮਾਂ ਲਗਦਾ ਹੈ, ਜਿੰਨਾਂ ਦੂਰ ਅਸੀਂ ਦੇਖਦੇ ਹਾਂ ਓਨਾ ਹੀ ਸਮੇਂ ਵਿੱਚ ਪਿੱਛੇ ਦੇਖਦੇ ਹਾਂ। ਸਾਡਾ ਬ੍ਰਹਿਮੰਡ 13.7 ਅਰਬ ਸਾਲ ਪੁਰਾਣਾ ਹੈ। ਹੱਬਲ ਲਗਪਗ 12.7 ਅਰਬ ਸਾਲ ਪਿੱਛੇ ਤੱਕ ਦੇਖ ਸਕਦੀ ਹੈ। ਉਸ ਸਮੇਂ ਅਕਾਸ਼ ਗੰਗਾਵਾਂ ਆਪਣੇ ਬਚਪਨ ਵਿੱਚ ਸਨ। ਪਰ ਆਪਣੀ ਇਨਫਰਾ-ਰੈੱਡ ਕਾਬਲੀਅਤ ਅਤੇ ਵੱਡੇ ਆਕਾਰ ਕਰਕੇ ਵੈੱਬ ਦੂਰਬੀਨ 13.4 ਅਰਬ ਸਾਲ ਤੱਕ ਪਿੱਛੇ ਦੇਖ ਸਕੇਗੀ। ਇਹ ਉਹ ਸਮਾਂ ਹੈ ਜਦੋਂ ਅਕਾਸ਼ ਗੰਗਾਵਾਂ ਪੈਦਾ ਹੀ ਹੋਈਆਂ ਸਨ ਜਾਂ ਹੋ ਰਹੀਆਂ ਸਨ। ਇਹ ਸਾਡੀ ਬ੍ਰਹਿਮੰਡ ਬਾਰੇ ਸਮਝ ਨੂੰ ਬਹੁਤ ਅੱਗੇ ਤੱਕ ਲੈ ਕੇ ਜਾਵੇਗਾ।

ਇਸਤੋਂ ਇਲਾਵਾ ਵਿਗਿਆਨੀ ਮੁੱਢਲੇ ਬ੍ਰਹਿਮੰਡ ਦੇ ਉਸ ਵਰਤਾਰੇ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਨਗੇ ਜਿਸ ਕਰਕੇ ਸ਼ੁਰੂਆਤੀ ਚਾਰਜ ਰਹਿਤ ਗੈਸ ਨਾਲ ਭਰਿਆ ਅਪਾਰਦਰਸ਼ੀ ਬ੍ਰਹਿਮੰਡ ਆਇਓਨਈਜ਼ ਹੋ ਕੇ ਪਾਰਦਰਸ਼ੀ ਹੋ ਗਿਆ। ਡਾਰਕ ਮਾਦੇ ਦੀ ਉਤਪਤੀ ਬਾਰੇ ਵੀ ਵੈੱਬ ਦੁਆਰਾ ਜਾਣਨ ਦੀ ਕੋਸ਼ਿਸ਼ ਕੀਤੀ ਜਾਏਗੀ।

ਹੱਬਲ ਵਾਂਗ ਵੈੱਬ ਦੂਰਬੀਨ ਦੀ ਵਰਤੋਂ ਲਈ ਕੋਈ ਵੀ ਅਰਜ਼ੀ ਦੇ ਸਕੇਗਾ। ਹਰੇਕ ਸਾਲ ਇਹ ਅਰਜ਼ੀਆਂ ਖਗੋਲ ਵਿਗਿਆਨੀਆਂ ਦੀ ਇੱਕ ਕਮੇਟੀ ਵਿਚਰੇਗੀ ਅਤੇ ਚੁਣੇ ਗਏ ਲੋਕ ਇਸਦੀ ਵਰਤੋਂ ਕਰ ਸਕਣਗੇ। ਇਸਤੋਂ ਇਲਾਵਾ ਵੈੱਬ ਨੂੰ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਵਿਗਿਆਨੀਆਂ ਨੂੰ ਅਲੱਗ ਤੋਂ ਰੱਖਿਅਤ ਸਮਾਂ ਖਾਸ ਤੌਰ ਤੇ ਦਿੱਤਾ ਜਾਵੇਗਾ।

50 ਕਰੋੜ ਡਾਲਰ ਦੇ ਮੁੱਢਲੇ ਅਨੁਮਾਨ ਵਾਲੀ ਇਹ ਦੂਰਬੀਨ ਦਾ ਪ੍ਰੋਜੈਕਟ 1996 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਨੂੰ 2007 ਵਿੱਚ ਪੂਰਾ ਕਰਨ ਦਾ ਟੀਚਾ ਸੀ। ਪਰ ਫਿਰ ਇਸ ਵਿੱਚ ਬਹੁਤ ਸਾਰੀਆਂ ਦੇਰੀਆਂ ਹੋਈਆਂ, 2005 ਵਿੱਚ ਵੱਡੇ ਬਦਲਾਅ ਆਏ ਤੇ ਅਖੀਰਕਾਰ ਇਹ 2016 ਵਿੱਚ ਬਣ ਕੇ ਤਿਆਰ ਹੋਇਆ। ਉਸਤੋਂ ਬਾਅਦ ਇਸਦੇ ਪਰੀਖਣ ਸ਼ੁਰੂ ਹੋਏ ਅਤੇ ਉਨਾਂ ਵਿੱਚ ਆਈਆਂ ਦਿੱਕਤਾਂ ਨੇ ਇਸ ਨੂੰ ਹੋਰ ਪਿੱਛੇ ਪਾ ਦਿੱਤਾ। ਅਖੀਰਕਾਰ 10 ਅਰਬ ਡਾਲਰ ਦੀ ਲਾਗਤ ਵਾਲੀ ਇਹ ਦੂਰਬੀਨ ਹੁਣ ਪੂਰੀ ਤਰਾਂ ਤਿਆਰ ਹੈ ਅਤੇ 18 ਦਸੰਬਰ 2021 ਨੂੰ ਪੁਲਾੜ ਵਿੱਚ ਦਾਗੀ ਜਾਵੇਗੀ। ਇਸਦੇ ਏਨੇ ਜ਼ਿਆਦਾ ਵੱਧ ਬਜਟ ਕਰਕੇ ਇਸ ਨੂੰ ਕਈ ਵਿਗਿਆਨੀਆਂ ਦੀ ਆਲੋਚਨਾ ਦਾ ਸਾਹਮਣਾ ਵੀ ਕਰਨਾ ਪਿਆ, ਜਿਨਾਂ ਦਾ ਕਹਿਣਾ ਸੀ ਕਿ ਇਸ ਕਰਕੇ ਉਨਾਂ ਦੇ ਫੰਡ ਘਟਾ ਦਿੱਤੇ ਗਏ ਹਨ। ਮਸ਼ਹੂਰ ਵਿਗਿਆਨ ਰਸਾਲੇ ਨੇਚਰ ਨੇ ਤਾਂ ਇਸਨੂੰ 'ਖਗੋਲ ਵਿਗਿਆਨ ਨੂੰ ਖਾ ਜਾਣ ਵਾਲੀ ਦੂਰਬੀਨ' ਤੱਕ ਕਹਿ ਦਿੱਤਾ ਸੀ।

ਆਪਣੀ ਵਧੀ ਕਾਬਲੀਅਤ ਅਤੇ ਆਕਾਰ ਨਾਲ ਇਹ ਦੂਰਬੀਨ ਸਾਨੂੰ ਸਮੇਂ ਦੇ ਸ਼ੁਰੂਆਤੀ ਦੌਰ ਨੂੰ ਹੋਰ ਨੇੜੇ ਤੋਂ ਤੱਕਣ ਦੇ ਯੋਗ ਬਣਾਏਗੀ। ਇਹ ਹੱਬਲ ਦੁਆਰਾ ਕੀਤੇ ਕੰਮ ਨੂੰ ਅੱਗੇ ਵਧਾਏਗੀ ਅਤੇ ਸਾਡੀ ਬ੍ਰਹਿਮੰਡ ਬਾਰੇ ਜਾਣਕਾਰੀ ਵਿੱਚ ਹੋਰ ਵਾਧਾ ਕਰੇਗੀ।

# ਉੱਚੀ ਟਾਹਲੀ 'ਤੇ ਘੁੱਗੀਆਂ ਦਾ ਜੋੜਾ



**ਮਾਸਟਰ ਸੰਜੀਵ ਧਰਮਾਣੀ**
੯੪੭੮੫੬੧੩੫੬

ਟਾਹਲੀ ਸਾਡੇ ਪੰਜਾਬ ਰਾਜ ਦਾ ਇੱਕ ਮਸ਼ਹੂਰ ਦਰੱਖਤ ਹੈ।ਇਸ ਨੂੰ ਕਈ ਥਾਵਾਂ 'ਤੇ ਸ਼ੀਸ਼ਮ ਜਾਂ ਸੀਸੂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਵਿਸ਼ਾਲ ਆਕਾਰ ਦਾ ਰੁੱਖ ਹੁੰਦਾ ਹੈ , ਪਰ ਬਹੁਤ ਧੀਮੀ ਗਤੀ ਦੇ ਨਾਲ ਵੱਧਦਾ ਹੈ। ਟਾਹਲੀ ਪੰਜਾਬ ਰਾਜ ਦਾ 'ਰਾਜ ਰੁੱਖ' ਹੈ। ਕੋਈ ਸਮਾਂ ਸੀ ਜਦੋਂ ਟਾਹਲੀਆਂ ਦੇ ਰੁੱਖ ਖ਼ੂਹਾਂ, ਟੋਭਿਆਂ ਦੇ ਕੰਢੇ, ਪਿੰਡਾਂ ਦੀਆਂ ਸਾਂਝੀਆਂ ਥਾਵਾਂ, ਨਹਿਰਾਂ ਦੀਆਂ ਪਟੜੀਆਂ ਦੇ ਆਲੇ-ਦੁਆਲੇ ਅਤੇ ਸੜਕਾਂ ਦੇ ਕਿਨਾਰਿਆਂ 'ਤੇ ਆਮ ਹੀ ਲੱਗੇ ਹੋਏ ਦੇਖਣ ਨੂੰ ਮਿਲ ਜਾਂਦੇ ਸਨ। ਟਾਹਲੀ ਦੇ ਰੁੱਖ ਤੋਂ ਚਰਖੇ ਅਤੇ ਸੰਦੂਕ ਵੀ ਬਣਾਏ ਜਾਂਦੇ ਸਨ।ਟਾਹਲੀ ਦੀ ਦਾਤਣ ਮਿੱਠੀ ਅਤੇ ਸੁਆਦਲੀ ਹੁੰਦੀ ਹੈ।ਵਿਦਵਾਨਾਂ ਅਨੁਸਾਰ ਟਾਹਲੀ ਦੇ ਰੁੱਖ ਦੀ ਵਰਤੋਂ ਕਈ ਦਵਾਈਆਂ ਬਣਾਉਣ ਵਿੱਚ ਵੀ ਕੀਤੀ ਜਾਂਦੀ ਸੀ। ਟਾਹਲੀ ਦੀ ਲੱਕੜ ਤੋਂ ਤਿਆਰ ਕੋਲਾ ਆਮ ਤੌਰ 'ਤੇ ਕੱਪੜੇ ਪ੍ਰੈਸ ਕਰਨ ਵਾਲੀਆਂ ਕੋਲੇ ਦੀਆਂ ਪ੍ਰੈਸਾਂ ਵਿੱਚ ਵਰਤਿਆ ਜਾਂਦਾ ਸੀ ਜਾਂ ਭੱਠੀਆਂ ਆਦਿ ਵਿੱਚ ਵੀ ਇਸ ਦਾ ਉਪਯੋਗ ਕੀਤਾ ਜਾਂਦਾ ਸੀ। ਪੰਜਾਬੀ ਲੋਕ - ਗੀਤਾਂ ਵਿੱਚ ਵੀ ਟਾਹਲੀ ਦਾ ਕਾਫ਼ੀ ਜ਼ਿਕਰ ਕੀਤਾ ਗਿਆ ਮਿਲਦਾ ਹੈ ਜਿਵੇਂ :-

'ਕਿੱਕਰਾਂ ਵੀ ਲੰਘ ਆਈ ,
ਟਾਹਲੀਆਂ ਵੀ ਲੰਘ ਆਈ ,
ਲੰਘਣੇ ਰਹਿ ਗਏ ਤੂਤ,
ਜੇ ਮੇਰੀ ਸੱਸ ਮਰ ਜਾਏ,
ਮੈਂ ਦੂਰੋਂ ਮਾਰਾਂ ਕੂਕ,
ਜੇ ਮੇਰੀ ਸੱਸ ਮਰ ਜਾਏ,
ਮੈਂ ਦੂਰੋਂ ਮਾਰਾਂ ਕੂਕ।'

ਟਾਹਲੀ ਤੇ ਘੁੱਗੀਆਂ ਦਾ ਰਿਸ਼ਤਾ ਬਹੁਤ ਗੂੜਾ ਰਿਸ਼ਤਾ ਮੰਨਿਆ ਗਿਆ ਹੈ। ਘੁੱਗੀ ਇੱਕ ਘਰੇਲੂ ਪੰਛੀ ਹੈ ਜੋ ਕਿ ਪਹਿਲਾਂ ਘਰਾਂ ਦੇ ਵਿਹੜਿਆਂ, ਘਰਾਂ ਵਿੱਚ ਲੱਗੇ ਰੁੱਖਾਂ, ਟਾਹਲੀਆਂ, ਕੰਧਾਂ, ਕੋਠਿਆਂ, ਬਰਾਂਡਿਆਂ ਆਦਿ ਥਾਵਾਂ 'ਤੇ ਆਮ ਹੀ ਦੇਖਣ ਨੂੰ ਮਿਲ ਜਾਂਦਾ ਹੁੰਦਾ ਸੀ। ਪਰ ਜਿਵੇਂ-ਜਿਵੇਂ ਕੱਚੇ ਘਰ ਖ਼ਤਮ ਹੁੰਦੇ ਗਏ ਅਤੇ ਪੱਕੇ ਮਕਾਨ ਹੋਂਦ ਵਿੱਚ ਆਏ ਘੁੱਗੀਆਂ ਦੀ ਘਾਟ ਨਜ਼ਰ ਆਉਣ ਲੱਗ ਪਈ। ਅੱਜ ਘੁੱਗੀਆਂ ਦੀ ਘੂੰ-ਘੂੰ ਦੀ ਆਵਾਜ਼ ਆਮ ਸੁਣਨ ਨੂੰ ਨਹੀਂ ਮਿਲਦੀ। ਸ਼ਤੀਰਾਂ-ਬਾਲਿਆਂ ਵਾਲੇ ਘਰ, ਝੁੱਗੀਆਂ, ਝੌਂਪੜੀਆਂ, ਰੋਸ਼ਨਦਾਨ ਆਦਿ ਘੁੱਗੀਆਂ ਦੇ ਰੈਣ-ਬਸੇਰੇ ਹੁੰਦੇ ਸਨ। ਪੰਜਾਬੀ ਸੱਭਿਆਚਾਰ ਵਿੱਚ ਕਢਾਈ ਵਾਲੇ ਸੂਟਾਂ ਉੱਤੇ ਘੁੱਗੀਆਂ ਅਤੇ ਹੋਰ ਪੰਛੀਆਂ ਦੀ ਕਢਾਈ



ਕੀਤੀ ਜਾਂਦੀ ਹੁੰਦੀ ਸੀ। ਘੁੱਗੀਆਂ ਬਾਰੇ ਕਈ ਤਰਾਂ ਦੀਆਂ ਸਿੱਠਣੀਆਂ, ਨੋਕ-ਝੋਕ ਵਾਲੇ ਦੋਹੇ, ਲੋਕ- ਗੀਤ ਅਤੇ ਤੁੱਕਾਂ ਸਾਡੇ ਵਿਰਸੇ ਦਾ ਹਿੱਸਾ ਰਹੇ ਹਨ ਜਿਵੇਂ :-

'ਉੱਚੀ ਟਾਹਲੀ 'ਤੇ ਘੁੱਗੀਆਂ ਦਾ ਜੋੜਾ,
ਮਾਵਾਂ-ਧੀਆਂ ਦਾ ਬੜਾ ਵਿਛੋੜਾ,
ਰੱਬਾ, ਕਿਤੇ ਮਿਲੀਏ,
ਰੱਬਾ, ਕਿਤੇ ਮਿਲੀਏ।'

ਇਸੇ ਤਰਾਂ ਟਾਹਲੀ ਦੇ ਰੁੱਖ ਵੀ ਪੰਜਾਬ ਦੇ ਹੁਸ਼ਿਆਰਪੁਰ ਅਤੇ ਰੋਪੜ ਜ਼ਿਲਿਆਂ ਵਿੱਚ ਕਾਫ਼ੀ ਜ਼ਿਆਦਾ ਹੁੰਦੇ ਸਨ। ਟਾਹਲੀ ਦੇ ਰੁੱਖ ਦੀ ਥਾਂ ਹੁਣ ਛੇਤੀ ਵਧਣ ਵਾਲੇ ਦਰੱਖਤ ਲਗਾਉਣ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ ਹੈ। ਇਸ ਕਰਕੇ ਟਾਹਲੀ ਦਾ ਰੁੱਖ ਆਮ ਵੇਖਣ ਨੂੰ ਬਹੁਤ ਘੱਟ ਹੀ ਮਿਲਦਾ ਹੈ। ਸਾਡੇ ਰਹਿਣ-ਸਹਿਣ ਵਿੱਚ ਆਏ ਬਦਲਾਓ, ਕੱਚਿਆਂ ਘਰਾਂ ਦੀ ਅਣਹੋਂਦ, ਬਾਲਿਆਂ-ਸ਼ਤੀਰਾਂ ਵਾਲੇ ਘਰਾਂ ਅਤੇ ਰੌਸ਼ਨਦਾਨਾਂ ਦੀ ਅਣਹੋਂਦ ਕਰ ਕੇ ਅਤੇ ਘਰਾਂ ਵਿੱਚ ਲੱਗੇ ਹੋਏ ਦਰੱਖ਼ਤਾਂ ਦੀ ਗ਼ੈਰ-ਮੌਜੂਦਗੀ ਘੁੱਗੀਆਂ ਨੂੰ ਸਾਥੋਂ ਦੂਰ ਕਰ ਗਈ। ਅੱਜ ਜ਼ਰੂਰਤ ਹੈ ਮਾਨਵਤਾ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਤੇ ਖਾਸ ਤੌਰ 'ਤੇ ਟਾਹਲੀ ਦੇ ਦਰੱਖਤ ਲਗਾਉਣ ਅਤੇ ਉਨਾਂ ਨੂੰ ਸੰਭਾਲਣ ਦੀ ਤੇ ਪੰਛੀਆਂ ਪ੍ਰਤੀ ਸਮਰਪਣ-ਭਾਵ ਤੇ ਸੁਹਿਰਦਤਾ ਦਿਖਾਉਣ ਤੇ ਨਿਭਾਉਣ ਦੀ ਤਾਂ ਜੋ ਕਾਦਰ ਦੀ ਰੰਗਲੀ ਕਾਇਨਾਤ ਹਰ ਕਿਸੇ ਨੂੰ ਹਰਿਆਲੀ, ਖ਼ੁਸ਼ਹਾਲੀ, ਖ਼ੁਸ਼ੀਆਂ, ਸੰਗੀਤ ਅਤੇ ਸਕੂਨ ਦਿੰਦੀ ਰਹੇ।

# 'ਕਈ ਕੋਟਿ ਹੋਏ ਪੂਜਾਰੀ ॥ ਕਈ ਕੋਟਿ ਆਚਾਰ ਬਿਉਹਾਰੀ ॥'

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ 14**

ਸੰਪਾਦਤ: ਸਰਬਜੀਤ ਕੌਰ

ਪੂਜਣ ਵਾਲਿਆਂ ਦੀ ਪੂਜਾ ਕਰਨ ਵਾਲਾ ਪੁਜਾਰੀ ਹੈ। ਪੂਜਾ ਕਈ ਤਰਾਂ ਦੀ ਹੈ, ਕੁਝ ਫੁੱਲ ਫਲ ਇਤਿਆਦਿਕ ਰੱਖ ਕੇ ਵਿਸ਼ੇਸ਼ ਤਰਾਂ ਦੀ ਬੰਦਨਾ ਕਰਨਾ ਪੂਜਾ ਦਾ ਨਾਮ ਹੈ। ਭਾਵੁਕ ਪੁਰਸ਼ਾਂ ਨੇ ਪੂਜਾ ਬੰਧਨਾਂ ਨੂੰ ਜਨਮ ਦਿੱਤਾ। ਇਹ ਪੂਜਾ ਵੰਦਨਾ ਸਾਰੇ ਕਰ ਸਕਣ ਹਰ ਇਕ ਅੰਦਰ ਪ੍ਰਭੂ ਮਿਲਣ ਦੀ ਜਗਿਆਸਾ ਪੈਦਾ ਹੋ ਸਕੇ ਤਾਂ ਉਨਾਂ ਪੁਜਾਰੀਆਂ ਦਾ ਜਨਮ ਹੋਇਆ ਜੋ ਸਾਰਾ ਦਿਨ ਸਾਰੀ ਜ਼ਿੰਦਗੀ ਧਰਮ ਮੰਦਰਾਂ ਵਿੱਚ ਰਹਿ ਕੇ ਧਰਮ ਦੀ ਸਿਕਸ਼ਾ ਦੀਕਸ਼ਾ ਦੇਂਦੇ ਹਨ। ਹਰ ਧਾਰਮਿਕ ਸੰਪ੍ਰਦਾਇ ਅੰਦਰ ਪੁਜਾਰੀਆਂ ਦੇ ਵੱਖ ਵੱਖ ਦਰਜੇ ਹਨ ਜੋ ਉਨਾਂ ਦੀ ਵਿੱਦਿਆ ਭਾਵਨਾ ਤੇ ਕਰਮ ਅਨੁਸਾਰ ਦਿੱਤੇ ਜਾਂਦੇ ਹਨ। ਕਿਸੇ ਕਿਸੇ ਮਨੁੱਖ ਦੇ ਸੰਸਕਾਰ ਇਤਨੀ ਪ੍ਰਬਲ ਹੁੰਦੇ ਹਾਂ ਕਿ ਓਹ ਜਨਮ ਤੋਂ ਲਿਖੀ ਪੂਜਾ ਕਰਨ ਦੀਆਂ ਰੁਚੀਆਂ ਲੈ ਕੇ ਆਉਂਦਾ ਹੈ ਤੇ ਬਹੁਤ ਹੀ ਭਗਤੀ ਭਾਵ ਨਾਲ ਪੂਜਾ ਕਰਦਾ ਹੈ।

ਪੂਜਾ ਹੋਰ ਕਈ ਜੀਵਾਂ ਅੰਦਰ ਪੈਦਾ ਹੋ ਸਕੇ ਤਾਂ ਸਥਾਈ ਪੁਜਾਰੀ ਰੱਖਣੇ ਪਏ। ਪੁਜਾਰੀ ਦੀ ਦੈਨਿਕ ਨਿਜੀ ਕਿਰਪਾ ਦਾ ਸ਼ਰਧਾਲੂਆਂ ਉੱਤੇ ਖ਼ਾਸ ਅਸਰ ਪੈਂਦਾ ਹੈ ਇਸ ਵਾਸਤੇ ਪੁਜਾਰੀ ਦੀ ਜ਼ਿੰਦਗੀ ਅਤਿ ਪਵਿੱਤਰ ਹੋਣੀ ਚਾਹੀਦੀ ਹੈ ਤਾਂ ਕਿ ਜਗਤ ਉਨਾਂ ਦੇ ਪਦ ਚਿੰਨਾਂ 'ਤੇ ਚੱਲ ਸਕੇ ਅਤੇ ਸੱਚੇ ਸੁੱਚੇ ਕਰਮ ਕਰਦੇ ਹੋਏ ਅਕਾਲ ਪੁਰਖ ਦੀ ਭਗਤੀ ਕਰ ਸਕਣ। ਮਸਜਿਦ ਅੰਦਰ ਜੋ ਦੂਜਿਆਂ ਨੂੰ ਨਿਮਾਜ ਪੜਾ ਕੇ ਖ਼ੁਦਾ ਨਾਲ ਜੋੜਨ ਦਾ ਉਪਰਾਲਾ ਕਰਦਾ ਓਹ ਮੌਲਵੀ ਹੈ, ਪ੍ਰਾਰਥਨਾ ਕਰਾ ਕੇ ਈਸ਼ਵਰ ਨਾਲ ਜੋੜਨਾ ਏ ਭਾਗਾਂ ਭਰਿਆ ਦੇ ਹਿੱਸੇ ਆਇਆ ਹੈ ਪੂਜਾ ਅਰਚਨਾ ਬੰਧਨਾ ਕਰਵਾ ਕੇ ਵੇਦ ਪੜਾ ਕੇ ਕਰਤੇ ਪੁਰਖ ਨਾਲ ਜੋੜਦਾ ਇਹ ਬ੍ਰਾਹਮਣ ਦਾ ਕਰਮ ਲਿਆ ਗਿਆ ਹੈ। ਯਹੂਦੀਆਂ ਵਿਚ ਬਕਾਇਦਾ ਬਿਸ਼ਪ ਹੁੰਦੇ ਹਨ ਤੇ ਤਿੱਬਤ ਵਿੱਚ ਇਹ ਕਾਰਜ ਲਾਮੇ ਕਰਦੇ ਹਨ। ਹਰ ਸੰਪ੍ਰਦਾ ਨੇ ਇਸ ਤਰਾਂ ਦੇ ਵੱਖ ਵੱਖ ਪੁਜਾਰੀਆਂ ਨੂੰ ਜਨਮ ਦਿੱਤਾ ਹੈ ਵੀ ਇਹ ਆਪਣਾ ਇੱਕ ਖ਼ਾਸ ਸਥਾਨ ਰੱਖਦੇ ਹਨ। ਸਿੱਖੀ ਦੇ ਮੂਲ ਰੂਪ ਵਿੱਚ ਸਤਿਗੁਰਾਂ ਨੇ ਮਸੰਦ ਪ੍ਰਥਾ ਨੂੰ ਇਹ ਕੰਮ ਸੌਂਪ ਦਿੱਤਾ ਸੀ ਲੇਕਿਨ ਮਸੰਦ ਭ੍ਰਿਸ਼ਟ ਹੋ ਗਏ।

ਮਸੰਦ ਸ਼ਬਦ ਫ਼ਾਰਸੀ ਦੇ ਮਸਨਦ ਸ਼ਬਦ ਦਾ ਪੰਜਾਬੀ ਰੂਪ ਹੈ। ਮਸਨਦ ਦਾ ਮਤਲਬ ਹੈ ਮੰਜੀ, ਤਖ਼ਤਪੋਸ਼। ਸਤਿਗੁਰਾਂ ਦੀ ਤਰਫੋਂ ਜਿਨਾਂ ਨੂੰ ਮੰਜੀ ਬਖ਼ਸ਼ਿਸ਼ ਹੋ ਜਾਂਦੀ ਸੀ ਉਸ ਨੂੰ ਮਸੰਦ ਕਹਿੰਦੇ ਸਨ। ਇਸ ਪੁਜਾਰੀ ਟੋਲੇ ਦੇ ਭ੍ਰਿਸ਼ਟ ਹੋਣ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਪ੍ਰਥਾ ਬਦਲਣੀ ਪਈ ਤੇ ਅੱਗੇ ਵਾਸਤੇ ਪੰਜ ਪਿਆਰਿਆਂ ਨੂੰ ਇਹ ਸ਼ਨਾਖ਼ਤ ਕਰਨ ਦੀ ਆਗਿਆ ਦਿੱਤੀ ਗਈ ਤਾਂ ਜੋ ਗੁਰਮਤਿ ਦਾ ਪ੍ਰਚਾਰ ਹੋ ਸਕੇ। ਲੋਕੀਂ ਗੁਰਮਤਿ ਨਾਲ ਜੁੜ ਕੇ ਅਕਾਲ ਪੁਰਖ ਤਕ ਰਸਾਈ ਕਰ ਸਕਣ ਤਾਂ ਹੀ ਗ੍ਰੰਥੀ, ਰਾਗੀ, ਢਾਡੀ, ਕਥਾਵਾਚਕ, ਪ੍ਰਚਾਰਕ ਸ਼੍ਰੇਣੀ ਦਾ ਜਨਮ ਹੋਇਆ। ਹਰ ਸੰਪਰਦਾ ਨੇ ਐਸੀ ਟਕਸਾਲ ਖੋਲੀ ਹੋਈ ਹੈ ਜਿਸ ਵਿਚ ਪੁਜਾਰੀ, ਬ੍ਰਾਹਮਣ, ਪਾਦਰੀ, ਮੌਲਵੀ, ਬਿਸ਼ਪ ਤੇ ਗ੍ਰੰਥੀ ਪ੍ਰਚਾਰਕ ਪੈਦਾ ਹੋ ਸਕਣ। ਇਸਾਈ ਜਗਤ ਵਿੱਚ ਹਰ ਪਾਦਰੀ ਨੂੰ ਉਸ ਦੀ ਯੋਗਤਾ ਮੁਤਾਬਕ ਸਾਰੀਆਂ ਸਹੂਲਤਾਂ ਮਿਲੀਆਂ ਹੋਈਆਂ ਹਨ ਉਸ ਨੂੰ ਪਿਤਾ ਆਖਿਆ ਜਾਂਦਾ ਹੈ ਉਸ ਦਾ ਸਨਮਾਨ ਇਸ਼ਵਰੀ ਸਨਮਾਨ ਸਮਝਿਆ ਜਾਂਦਾ ਹੈ।



ਬ੍ਰਾਹਮਣ ਪੁਜਾਰੀ ਨੇ ਵੀ ਹਿੰਦੂ ਜਗਤ ਵਿੱਚ ਆਪਣਾ ਇੱਕ ਖ਼ਾਸ ਰੁਤਬਾ ਬਣਾਈ ਰੱਖਿਆ ਹੈ ਮੌਲਵੀ ਨੂੰ ਬਹੁਤ ਸਾਰੇ ਸਮਾਜਿਕ ਫ਼ੈਸਲੇ ਕਰਨ ਦਾ ਅਧਿਕਾਰ ਵੀ ਇਸਲਾਮ ਨੇ ਦਿੱਤਾ ਹੋਇਆ ਹੈ ਜਿਸ ਜਿਸ ਥਾਂ 'ਤੇ ਪੁਜਾਰੀ ਦਾ ਚਲਨ ਨੀਵਾਂ ਹੋਇਆ ਉੱਥੇ ਉੱਤੇ ਨਾਸਤਿਕਤਾ ਫੈਲਦੀ ਗਈ। ਰੂਸ ਦੀ ਕ੍ਰਾਂਤੀ ਵਿੱਚ ਇਸਾਈ ਪਾਦਰੀਆਂ ਅਤੇ ਮੌਲਵੀਆਂ ਦੇ ਨੀਵੇਂ ਚਲਨ ਨੇ ਖਾਸ ਕੰਮ ਕੀਤਾ ਜਿਸ ਦੇ ਸਦਕਾ ਉੱਥੋਂ ਧਰਮ ਨੂੰ ਵਿਦਾ ਕਰ ਦਿੱਤਾ ਗਿਆ। ਆਪਣੇ ਸਵਾਰਥ ਸਿੱਧੀ ਲਈ ਅਗਲੇ ਨੂੰ ਗੁੰਮਰਾਹ ਕਰੀ ਜਾਣਾ ਜਦ ਪੁਜਾਰੀ ਦਾ ਮੁਨਾਰਾ ਬਣ ਗਿਆ ਤਾਂ ਧਰਮ ਵਿਰੋਧੀ ਕ੍ਰਾਂਤੀ ਦਾ ਜਨਮ ਹੋਣਾ ਹੀ ਸੀ। ਇਸਲਾਮ ਦਾ ਮੌਲਵੀ ਕਾਜ਼ੀ ਵੀ ਕਈ ਥਾਂ ਤੇ ਬਹੁਤ ਨੀਵਾਂ ਹੋਇਆ ਹੈ।

ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥ ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥ ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥ ਚਉਕਾ ਦੇ ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥ ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥ ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥੧॥

ਕਾਜੀ ਹੋਏ ਰਿਸਵਤੀ ਵੱਢੀ ਲੈ ਕੇ ਹੱਕ ਗਵਾਏ ਭਾਈ ਗੁਰਦਾਸ ਜੀ

ਸਰਬ ਗੁਣ ਸੰਪੂਰਨ ਤਾਂ ਕੇਵਲ ਪ੍ਰਮਾਤਮਾ ਹੀ ਹੈ ਮਨੁੱਖਾਂ ਦੀ ਮਨੁੱਖੀ ਕਮਜ਼ੋਰੀ ਦੀ ਘਾਟ ਅਕਸਰ ਹੁੰਦੀ ਹੈ।

'ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ। ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।'

ਅਸੀਂ ਗੁਰਮਿਤ ਦੀ ਪੁਜਾਰੀ ਕਲਾਸ ਵੱਲ ਆਈਏ ਤਾਂ ਵੇਖਣ ਨੂੰ ਇਹ ਮਿਲਦਾ ਹੈ ਕਿ ਯੋਗ ਪੁਰਸ਼ਾਂ ਨੂੰ ਸਹੀ ਸਨਮਾਨ ਨਾ ਮਿਲਣ ਕਰ ਕੇ ਇਸ ਕ੍ਰਿਤ ਨੂੰ ਛੱਡ ਗਏ ਤਾਂ ਸਹਿਜੇ ਸਹਿਜੇ ਅਯੋਗ ਪੁਰਸ਼ਾਂ ਦੀ ਭਰਮਾਰ ਹੋ ਗਈ। ਗੁਰਮਤਿ ਅੰਦਰ ਪਹਿਲੇ ਪਹਿਲ ਧਾਰਮਿਕ ਮੰਦਰ ਮਹੰਤਾਂ ਪਾਸ ਸਨ ਜਦ ਕੁਝ ਮਹੰਤ ਆਪਣੀ ਪਵਿੱਤਰਤਾ ਖੋ ਬੈਠਦੇ ਤਾਂ ਸਾਨੂੰ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣਾ ਪਿਆ ਸੀ। ਨਿਆਮਤ ਇਹ ਸੀ ਕਿ ਅਸੀਂ ਗੁਰਮਤਿ ਦਾ ਸਹੀ ਪ੍ਰਚਾਰ ਕਰ ਕੇ ਮਨਮਤ ਦੂਰ ਕਰਾਂਗੇ, ਪਰ ਵੇਖਦੇ ਕੀ ਹਾਂ ਮਨਮਤ ਦੇ ਨੇੜੇ ਹੋ ਗਏ ਤੇ ਇਹ ਸੁਪਨਾ ਸਾਕਾਰ ਨਹੀਂ ਹੋਇਆ। ਜਿਨਾਂ ਦੇ ਹੱਥ ਪ੍ਰਬੰਧ ਆਇਆ ਹੈ ਉਹ ਕੋਈ ਬਹੁਤੇ ਅੱਛੇ ਕਿਰਦਾਰ ਪੇਸ਼ ਨਹੀਂ ਕਰ ਸਕੇ ਤੇ ਕੁਝ ਅਗਰ ਕਿਰਦਾਰ ਦੇ ਧਨੀ ਹਨ ਤਾਂ ਇਹ ਆਟੇ ਵਿਚ ਲੂਣ ਦੇ ਬਰਾਬਰ ਹਨ। ਸਹਿਜੇ ਸਹਿਜੇ ਉਹ ਟਕਸਾਲਾਂ ਜੋ ਗ੍ਰੰਥੀ ਰਾਗੀ ਕਥਾਵਾਚਕ ਨੂੰ ਜਨਮ ਦਿੰਦੀਆਂ ਸਨ ਬੰਦ ਹੋ ਗਈਆਂ ਹਨ ਜਾਂ ਲੰਗੜਾ ਕੇ ਚੱਲ ਰਹੀਆਂ ਹਨ ਅਤੇ ਗੁਰਮਤਿ ਪ੍ਰਚਾਰ ਦੀ ਬੜੀ ਦੀਨ ਦਸ਼ਾ ਹੈ। ਇਸ ਦੀਨ ਦਸ਼ਾ ਦੇ ਅਨੇਕਾਂ ਕਾਰਨਾਂ ਵਿਚੋਂ ਇਕ ਇਹ ਵੀ ਕਾਰਨ ਹੈ ਕਿ ਅਸੀਂ ਰਾਗੀ ਗ੍ਰੰਥੀ ਪ੍ਰਚਾਰਕਾਂ ਨੂੰ ਸਦਾ ਦਬਾ ਕੇ ਰੱਖਿਆ ਹੋਇਆ ਹੈ ਅਤੇ ਉਨਾਂ ਕੋਲੋਂ ਗੁਲਾਮਾਂ ਵਾਂਗ ਕੰਮ ਲਿਆ ਹੋਇਆ ਹੈ। ਲੋਕ ਸਦਾ ਸ਼ੂਦਰ ਸਮਝਦੇ ਰਹੇ, ਜਿਸ ਕਰ ਕੇ ਚੰਗੇ ਪੁਰਸ਼ਾਂ ਦਾ ਆਉਣਾ ਔਖਾ ਹੋ ਗਿਆ। ਜੋ ਵੀ ਇਨਸਾਨ ਗੁਰਮਤਿ ਦੇ ਪ੍ਰਚਾਰ ਦਾ ਸ਼ੌਕ ਰੱਖਦੇ ਹਨ ਉਹ ਖੁਦ ਜਾਂ ਆਪਣੀ ਔਲਾਦ ਨੂੰ ਗ੍ਰੰਥੀ ਰਾਗੀ ਪ੍ਰਚਾਰਕ ਬਣਾ ਕੇ ਰਾਜ਼ੀ ਨਹੀਂ ਹਨ, ਘਰ ਨੂੰ ਤਿਆਗ ਕੇ ਦੂਰ ਦੂਰ ਜਾ ਕੇ ਗੁਰਬਾਣੀ ਦਾ ਕੀਰਤਨ ਤੇ ਕਥਾ ਸੁਣਾ ਕੇ ਸੰਗਤ ਨੂੰ ਗੁਰਮਤਿ ਨਾਲ ਜੋੜਨ ਵਿੱਚ ਇਨਾਂ ਪੁਰਸ਼ਾਂ ਦਾ ਬਹੁਤ ਵੱਡਾ ਯੋਗਦਾਨ ਹੈ। ਪਰ ਇਸ ਸ਼੍ਰੇਣੀ ਨੂੰ ਸਦਾ ਇਹ ਆਖ ਕੇ ਸਤਿਕਾਰ ਦਿੱਤਾ ਜਾਂਦਾ ਹੈ ਕਿ ਇਹ ਤਾਂ ਪੈਸੇ ਲੈਂਦੇ ਹਨ, ਪੂਜਾ ਦਾ ਦਾਨ ਖਾਂਦੇ ਹਨ। ਪਰ ਹੁਣ ਇਨਾਂ ਅਕਲ ਦੇ ਧਨੀਆਂ ਨੂੰ ਕੌਣ ਦੱਸੇ ਕਿ ਰੋਟੀ ਤਾਂ ਹਰ ਇੱਕ ਨੇ ਖਾਣੀ ਹੁੰਦੀ ਹੈ ਅਤੇ ਬੱਚੇ ਵੀ ਪਾਲਣੇ ਹੁੰਦੇ ਹਨ। ਇਸ ਪਹਿਲੂ ਦੀ ਕੋਰੀ ਸੋਚ ਸਮਝ ਨੇ ਚੰਗੇ ਪ੍ਰਚਾਰਕਾਂ ਵਾਸਤੇ ਰਸਤੇ ਵਿੱਚ ਰੋੜੇ ਅਟਕਾਏ ਹੋਏ ਹਨ ਕੋਈ ਸੰਘਰਸ਼ ਕਰਦਾ ਹੋਇਆ ਜੇਕਰ ਕੌਮ ਵਿੱਚ ਆਪਣਾ ਸਥਾਨ ਬਣਾ ਸਕਿਆ ਤਾਂ ਉਸ ਨੂੰ ਹਮੇਸ਼ਾ ਥੱਲੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਾ ਸਮਝ ਤੇ ਗੁਰਬਾਣੀ ਬੋਧ ਤੋਂ ਕੋਰੇ ਵੀ ਟੀਕਾ ਟਿੱਪਣੀ ਕਰਨ ਤੋਂ ਬਾਜ਼ ਨਾ ਆਏ ਜਿਸ ਨਾਲ ਬਹੁਤ ਥਾਵਾਂ ਤੇ ਗੁਰਮਤਿ ਪ੍ਰਚਾਰ ਨੂੰ ਸੱਟ ਵੱਜੀ ਹੈ। ਜਦੋਂ ਕਦੀ ਕੋਈ ਗੁਰਮਤਿ ਪ੍ਰਚਾਰਕ ਮਨਮਤ ਦਾ ਖੰਡਨ ਕਰਨ ਲੱਗਿਆ ਤਾਂ ਮੌਕਾਪ੍ਰਸਤਾਂ ਨੇ ਹਮੇਸ਼ਾ ਕਿਨਾਰਾ ਕਸ਼ੀ ਕੀਤੀ ਤੇ ਮਦਦ ਨਾ ਕੀਤੀ। ਇਹ ਬੁਜ਼ਦਿਲੀ ਵੀ ਪਿਛਾਂਹ ਲੈ ਜਾਣ ਦਾ ਕਾਰਨ ਬਣੀ ਤੀਰਥ ਦ੍ਰਿਸ਼ਟ ਨਾਲ ਜਦੋਂ ਗੁਰਮਤਿ ਪ੍ਰਚਾਰ ਨੂੰ ਵੇਖਦੇ ਹਾਂ ਤਾਂ ਇਸ ਦਾ ਭਵਿੱਖ ਧੁੰਦਲਾ ਦਿੱਸਦਾ ਹੈ। ਗੁਰਮਤਿ ਪ੍ਰਚਾਰ ਵਿੱਚ ਵਾਧਾ ਹੋ ਸਕੇ, ਇਹ ਦੂਰ ਦਰਾਜ ਤੱਕ ਫੈਲਿਆ ਜਾ ਸਕੇ ਇਸ ਦੇ ਲਈ ਕੁਝ ਸੁਝਾਅ ਦਿੱਤੇ ਗਏ ਹਨ। ਕਿਉਂਕਿ ਇਹ ਧਰਮ ਦੀਆਂ ਲਹਿਰਾਂ ਸੁਮੇਰ ਪਰਬਤ ਤੇ ਵੀ ਉੱਛਲ ਕੇ ਗਈਆਂ ਸਨ। ਗੁਰਮਤਿ ਦਾ ਇਹ ਨਗਾਰਾ ਬਨਾਰਸ ਦੀ ਹਰ ਦੀਵਾਰ ਵੀ ਵੱਜਿਆ ਸੀ, ਇਹ ਬੱਦਲ ਮੱਕੇ ਮਦੀਨੇ ਵੀ ਬਰਸਿਆ ਸੀ, ਪਰ ਅਫ਼ਸੋਸ ਹੈ ਕਿ ਅੱਜ ਸਾਡਾ ਆਪਣਾ ਘਰ ਸੁੰਨਾ ਤੇ ਬੇਰੌਣਕਾ ਰਹਿ ਗਿਆ, ਇੱਥੇ ਵਿਆਖਿਆਵਾਂ ਦੀਆਂ ਕੰਧਾਂ ਉਸਰ ਗਈਆਂ। ਇਨਾਂ ਕੰਧਾਂ ਨੂੰ ਢਾਹੁਣ ਦੇ ਲਈ ਹੀ ਕੁਝ ਸੁਝਾਅ ਇਸ ਤਰਾਂ ਹਨ।

1. ਸ਼ੁੱਧ ਆਚਰਣ ਰੱਖਣ ਵਾਲੇ ਗ੍ਰੰਥੀ ਰਾਗੀ ਪ੍ਰਚਾਰਕ ਦਾ ਅਸੀਂ ਇਤਨੀ ਉੱਚੀ ਪੱਧਰ ਤੇ ਸਨਮਾਨ ਕਰੀਏ ਜਿਸ ਨਾਲ ਹਰ ਦਿਲ ਤੇ ਉਸ ਦੀ ਗੱਲ ਦਾ ਅਸਰ ਪੈ ਸਕੇ ਅਤੇ ਉਸ ਦੇ ਵਿਚਾਰ ਕ੍ਰਾਂਤੀ ਦਾ ਕਾਰਨ ਬਣ ਸਕਣ।
2. ਗੁਰੂ ਦੀ ਗੋਲਕ ਅੱਧੀ ਤੋਂ ਵੀ ਜ਼ਿਆਦਾ ਗੁਰਮਤਿ ਪ੍ਰਚਾਰ ਤੇ ਖਰਚ ਕੀਤੀ ਜਾਵੇਗੀ।
3. ਸਿੱਖ ਜਗਤ ਵਿੱਚ ਪੁਜਾਰੀ ਸ਼੍ਰੇਣੀ ਨੂੰ ਸਭ ਤੋਂ ਉੱਚੀ ਸ਼ਖ਼ਸੀਅਤ ਮੰਨਿਆ ਜਾਵੇ ਅਤੇ ਧਾਰਮਿਕ ਮਾਮਲਿਆਂ ਦੇ ਫੈਸਲੇ ਇਨਾਂ ਦੇ ਹੱਥੋਂ ਕਰਵਾਏ ਜਾਣ।
4. ਹਰ ਇੱਕ ਦੀ ਦਖ਼ਲਅੰਦਾਜ਼ੀ ਬੰਦ ਕੀਤੀ ਜਾਵੇ।
5. ਪ੍ਰਚਾਰਕਾਂ ਦੀ ਆਰਥਿਕ ਦਸ਼ਾ ਦਾ ਖਾਸ ਖਿਆਲ ਰੱਖਿਆ ਜਾਵੇ ਤਾਂ ਕਿ ਉਹ ਆਪਣੀ ਜ਼ਮੀਰ ਨੂੰ ਉੱਚਾ ਰੱਖ ਸਕਣ।

ਗੁਰਮਤਿ ਪ੍ਰਚਾਰ ਕਿਸ ਗੱਲ ਦਾ ਖ਼ਿਆਲ ਰੱਖਣ ਕਿ ਉਨਾਂ ਦੇ ਜੀਵਨ ਵਿੱਚ ਮਿੱਠਤ ਨੀਵੀਂ ਅਤਿ ਜ਼ਰੂਰੀ ਹੈ। ਸੰਤੋਖੀ ਤੇ ਪਰਉਪਕਾਰ ਦੀ ਭਾਵਨਾ ਨਾਲ ਆਪਣਾ ਹਿਰਦਾ ਸਦਾ ਭਾਰੀ ਰੱਖੇ ਤੇ ਗੁਰੂ ਨੂੰ ਆਪਣੇ ਅੰਗ ਸੰਗ ਸਮਝੇ।

ਵਿਵਹਾਰ ਵਿੱਚ ਆਚਾਰ ਦਾ ਖਾਸ ਖਿਆਲ ਰੱਖਿਆ ਜਾਵੇ ਸਦਾ ਆਪਣੇ ਆਪ ਨੂੰ ਗੁਰਮਤਿ ਵਿਚਾਰ ਵਿੱਚ ਲੀਨ ਰੱਖੀਏ। ਜ਼ਿੰਦਗੀ ਵਿੱਚ ਹਮੇਸ਼ਾ ਕੁਝ ਨਾ ਕੁਝ ਪੜਦੇ ਰਹਿਣਾ ਚਾਹੀਦਾ ਹੈ ਤਾਂ ਕਿ ਉਪਰੰਤ ਤੇ ਨਿਰਾਸ਼ਤਾ ਮਨ ਨੂੰ ਨਾ ਘੇਰੇ। ਅਨਮਤ ਦਾ ਵੀ ਅਧਿਐਨ ਕੀਤਾ ਜਾ ਸਕੇ ਅਤੇ ਅਨਮਤੀਆਂ ਨੂੰ ਜਵਾਬ ਦਿੱਤਾ ਜਾ ਸਕੇ।

ਉਪਰੋਕਤ ਵਿਚਾਰ ਅਮਲ ਵਿੱਚ ਆਉਣਾ ਤੇ ਅਸੀਂ ਗੁਰਮਤਿ ਪ੍ਰਚਾਰਕ ਬਣ ਸਕਾਂਗੇ। ਜਿਵੇਂ ਫੌਜ ਅੰਦਰ ਚੰਗੇ ਕਰਮ ਕਰਨ ਤੇ ਵਫ਼ਾਦਾਰ ਰਹਿਣ ਤੇ ਫੌਜੀ ਨੂੰ ਵੱਡੇ ਵੱਡੇ ਇਨਾਮਾਂ ਨਾਲ ਨਿਵਾਜਿਆ ਜਾਂਦਾ ਹੈ। ਸ਼ਹੀਦ ਹੋਣ ਤੇ ਉਨਾਂ ਦੇ ਪਰਿਵਾਰਾਂ ਨੇ ਵੀ ਸਨਮਾਨਤ ਕੀਤਾ ਜਾਂਦਾ ਹੈ ਹਾਲਾਂਕਿ ਉਨਾਂ ਨੂੰ ਯੋਗ ਤਨਖ਼ਾਹ ਮਿਲਦੀ ਹੈ। ਇਹ ਸਨਮਾਨ ਸਿੱਖ ਜਗਤ ਨੂੰ ਆਪਣੇ ਪ੍ਰਚਾਰਕਾਂ ਨੂੰ ਨਹੀਂ ਦਿੱਤਾ ਹੈ ਇਸ ਵਾਸਤੇ ਤਾਂ ਹੀ ਪ੍ਰਚਾਰਕ ਰੁਲ ਗਏ, ਪੂਰਨ ਲਾਭ ਉਠਾਇਆ ਜਾ ਸਕਿਆ।

---

# ਹਾਉਮੈ ਦੀਰਘ ਰੋਗ

ਅਰਪਿੰਦਰ ਬਿੱਟੂ
ਜਰਮਨੀ

ਮਨੁੱਖੀ ਸੁਭਾਅ ਦੀ ਇਹ ਫ਼ਿਤਰਤ ਏ ਕਿ ਉਹ ਆਪਣੇ ਗੁਣਾਂ ਦਾ ਗਾਇਨ ਸੁਣ ਕੇ ਅਨੰਦਮਈ ਮਹਿਸੂਸ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਹਰ ਕੋਈ ਮੇਰੇ ਵਿਚਾਰਾਂ ਨਾਲ ਸਹਿਮਤ ਹੋਵੇ। ਸਾਡੇ ਆਲੇ ਦੁਆਲੇ ਵਾਪਰ ਰਹੇ ਕਲੇਸ਼ ਦੀ ਇਕ ਵਜਾ ਇਹ ਹੈ। ਹਰ ਕੋਈ ਇਹ ਸਮਝ ਬਹਿੰਦਾ ਹੈ ਕਿ ਜੋ ਮੈਂ ਸੋਚਦਾ ਜਾਂ ਕਹਿੰਦਾ ਹਾਂ ਉਹ ਹੀ ਆਖਰੀ 'ਸੱਤਯ' ਹੈ। ਮੇਰੇ ਸ਼ਹਿਰ ਦੇ ਜ਼ਿਆਦਾ ਪਤਵੰਤੇ ਸੱਜਣਾਂ ਦਾ ਵੀ ਸ਼ਾਇਦ ਇਹ ਤੌਖਲਾ ਰਹਿੰਦਾ ਹੈ ਕਿ ਦੂਜਾ ਮੇਰੇ ਨਾਲ ਸਹਿਮਤ ਨਹੀਂ ਤੇ ਦੂਜਾ ਇਹ ਸਮਝਦਾ ਕਿ ਤੀਜਾ ਮੇਰੀ ਹਾਂ ਵਿਚ ਹਾਂ ਕਿਉਂ ਨਹੀਂ ਮਿਲਾਉਂਦਾ। ਇਸੇ ਕਾਰਨ ਅਸੀਂ ਨਿੱਕੇ ਨਿੱਕੇ ਧੜੇ ਕਬੀਲਿਆਂ ਵੰਡੇ ਹੋਏ ਹਾਂ, ਖੁੱਲੇ ਦਿਲ ਨਾਲ ਵੇਖੀਏ ਤਾਂ ਇਹੋ ਹਾਲ ਪੰਜਾਬ ਭਾਰਤ ਦਾ ਤੇ ਬਾਹਲੀ ਮਾਨਵ ਜਾਤ ਦਾ ਹੈ।

ਜਰਮਨ ਦੇ ਘੁੱਗ ਵੱਸਦੇ ਸ਼ਹਿਰ ਫ਼ਰੈਂਕਫੋਰਟ ਰਹਿੰਦਿਆਂ ਮੈਨੂੰ ਢਾਈ ਦਹਾਕਿਆਂ ਤੋਂ ਵਧੇਰੇ ਸਮਾਂ ਹੋ ਗਿਆ ਹੈ। ਬਗੈਰ ਕਿਸੇ ਧੜੇ ਪਾਰਟੀ, ਸੰਸਥਾ, ਕਲੱਬ ਤੇ ਕਮੇਟੀ ਤੋਂ ਮੇਰਾ ਸਾਰੇ ਸੱਜਣਾਂ ਨਾਲ ਪ੍ਰੇਮ ਤੇ ਉੱਠਣਾ ਬਹਿਣਾ ਹੈ। ਹਾਂ ਸੱਚ, ਪਿੱਛੇ ਜਿਹੇ ਇਕ ਆਮ ਆਦਮੀ ਪਾਰਟੀ ਦੇ ਇਨਕਲਾਬ ਦਾ ਤਹੱਈਆ ਕੁਝ ਦਿਨਾਂ ਵਾਸਤੇ ਮੈਨੂੰ ਵੀ ਚੜਿਆ ਸੀ ਪਰ ਛੇਤੀ ਹੀ ਲਹਿ ਗਿਆ।

ਖ਼ੈਰ, ਗੱਲ ਵਿਚਾਰਾਂ ਦੀ ਕਰਦੇ ਹਾਂ।

ਜਦੋਂ ਅਸੀਂ ਦੂਜੇ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਨ ਦੀ ਜਿੱਦ ਕਰ ਰਹੇ ਹੁੰਦੇ ਹਾਂ ਤਾਂ ਭੁੱਲ ਜਾਂਦੇ ਹੈ ਕਿ ਆਪਾਂ ਤਾਂ ਆਮ ਮਨੁੱਖ ਹਾਂ। ਇੱਥੇ ਤਾਂ ਪੀਰ, ਪੈਗ਼ੰਬਰਾਂ ਤੇ ਅਵਤਾਰਾਂ ਦੀ ਸਹਿਮਤੀ ਨਹੀਂ ਬਣੀ, ਉਹ ਇਕ ਮੱਤ ਨਹੀਂ ਹੋਏ ਤੇ ਆਪਾਂ ਕੌਣ ਹਾਂ। ਦੁਨੀਆਂ ਦੇ ਦੋ ਬਹੁਗਿਣਤੀ ਮਜ਼ਹਬ ਇਸਾਈ ਤੇ ਮੁਸਲਿਮ ਦਾ ਮੁੱਢ ਯਹੂਦੀ ਹਨ। ਸਾਰੇ ਜਾਣਦੇ ਹਾਂ ਕਿ ਈਸਾ ਯਹੂਦੀਆਂ ਵਿਚ ਪੈਦਾ ਹੋਏ ਤੇ ਉਨਾਂ 'ਚੋਂ ਭਾਵ ਇਸਾਈ ਮੱਤ ਵਿਚੋਂ ਇਸਲਾਮ ਪ੍ਰਗਟ ਹੋਇਆ ਤੇ ਵਗੈਰਾ ਵਗੈਰਾ। ਹੁਣ ਮੁਸਲਿਮ ਈਸਾ ਨੂੰ ਵੀ ਨਬੀ ਮੰਨਦੇ ਹਨ। ਪਰ ਪੈਗ਼ੰਬਰ ਈਸਾ ਆਖਦੇ ਨੇ ਸ਼ਰਾਬ **(Red Wine)** ਪੀਓ ਇਹ ਮੇਰਾ ਬਲੱਡ ਹੈ, ਜੋ ਤੁਹਾਨੂੰ ਮੁਕਤੀ ਦੇਵੇਗਾ। ਚਰਚਾਂ ਵਿਚ ਬਕਾਇਦਾ ਲਾਹਣ ਦਾ ਪ੍ਰਸਾਦ ਵੀ ਵਰਤਾਇਆ ਜਾਂਦਾ ਹੈ। ਦੂਸਰੇ ਪਾਸੇ ਹਜ਼ਰਤ ਮੁਹੰਮਦ ਸਾਹਿਬ ਆਖਦੇ ਨੇ ਮੱਦ (ਸ਼ਰਾਬ) ਪੀਣੀ ਹਰਾਮ ਹੈ, ਇਸਾਈ ਮੱਤ ਵਿੱਚ ਸੂਰ ਖਾਣ ਦਾ ਰਿਵਾਜ ਹੈ ਤੇ ਇਸਲਾਮ ਇਸ ਨੂੰ ਭੈੜਾ (ਹਰਾਮ) ਮੰਨਦਾ ਹੈ। ਇਸੇ ਤਰਾਂ ਜੀਵਾਂ ਤੇ ਦਇਆ ਕਰਨ ਵਾਲੇ ਹਿੰਦੂ ਮੱਤ ਵਿੱਚ ਪਰਮਾਹੰਸ ਕਹਿੰਦੇ ਨੇ ਜਲ ਤੋਰੀ ਭਾਵ ਮੱਛਲੀ ਖਾਓ, ਉਹ ਵੀ ਜੀਵ। ਹੋਰ ਤੇ ਹੋਰ 'ਅਹਿੰਸਾ ਪਰਮੋ ਧਰਮ' ਦੇ ਜੈਕਾਰੇ ਛੱਡਣ ਵਾਲੇ ਮਜ਼ਹਬ ਵਿੱਚ ਜਿੱਥੇ ਜੀਵਾਂ 'ਤੇ ਦਇਆ ਦੀ ਗੱਲ ਹੈ, ਉੱਥੇ ਬਲੀ ਦਾ ਰਿਵਾਜ ਵੀ ਹੈ। ਸੋ ਗੱਲ ਤੋਂ ਸਮਝ ਤੇ ਇਹ ਪੈਂਦੀ ਹੈ ਕਿ ਕਿਤੇ ਨਾ ਕਿਤੇ ਰਹਿਬਰ ਵੀ ਹਾਊਮੈ ਦਾ ਸ਼ਿਕਾਰ ਹੋਣਗੇ ਜੋ ਇਕ ਦੂਜੇ ਨਾਲ



ਇਕ ਮੱਤ ਨਹੀਂ ਤੇ ਜਾਂ ਫਿਰ ਉਨਾਂ ਵਿੱਚ ਵੀ ਆਪਣੀ ਉੱਮਤ ਨੂੰ ਜਾਂ ਆਪਣੇ ਵਿਚਾਰਾਂ ਨੂੰ ਅਗਾਂਹ ਤੋਰਨ ਦੀ ਚਾਹਤ ਹੋਵੇਗੀ ਜੋ ਵੀ ਹੈ ਮੈਂ ਦਾ ਹੀ ਇਕ ਰੂਪ ਹੈ।

ਫ਼ਿਰ ਮੈਂ ਤੇ ਤੁਸੀਂ ਕੌਣ ਹੁੰਦੇ ਹੋ ਇਕ ਦੂਜੇ 'ਤੇ ਆਪਣੇ ਵਿਚਾਰ ਥੋਪਣ ਵਾਲੇ। ਭਲਾ ਕਿਉਂ ਨਾ ਇਕ ਦੂਜੇ ਨਾਲ ਸਿੰਗ ਫਸਾਉਣ ਦੀ ਬਜਾਏ ਚੰਗੀਆਂ ਗੱਲ ਨੂੰ ਗ੍ਰਹਿਣ ਕਰ ਬਾਕੀਆਂ ਨੂੰ ਅਣਗੌਲਿਆਂ ਕਰ ਦਿਆ ਕਰੀਏ।

ਉਪਰੋਕਤ ਲਿਖਤ ਤੋਂ ਮੇਰਾ ਮਤਲਬ ਅਵਤਾਰੀ ਪੁਰਖਾਂ ਨੂੰ ਹਾਉਮੈ ਗ੍ਰਸਤ ਕਹਿਣਾ ਨਹੀਂ ਤੇ ਨਾ ਹੀ ਮੈਂ ਕਾਮਰੇਡ ਜਾਂ ਨਾਸਤਿਕ ਹਾਂ ਜੋ ਰੱਬ ਨੂੰ ਜੱਬ ਸਮਝਦਾ ਹਾਂ। ਹੋ ਸਕਦਾ ਮੇਰੇ ਸ਼ੈਤਾਨ ਮਨ ਦੇ ਵੱਲ ਵਲੇ ਹੋਣ ਜਾਂ ਗਿਆਨ ਵਿਚ ਵਾਧਾ ਕਰਨ ਹਿੱਤ ਲਿਖੇ ਹੋਣ ਕਿ ਕੋਈ ਸੂਝਵਾਨ ਸੱਜਣ ਕੀ ਕੁਮੈਂਟ ਕਰਦਾ ਹੈ।

ਬਾਕੀ ਅਸੀਂ ਲੱਖ ਗੁਨਾਹਗਾਰ ਪਾਪੀ ਹੁੰਦੇ ਹੋਏ ਵੀ ਆਪਣੇ ਆਪ ਗੁਰੂ ਨਾਨਕ ਪਾਤਸ਼ਾਹ ਦੇ ਉਸ ਉਪਦੇਸ਼ ਦੇ ਵਾਰਿਸ ਸਮਝਦੇ ਹਾਂ ਜੋ ਬਹੁਤ ਇਜ਼ੀ ਹੈ:-

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ !

ਜਾਂ ਫਿਰ ਇੰਝ ਕਹਿ ਲਈ ਕੇ ਜਿਸ ਸਤਿਗੁਰ ਨੇ ਧਰਮ ਦੀ ਪਰਿਭਾਸ਼ਾ ਨੂੰ ਦੋ ਪੰਕਤੀਆਂ ਵਿੱਚ ਅਕਿੰਤ ਕਰ ਦਿੱਤਾ :-

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਸੋ ਆਓ ਅਕਾਲ ਪੁਰਖ ਨਾਮ ਸਦਾ ਚੇਤੇ ਰੱਖੀਏ ਤੇ ਨੇਕ ਕਰਮ ਕਰੀਏ ਤੇ ਫਿਰ:-

**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥**
**ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥**

ਸੱਭ ਦਾ ਭਲਾ

# ਗੁਰੂ ਨਾਨਕ ਬਾਣੀ 'ਚ ਵਹਿਮਾਂ-ਭਰਮਾਂ ਦਾ ਖੰਡਨ



**ਡਾਕਟਰ ਇੰਦਰਜੀਤ ਸਿੰਘ ਗੋਗੋਆਣੀ**

ਯੁੱਗ ਕੋਈ ਵੀ ਹੋਵੇ ਵਹਿਮਾਂ-ਭਰਮਾਂ ਦੀ ਧੁੰਦ ਕਿਸੇ ਸਮਾਜ ਲਈ ਸਭ ਤੋਂ ਵਧ ਖ਼ਤਰਨਾਕ ਤੇ ਸ਼ੋਸ਼ਣਕਾਰੀ ਹੁੰਦੀ ਹੈ। ਗੁਰਬਾਣੀ ਦੇ ਸਰਬਕਾਲੀ ਅਰਥ ਆਪ ਹੀ ਸਪੱਸ਼ਟ ਹੋ ਜਾਣਗੇ ਜੇ ਕਰ 'ਮਹਲਾ ਪਹਿਲਾ' ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਹੀ ਲੋਕ ਭਰਮਾਂ ਦੇ ਵਿਸ਼ੇ ਦੀ ਗੱਲ ਕਰੀਏ। ਇਹ ਗੁਰੂ ਨਾਨਕ ਬਾਣੀ ਰੂਪੀ ਅਮੁੱਲ ਖ਼ਜ਼ਾਨਾ ਸਮੁੱਚੇ ਸਮਾਜ ਨੂੰ ਭਰਮ ਮੁਕਤ ਕਰਦਾ ਹੈ। ਭਾਰਤੀ ਸਮਾਜ ਵਿਚ ਬੁਰੇ ਕਾਰਜ ਦੀ ਸਿੱਧੀ ਲਈ ਕੀਤਾ ਜਾਂਦਾ ਕਾਰਜ 'ਕਾਲਾ ਇਲਮ' ਤੇ ਭਲੇ ਕਾਰਜ ਦੀ ਸਿੱਧੀ ਲਈ ਕੀਤੇ ਜਾਂਦੇ ਕਾਰਜ ਲਈ 'ਚਿੱਟਾ ਇਲਮ' ਸ਼ਬਦ ਪ੍ਰਚਲਤ ਹੈ। ਕਾਲੇ ਇਲਮ ਵਿਚ ਤਿੰਨ ਪ੍ਰਕਾਰ ਦੀ ਵਿੱਦਿਆ ਹੈ, 'ਜੰਤਰ, ਮੰਤਰ ਤੇ ਤੰਤਰ'। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਸ ਭਰਮ ਭਰਪੂਰ ਲੋਕ ਮਨਾਉਤ ਨੂੰ ਇਸ ਤਰਾਂ ਵਰਣਨ ਕੀਤਾ ਹੈ ਕਿ ਮੈਂ ਤੰਤਰ-ਮੰਤਰ ਆਦਿ ਪਾਖੰਡ ਨੂੰ ਕੁਝ ਨਹੀਂ ਜਾਣਦਾ, ਕਿਉਂਕਿ ਪ੍ਰਭੂ ਦਾ ਨਾਮ ਮੇਰੇ ਹਿਰਦੇ ਵਿਚ ਹੈ। ਫ਼ੁਰਮਾਣ ਹੈ :

**ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥**
**ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥**
**(ਸੂਹੀ ਮਹਲਾ ੧, ਅੰਗ : ੭੬੬)**

ਇਸ ਭਰਮ ਦੇ ਨਾਲ ਇਕ ਹੋਰ ਵੱਡਾ ਭਰਮ ਲੋਕ ਮਾਨਸਿਕਤਾ ਵਿਚ ਹੈ ਕਿ ਕਬਰਾਂ-ਮੜੀਆਂ ਦੇ ਨਾਉਂ ਉਤੇ ਮੁਰਦਿਆਂ ਦੀ ਪੂਜਾ ਹੁੰਦੀ ਹੈ। ਮੁਰਦੇ ਖ਼ਿਆਲਾਂ ਵਿਚ ਮੁਰਦੇ ਪੂਜਣ ਦੀ ਭਾਵਨਾ ਕਿਸੇ ਸਮਾਜ ਦੇ ਵਿਕਾਸ ਵਿਚ ਵੱਡੀ ਰੁਕਾਵਟ ਹੁੰਦੀ ਹੈ। ਇਸ ਤਰਾਂ ਮਨੁੱਖ ਅਨੇਕ ਪ੍ਰਕਾਰ ਦੇ ਕਈ ਭਰਮ ਸਿਰਜ ਕੇ ਡਰੂ ਬਿਰਤੀ ਵਾਲਾ ਹੋ ਕੇ ਰਹਿ ਜਾਂਦਾ ਹੈ। ਗੁਰੂ ਜੀ ਨੇ ਇਸ ਤਰਾਂ ਦੀ ਮੰਨਤਾ ਵਾਲੇ ਭਰਮੀਆਂ ਪ੍ਰਤੀ ਉਪਦੇਸ਼ ਦਿੱਤਾ ਹੈ :

**ਦੁਬਿਧਾ ਨ ਪੜਉ ਹਰਿ ਬਿਨੁ ਹੋਰੁ**
**ਨ ਪੂਜਉ ਮੜੈ ਮਸਾਣਿ ਨ ਜਾਈ॥**
**ਤ੍ਰਿਸਨਾ ਰਾਚਿ ਨ ਪਰ ਘਰਿ**
**ਜਾਵਾ ਤ੍ਰਿਸਨਾ ਨਾਮਿ ਬੁਝਾਈ॥**
**(ਸੋਰਠਿ ਮਹਲਾ ੧, ਅੰਗ : ੬੩੪)**

ਇਸ ਤਰਾਂ ਭਰਮੀ ਮਾਨਸਿਕਤਾ ਵਾਲੇ ਸਮਾਜ ਪ੍ਰਤੀ ਸਪੱਸ਼ਟ ਹੈ ਕਿ ਉਹ ਕਬਰਾਂ, ਮੜੀਆਂ, ਮਸਾਣਾਂ 'ਤੇ ਦੁੱਧ-ਖੀਰ ਜਾਂ ਸ਼ਰਾਬ ਦੇ ਚੜਾਵੇਂ ਚੜਾਉਂਦਾ ਹੈ। ਜੀਵ-ਜੰਤੂਆਂ ਦੀ ਬਲੀ ਤੋਂ ਲੈ ਕੇ ਮਨੁੱਖੀ ਬੱਚਿਆਂ ਦੀ ਬਲੀ ਦੇਣ ਤੱਕ ਦੀਆਂ ਖ਼ਬਰਾਂ ਵੀ ਭਰਮੀ ਸਮਾਜ ਵਿਚੋਂ ਮਿਲ ਜਾਂਦੀਆਂ ਹਨ। ਐਸੇ ਸਮਾਜ ਦੀ ਤਸਵੀਰ ਪੇਸ਼ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

**ਗਿਆਨ ਹੀਣੰ ਅਗਿਆਨ ਪੂਜਾ॥**
**ਅੰਧ ਵਰਤਾਵਾ ਭਾਉ ਦੂਜਾ॥**
**(ਸਲੋਕ ਵਾਰਾਂ ਤੇ ਵਧੀਕ, ਮ: ੧, ਅੰਗ : ੧੪੧੨)**

ਦੂਜਾ ਭਾਉ ਹਮੇਸ਼ਾ ਦੁਬਿਧਾ ਨੂੰ ਜਨਮ ਦਿੰਦਾ ਹੈ ਤੇ ਦੋ ਵਿਚਾਰਾਂ ਰੱਖਣ ਵਾਲਾ ਮਨੁੱਖ ਕਦੇ ਵੀ ਸਿਧਾਂਤਕ ਤੌਰ 'ਤੇ ਸਪੱਸ਼ਟ ਨਹੀਂ ਹੁੰਦਾ। ਜੋ ਸਪੱਸ਼ਟ ਨਹੀਂ, ਉਸ ਦਾ ਫ਼ੈਸਲਾ ਤੇ ਮੰਨਤਾ-ਮਨਾਉਤ ਵੀ ਦੋਧਾਰੀ ਹੋਵੇਗੀ। ਦੋ ਵਿਚਾਰ ਟਕਰਾਉਂਦੇ ਹੋਏ ਕੇਵਲ ਮਾਨਸਿਕ ਚਿੰਤਾ ਨੂੰ ਜਨਮ ਦੇਣਗੇ। ਰਾਗ ਬਸੰਤ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਦੁਬਿਧਾ ਦੁਰਮਤ ਹੈ ਤੇ ਇਸ ਵਿਚ ਕੀਤੀ ਹੋਈ ਕਾਰ ਕੇਵਲ ਅਗਿਆਨਤਾ ਵਾਲੀ ਹੁੰਦੀ ਹੈ। ਇਸ ਤਰਾਂ ਮਨਮੁਖ ਸਦਾ ਹਨੇਰੇ ਵਿਚ ਹੀ ਭਟਕਦਾ ਹੈ :

**ਦੁਬਿਧਾ ਦੁਰਮਤਿ ਅਧੁਲੀ ਕਾਰ॥**
**ਮਨਮੁਖਿ ਭਰਮੈ ਮਝਿ ਗੁਬਾਰ॥**
**(ਬਸੰਤ ਮਹਲਾ ੧, ਅੰਗ : ੧੧੯੦)**

ਭਰਮੀ ਸਮਾਜ ਨੂੰ ਸ਼ੈਤਾਨ ਲੋਕ ਹਮੇਸ਼ਾ ਲੁੱਟਦੇ ਹਨ, ਕਿਉਂਕਿ ਭਰਮੀ ਮਨੁੱਖ ਨੂੰ ਹੋਰ ਭਰਮਾਂ ਵਿਚ ਪਾਉਣਾ ਬਹੁਤ ਸੌਖਾ ਹੁੰਦਾ ਹੈ, ਜਿਵੇਂ ਡਰੇ ਹੋਏ ਨੂੰ ਡਰਾਉਣਾ ਸੁਖਾਲਾ ਹੁੰਦਾ ਹੈ। ਦਿਨਾਂ-ਦਿਹਾਰਾਂ ਦੇ ਭਰਮ, ਥਿਤਾਂ-ਵਾਰਾਂ ਦੀਆਂ ਵੀਚਾਰਾਂ, ਸੂਰਜ-ਚੰਦ ਗ੍ਰਹਿਣ ਦਾ ਡਰ, ਧਾਗੇ-ਤਵੀਤਾਂ ਦਾ ਹਊਆ ਵਹਿਮੀ ਸਮਾਜ ਦੇ ਮਨਾਂ ਉੱਪਰ ਬੇਲੋੜਾ ਬੋਝ ਹੈ। ਗੁਰੂ ਜੀ ਜਗਤ ਗੁਰੂ ਬਾਬਾ ਸਨ ਤੇ ਉਹਨਾਂ ਨੇ 'ਨਿਰਭਉ ਤੇ ਨਿਰਵੈਰੁ' ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦੇ ਕੇ ਸੰਸਾਰ ਨੂੰ ਵੀ ਨਿਰਭਉ ਤੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੱਤੀ। ਪੱਤਰੀਆਂ ਵਾਚ ਕੇ ਸਮਾਜ ਨੂੰ ਗੁੰਮਰਾਹ ਕਰਨ ਵਾਲਿਆਂ ਪ੍ਰਤੀ ਗੁਰੂ ਜੀ ਨੇ ਫ਼ੁਰਮਾਇਆ ਹੈ :

**ਗਣਿ ਗਣਿ ਜੋਤਕੁ ਕਾਂਡੀ ਕੀਨੀ॥**
**ਪੜੈ ਸੁਣਾਵੈ ਤਤੁ ਨ ਚੀਨੀ॥**
**ਸਭਸੈ ਊਪਰਿ ਗੁਰ ਸਬਦੁ ਬੀਚਾਰੁ॥**
**ਹੋਰ ਕਥਨੀ ਬਦਉ ਨ ਸਗਲੀ ਛਾਰੁ॥**
**(ਰਾਮਕਲੀ ਮਹਲਾ ੧, ਅੰਗ : ੯੦੪)**

ਭਾਵ ਗੁਰੂ ਦੇ ਸ਼ਬਦ ਦੀ ਵੀਚਾਰ ਸਭ ਤੋਂ ਉਪਰ ਹੈ, ਬਾਕੀ ਗੱਲਾਂ ਵਿਅਰਥ ਹਨ ਅਤੇ ਜੋ ਗਿਣਤੀਆਂ ਗਿਣ-ਗਿਣ ਕੇ ਜਨਮ-ਪੱਤਰੀ ਬਣਾਉਂਦਾ ਹੈ, ਉਹ ਸੱਚ ਨੂੰ ਨਹੀਂ ਸਮਝਦਾ। ਭਰਮੀ ਤੇ ਅੰਧ-ਵਿਸ਼ਵਾਸੀ ਸਮਾਜ ਵਿਚ ਮੱਕਰ ਫ਼ਰੇਬ ਨਾਲ ਲੋਕਾਈ ਦਾ ਸ਼ੋਸ਼ਣ ਕਰਨ ਵਾਲਿਆਂ ਦੇ ਗਰੋਹ ਬਣਦੇ ਹਨ। ਗੁਰੂ ਜੀ ਨੇ ਇਕ ਤਸਵੀਰ ਪੇਸ਼ ਕੀਤੀ ਹੈ :

**ਗਿਆਨ ਵਿਹੂਣਾ ਗਾਵੈ ਗੀਤ॥**
**ਭੁਖੇ ਮੁਲਾਂ ਘਰੇ ਮਸੀਤਿ॥**
**ਮਖਟੂ ਹੋਇ ਕੈ ਕੰਨ ਪੜਾਏ॥**
**ਫਕਰੁ ਕਰੇ ਹੋਰੁ ਜਾਤਿ ਸਦਾਏ॥**
**(ਅੰਗ : ੧੨੪੫)**

ਇੱਥੇ ਗਿਆਨ ਤੋਂ ਸੱਖਣਾ ਦੂਜਿਆਂ ਨੂੰ ਭਜਨ ਗਾ-ਗਾ ਕੇ ਸੁਣਾਉਂਦਾ ਅਤੇ ਭੁੱਖੇ ਮੁੱਲਾਂ ਨੇ ਰੋਟੀ-ਰੋਜ਼ੀ ਲਈ ਘਰ ਵਿਚ ਹੀ ਅਡੰਬਰ ਰਚ ਲਿਆ। ਵਿਹਲੜ ਬੰਦਾ ਕੰਨ ਪੜਵਾ ਕੇ ਫ਼ਕੀਰ ਬਣਿਆਂ ਰੋਟੀ ਦਾ ਜੁਗਾੜ ਬਣਾਈ ਬੈਠਾ ਹੈ। ਅੱਗੇ ਗੁਰੂ ਜੀ ਨੇ ਕਿਰਤ ਵਿਹੂਣੇ ਗੁਰੂ-ਪੀਰਾਂ ਤੋਂ ਸਮਾਜ ਨੂੰ ਜਾਗ੍ਰਤ ਕੀਤਾ :

**ਗੁਰੁ ਪੀਰੁ ਸਦਾਏ ਮੰਗਣ ਜਾਇ॥**
**ਤਾ ਕੈ ਮੂਲਿ ਨ ਲਗੀਐ ਪਾਇ॥**
**(ਅੰਗ : ੧੨੪੫)**

ਇਸ ਸ਼ਬਦ ਦੇ ਅੰਤ ਵਿਚ ਸਿੱਟਾ ਕੱਢਿਆ ਹੈ ਕਿ ਜੋ ਮਿਹਨਤ ਨਾਲ ਕਮਾ ਕੇ ਖਾਂਦੇ ਹਨ, ਐਸੇ ਮਨੁੱਖ ਜੀਵਨ ਦੀ ਜੁਗਤ ਨੂੰ ਪਹਿਚਾਣਦੇ ਹਨ :

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥ (ਅੰਗ : ੧੨੪੫)**

ਦਰਅਸਲ ਕਿਰਤ ਵਿਹੂਣਾ ਨਿਖੱਟੂ ਵਰਗ ਕਈ ਵਾਰੀ ਅੰਧ-ਵਿਸ਼ਵਾਸ ਤੇ ਝੂਠੀਆਂ ਅਫ਼ਵਾਹਾਂ ਫੈਲਾ ਕੇ ਭੋਲੇ ਭਾਲੇ ਸਮਾਜ ਨੂੰ ਆਪਣੇ ਵੱਲ ਆਕਰਸ਼ਤ ਕਰ ਲੈਂਦਾ ਹੈ। ਫਿਰ ਇਨਾਂ ਦੇ ਚੁੰਗਲ ਵਿਚ ਫਸਿਆ ਹੋਇਆ ਸਮਾਜ ਗਿਆਨ ਪ੍ਰਾਪਤੀ ਤੋਂ ਬਿਨਾਂ ਛੁਟਕਾਰਾ ਨਹੀਂ ਪਾ ਸਕਦਾ। ਇਸ ਤਰਾਂ ਦੇ ਲੋਕਾਂ ਦੀ ਦਸ਼ਾ ਦਾ ਵਰਣਨ ਹੈ :

**ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥**
**(ਵਾਰ ਮਲਾਰ ਕੀ, ਮਹਲਾ ੧, ਅੰਗ : ੧੨੮੭)**

ਅੱਜ ਵੀ ਭ੍ਰਿਸ਼ਟਾਚਾਰ ਤੋਂ ਲੈ ਕੇ ਸਾਧਾਰਨ ਰਿਸ਼ਵਤਖੋਰੀ, ਮਿਲਾਵਟਖੋਰੀ ਤੇ ਹਰ ਕਿਸਮ ਦੀ ਲੁੱਟ-ਖੋਹ ਆਮ ਜਨਤਾ ਦੀ ਰੱਤ ਪੀਣ ਸਮਾਨ ਹੈ। ਸਾਡੇ ਸਮਾਜ ਦਾ ਇਹ ਵੀ ਇਕ ਭਰਮ ਹੈ ਕਿ ਕੱਪੜਿਆਂ ਨੂੰ ਰੱਤ ਲੱਗ ਜਾਵੇ ਤਾਂ ਅਸੀਂ ਜਾਮਾ ਪਲੀਤ ਹੋਇਆ ਸਮਝਦੇ ਹਾਂ, ਪਰ ਜਿਹੜੇ ਲੋਕ ਮਾਨਵਤਾ ਦੀ ਰੱਤ ਪੀਂਦੇ ਜਾਂ ਸ਼ੋਸ਼ਣ ਕਰਦੇ ਹਨ ਤਾਂ ਫਿਰ ਉਹ ਨਿਰਮਲ ਜਾਂ ਪਵਿੱਤਰ ਕਿਵੇਂ ਹੋ ਸਕਦੇ ਹਨ? ਗੁਰੂ ਜੀ ਦਾ ਸੰਦੇਸ਼ ਐਸੀ ਵਹਿਮੀ ਮਾਨਸਿਕਤਾ ਵਾਲੇ ਸਮਾਜ ਨੂੰ ਪ੍ਰੇਰਦਾ ਹੈ :

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ**
**ਤਿਨ ਕਿਉ ਨਿਰਮਲੁ ਚੀਤੁ॥**
**(ਮਾਝ ਮਹਲਾ ੧, ਅੰਗ : ੧੪੦)**

ਭਾਵੇਂ ਇਸ ਧਰਤੀ 'ਤੇ ਕਿਰਤ ਕਰਨ ਵਾਲੇ, ਨਾਮ ਜਪਣ ਵਾਲੇ ਤੇ ਵੰਡ ਛਕਣ ਵਾਲੇ ਭਲੇ ਪੁਰਖਾਂ ਦੀ ਵੀ ਬਹੁਤਾਤ ਹੈ, ਜਿਹਨਾਂ ਦੇ ਜੀਵਨ ਵਿਚੋਂ ਗੁਰੂ ਨਾਨਕ ਸਿੱਖਿਆ ਪ੍ਰਤੱਖ ਝਲਕਦੀ ਹੈ, ਪਰ ਸਿੱਕੇ ਦੇ ਦੂਜੇ ਪਾਸੇ ਵਾਂਗ ਧਾਗੇ ਤਵੀਤ ਕਰਨ ਤੋਂ ਲੈ ਕੇ ਲਿਖ-ਲਿਖ ਕੇ ਮੰਤਰ ਤੇ ਨਾਮ ਵੇਚਣ ਵਾਲੇ ਵੀ ਸਾਧਾਰਨ ਮਾਨਵਤਾ ਨੂੰ ਭਰਮ ਪਾ ਕੇ ਲੁੱਟਣ ਲਈ ਵੱਡੀ ਗਿਣਤੀ 'ਚ ਕਾਰਜਸ਼ੀਲ ਹਨ। ਗੁਰੂ ਜੀ ਦੇ ਇਹ ਬਚਨ ਜਾਗ੍ਰਤ ਕਰਦੇ ਹਨ:

**ਧ੍ਰਿਗੁ ਤਿਨਾ ਕਾ ਜੀਵਿਆ**
**ਜਿ ਲਿਖਿ ਲਿਖਿ ਵੇਚਹਿ ਨਾਉ॥**
**(ਸਾਰੰਗ ਕੀ ਵਾਰ, ਮਹਲਾ ੧, ਅੰਗ : ੧੨੪੫)**

**ਬਾਕੀ ਸਫ਼ਾ 30 'ਤੇ**

# ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।।



**ਗੱਜਣਵਾਲਾ ਸੁਖਮਿੰਦਰ ਸਿੰਘ**
**ਸੰਪਰਕ ; 99151 06449**

ਮੈਕਾਲਿਫ ਤੇ ਹੋਰ ਮੁਅੱਰਿਖੀਨ ਲਿਖਦੇ ਹਨ ਕਿ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੂੰ ਜਦ ਪਤਾ ਲੱਗ ਗਿਆ ਕਿ ਬਹਾਦਰ ਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਇਮਦਾਦ ਨਾਲ ਬਾਦਸ਼ਾਹੀ ਹਾਸਲ ਹੋ ਗਈ ਹੈ ਅਤੇ ਗੁਰੂ ਸਾਹਿਬ ਨਾਲ ਉਸ ਦੀ ਬਹੁਤ ਨੇੜਤਾ ਹੋ ਚੁੱਕੀ ਹੈ ਤਾਂ ਉਹ ਬਹੁਤ ਡਰ ਗਿਆ। ਉਸ ਨੂੰ ਖਦਸ਼ਾ ਹੋ ਗਿਆ ਕਿ ਉਸ ਦੁਆਰਾ ਮਾਸੂਮ ਬੱਚਿਆਂ ਤੇ ਢਾਹੇ ਜ਼ੁਲਮ ਕਰਕੇ ਉਸ ਨੂੰ ਸਖਤ ਸਜ਼ਾ ਮਿਲਣੀ ਲਾਜ਼ਮੀ ਹੋ ਗਈ ਹੈ। ਤਦ ਉਸ ਨੇ ਦੋ ਸਰਕਾਰੀ ਅਹਿਲਕਾਰ ਪਠਾਣਾਂ ਨੂੰ ਗੁਰੂ ਸਾਹਿਬ ਨੂੰ ਸ਼ਹੀਦ ਕਰ ਦੇਣ ਲਈ ਉਨਾਂ ਦੇ ਪਿੱਛੇ ਲਾ ਦਿੱਤਾ। ਦਸਵੇਂ ਪਾਤਸ਼ਾਹ ਉਸ ਵੇਲੇ ਨਾਂਦੇੜ ਸਾਹਿਬ ਬਿਰਾਜਮਾਨ ਸਨ। ਇਕ ਸ਼ਾਮ ਰਹਿਰਾਸ ਦੇ ਪਾਠ ਤੋਂ ਬਾਅਦ ਗੁਰੂ ਸਾਹਿਬ ਆਪਣੇ ਸ਼ਾਮਿਆਨੇ ਵਿਚ ਸਨ। ਸ੍ਰੀ ਗੁਰੂ ਸ਼ੋਭਾ ਦਾ ਕਰਤਾ ਲਿਖਦਾ ਹੈ-'ਉਗਹੀ ਦੁਸ਼ਟਿ ਜਮਧਾਰ ਉਰ ਵਾਰ ਕੀਨਾ' ਦੁਸ਼ਟ ਪਠਾਣ ਜਮਸ਼ੇਦ ਖਾਨ ਨੇ ਮੌਕਾ ਤਾੜ ਕੇ ਕਟਾਰ ਨਾਲ ਗੁਰੂ ਸਾਹਿਬ ਦੇ ਪੇਟ ਪਰ ਸਖਤ ਵਾਰ ਕਰ ਦਿੱਤਾ। ਦੂਜਾ ਵਾਰ ਉਹ ਕਰਨ ਲੱਗਾ ਸੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਥਾਏਂ ਢੇਰ ਕਰ ਦਿੱਤਾ। ਗੁਰੂ ਸਾਹਿਬ ਦਾ ਜ਼ਖਮ ਬਹੁਤ ਗਹਿਰਾ ਸੀ, ਪਲੰਘ ਲਹੂ ਲੁਹਾਨ ਹੋ ਗਿਆ ਸੀ। ਹਕੀਮ ਬੁਲਾਇਆ ਗਿਆ, ਉਸ ਨੇ ਮਲਮ ਪੱਟੀ ਕੀਤੀ ਤੇ ਜ਼ਖਮ ਸਿਉਂ(ਸੀਅ) ਦਿੱਤਾ। ਮੈਕਾਲਿਫ ਲਿਖਦਾ ਹੈ ਬਹਾਦਰ ਸ਼ਾਹ ਕੋਲ ਇਸ ਮੰਦੀ ਘਟਨਾ ਦੀ ਇਤਲਾਹ ਪਹੁੰਚੀ ਤਾਂ ਉਸ ਨੇ ਸ਼ਾਹੀ ਹਕੀਮ ਤੇ ਅੰਗਰੇਜ਼ ਸਰਜਨ (ਕਾਲ ਉਸੀਹ) ਨੂੰ ਇਲਾਜ ਲਈ ਭੇਜਿਆ। ਗੁਰ ਬਿਲਾਸ ਪਾਤਸ਼ਾਹੀ ਦਸਵੀਂ ਦਾ ਲਿਖਾਰੀ ਵੀ ਪੁਸ਼ਟੀ ਕਰਦਾ ਲਿਖਦਾ ਹੈ -ਕਾਲ ਉਸੀਹ ਦਾਨਇ ਫਿਰੰਗ ਕੋ, ਸਾਹੀ ਹਕੀਮਨ ਕੋ ਫਰਮਾਯੋ। ਖਿਜਮਤ ਜਾਇ ਕਰੋ ਗੁਰ ਕੀ। ਕੁਝ ਦਿਨਾਂ ਵਿਚ ਜ਼ਖਮ ਭਰ ਗਿਆ ਤੇ ਅੰਗੂਰ ਆ ਗਿਆ। ਫਿਰ ਇਕ ਦਿਨ ਸਾਹਿਬ ਨੇ ਭਾਰੀ ਕਮਾਨ 'ਤੇ ਚਿੱਲਾ ਚੜਾਇਆ ਤਾਂ ਪਾਤਸ਼ਾਹ ਦੇ ਸਿਉਂਤੇ ਹੋਏ ਅੱਲੇ ਜ਼ਖਮ ਖੁੱਲ ਗਏ। ਤਦ ਗੁਰੂ ਸਾਹਿਬ ਫਰਮਾਇਆ ਹੁਣ ਸਭ ਉਪਾਅ ਵਿਅਰਥ ਹਨ। ਜਾਣੋ ਸਾਡਾ ਇਸ ਮਾਤਲੋਕ ਤੋਂ ਚਲੇ ਜਾਣ ਦਾ ਸਮਾਂ ਆਣ ਪਹੁੰਚਾ ਹੈ। ਉਸ ਵੇਲੇ ਭਾਈ ਦਇਆ ਸਿੰਘ ਤੇ ਹੋਰ ਸਿੰਘ ਉਨਾਂ ਦੇ ਪਾਸ ਖਲੋਤੇ ਸਨ। ਉਦਾਸ ਮੰਜ਼ਰ ਵੇਖ ਕੇ ਸਾਰੇ ਵੈਰਾਗ ਵਿਚ ਆ ਗਏ। ਸਿੱਖ ਕਹਿਣ ਲੱਗੇ-ਮਹਾਰਾਜ ਇਹ ਕੀ ਭਾਣਾ ਵਰਤਾਇਆ ਹੈ- ਗੁਰੂ ਜੀ ਕਿਹਾ- ਭਾਈ ਸਿੱਖੋ! ਇਹ ਸਭ ਕੁਝ ਉਸ ਮਹਾਂਕਾਲ ਜੀ ਕੀ ਰਜ਼ਾ ਵਿਚ ਹੋ ਰਹਾ ਹੈ। ਭਾਣਾ ਅਮਿੱਟ ਹੈ। ਗੁਰੂ ਸਾਹਿਬ ਨੇ ਖਾਲਸੇ ਵੱਲ ਵੇਖਿਆ ਤੇ ਕਿਹਾ ਸਾਡਾ ਅੰਤ ਸਮਾਂ ਆ ਗਿਆ ਹੈ, ਹੁਣ ਅਸਾਂ ਉਸ ਨਿਰੰਕਾਰ ਦੀ ਦਰਗਾਹ ਵਿਚ ਚਲੇ ਜਾਣਾ ਹੈ। ਸਿੱਖ ਬੇਬੱਸ ਹੋਏ ਕਹਿਣ ਲੱਗੇ, ਗੁਰੂ ਮਹਾਰਾਜ ਜੀ ਸਾਨੂੰ ਦੱਸੋ, ਸਾਨੂੰ ਕਿਸ ਦੇ ਸਹਾਰੇ ਛੱਡ ਚੱਲੇ ਹੋ? ਆਪ ਜੀ ਤੋਂ ਪਿਛੋਂ ਗੱਦੀ-ਨਸ਼ੀਨ ਕੌਣ ਹੋਵੇਗਾ?

ਬੰਸਾਵਲੀਨਾਮਾ ਦਾ ਕਰਤਾ ਕੇਸਰ ਸਿੰਘ ਛਿੱਬਰ ਲਿਖਦਾ ਹੈ : ਜਦ ਗੁਰੂ ਸਾਹਿਬ ਜਾਣ ਲੱਗੇ ਤਾਂ ਸਿੰਘਾਂ ਪੁੱਛਿਆ- ਗਰੀਬ ਨਿਵਾਜ਼, ਸਿੱਖ-ਸੰਗਤ ਹੈ ਤੇਰੀ, ਇਹ ਕਿਸ ਦੇ ਹਵਾਲੇ।

ਗੁਰੂ ਸਾਹਿਬ ਬਚਨ ਕੀਤਾ 'ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ।'

ਗੁਰੂ ਸਾਹਿਬ ਫਰਮਾਇਆ ਇਹ ਪੰਥ ਅਸੀਂ ਅਕਾਲ ਪੁਰਖ ਜੀ ਦੀ ਆਗਿਆ ਪਾ ਕੇ ਸਾਜਿਆ ਹੈ। ਉਹ ਹਰ ਥਾਏਂ ਹਰ ਮੁਸ਼ਕਲ ਵਿਚ ਸਹਾਈ ਹੋਵੇਗਾ। ਅਸਾਂ ਤੁਹਾਨੂੰ ਸਿੱਧਾ ਉਸ ਦੇ ਲੜ ਲਾਇਆ ਹੈ, ਉਹ ਆਪੇ ਲੜ ਲੱਗਿਆਂ ਦੀ ਲਾਜ ਪਾਲੇਗਾ। ਗੁਰੂ ਸਾਹਿਬ ਨੇ ਇਸ਼ਨਾਨ ਕੀਤਾ, ਪੁਸ਼ਾਕਾ ਬਦਲਿਆ। ਗੁਰੂ ਕੀਆਂ ਸਾਖੀਆਂ ਦਾ ਕਰਤਾ ਲਿਖਦਾ ਹੈ ਤਦ ਗੁਰੂ ਸਾਹਿਬ ਨੇ ਕੋਲ ਖਲੋਤੇ ਭਾਈ ਦਇਆ ਸਿੰਘ ਨੂੰ ਕਿਹਾ-ਭਾਈ ਸਿੱਖਾ, ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਈਏ। ਅਸਾਂ ਇੰਨੇ ਗੁਰਤਾ ਬਖਸ਼ਣੀ ਹੈ। ਗੁਰੂ ਸਾਹਿਬ ਦਾ ਬਚਨ ਪਾ ਕੇ ਭਾਈ ਦਇਆ ਸਿੰਘ ਪਾਵਨ ਬੀੜ ਲੈ ਆਇਆ ਅਤੇ ਪ੍ਰਕਾਸ਼ ਕਰ ਦਿੱਤਾ। ਪੰਚਾਂਮ੍ਰਿਤ ਤਿਆਰ ਕਰ ਕੇ ਇਕ ਸਿੱਖ ਨੇ ਚੌਕੀ ਪਰ ਰੱਖ ਦਿੱਤਾ। ਅਰਦਾਸ ਹੋਣ ਉਪਰੰਤ ਗੁਰੂ ਸਾਹਿਬ ਗੁਰਤਾ ਦੇਣ ਲੱਗੇ ਤਾਂ ਉਨਾਂ ਨੇ ਪਾਂਚ ਪੈਸੇ ਏਕ ਨਰੀਏਰ ਹਾਥ ਵਿਚ ਲੈ ਕੇ ਚਾਰਪਾਈ ਪਰ ਬਿਰਾਜਮਾਨ ਹੋਇਆਂ ਭਾਈ ਦਇਆ ਸਿੰਘ ਨੂੰ ਕਿਹਾ-ਇਨਾਂ ਸ੍ਰੀ ਗ੍ਰੰਥ ਸਾਹਿਬ ਜੀ ਕੇ ਆਗੇ ਟਿਕਾਇ ਦਿਉ। ਪੰਥ ਪ੍ਰਕਾਸ਼ ਦੇ ਰਚੇਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ ਤਦ ਗੁਰੂ ਸਾਹਿਬ ਨੇ ਆਪਣੇ ਮੁਖਾਰਬਿੰਦ ਤੋਂ ਬਚਨ ਫਰਮਾਇਆ - ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥

ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।

ਜੋ ਪ੍ਰਭੂ ਕੋ ਮਿਲਬੋ ਚਹਹਿ ਖੋਜ ਸ਼ਬਦ ਮੇਂ ਲੇਹ॥2॥

ਭੱਟ ਵੰਸ਼ਾਵਲੀ ਦੇ ਸਜਰੇ ਅਨੁਸਾਰ ਭੱਟ ਕੀਰਤ ਜੀ ਜਿਨਾਂ ਦੇ ਸਵੱਈਏ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ ਉਨਾਂ ਦਾ ਇਕ ਪੜਪੋਤਰਾ ਹੋਇਆ ਭੱਟ ਨਰਬਦ। ਸ੍ਰੀ ਅਨੰਦਪੁਰ ਗੁਰੂ ਸਾਹਿਬ ਗੋਬਿੰਦ ਸਿੰਘ ਜੀ ਪਾਸੋਂ ਖੰਡੇ ਬਾਟੇ ਦੀ ਪਾਹੁਲ ਲੈ ਕੇ ਉਹ ਭਾਈ ਨਰਬਦ ਸਿੰਘ ਬਣ ਗਿਆ। ਗੁਰੂ ਸਾਹਿਬ ਜਦ ਚਮਕੌਰ ਸਾਹਿਬ ਦੀ ਜੰਗ ਪਿਛੋਂ ਤਲਵੰਡੀ ਸਾਬੋ ਆਏ ਤਾਂ ਭਾਈ ਨਰਬਦ ਸਿੰਘ ਜਨਵਰੀ 1706 ਈ ਨੂੰ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਉਥੇ ਆਇਆ। ਗੁਰੂ ਸਾਹਿਬ ਤਲਵੰਡੀ-ਸਾਬੋ ਤਕਰੀਬਨ ਨੌਂ ਮਹੀਨੇ ਰਹੇ ਅਤੇ ਅਕਤੂਬਰ 1706 ਈ. ਨੂੰ ਦੱਖਣ ਵੱਲ ਚੱਲ ਪਏ। ਉਸ ਵਕਤ ਭਾਈ ਨਰਬਦ ਸਿੰਘ ਵੀ ਉਨਾਂ ਦੇ ਨਾਲ ਦੱਖਣ ਵੱਲ ਚਲਾ ਗਿਆ। ਉਸ ਦੀ ਲਿਖਤ ਭੱਟ ਵਹੀ ਤਲਾਉਂਡਾ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖਸ਼ਣ ਵਕਤ ਭਾਈ ਨਰਬਦ ਸਿੰਘ ਉਥੇ ਹਜ਼ੂਰ ਸਾਹਿਬ ਨੰਦੇੜ ਮੌਜੂਦ ਸੀ। ਭੱਟ ਵਹੀ ਤਲਾਉਂਡਾ ਪਰਗਨਾ ਜੀਂਦ ਵਿਚ ਲਿਖਿਆ ਮਿਲਦਾ ਹੈ :-ਗੁਰੂ ਗੋਬਿੰਦ ਸਿੰਘ ਮਹਲ ਦਸਮਾਂ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਜੀ ਕਾ, ਬੰਸ ਗੁਰੂ ਰਾਮਦਾਸ ਜੀ ਕੀ ਸੂਰਜ ਬੰਸੀ ਗੋਸਲ ਗੋਤਰਾ ਸੋਢੀ ਖਤਰੀ ਬਾਸੀ ਅਨੰਦਪੁਰ ਪ੍ਰਗਨਾ ਕਹਿਲੂਰ, ਮੁਕਾਮ ਨਦੇੜ, ਤਟ ਗੋਦਾਵਰੀ, ਦੇਸ ਦੱਖਨ, ਸੰਮਤ ਸਤਰਾਂ ਸੈ ਪੈਂਸਠ, ਕਾਰਤਕ ਮਾਸ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁੰ, ਭਾਈ ਦੈਯਾ ਸਿੰਘ ਸੇ ਬਚਨ ਹੂਆ, ਸ੍ਰੀ ਗ੍ਰੰਥ ਸਾਹਿਬ ਲੇ ਆਓ। ਬਚਨ ਪਾਇ ਦੈਯਾ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਪਾਂਚ ਪੈਸੇ ਏਕ ਨਰੀਏਰ ਆਗੇ ਬੇਟਾ ਰਖ ਮਾਥਾ ਟੇਕਾ। ਸਰਬੱਤ ਸੰਗਤ ਸੇ ਕਹਾ-ਮੇਰਾ ਹੁਕਮ ਹੈ, ਮੇਰੀ ਜਗਾ ਸ੍ਰੀ ਗ੍ਰੰਥ ਜੀ ਕੋ ਜਾਨਣਾ। ਜੋ ਸਿੱਖ ਜਾਨੇਗਾ, ਤਿਸ ਕੀ ਘਾਲ ਥਾਇ ਪਏਗੀ, ਗੁਰੂ ਤਿਸ ਕੀ ਬਹੁੜੀ ਕਰੇਗਾ, ਸਤਿ ਕਰ ਮਾਨਨਾ।'

ਮਹਿਮਾ ਪ੍ਰਕਾਸ਼ ਵਿਚ ਸਰੂਪ ਦਾਸ ਭੱਲਾ ਇਸ ਬਾਰੇ ਲਿਖਦੇ ਹਨ: ਸਿੱਖਾਂ ਨੇ ਪੂਛਾ ਜੋ ਅਬ ਦਰਸ਼ਨ ਕਹਾਂ ਕਰਹਿਗੇ। ਸਤਿਗੁਰ ਦੀਨ ਦਿਆਲ ਬਚਨ ਕੀਆ- ਜੋ ਦਸ ਸਰੂਪ ਹਮਾਰੇ ਪੂਰਨ ਭਏ ਹੈਂ। ਅਬ ਮੇਰੀ ਜਾਹਗਾ (ਜਗਾ) ਗੁਰੂ ਗ੍ਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਆਦਿ ਗ੍ਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਬਾਤਾਂ ਹੋਏਂਗੀ'

ਅੱਧੀ ਰਾਤ ਤੋਂ ਕੁਝ ਸਮੇਂ ਉਪਰੰਤ ਗੁਰੂ ਸਾਹਿਬ ਨੇ ਸੰਗਤ ਨੂੰ ਬੁਲਾਇਆ ਤੇ ਅੰਤ ਵਾਰ (ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ) ਬੁਲਾ ਕੇ ਜੋਤੀ ਜੋਤ ਸਮਾ ਗਏ। ਕਵਿ ਸੈਨਾਪਤੀ ਜੀ 'ਸ੍ਰੀ ਗੁਰ ਸ਼ੋਭਾ' ਵਿਚ ਗੁਰੂ ਸਾਹਿਬ ਜੀ ਦੇ ਅੰਤਮ ਸਮੇਂ ਦੇ ਜ਼ਿਕਰ ਬਾਰੇ ਲਿਖਦੇ ਹਨ- ਟੇਰਿ (ਅਵਾਜ਼) ਕਰੀ ਤਾਹਿ ਸਮੈ, ਜਾਗੇ ਸਿੰਘ ਅਪਾਰ॥ ਵਾਹਗੁਰੂ ਜੀ ਕੀ ਫਤੇ, ਕਹੀ ਅੰਤ ਬਾਰ॥34॥

ਇਸ ਤਰਾਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਦਸਾਂ ਪਾਤਸ਼ਾਹੀਆਂ ਦੀ ਜੋਤਿ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰਤਾਗੱਦੀ ਬਖਸ਼ ਕੇ ਸੰਮਤ 1765 ਕੱਤਕ ਸੁਦੀ ਪੰਚਮੀ ਨੂੰ ਨਿਰੰਕਾਰ ਦੀ ਜੋਤਿ ਵਿਚ ਜਾ ਲੀਨ ਹੋਏ।

# ਸ਼ਹੀਦ ਬਾਬਾ ਦੀਪ ਸਿੰਘ ਜੀ

**ਰਮੇਸ਼ ਬੱਗਾ ਚੋਹਲਾ**

ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ 26 ਜਨਵਰੀ 1682 ਈ. ਨੂੰ ਅੰਮ੍ਰਿਤਸਰ ਜ਼ਿਲੇ (ਹੁਣ ਤਰਨ ਤਾਰਨ) ਦੀ ਤਹਿਸੀਲ ਪੱਟੀ ਦੇ ਪਿੰਡ ਪਹੂਵਿੰਡ ਵਿੱਚ ਰਹਿਣ ਵਾਲੇ ਭਾਈ ਭਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਮ ਬਾਲਕਾਂ ਵਾਂਗ ਬਾਬਾ ਜੀ ਦੇ ਬਚਪਨ ਦਾ ਨਾਂ ਵੀ ਦੀਪਾ ਰੱਖਿਆ ਗਿਆ। ਜਦੋਂ ਦੀਪੇ ਦੀ ਉਮਰ 18 ਸਾਲ ਹੋਈ ਤਾਂ ਉਹ ਆਪਣੇ ਮਾਤਾ-ਪਿਤਾ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਗਿਆ। ਕੁੱਝ ਦਿਨ ਰਹਿ ਕੇ ਦੀਪੇ ਦੇ ਮਾਤਾ-ਪਿਤਾ ਤਾਂ ਵਾਪਸ ਪਿੰਡ ਪਹੂਵਿੰਡ ਆ ਗਏ ਪਰ ਦੀਪਾ ਇੱਥੇ ਹੀ ਰਹਿ ਪਿਆ। ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਦੀਪੇ ਦੇ ਜੀਵਨ ਵਿੱਚ ਮਹੱਤਵਪੂਰਨ ਮੋੜ ਆ ਗਿਆ ਤੇ ਉਹ ਦੀਪੇ ਤੋਂ ਦੀਪ ਸਿੰਘ ਬਣ ਗਿਆ। ਆਨੰਦਪੁਰ ਸਾਹਿਬ ਰਹਿ ਕੇ ਦੀਪ ਸਿੰਘ ਨੇ ਸ਼ਸਤਰ ਤੇ ਸ਼ਾਸਤਰ ਵਿਦਿਆ ਵਿਚ ਬਰਾਬਰੀ ਨਾਲ ਮੁਹਾਰਤ ਹਾਸਲ ਕੀਤੀ। 20-22 ਸਾਲ ਦੀ ਉਮਰ ਤੱਕ ਦੀਪ ਸਿੰਘ ਨੇ ਜਿੱਥੇ ਭਾਈ ਮਨੀ ਸਿੰਘ ਵਰਗੇ ਉਸਤਾਦ ਕੋਲੋਂ ਗੁਰਬਾਣੀ ਦਾ ਚੋਖਾ ਗਿਆਨ ਹਾਸਲ ਕੀਤਾ ਉੱਥੇ ਹੀ ਉਹ ਨਿਪੁੰਨ ਸਿਪਾਹੀ ਵੀ ਬਣ ਗਿਆ। ਕੁੱਝ ਸਮੇਂ ਮਗਰੋਂ ਦੀਪ ਸਿੰਘ ਆਪਣੇ ਪਿੰਡ ਪਹੂਵਿੰਡ ਆ ਗਿਆ। ਪਿੰਡ ਆ ਕੇ ਉਸ ਨੇ ਆਸ-ਪਾਸ ਦੇ ਇਲਾਕੇ ਵਿਚ ਧਰਮ ਪ੍ਰਚਾਰ ਦੇ ਕਾਰਜ ਨੂੰ ਬੜੀ ਲਗਨ ਅਤੇ ਸ਼ਰਧਾ-ਭਾਵਨਾ ਨਾਲ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦਾ ਨੌਜਵਾਨ ਤਬਕੇ 'ਤੇ ਸਾਰਥਿਕ ਅਤੇ ਸੁਚੱਜਾ ਪ੍ਰਭਾਵ ਪੈਣ ਲੱਗਾ। ਜਦੋਂ ਦਸਵੇਂ ਪਾਤਸ਼ਾਹ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਉਨਾਂ ਨੇ ਭਾਈ ਮਨੀ ਸਿੰਘ ਦੇ ਨਾਲ-ਨਾਲ ਬਾਬਾ ਦੀਪ ਸਿੰਘ ਦਾ ਵੀ ਸਹਿਯੋਗ ਲਿਆ। ਬਾਬਾ ਜੀ ਤੋਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਵਾਉਣ ਦੀ ਸੇਵਾ ਲਈ ਗਈ। ਬਾਬਾ ਦੀਪ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕਰ ਕੇ ਚਾਰੇ ਤਖਤਾਂ ਨੂੰ ਭੇਜੇ। ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਨੇ ਦਮਦਮਾ



ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਪੂਰਨ ਰੂਪ ਵਿੱਚ ਬਾਬਾ ਜੀ ਨੂੰ ਸੌਂਪ ਦਿੱਤੀ। ਇਹ ਜ਼ਿੰਮੇਵਾਰੀ ਬਾਬਾ ਦੀਪ ਸਿੰਘ ਨੇ ਬੜੀ ਤਨਦੇਹੀ ਅਤੇ ਸਿਦਕਦਿਲੀ ਨਾਲ ਨਿਭਾਈ। 1709 ਵਿੱਚ ਜਦੋਂ ਬੰਦਾ ਸਿੰਘ ਬਹਾਦਰ ਵੱਲੋਂ ਜ਼ਾਲਮਾਂ ਵੱਲੋਂ ਕੀਤੀਆਂ ਗਈਆਂ ਧੱਕੇਸ਼ਾਹੀਆਂ ਦਾ ਹਿਸਾਬ ਚੁੱਕਤਾ ਕਰਨ ਲਈ ਪੰਜਾਬ ਨੂੰ ਮੁਹਾਰਾਂ ਮੋੜੀਆਂ ਤਾਂ ਬਾਬਾ ਦੀਪ ਸਿੰਘ ਨੇ ਸੈਂਕੜੇ ਮਰਜੀਵੜਿਆਂ ਦੀ ਫੌਜ ਨਾਲ ਲੈ ਕੇ ਉਨਾਂ ਦਾ ਡੱਟਵਾਂ ਸਾਥ ਦਿੱਤਾ। ਇਸ ਸਾਥ ਸਦਕਾ ਹੀ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਬਾਬਾ ਦੀਪ ਸਿੰਘ ਸ਼ਹੀਦੀ ਮਿਸਲ ਦੇ ਜਥੇਦਾਰ ਵੀ ਸਨ। ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ 'ਤੇ ਕਈ ਹਮਲੇ ਕੀਤੇ। ਇਨਾਂ ਹਮਲਿਆਂ ਦੌਰਾਨ ਉਸ ਦੀਆਂ ਫੌਜਾਂ ਦਾ ਰਾਹ ਰੋਕਣ ਵਾਲੇ ਸਿੱਖਾਂ ਤੋਂ ਉਹ ਬਹੁਤ ਪ੍ਰੇਸ਼ਾਨ ਸੀ। ਆਪਣੀ ਪ੍ਰੇਸ਼ਾਨੀ ਅਤੇ ਦੁੱਖ ਨੂੰ ਘੱਟ ਕਰਨ ਭਾਵ ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਉਸ ਨੇ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਗਵਰਨਰ ਬਣਾ ਦਿੱਤਾ ਅਤੇ ਉਸ ਦੇ ਸਹਿਯੋਗ ਲਈ ਇੱਕ ਜਾਲਮ ਸੁਭਾਅ ਦੇ ਸੈਨਾਪਤੀ ਜਹਾਨ ਖਾਂ ਦੀ ਨਿਯੁਕਤੀ ਕਰ ਦਿੱਤੀ। ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ, ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਨਾਂ ਦੋਹਾਂ ਸੋਮਿਆ ਤੋਂ ਉਨਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1760 ਵਿੱਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਜਦੋਂ ਜਹਾਨ ਖਾਂ ਦੀ ਇਸ ਵਧੀਕੀ ਦੀ ਖ਼ਬਰ ਜਥੇਦਾਰ ਭਾਗ ਸਿੰਘ ਨੇ ਤਲਵੰਡੀ ਸਾਬੋ ਆ ਕੇ ਬਾਬਾ ਦੀਪ ਸਿੰਘ ਨੂੰ ਦਿੱਤੀ ਤਾਂ ਉਨਾਂ ਦਾ ਖ਼ੂਨ ਉਬਾਲੇ ਖਾਣ ਲੱਗਾ। ਅਰਦਾਸਾ ਸੋਧ ਕੇ ਬਾਬਾ ਜੀ ਨੇ 18 ਸੇਰ ਦਾ ਖੰਡਾ ਚੁੱਕ ਲਿਆ ਤੇ ਅੰਮ੍ਰਿਤਸਰ ਵੱਲ ਚਾਲੇ ਪਾ ਦਿੱਤੇ। ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨਾਂ ਨਾਲ ਕੁਝ ਗਿਣਤੀ ਦੇ ਹੀ ਸਿੰਘ ਸਨ ਪਰ ਰਸਤੇ ਵਿੱਚ ਜਥੇਦਾਰ ਗੁਰਬਖ਼ਸ਼ ਸਿੰਘ ਆਨੰਦਪੁਰੀ ਵੀ ਆ ਰਲਿਆ। ਚੱਲਦਿਆਂ-ਚਲਦਿਆਂ ਕਾਫ਼ਲਾ ਵੱਧਦਾ ਗਿਆ। ਬਾਬਾ ਜੀ ਨੇ ਇਸ ਢੰਗ ਨਾਲ ਵੰਗਾਰਿਆ ਕਿ ਤਰਨਤਾਰਨ ਤੱਕ ਪਹੁੰਚ ਕੇ ਲਾੜੀ ਮੌਤ ਨੂੰ ਵਿਆਹੁਣ ਜਾ ਰਹੇ ਸਿੰਘਾਂ ਦੀ ਗਿਣਤੀ ਸੈਕੜਿਆਂ ਤੋਂ ਹਜ਼ਾਰਾਂ ਤੱਕ ਪਹੁੰਚ ਗਈ। ਇੱਥੇ ਆ ਕੇ ਬਾਬਾ ਜੀ ਨੇ ਆਪਣੇ ਖੰਡੇ ਨਾਲ ਇੱਕ ਲਕੀਰ ਵਾਹੀ ਤੇ ਕਿਹਾ, 'ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ ਉਹ ਟੱਪ ਜਾਵੇ ਅਤੇ ਜਿਸ ਨੂੰ ਮੌਤ ਤੋਂ ਡਰ ਲੱਗਦਾ ਹੈ ਉਹ ਪਿਛਾਂਹ ਹੱਟ ਜਾਵੇ।' ਪਰ ਜਿਹੜਾ ਵੀ ਕਾਫ਼ਲਾ ਹੁਣ ਤੱਕ ਬਾਬਾ ਜੀ ਨਾਲ ਜੁੜ ਚੁੱਕਿਆ ਸੀ ਉਹ ਸਾਰਾ ਹੀ ਸ਼ਹੀਦੀਆਂ ਦਾ ਚਾਅ ਲੈ ਕੇ ਆਇਆ ਸੀ, ਇਸ ਕਰਕੇ ਸਾਰਾ ਕਾਫ਼ਲਾ ਹੀ ਲਕੀਰ ਪਾਰ ਕਰ ਗਿਆ ਤੇ ਬਾਬਾ ਜੀ ਨੇ ਖ਼ੁਸ਼ੀ ਵਿੱਚ ਜੈਕਾਰਾ ਛੱਡ ਦਿੱਤਾ। ਦੂਜੇ ਪਾਸੇ ਜਹਾਨ ਖਾਂ ਨੂੰ ਜਦੋਂ ਬਾਬਾ ਜੀ ਦੇ ਕਾਫ਼ਲੇ ਦੀ ਅੰਮ੍ਰਿਤਸਰ ਵੱਲ ਆਉਣ ਦੀ ਖ਼ਬਰ ਮਿਲੀ ਤਾਂ ਸਿੰਘਾਂ ਦਾ ਰਾਹ ਰੋਕਣ ਲਈ ਉਸ ਨੇ ਆਪਣੇ ਜਰਨੈਲ ਅਤਈ ਖਾਂ ਦੀ ਅਗਵਾਈ ਵਿੱਚ ਫ਼ੌਜ ਭੇਜ ਦਿੱਤੀ। ਗੋਹਲਵੜ ਦੇ ਸਥਾਨ 'ਤੇ ਜੰਗ ਹੋਈ। ਸਿੰਘਾਂ ਦੇ ਜੈਕਾਰਿਆਂ ਅਤੇ ਲਲਕਾਰਿਆਂ ਨਾਲ ਅਫ਼ਗਾਨੀ ਫ਼ੌਜਾਂ ਦੇ ਹੌਸਲੇ ਪਸਤ ਹੋਣ ਲੱਗੇ। ਇਸ ਸਮੇਂ ਦੌਰਾਨ ਯਾਕੂਬ ਖਾਂ ਤੇ ਸਾਬਕ ਅਲੀ ਖਾਂ ਵੀ ਬਾਬਾ ਦੀਪ ਸਿੰਘ ਨਾਲ ਮੁਕਾਬਲੇ 'ਤੇ ਆ ਗਏ। ਯਾਕੂਬ ਖਾਂ ਤੇ ਬਾਬਾ ਜੀ ਵਿਚਾਲੇ ਫਸਵੀਂ ਟੱਕਰ ਹੋਈ ਪਰ ਯਾਕੂਬ ਖਾਂ ਬਾਬਾ ਜੀ ਦੇ ਵਾਰ ਦੀ ਤਾਬ ਨਾ ਝੱਲ ਸਕਿਆ। ਯਕੂਬ ਖਾਂ ਨੂੰ ਢੇਰੀ ਹੁੰਦਿਆਂ ਦੇਖ ਕੇ ਇੱਕ ਹੋਰ ਅਫ਼ਗਾਨੀ ਜਵਾਨ ਅਸਮਾਨ ਖਾਂ ਵੀ ਮੈਦਾਨ-ਏ-ਜੰਗ 'ਚ ਆ ਨਿੱਤਰਿਆ। ਦੋਹਾਂ ਦੇ ਸਾਂਝੇ ਵਾਰ ਨਾਲ ਬਾਬਾ ਜੀ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ। ਆਪਣੇ ਕੀਤੇ ਪ੍ਰਣ ਨੂੰ ਨਿਭਾਅ ਕੇ ਬਾਬਾ ਦੀਪ ਸਿੰਘ ਨੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਭੇਟ ਕਰ ਦਿੱਤਾ ਅਤੇ 11 ਨਵੰਬਰ 1760 ਨੂੰ ਸ਼ਹਾਦਤ ਦਾ ਜਾਮ ਪੀ ਗਏ।

# ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਅਸਥਾਨ ਬਾਰੇ ਖੋਜ

**ਡਾਕਟਰ ਪਰਮਵੀਰ ਸਿੰਘ**

ਬਾਬਾ ਬੰਦਾ ਸਿੰਘ ਬਹਾਦਰ ਅਠਾਰਵੀਂ ਸਦੀ ਦਾ ਇਕ ਉੱਘਾ ਸਿੱਖ ਜਰਨੈਲ ਸੀ, ਜਿਸ ਨੇ ਮੁਗ਼ਲਾਂ ਦੇ ਅਜਿੱਤ ਹੋਣ ਦੇ ਹੰਕਾਰ ਨੂੰ ਤੋੜ ਦਿੱਤਾ ਸੀ। ਇਸ ਜਰਨੈਲ ਦੇ ਜੀਵਨ ਦੀਆਂ ਜਿਹੜੀਆਂ ਘਟਨਾਵਾਂ ਮੁਗ਼ਲਾਂ ਦੇ ਸਰਕਾਰੀ ਅਤੇ ਗ਼ੈਰ-ਸਰਕਾਰੀ ਰਿਕਾਰਡ ਵਿਚ ਦਰਜ ਹੋਈਆਂ, ਪ੍ਰਮੁੱਖ ਤੌਰ 'ਤੇ ਵਿਦਵਾਨਾਂ ਨੇ ਉਸੇ ਆਧਾਰ 'ਤੇ ਹੀ ਬਾਬਾ ਜੀ ਦੀ ਸ਼ਖ਼ਸੀਅਤ ਦਾ ਵਿਖਿਆਨ ਕੀਤਾ ਹੈ। ਬਾਬਾ ਜੀ ਦੇ ਸਿੰਘ ਸਜਣ ਤੋਂ ਪਹਿਲਾਂ ਦੇ ਜੀਵਨ ਸੰਬੰਧੀ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿਹੜੀ ਜਾਣਕਾਰੀ ਮੌਜੂਦ ਹੈ, ਉਸ ਸਬੰਧੀ ਪੱਖੀ ਅਤੇ ਵਿਪੱਖੀ ਵਿਚਾਰ ਦੇਖਣ ਨੂੰ ਮਿਲਦੇ ਹਨ। ਬਾਬਾ ਜੀ ਦੇ ਸਿੰਘ ਸਜਣ ਤੋਂ ਪਹਿਲਾਂ ਦਾ ਜਿਹੜਾ ਪੱਖ ਸਭ ਤੋਂ ਵਧੇਰੇ ਚਰਚਾ ਦਾ ਵਿਸ਼ਾ ਰਿਹਾ ਹੈ, ਉਸ ਵਿਚ ਇਨਾਂ ਨੂੰ ਕਸ਼ਮੀਰ ਦਾ ਵਸਨੀਕ ਦੱਸਿਆ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿਸ਼ਟੀ ਪਈ ਤਾਂ ਜੀਵਨ ਬਦਲ ਗਿਆ ਅਤੇ ਉਨਾਂ ਦਾ ਥਾਪੜਾ ਲੈ ਕੇ ਇਹ ਨਾਂਦੇੜ ਤੋਂ ਪੰਜਾਬ ਆਇਆ। ਇਥੇ ਆ ਕੇ ਇਸ ਨੇ ਮੁਗ਼ਲ ਹਕੂਮਤ ਦੇ ਜਬਰ ਅਤੇ ਜ਼ੁਲਮ ਵਿਰੁੱਧ ਮੁਹਿੰਮ ਆਰੰਭ ਕੀਤੀ ਅਤੇ ਉਸ ਨੂੰ ਸਫਲਤਾ ਨਾਲ ਸਿਰੇ ਚੜਾਇਆ।

ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਸੰਬੰਧੀ ਜਿਹੜੇ ਵਿਚਾਰ ਦੇਖਣ ਨੂੰ ਮਿਲਦੇ ਹਨ ਉਨਾਂ ਵਿਚੋਂ 1783 ਵਿਚ ਫ਼ਾਰਸੀ ਭਾਸ਼ਾ ਵਿਚ ਲਿਖਿਆ ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼ ਸਿਰਲੇਖ ਅਧੀਨ ਲਾਹੌਰ ਦੇ ਵਸਨੀਕ ਬੁੱਧ ਸਿੰਘ ਅਰੋੜਾ ਦੀ ਇਕ ਰਚਨਾ ਮੌਜੂਦ ਹੈ, ਜਿਹੜੀ ਕਿ ਬਾਬਾ ਜੀ ਦਾ ਜਨਮ ਜਲੰਧਰ ਦੁਆਬ ਦੇ ਤੁਅਲਕੇ ਵਿਖੇ ਪੰਡੋਰੀ ਪਿੰਡ ਵਿਖੇ ਦੱਸਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਪਰਿਵਾਰ ਵਿਚੋਂ ਮਾਤਾ ਜੋਗਿੰਦਰ ਕੌਰ ਦੁਆਰਾ ਸੰਖੇਪ ਜੀਵਨ ਬਾਬਾ ਬੰਦਾ ਬਹਾਦਰ ਸਿਰਲੇਖ ਅਧੀਨ ਜਿਹੜਾ ਬਿਰਤਾਂਤ ਸਾਹਮਣੇ ਆਇਆ ਹੈ, ਉਸ ਵਿਚ ਉਹ ਦੱਸਦੇ ਹਨ ਕਿ ਰਾਜੌਰੀ ਦੇ ਇਕ ਪਿੰਡ 'ਜੋਰੋ ਕਾ ਗੜ' ਵਿਖੇ ਬਾਬਾ ਜੀ ਦਾ ਜਨਮ ਹੋਇਆ ਪਰ ਰਾਜੌਰੀ ਵਿਖੇ ਜਾ ਕੇ ਜਦੋਂ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਤਾਂ ਪਤਾ ਲੱਗਿਆ ਕਿ ਇਸ ਨਾਂਅ ਦਾ ਕੋਈ ਪਿੰਡ ਇਲਾਕੇ ਵਿਚ ਮੌਜੂਦ ਨਹੀਂ ਹੈ। ਮਾਤਾ ਜੀ ਨੇ ਆਪਣੀ ਜਾਣਕਾਰੀ ਦਾ ਕੋਈ ਹਵਾਲਾ ਨਹੀਂ ਦਿੱਤਾ ਪਰ ਇਹ ਲੰਮਾ ਸਮਾਂ ਉਸ ਇਲਾਕੇ ਵਿਚ ਰਹੇ ਹਨ ਅਤੇ ਇਨਾਂ ਨੇ ਇਸ ਅਸਥਾਨ ਦਾ ਵਰਨਣ ਕੀਤਾ ਹੈ। ਪੁਰਾਤਨ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਦਿਆਂ ਪਤਾ ਲਗਦਾ ਹੈ ਕਿ ਕੁਝ ਅਜਿਹੇ ਨਗਰ ਪੁਰਾਤਨ ਲਿਖਤਾਂ ਵਿਚ ਮੌਜੂਦ ਹਨ ਪਰ ਹੁਣ ਉਨਾਂ ਦੇ ਨਾਂਅ ਬਦਲ ਗਏ ਹਨ ਜਿਵੇਂ ਮੌਜੂਦਾ ਬੈਜਨਾਥ ਦਾ ਪੁਰਾਤਨ ਨਾਂ ਕੀੜ ਗ੍ਰਾਮ ਸੀ। ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚ ਕੀੜ ਗ੍ਰਾਮ ਦਾ ਹੀ ਵਰਨਣ ਮਿਲਦਾ ਹੈ ਅਤੇ ਜਿਹੜੇ ਇਸ ਪਿੰਡ ਦੇ ਪੁਰਾਤਨ ਨਾਂ ਤੋਂ ਵਾਕਫ਼ ਨਹੀਂ ਹਨ, ਉਹ ਇਤਿਹਾਸ ਦੀ ਸਹੀ ਜਾਣਕਾਰੀ ਪ੍ਰਦਾਨ ਨਹੀਂ ਕਰ ਸਕਦੇ। ਜੇਕਰ ਮਾਤਾ ਜੋਗਿੰਦਰ ਕੌਰ 'ਜੋਰੋ ਕਾ ਗੜ' ਦੇ ਆਸ-ਪਾਸ ਦੇ ਇਲਾਕਿਆਂ ਦੀ ਜਾਣਕਾਰੀ ਵੀ ਦੇ ਦਿੰਦੇ ਤਾਂ ਇਤਿਹਾਸਕਾਰਾਂ ਨੂੰ ਇਸ ਅਸਥਾਨ ਦੀ ਨਿਸ਼ਾਨਦੇਹੀ ਕਰਨੀ ਸੌਖੀ ਹੋ ਜਾਂਦੀ।

ਬਾਬਾ ਬੰਦਾ ਸਿੰਘ ਬਹਾਦਰ ਨਾਲ ਸਬੰਧਤ ਬਹੁਤੇ ਇਤਿਹਾਸਕਾਰਾਂ ਨੇ ਇਨਾਂ ਦਾ ਜਨਮ ਰਾਜੌਰੀ ਦੱਸਿਆ ਹੈ। ਆਧੁਨਿਕ ਇਤਿਹਾਸਕਾਰਾਂ ਵਿਚ ਡਾ. ਗੰਡਾ ਸਿੰਘ ਇਕ ਉੱਘੇ ਇਤਿਹਾਸਕਾਰ ਹਨ ਜਿਨਾਂ ਨੇ ਫ਼ਾਰਸੀ ਦੇ ਸਮਕਾਲੀ ਇਤਿਹਾਸਕਾਰਾਂ ਦੀਆਂ ਲਿਖਤਾਂ ਦਾ ਵਿਸ਼ਲੇਸ਼ਣਾਤਮਿਕ ਅਧਿਐਨ ਕਰ ਕੇ ਬੰਦਾ ਸਿੰਘ ਬਹਾਦਰ ਸਬੰਧੀ ਇਕ ਪ੍ਰਮਾਣਿਕ ਖੋਜ ਪਾਠਕਾਂ ਦੇ ਸਾਹਮਣੇ ਪੇਸ਼ ਕੀਤੀ ਹੈ। ਬਾਅਦ ਵਾਲੇ ਸਮੂਹ ਇਤਿਹਾਸਕਾਰਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਡਾ. ਗੰਡਾ ਸਿੰਘ ਦੀ ਇਸ ਲਿਖਤ ਦਾ ਹਵਾਲਾ ਦਿੱਤਾ ਹੈ। ਇਸ ਲਿਖਤ ਦੇ ਆਧਾਰ 'ਤੇ ਬਾਬਾ ਜੀ ਦਾ ਜਨਮ ਅਸਥਾਨ ਰਾਜੌਰੀ ਪ੍ਰਸਿੱਧ ਹੋ ਗਿਆ।

ਰਾਜੌਰੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਅਸਥਾਨ ਨਿਰਧਾਰਿਤ ਕਰਨ ਲਈ ਕਈ ਭਰਮ-ਭੁਲੇਖੇ ਪੈਦਾ ਕੀਤੇ ਜਾ ਰਹੇ ਹਨ। ਰਿਆਸੀ ਤੋਂ ਪੁਣਛ ਜਾਂਦੇ ਹੋਏ ਰਾਜੌਰੀ ਵਿਖੇ ਰਾਜੌਰੀ-ਪੁਣਛ ਮੁੱਖ ਸੜਕ 'ਤੇ ਰਾਜੌਰੀ ਦੇ ਬੱਸ ਸਟੈਂਡ ਤੋਂ ਲਗਭਗ 500 ਮੀਟਰ ਦੇ ਨੇੜੇ ਇਕ ਬੋਰਡ ਨਜ਼ਰ ਵਿਚ ਆਇਆ ਜਿਸ 'ਤੇ 'ਗੁਰਦੁਆਰਾ ਜਨਮ ਸਥਾਨ ਬਾਬਾ ਬੰਦਾ ਸਿੰਘ ਬਹਾਦਰ, ਰਾਜੌਰੀ' ਲਿਖਿਆ ਹੋਇਆ ਸੀ। ਬੋਰਡ ਦੀ ਖਿੱਚ ਨੇ ਰੁਕਣ ਲਈ ਮਜਬੂਰ ਕੀਤਾ ਤਾਂ ਦੇਖਿਆ ਕਿ ਲਗਭਗ ਦੋ ਸੌ ਗਜ਼ ਦੇ ਇਕ ਖ਼ਾਲੀ ਪਲਾਟ ਵਿਚ ਇਕ ਨਿਸ਼ਾਨ ਸਾਹਿਬ ਅਤੇ ਨੇੜੇ ਹੀ ਇਹ ਬੋਰਡ ਲੱਗਿਆ ਹੋਇਆ ਸੀ। ਕੋਈ ਪੁਰਾਤਨ ਨਿਸ਼ਾਨੀ ਆਦਿ



ਮੌਜੂਦ ਨਾ ਹੋਣ ਕਰ ਕੇ ਇੰਜ ਜਾਪਦਾ ਸੀ ਕਿ ਇਸ ਨਗਰ ਵਿਖੇ ਬਾਬਾ ਜੀ ਦੇ ਜਨਮ ਨਾਲ ਸਬੰਧਤ ਹਵਾਲੇ ਮਿਲਦੇ ਹਨ ਜਿਸ ਨੂੰ ਸਾਕਾਰ ਰੂਪ ਪ੍ਰਦਾਨ ਕਰਨ ਲਈ ਇਥੇ ਇਹ ਬੋਰਡ ਅਤੇ ਨਿਸ਼ਾਨ ਸਾਹਿਬ ਲਗਾ ਦਿੱਤੇ ਗਏ ਹਨ। ਮਨ ਵਿਚ ਵਾਰ-ਵਾਰ ਉਸ ਅਸਥਾਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੋ ਰਹੀ ਸੀ ਜਿਥੇ ਬਾਬਾ ਜੀ ਦਾ ਜਨਮ ਹੋਇਆ। ਡਾ. ਗੰਡਾ ਸਿੰਘ ਵਰਗੇ ਦਾਨਿਸ਼ਵਰ ਇਤਿਹਾਸਕਾਰ ਇਸ ਇਲਾਕੇ ਵਿਚ ਜਾ ਕੇ ਉਸ ਅਸਥਾਨ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰਦੇ ਰਹੇ ਹਨ ਪਰ ਕੋਈ ਪੁਖ਼ਤਾ ਜਾਣਕਾਰੀ ਹਾਸਲ ਨਹੀਂ ਹੋਈ। ਸਮੂਹ ਇਤਿਹਾਸਕਾਰ ਇਸ ਗੱਲ 'ਤੇ ਤਾਂ ਸਹਿਮਤ ਹਨ ਕਿ ਬਾਬਾ ਜੀ ਦਾ ਜਨਮ ਰਾਜੌਰੀ ਵਿਖੇ ਹੋਇਆ ਸੀ ਪਰ ਉਸ ਅਸਥਾਨ ਨੂੰ ਲੱਭਣ ਵਿਚ ਕੋਈ ਸਫਲਤਾ ਪ੍ਰਾਪਤ ਨਹੀਂ ਹੋਈ। ਸਥਾਨਕ ਸਿੱਖ ਵੀ ਇਸ ਅਸਥਾਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰਦੇ ਰਹੇ ਹਨ ਪਰ ਕੋਈ ਬੂਰ ਨਹੀਂ ਪਿਆ, ਹਾਲੇ ਵੀ ਇਸ ਦਿਸ਼ਾ ਵਿਚ ਯਤਨ ਜਾਰੀ ਹਨ।

ਇਸ ਅਸਥਾਨ ਬਾਰੇ ਜਾਣਨ ਦੀ ਇੱਛਾ ਕਾਰਨ ਰਾਜੌਰੀ ਦੇ ਸ. ਰਾਜਵਿੰਦਰ ਸਿੰਘ ਨਾਲ ਸੰਪਰਕ ਹੋਇਆ ਜਿਹੜੇ ਕਿ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਯੂਥ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਹਨ। ਰਾਜੌਰੀ ਦੇ ਵਸਨੀਕ ਇਸ ਨੌਜਵਾਨ ਨੇ ਆਪਣੇ ਜੀਵਨ ਦਾ ਬਿਹਤਰੀਨ ਸਮਾਂ ਬਾਬਾ ਜੀ ਦੇ ਜਨਮ ਅਸਥਾਨ ਦੀ ਖੋਜ ਵਿਚ ਲਾਇਆ ਹੈ। ਆਪਣੀ ਖੋਜ ਦੇ ਆਧਾਰ 'ਤੇ ਇਸ ਨੇ ਸਰਕਾਰ ਕੋਲ ਪਹੁੰਚ ਕੀਤੀ ਅਤੇ ਸਬੰਧਤ ਦਸਤਾਵੇਜ਼ ਅਧਿਕਾਰੀਆਂ ਕੋਲ ਪੇਸ਼ ਕੀਤੇ। ਪਿਛਲੇ ਲਗਭਗ 10 ਸਾਲ ਤੋਂ ਇਹ ਨੌਜਵਾਨ ਸਰਕਾਰੀ ਅਧਿਕਾਰੀਆਂ ਤੱਕ ਪਹੁੰਚ ਕਰ ਕੇ ਬਾਬਾ ਜੀ ਦੇ ਜਨਮ ਅਸਥਾਨ ਨੂੰ ਸਰਕਾਰ ਦੇ ਰਿਕਾਰਡ ਵਿਚ ਦਰਜ ਕਰਵਾਉਣ ਲਈ ਯਤਨਸ਼ੀਲ ਹੈ।

ਇਸ ਦੁਆਰਾ ਪੇਸ਼ ਕੀਤੇ ਗਏ ਦਸਤਾਵੇਜ਼ ਤਹਿਸੀਲਦਾਰ ਕੋਲ ਆਏ ਤਾਂ ਪੜਤਾਲ ਦੀ ਇਕ ਲੰਮੀ ਪ੍ਰਕਿਰਿਆ ਆਰੰਭ ਹੋਈ। ਅਖ਼ੀਰ ਪਟਵਾਰੀ ਨੇ ਪੁਰਾਤਨ ਰਿਕਾਰਡ ਖੰਗਾਲ ਕੇ ਜਿਹੜੀ ਰਿਪੋਰਟ ਤਿਆਰ ਕਰ ਕੇ ਤਹਿਸੀਲਦਾਰ ਨੂੰ ਭੇਜੀ, ਉਹ ਅੱਗੇ ਰਾਜੌਰੀ ਦੇ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਅਸ਼ਰਫ਼ ਅੱਗੇ ਪੇਸ਼ ਕੀਤੀ ਗਈ। ਸਮੁੱਚੀ ਪੜਤਾਲ ਦਾ ਵਿਸ਼ਲੇਸ਼ਣ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੇ 12.06.2020 ਨੂੰ ਖਸਰਾ ਨੰਬਰ 281, 281/1, ਅਤੇ 282 ਵਿਚਲੀ 66 ਕਨਾਲ 8 ਮਰਲੇ ਜ਼ਮੀਨ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਦਰਜ ਕਰਨ ਦਾ ਆਦੇਸ਼ ਜਾਰੀ ਕਰ ਦਿੱਤਾ। ਗੁਰਦਨਪਾਈਨ ਪਿੰਡ ਦੇ ਪਟਵਾਰ ਹਲਕਾ ਫ਼ਤਹਿਪੁਰ, ਤਹਿਸੀਲ 'ਤੇ ਜ਼ਿਲਾ ਰਾਜੌਰੀ ਵਿਖੇ ਨਾਮਖੇਤ ਡੱਡਾਂ ਵਾਲੀ ਬਊਲੀ ਦੀ ਇਹ ਜ਼ਮੀਨ ਰਾਜੌਰੀ ਬੱਸ ਸਟੈਂਡ ਤੋਂ ਲਗਭਗ 2 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਜਿਸ ਦੀ ਜਮਾਂਬੰਦੀ ਹੁਣ ਬਾਬਾ ਜੀ ਦੇ ਨਾਂ ਬੋਲਦੀ ਹੈ।

ਰਾਜੌਰੀ ਦੇ ਅਸਿਸਟੈਂਟ ਕਮਿਸ਼ਨਰ ਜਨਾਬ ਮੁਹੰਮਦ ਅਸ਼ਰਫ਼ ਨੇ ਰਿਕਾਰਡ ਦੇ ਆਧਾਰ 'ਤੇ ਉਕਤ ਤੱਥਾਂ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਹੈ ਕਿ ਉਕਤ ਜ਼ਮੀਨ ਫ਼ੌਜ ਦੇ ਅਧੀਨ ਹੈ। ਕੁਝ ਮਹੀਨੇ ਪਹਿਲਾਂ, ਉਕਤ ਅਸਥਾਨ ਸਬੰਧੀ ਸ. ਰਾਜਵਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਤਾਂ ਮੌਜੂਦਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਸ ਦੀ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਇਸ ਦੀ ਸਾਂਭ-ਸੰਭਾਲ ਲਈ ਯਤਨ ਆਰੰਭ ਕਰ ਦਿੱਤੇ ਪਰ ਭਾਰਤੀ ਫ਼ੌਜ ਦੀ ਛਾਉਣੀ ਵਿਚ ਹੋਣ ਕਰਕੇ ਇਸ ਕਾਰਜ ਵਿਚ ਕੁਝ ਮੁਸ਼ਕਿਲਾਂ ਆ ਰਹੀਆਂ ਹਨ।

ਸਰਕਾਰੀ ਰਿਕਾਰਡ ਦੇ ਆਧਾਰ 'ਤੇ ਜਿਹੜੀ ਜ਼ਮੀਨ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਲਗਾਈ ਗਈ ਹੈ ਉਹ ਬਾਬਾ ਜੀ ਦੇ ਜਨਮ ਅਸਥਾਨ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲਾ ਮਹੱਤਵਪੂਰਨ ਸਰੋਤ ਬਣ ਗਿਆ ਹੈ। ਮੌਜੂਦਾ ਸਮੇਂ ਵਿਚ ਇਹ ਜ਼ਮੀਨ ਫ਼ੌਜ ਦੇ ਅਧਿਕਾਰ ਖ਼ੇਤਰ ਵਿਚ ਹੈ ਅਤੇ ਉਨਾਂ ਦੇ ਅਧਿਕਾਰ ਖ਼ੇਤਰ ਵਿਚ ਬਾਬਾ ਜੀ ਦੀ ਯਾਦਗਾਰ ਸਥਾਪਤ ਕਰਨੀ ਕੋਈ ਸੌਖਾ ਕਾਰਜ ਨਹੀਂ ਬਲਕਿ ਇਕ ਲੰਮੀ ਪ੍ਰਕਿਰਿਆ ਦਾ ਹਿੱਸਾ ਹੈ। ਜੇਕਰ ਪੰਥਕ ਰੂਪ ਵਿਚ ਇਹ ਯਤਨ ਕੀਤੇ ਜਾਣ ਤਾਂ ਕੋਈ ਵੀ ਕਾਰਜ ਅਸੰਭਵ ਨਹੀਂ ਹੈ।

# ਸਤਿਗੁਰੂ ਨਾਨਕ ਸਾਹਿਬ ਵਲੋਂ ਨਵੇਂ ਇਨਕਲਾਬ ਦੀ ਸਿਰਜਣਾ



**ਡਾਕਟਰ ਜਸਪਾਲ ਸਿੰਘ**
**ਸਾਬਕਾ ਉਪ ਕੁਲਪਤੀ**

ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਦੌਰ ਵਿਚ ਇਕ ਨਵੀਂ ਸਮਾਜਿਕ ਕ੍ਰਾਂਤੀ ਦੀ ਸਖ਼ਤ ਲੋੜ ਸੀ। ਇਹ ਉਹ ਸਮਾਂ ਸੀ ਜਦੋਂ ਸਮਾਜਿਕ ਖੇਤਰ ਵਿਚ ਜਾਤੀ ਅਤੇ ਨਸਲ ਦੇ ਆਧਾਰ 'ਤੇ ਵੱਖ-ਵੱਖ ਵਰਗਾਂ ਨੂੰ ਮੁੱਖ-ਧਾਰਾ ਤੋਂ ਬਾਹਰ ਕਰ ਦਿੱਤਾ ਗਿਆ ਸੀ। ਜਨਤਾ ਨੂੰ ਲਗਾਤਾਰ ਗੁਰਬਤ ਵਿਚ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਸੀ।ਇਸ ਸਾਰੇ ਪਰਿਪੇਖ ਵਿਚ ਗੁਰੂ ਨਾਨਕ ਸਾਹਿਬ ਨੇ ਇਕ ਨਵੇਂ ਸਮਾਜ ਦੀ ਸਿਰਜਣਾ ਦਾ ਆਗਾਜ਼ ਕੀਤਾ ਸੀ। ਇਸ ਸਮਾਜ ਦੀ ਬੁਨਿਆਦ ਮਨੁੱਖੀ ਅਧਿਕਾਰਾਂ ਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ ਉਪਰ ਰੱਖੀ ਗਈ ਸੀ। ਸਵੈ-ਮਾਣ ਤੇ ਸਹਿਹੋਂਦ ਇਸ ਬਹੁਲਵਾਦੀ ਸਮਾਜ ਦੀਆਂ ਮੁੱਖ ਖ਼ਾਸੀਅਤਾਂ ਸਨ। ਸਮਾਜਕ ਬਰਾਬਰੀ ਦੇ ਮੁੱਦਈ ਬਣ ਕੇ ਗੁਰੂ ਸਾਹਿਬ ਨੇ ਹਰ ਤਰਾਂ ਦੇ ਵਿਤਕਰੇ ਦਾ ਬੁਲੰਦ ਆਵਾਜ਼ ਵਿਚ ਵਿਰੋਧ ਕੀਤਾ ਸੀ ਅਤੇ ਨੀਵੇਂ ਕਹੇ ਜਾਣ ਵਾਲੇ ਦਲਿਤਾਂ ਦਾ ਸਾਥ ਦਿੱਤਾ ਸੀ।

ਗੁਰੂ ਸਾਹਿਬ ਦੀ ਸਪੱਸ਼ਟ ਮਾਨਤਾ ਹੈ ਕਿ ਜਾਤੀਵਾਦੀ ਵਿਵਸਥਾ ਭਾਈਚਾਰਕ ਸਾਂਝ ਤੋੜਨ ਵਿਚ ਵੱਡੀ ਭੂਮਿਕਾ ਨਿਭਾਉਂਦੀ ਹੈ ਅਤੇ ਸਮਾਜ ਨੂੰ ਧੁਰ ਅੰਦਰ ਤੱਕ ਵੰਡ ਦਿੰਦੀ ਹੈ। ਇਸ ਲਈ ਜਾਤੀਵਾਦੀ ਵਿਵਸਥਾ ਨੂੰ ਨਕਾਰਨਾ ਅਤੇ ਬਦਲਵੀਂ ਵਿਵਸਥਾ ਸਥਾਪਤ ਕਰਨਾ ਜ਼ਰੂਰੀ ਹੈ।ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਜਾਤ-ਵਰਣ ਦੇ ਹੱਥ ਵਿਚ ਕੁਝ ਨਹੀਂ, ਪਰਖ ਤਾਂ ਸੱਚ ਦੇ ਆਧਾਰ 'ਤੇ ਹੋਵੇਗੀ। ਜਾਤ ਦਾ ਅਹੰਕਾਰ ਤਾਂ ਇਕ ਜ਼ਹਿਰ ਹੈ। ਜਿਹੜਾ ਵੀ ਉਸ ਦਾ ਸੁਆਦ ਚੱਖਣ ਦੀ ਕੋਸ਼ਿਸ਼ ਕਰੇਗਾ, ਉਸ ਦੀ ਮੌਤ ਨਿਸਚਿਤ ਹੈ :

**ਜਾਤੀ ਦੈ ਕਿਆ ਹਥਿ ਸਚੁ ਪਰਖੀਐ॥**
**ਮਹੁਰਾ ਹੋਵੈ ਹਥਿ ਮਰੀਐ ਚਖੀਐ॥**
(ਅੰਗ : ੧੪੨)

ਗੁਰੂ ਨਾਨਕ ਦੇਵ ਜੀ ਨੇ ਖੁੱਲਾ ਐਲਾਨ ਕੀਤਾ ਸੀ ਕਿ ਮਨੁੱਖ ਦੀ ਜਾਤ-ਪਾਤ ਉਸ ਦੇ ਜਨਮ ਤੋਂ ਨਹੀਂ, ਉਸ ਦੇ ਕਰਮਾਂ ਤੋਂ ਨਿਰਧਾਰਤ ਹੁੰਦੀ ਹੈ :

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥**
(ਅੰਗ : ੧੩੩੦)

ਸਿਰੀ ਰਾਗ 'ਚ ਅੰਕਿਤ ਗੁਰੂ ਸਾਹਿਬ ਦਾ ਇਹ ਵਾਕ, ਉਨਾਂ ਦੀ ਸਮੁੱਚੀ ਵਿਚਾਰਧਾਰਾ ਦੀ ਤਰਜਮਾਨੀ ਕਰਦਾ ਹੈ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**
(ਅੰਗ : ੧੫)

ਜਾਤੀਵਾਦ ਤੋਂ ਇਲਾਵਾ ਇਕ ਵੱਡਾ ਮਸਲਾ ਸਾਧਨ-ਵਿਹੂਣੇ ਲੋਕਾਂ ਦੇ ਸ਼ੋਸ਼ਣ ਦਾ ਸੀ ਜਿਸ ਬਾਰੇ ਗੁਰੂ ਸਾਹਿਬ ਨੇ ਆਪਣਾ ਪ੍ਰਤੀਕਰਮ ਖੁੱਲ ਕੇ ਦਰਜ ਕੀਤਾ ਹੈ। ਅਸਲ ਵਿਚ, ਭਾਰਤੀ ਸਮਾਜ ਦਾ ਵੱਡਾ ਹਿੱਸਾ ਸਾਧਨ-ਵਿਹੂਣੇ ਲੋਕਾਂ ਦਾ ਸੀ ਜਿਹੜਾ ਸਮਾਜਕ ਤੇ ਆਰਥਿਕ ਪੱਖੋਂ ਕਮਜ਼ੋਰ ਅਤੇ ਨਿਰੰਤਰ ਵਿਤਕਰੇ, ਵੰਡ ਤੇ ਸ਼ੋਸ਼ਣ ਦਾ ਸ਼ਿਕਾਰ ਸੀ। ਗੁਰੂ ਸਾਹਿਬ ਨੇ ਆਰਥਿਕ ਸ਼ੋਸ਼ਣ ਰਾਹੀਂ ਵੱਡੇ ਰੁਤਬੇ 'ਤੇ ਪਹੁੰਚੇ ਲੋਕਾਂ ਵਿਰੁੱਧ ਤਿੱਖਾ ਰੋਸ ਪ੍ਰਗਟ ਕਰਦਿਆਂ ਅਤੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਸਰੀਰ ਉਪਰ ਪਹਿਨੇ ਬਸਤਰ 'ਤੇ ਲਹੂ ਦੀ ਛਿੱਟ ਪੈ ਜਾਵੇ ਤਾਂ ਉਹ ਅਪਵਿੱਤਰ, ਪਲੀਤ ਹੋ ਜਾਂਦਾ ਹੈ, ਤਾਂ ਫਿਰ ਜਿਹੜੇ ਲੋਕੀਂ ਸ਼ੋਸ਼ਣ ਕਰ ਕੇ ਗ਼ਰੀਬਾਂ ਦਾ ਲਹੂ ਪੀ ਕੇ ਵੱਡੇ ਰੁਤਬਿਆਂ 'ਤੇ ਪਹੁੰਚੇ ਹਨ, ਉਹ ਕਿਵੇਂ ਸਾਫ਼-ਸੁਥਰੇ, ਪਾਕ-ਸਾਫ਼ ਕਹੇ ਜਾ ਸਕਦੇ ਹਨ :

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥**
(ਅੰਗ : ੧੪੦)

ਇਕ ਹੋਰ ਥਾਂ ਗੁਰੂ ਸਾਹਿਬ ਦੀ ਬਾਣੀ ਦਾ ਫ਼ਰਮਾਨ ਹੈ- ਮੁਸਲਮਾਨ ਲਈ ਪਰਾਇਆ ਹੱਕ ਸੂਰ ਅਤੇ ਹਿੰਦੂ ਲਈ ਗਊ ਸਮਾਨ ਹੈ। ਗੁਰੂ ਤੇ ਪੀਰ ਤਾਂ ਹੀ ਹਾਮੀ ਭਰਨਗੇ ਜੇ ਪਰਾਇਆ ਹੱਕ ਨਾ ਖਾਇਆ ਜਾਵੇ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**
(ਅੰਗ : ੧੪੧)

ਸਮਾਜਕ ਬਣਤਰ ਦੇ ਹਵਾਲੇ ਨਾਲ, ਗੁਰੂ ਨਾਨਕ ਸਾਹਿਬ ਦੇ ਸਾਰੇ ਫ਼ਲਸਫ਼ੇ ਨੂੰ ਸਮਝਣ ਲਈ, ਭਾਈ ਲਾਲੋ ਦੇ ਘਰ ਗੁਰੂ ਸਾਹਿਬ ਦੀ ਫੇਰੀ ਵਾਲੀ ਇਤਿਹਾਸਕ ਘਟਨਾ ਦਾ ਜ਼ਿਕਰ ਇਥੇ ਜ਼ਰੂਰੀ ਹੈ। ਸਾਖ਼ੀਕਾਰਾਂ ਮੁਤਾਬਿਕ ਸੈਦਪੁਰ ਪਹੁੰਚਦਿਆਂ ਹੀ ਗੁਰੂ ਨਾਨਕ ਦੇਵ ਜੀ ਸਿੱਧੇ ਭਾਈ ਲਾਲੋ ਦੇ ਘਰ ਪਹੁੰਚ ਗਏ ਅਤੇ ਜਾ ਬੂਹਾ ਖੜਕਾਇਆ। ਸਾਖ਼ਸ਼ਾਤ ਦੀਦਾਰ ਕਰ ਕੇ ਲਾਲੋ ਨਿਹਾਲ ਹੋ ਗਿਆ। ਮੁੱਢਲੀ ਆਓ-ਭਗਤ ਤੋਂ ਬਾਅਦ ਭਾਈ ਲਾਲੋ ਤੇ ਉਸ ਦੀ ਪਤਨੀ ਸੇਵਾ ਵਿਚ ਲੱਗ ਗਏ। ਭਾਈ ਲਾਲੋ ਨੇ ਆ ਕੇ ਕਿਹਾ, ਪ੍ਰਸ਼ਾਦ ਤਿਆਰ ਹੈ। ਤੁਹਾਡੀ ਜਾਤ ਉੱਚੀ ਹੈ, ਦੱਸੋ ਅੰਦਰ ਚੱਲ ਕੇ ਪ੍ਰਸ਼ਾਦ ਛਕੋਗੇ ਜਾਂ ਵਿਹੜੇ ਵਿਚ ਵੱਖਰਾ ਚਉਂਕਾ ਲਾਈਏ। ਬਾਬੇ ਨਾਨਕ ਨੇ ਫ਼ਰਮਾਇਆ, ਵਹਿਮ ਨ ਕਰ ਲਾਲੋ, ਜਿਤਨੀ ਧਰਤੀ ਹੈ ਓਨਾ ਹੀ ਮੇਰਾ ਚਉਂਕਾ ਹੈ। ਬਹੁਤ ਸਪੱਸ਼ਟ ਹੈ, 'ਸਾਰੀ ਧਰਤੀ ਮੇਰਾ ਚਉਕਾ ਹੈ' ਦਾ ਸੰਦੇਸ਼ ਦੇਣਾ ਅਤੇ ਜਾਤੀਵਾਦੀ ਵਿਧਾਨ ਨੂੰ ਪੂਰੀ ਤਰਾਂ ਨਕਾਰਨਾ-ਇਕ ਵੱਡੀ ਕ੍ਰਾਂਤੀ ਦਾ ਸੰਦੇਸ਼ ਸੀ।

ਭਾਈ ਲਾਲੋ ਦੇ ਘਰ ਪੜਾਅ ਦੌਰਾਨ ਵਾਪਰੀ, ਮਲਕ ਭਾਗੋ ਦੇ ਬ੍ਰਹਮ-ਭੋਜ ਵਾਲੀ ਘਟਨਾ ਵੀ ਵੇਖਣ ਵਾਲੀ ਹੈ। ਪ੍ਰੰਪਰਿਕ ਲਿਖਤਾਂ ਅਨੁਸਾਰ ਗੁਰੂ ਸਾਹਿਬ ਨੇ ਮਲਕ ਭਾਗੋ ਦੇ ਸੱਦੇ ਦੀ ਕੋਈ ਪ੍ਰਵਾਹ ਨਹੀਂ ਸੀ ਕੀਤੀ। ਗੁਰੂ ਸਾਹਿਬ ਨੇ ਕਿਹਾ ਸੀ-ਸਾਡੇ ਲਈ ਕਿਸੇ ਬ੍ਰਹਮ-ਭੋਜ ਦੀ ਕੋਈ ਅਹਿਮੀਅਤ ਨਹੀਂ। ਲਾਲੋ ਦਾ ਸਾਦਾ ਭੋਜ ਬ੍ਰਹਮ-ਭੋਜ ਤੋਂ ਕਿਤੇ ਵੱਧ ਆਨੰਦਮਈ ਹੈ।

ਦਰਅਸਲ, ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ 'ਵਡਿਆ ਸਿਉ ਕਿਆ ਰੀਸ' ਦੀ ਗੱਲ ਕੀਤੀ ਸੀ ਅਤੇ ਮੁੱਢ ਬੰਨਿਆ ਸੀ ਇਸ ਸੰਕਲਪ ਦਾ ਕਿ ਜਾਤ-ਭੇਦ ਵਰਤਣ ਵਾਲੇ, ਵਿਤਕਰੇ ਤੇ ਸ਼ੋਸ਼ਣ ਦਾ ਨਿਜ਼ਾਮ ਨੂੰ ਚਲਾਉਣ ਵਾਲੇ, ਸੂਤਰਧਾਰ- 'ਵੱਡਿਆਂ' ਨਾਲ ਕਾਹਦਾ ਮੇਲ-ਮਿਲਾਪ। ਸਾਰ-ਤੱਤ ਇਹੋ ਸੀ ਕਿ 'ਵੱਡਿਆਂ' ਨੂੰ ਆਪਣਾ ਤੌਰ-ਤਰੀਕਾ ਬਦਲਣਾ ਪਵੇਗਾ, ਵਿਤਕਰੇ, ਵੰਡ ਤੇ ਸ਼ੋਸ਼ਣ 'ਤੇ ਆਧਾਰਿਤ ਨਿਜ਼ਾਮ ਦੀ ਪੁਸ਼ਤ-ਪਨਾਹੀ ਛੱਡਣੀ ਪਵੇਗੀ, ਜੇ ਉਹ ਗੁਰੂ ਨਾਨਕ ਦੀ ਪ੍ਰੰਪਰਾ ਨਾਲ ਕਿਸੇ ਵੀ ਕਿਸਮ ਦਾ ਰਿਸ਼ਤਾ ਰੱਖਣਾ ਚਾਹੁੰਦੇ ਹਨ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਜਿਸ ਸਮਾਜਕ ਵਿਵਸਥਾ ਦਾ ਮੁੱਢ ਬੰਨ ਰਹੇ ਸਨ, ਉਸ ਦੇ ਵਿਧਾਨ ਦੇ ਤਿੰਨ ਮੂਲ ਸਿਧਾਂਤ ਹਨ - ਕਿਰਤ ਕਰਨਾ, ਨਾਮ ਜੱਪਣਾ ਅਤੇ ਵੰਡ ਛਕਣਾ। ਉਨਾਂ ਨੇ ਕਿਰਤ ਕਰਨ ਅਤੇ ਕਿਰਤ ਤੋਂ ਹੋਈ ਆਮਦਨੀ ਵਿਚੋਂ ਲੋੜਵੰਦਾਂ ਦੀ ਮਦਦ ਕਰਨ ਦੀ ਨਵੀਂ ਜੀਵਨ-ਜਾਚ ਦੱਸੀ ਸੀ। ਗੁਰੂ ਸਾਹਿਬ ਦਾ ਇਹ ਫ਼ਰਮਾਨ ਉਚੇਚਾ ਧਿਆਨ ਯੋਗ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥** (ਅੰਗ : ੧੨੪੫)

ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਇਕ ਹੋਰ ਨੁਕਤਾ ਬੜੀ ਵੱਡੀ ਅਹਿਮੀਅਤ ਵਾਲਾ ਹੈ। ਇਸਤਰੀ ਜਾਤੀ ਨਾਲ ਹੋ ਰਹੇ ਵਿਤਕਰੇ ਵਿਰੁੱਧ ਗੁਰੂ ਸਾਹਿਬ ਨੇ ਆਪਣਾ ਪੁਰਜ਼ੋਰ ਵਿਰੋਧ ਦਰਜ ਕੀਤਾ ਸੀ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਵਾਲੀ ਰਚਨਾ ਬਹੁਤ ਕੁਝ ਕਹਿ ਦਿੰਦੀ ਹੈ ਅਤੇ ਵਿਤਕਰੇ ਦੇ ਸੂਤਰਧਾਰਾਂ ਲਈ ਖੁੱਲੀ ਵੰਗਾਰ ਹੈ - ਇਹ ਰਚਨਾ :

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**
(ਅੰਗ : ੪੭੩)

ਆਖ਼ਰ ਵਿਚ, ਕਹਿਣਾ ਚਾਹੁੰਦਾ ਹਾਂ ਕਿ ਇਤਿਹਾਸਕ ਤੱਥ ਇਸ ਹਕੀਕਤ ਦੀ ਗਵਾਹੀ ਭਰਦੇ ਹਨ ਕਿ ਭਾਰਤੀ ਸਮਾਜ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਨਵੀਂ ਰੌਸ਼ਨੀ, ਇਕ ਨਵੀਂ ਦਿਸ਼ਾ ਦਿੱਤੀ ਸੀ। ਇਕ ਐਸੇ ਸਮਾਜ ਦੀ ਸਿਰਜਨਾ ਦਾ ਸੰਕਲਪ ਦਿੱਤਾ ਸੀ ਜਿਹੜਾ ਵਸੀਅ ਪੱਧਰ 'ਤੇ ਬਰਾਬਰੀ ਅਤੇ ਭਾਈਚਾਰਕ ਸਾਂਝ ਉਪਰ ਆਧਾਰਿਤ ਹੈ। ਜਿਸ ਵਿਚ ਮਨੁੱਖੀ ਅਧਿਕਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਜਿਹੜਾ ਪੂਰੀ ਤਰਾਂ ਲੋਕ-ਹਿਤਕਾਰੀ ਹੈ। ਮੁੱਕਦੀ ਗੱਲ, ਗੁਰੂ ਸਾਹਿਬ ਨੇ ਬੜੀ ਸਖ਼ਤੀ ਨਾਲ ਵਿਤਕਰੇ ਅਤੇ ਤ੍ਰਿਸਕਾਰ ਵਾਲੀ ਰੀਤ ਨੂੰ ਪੂਰੀ ਤਰਾਂ ਨਕਾਰ ਕੇ ਇਕ ਨਵੇਂ ਤੇ ਇਕਸਾਰ ਸਮਾਜ ਦੀ ਉਸਾਰੀ ਦਾ ਪਿੜ ਬੰਨਿਆ ਸੀ।

# ਗੱਡਾ ਕਦੇ ਸੱਭਿਆਚਾਰ ਦਾ ਅਹਿਮ ਚਿੰਨ ਸੀ

**ਭਾਗ 2**

**ਜੈਕਬ ਤੇਜਾ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਜੂਲੇ ਦੀਆਂ ਅਰਲੀਆਂ ਨਾਲ ਦੋ ਪਟੇਦਾਰ ਰੱਸੀਆਂ ਬੰਨੀਆਂ ਹੁੰਦੀਆਂ ਸਨ, ਉਨਾਂ ਨੂੰ ਜੋਤਾਂ ਆਖਦੇ ਸਨ। ਜੋ ਪਸ਼ੂਆਂ ਦੀਆਂ ਧੌਣਾਂ ਦੇ ਥੱਲਿਉਂ ਦੀ ਲੰਘਾ ਕੇ ਅਰਲੀਆਂ ਦੀਆਂ ਚਿੜੀਆਂ ਨਾਲ ਬੰਨੀਆਂ ਜਾਂਦੀਆਂ, ਇਹ ਪਸ਼ੂਆਂ ਨੂੰ ਬਾਹਰ ਨਿਕਲਣ ਤੋਂ ਬਚਾਉਂਦੀਆਂ ਸਨ। ਜੂਲੇ ਦੇ ਵਿਚਕਾਰ ਥੱਲੜੇ ਪਾਸੇ ਇਕ ਲੱਕੜ ਦੀ ਮੁੜੀ ਹੋਈ ਥੰਮੀ/ਠੁੰਮਣਾ ਬਣਾ ਕੇ ਜੋੜਿਆ ਜਾਂਦਾ ਸੀ, ਜਿਸ ਨੂੰ ਊਠਣਾ ਆਖਦੇ ਸਨ। ਇਸ ਦੀ ਲੰਬਾਈ ਢਾਈ ਫੁੱਟ ਹੁੰਦੀ ਸੀ। ਗੱਡੇ 'ਤੇ ਚੜਨ ਲਈ ਊਠਣੇ ਦੇ ਹੇਠਲੇ ਪਾਸੇ ਥੋੜਾ ਘੱਟ ਕਰ ਕੇ ਪੈਰ ਰੱਖ ਕੇ ਗੱਡੇ 'ਤੇ ਚੜਨ ਲਈ ਕੱਟੇ ਹੋਏ ਹਿੱਸੇ ਨੂੰ ਠੋਡ ਆਖਦੇ ਸਨ। ਗੱਡੇ ਦੀ ਛੱਤ ਦੇ ਚਾਰ ਸੱਜੇ ਅਤੇ ਚਾਰ ਖੱਬੇ ਪਾਸੇ ਤਿੰਨ ਤਿੰਨ ਫੁੱਟ ਦੀ ਵਿੱਥ/ਵਿਰਲ ਨਾਲ ਢਾਈ-ਢਾਈ ਫੁੱਟ ਦੇ ਡੰਡੇ ਅੜਾਏ ਹੁੰਦੇ ਹਨ, ਜਿਨਾਂ ਨੂੰ ਮੋਹਲੀਆਂ/ ਮੁੰਨੀਆਂ/ ਹੌਰੇ ਕਹਿੰਦੇ ਸਨ। ਜੋ ਕਿ ਗੱਡੇ ਦੀ ਛੱਤ 'ਚ ਮੋਰੀਆਂ/ਸੁਰਾਖ ਕੱਢ ਕੇ ਫਸਾਈਆਂ ਜਾਂਦੀਆਂ ਸਨ। ਇਹ ਗੱਡੇ 'ਤੇ ਲੱਦੇ ਸਮਾਨ ਨੂੰ ਡਿਗਣ ਤੋਂ ਬਚਾਉਣ ਲਈ ਢਾਲ ਹੁੰਦੀਆਂ ਸਨ। ਮਾਲਵੇ ਦੇ ਇਲਾਕੇ ਵਿਚ ਇਨਾਂ ਮੋਹਲੀਆਂ ਨੂੰ ਗੱਡੇ ਉੱਪਰ ਪੱਕੇ ਤੌਰ 'ਤੇ ਹੀ ਫਿੱਟ ਕੀਤਾ ਜਾਂਦਾ ਸੀ, ਉਸ ਗੱਡੇ ਨੂੰ ਪੱਕਾ ਗੱਡਾ ਆਖਦੇ ਸਨ। ਮੋਹਲੀਆਂ ਵਿਚ ਲੋਹੇ ਦੇ ਪਤਲੇ ਸਰੀਏ ਲੰਬੇ ਰੁਖ਼ ਲਾਏ ਜਾਂਦੇ ਸਨ। ਗੱਡੇ ਦੇ ਪਹੀਏ ਦੇ ਛੇ ਗੁਲਾਈਆਂ ਨੂੰ ਪੁੱਠੀਆਂ ਕਹਿੰਦੇ ਸਨ। ਪੁੱਠੀਆਂ ਦੀ ਚੌੜਾਈ ਦਸ ਇੰਚ, ਲੰਬਾਈ ਦੋ ਤੋਂ ਸਵਾ ਦੋ ਫੁੱਟ ਦੇ ਨੇੜੇ-ਤੇੜੇ ਇਕ ਪੀਸ, ਮੋਟਾਈ ਸਾਢੇ ਚਾਰ ਇੰਚ, ਪੂਰੇ ਪਹੀਏ ਦੀ ਲੰਬਾਈ ਸਾਢੇ ਚਾਰ ਫੁੱਟ ਸੀ। ਪਹੀਏ ਵਿਚ ਛੇ ਜੋੜੀਆਂ ਚੌਰਸ ਡੰਡੇ ਹੁੰਦੇ ਸਨ, ਜਿਨਾਂ ਨੂੰ ਗਜ਼ ਆਖਦੇ ਸਨ। ਇਨਾਂ ਗਜ਼ਾਂ ਦੀ ਲੰਬਾਈ ਸਾਢੇ ਚਾਰ ਫੁੱਟ ਪੁੱਠੀਆਂ ਉੱਪਰ ਤੱਕ ਸੁਰਾਖ ਕੱਢ ਕੇ ਫਿਟ ਕੀਤੇ ਹੁੰਦੇ ਸਨ। ਛੇ ਪੁੱਠੀਆਂ ਦੇ ਕੱਟਾਂ ਨਾਲ ਲੋਹੇ ਦੀਆਂ ਪੱਤੀਆਂ ਜੜੀਆਂ ਹੁੰਦੀਆਂ ਸਨ। ਗਜ਼ਾਂ ਨਾਲ ਇਕ ਮੋਟੀ ਗੋਲ ਲੱਕੜ ਲੱਗੀ ਹੁੰਦੀ ਸੀ ਜਿਸ ਨੂੰ ਨਾਭ ਕਹਿੰਦੇ ਸੀ। ਜਿਸ ਨਾਲ ਗੱਡੇ ਦੇ ਪਹੀਏ ਜੋੜੇ ਜਾਂਦੇ ਉਸ ਨੂੰ ਧੁਰਾ/ਲੱਠ ਕਹਿੰਦੇ ਸਨ। ਇਹ ਲੋਹੇ ਅਤੇ ਲੱਕੜ ਦਾ ਹੁੰਦਾ ਸੀ। ਇਹ ਚੌਰਸ ਤੇ ਇਸ ਦੀ ਲੰਬਾਈ ਪੌਣੇ ਛੇ ਫੁੱਟ ਹੁੰਦੀ ਸੀ, ਧੁਰੇ ਉੱਪਰ ਹੀ ਪਹੀਏ ਘੁੰਮਦੇ ਸਨ। ਇਸ ਦੇ ਦੋਵੇਂ ਪਾਸਿਆਂ ਦੇ ਸਿਰੇ ਗੋਲ ਹੁੰਦੇ ਸਨ। ਇਨਾਂ ਸਿਰਿਆਂ ਨੂੰ ਹੀ ਪਹੀਏ ਦੀ ਨਾਭ ਦੇ ਪੱਥੇ ਵਿਚ ਅੜਾ ਦਿੱਤਾ ਜਾਂਦਾ ਸੀ। ਧੁਰੇ ਦੇ ਦੋਵੇਂ ਮੁਢਲੇ ਪਾਸਿਆਂ 'ਤੇ ਮੋਰੀਆਂ/ਸੁਰਾਖ ਹੁੰਦੇ ਸਨ, ਜਿਨਾਂ ਨੂੰ ਪਿੰਜਣੀ ਵਿਚ ਦੀ ਲੰਘਾ ਕੇ ਕੁੰਡੀਆਂ/ਮੁਢਲਾ ਠੋਕ/ਗੱਡ ਦਿੱਤੀਆਂ ਜਾਂਦੀਆਂ ਸਨ। ਪਿੰਜਣੀ (ਤੀਰ ਨੂੰ ਚਲਾਉਣ ਵਰਗੇ ਕਮਾਨ) ਵਰਗੀ ਹੁੰਦੀ ਸੀ, ਜੋ ਪਹੀਏ ਬਾਹਰ ਨਿਕਲਣ ਤੋਂ ਰੋਕਦੀ ਸੀ। ਇਨਾਂ ਨੂੰ ਗੱਡੇ ਦੀ ਛੱਤ ਦੇ ਫੱਟਿਆਂ ਵਿਚਾਲੇ ਤੀਰਾਂ ਨਾਲ ਜੋੜਿਆ ਜਾਂਦਾ ਸੀ। ਧੁਰੇ ਦੇ ਲਾਗੇ ਹੀ ਇਕ ਲੱਕੜ ਦਾ ਛੋਟਾ ਬਕਸਾ ਲੱਗਾ ਹੁੰਦਾ, ਜਿਸ ਵਿਚ ਖੇਤੀਬਾੜੀ ਦੇ ਛੋਟੇ-ਛੋਟੇ ਸੰਦ ਰੰਬੇ, ਦਾਤਰੀਆਂ ਰੱਖੀਆਂ ਜਾਂਦੀਆਂ ਸਨ।

ਗੱਡੇ ਦੇ ਪਿਛਲੇ ਪਾਸੇ ਇਕ ਲੱਕੜ ਦਾ ਪਾਵਾ ਲਾਇਆ ਹੁੰਦਾ ਸੀ, ਜਿਸ ਨੂੰ ਠੂਣੀ/ਲਾਰੂਆ/ਉਲਾਲੂਆ ਕਹਿੰਦੇ ਸਨ। ਇਹ ਲੱਕੜ ਗੱਡੇ ਨੂੰ ਪਿਛੋਂ ਉਲਰਨ ਤੋਂ ਰੋਕਦੀ ਸੀ। ਗੱਡਾ ਚੱਲਣ ਵੇਲੇ ਉਸ ਦੇ ਪਹੀਏ ਸੁੱਕੇ ਹੋਣ ਕਰਕੇ ਚੀਕਣ ਦੀ ਆਵਾਜ਼ ਦਿੰਦੇ ਸਨ। ਇਸ ਲਈ ਸਾਲ ਵਿਚ ਦੋ-ਤਿੰਨ ਵਾਰ ਉਸ ਦੇ ਪਹੀਆਂ ਨੂੰ ਮੱਖਣ ਲਾ ਦਿੱਤਾ ਜਾਂਦਾ ਸੀ ਕਿਉਂਕਿ ਉਨਾਂ ਸਮਿਆਂ ਵਿਚ ਗਰੀਸ ਨਹੀਂ ਹੁੰਦੀ ਸੀ। ਇਸ ਨਾਲ ਚੀਂ-ਚੀਂ ਆਵਾਜ਼ ਆਉਣੀ ਬੰਦ ਹੋ ਜਾਂਦੀ ਅਤੇ ਗੱਡਾ ਹੌਲਾ ਵੀ ਚਲਦਾ ਸੀ। ਚਲਾਉਣ ਤੋਂ ਪਹਿਲਾਂ ਗੱਡਿਆਂ ਦੇ ਪਹੀਆਂ ਉਤੇ ਪਾਣੀ ਪਾਇਆ ਜਾਂਦਾ ਸੀ। ਪਾਣੀ ਪਾਉਣ ਨਾਲ ਪਹੀਏ ਦੀ ਚੀਕ ਬੰਦ ਹੋ ਜਾਂਦੀ ਸੀ।




ਜੂਲੇ ਦੇ ਪਿਛਲੇ ਪਾਸੇ ਗੱਡਾ ਚਲਾਉਣ ਵਾਲਾ ਬੈਠਦਾ ਸੀ। ਬਲਦਾਂ ਦੇ ਕੰਨਾਂ ਪਿਛਲੇ ਪਾਸੇ ਨੱਥ ਦੀ ਰੱਸੀ ਹੁੰਦੀ ਸੀ। ਜਿਸ ਪਾਸੇ ਨੂੰ ਗੱਡਾ ਚਲਾਉਣ ਵਾਲਾ ਉਨਾਂ ਦੀ ਨੱਥ ਖਿੱਚਦਾ ਸੀ, ਉਹ ਉਸ ਪਾਸੇ ਨੂੰ ਖਿੱਚ ਕੇ ਉਸ ਦੀ ਚਾਲ ਹੌਲੀ ਕਰ ਦਿੱਤੀ ਜਾਂਦੀ ਸੀ ਅਤੇ ਦੂਜੇ ਪਾਸੇ ਵਾਲੇ ਬਲਦ ਨੂੰ ਹੱਲਾਸ਼ੇਰੀ ਦੇ ਕੇ ਤੇਜ਼ ਚਲਾਇਆ ਜਾਂਦਾ ਸੀ। ਮੱਠੀ ਚਾਲ ਚੱਲਣ ਵਾਲਾ ਖੁਦ ਹੀ ਮੁੜ ਜਾਂਦਾ ਸੀ।

ਸੱਭਿਆਚਾਰ ਦਾ ਵੀ ਅਹਿਮ ਹਿੱਸਾ ਹੁੰਦਾ ਸੀ ਗੱਡਾ। ਪੁਰਾਣੇ ਜ਼ਮਾਨੇ ਵਿਚ ਲੱਗਦੇ ਮੇਲਿਆਂ ਸਮੇਂ ਪਿੰਡਾਂ ਵਿਚ ਕੋਈ ਗਾਇਕ/ਗਵੱਈਆ ਅਖਾੜਾ ਲਾਉਂਦਾ ਸੀ ਤਾਂ ਗੱਡੇ ਦੀ ਸਟੇਜ ਬਣਾਉਣੀ ਪੈਂਦੀ ਸੀ।

ਗਵੱਈਏ ਨੂੰ ਸੁਣਨ ਵਾਲੇ ਵੀ ਨੇੜੇ-ਤੇੜੇ ਦੇ ਪਿੰਡਾਂ ਵਿਚੋਂ ਗੱਡੇ ਉਤੇ ਹੀ ਚੜ ਕੇ ਆਉਂਦੇ ਸਨ। ਗੱਡੇ ਅੱਗੇ ਬਲਦਾਂ ਦੀ ਚਿੱਟੇ ਰੰਗ ਦੀ ਜੋੜੀ ਆਲੇ-ਦੁਆਲੇ ਦੇ ਪਿੰਡਾਂ ਵਿਚ ਧੁੰਮ ਹੁੰਦੀ ਸੀ। ਬਹੁਤ ਸਾਰੇ ਪੰਜਾਬੀ ਗੀਤਾਂ ਵਿਚ ਵੀ ਗੱਡੇ ਦੀ ਤੂਤੀ ਬੋਲਦੀ ਸੀ : ਪੰਜਾਬੀ ਦੇ ਪ੍ਰਸਿੱਧ ਲੇਖਕ ਸਵਰਗੀ ਨੰਦ ਲਾਲ ਨੂਰਪੁਰੀ ਦੇ ਇਸ ਗੀਤ ਨੇ ਦੁਨੀਆ ਭਰ ਵਿਚ ਆਪਣੀ ਥਾਂ ਬਣਾ ਲਈ ਸੀ :

'ਗੱਡੇ ਉਤੇ ਆ ਗਿਆ ਸੰਦੂਕ ਮੁਟਿਆਰ ਦਾ'
ਗੱਡੀਏ ਨੀ ਦੇਰ ਨਾ ਕਰੀਂ,
ਸਾਡੀ ਜ਼ਿੰਦਗੀ ਉਡੀਕੇ ਤੈਨੂੰ।

ਸਾਉਣ ਮਹੀਨੇ ਜਦ ਮੁਟਿਆਰ ਪੇਕੇ ਘਰ ਤੀਆਂ ਮਨਾਉਣ ਲਈ ਆਉਂਦੀ ਸੀ ਤਾਂ ਫਿਰ ਸਹੇਲੀਆਂ ਦੀ ਸੱਥ ਵਿਚੋਂ ਸਹੁਰੇ ਜਾਣ ਨੂੰ ਮਨ ਨਹੀਂ ਸੀ ਕਰਦਾ, ਘਰ ਵਾਲਾ ਜਦ ਗੱਡੇ 'ਤੇ ਲੈਣ ਲਈ ਆਉਂਦਾ ਸੀ ਤਾਂ ਅੱਗੋਂ ਮੁਟਿਆਰ ਆਖਦੀ :

ਸਾਉਣ ਦਾ ਮਹੀਨਾ ਵੇ ਤੂੰ ਆਇਆ ਗੱਡਾ ਜੋੜ ਕੇ
ਮੈਂ ਨਈਂ ਸਹੁਰੇ ਜਾਣਾ ਲੈ ਜਾ ਖਾਲੀ ਗੱਡਾ ਮੋੜ ਕੇ।

ਖੁਸ਼ੀਆਂ-ਗਮੀਆਂ ਦੇ ਮੌਕੇ ਉਤੇ ਵੀ ਗੱਡੇ ਤੋਂ ਹੀ ਕੰਮ ਲਿਆ ਜਾਂਦਾ ਸੀ। ਗੱਡੇ ਤੋਂ ਬਿਨਾਂ ਤਾਂ ਵਿਆਹ-ਸ਼ਾਦੀ ਵੀ ਅਧੂਰੀ ਮੰਨੀ ਜਾਂਦੀ ਸੀ। ਵਿਆਹ ਜਾਂ ਖ਼ੁਸ਼ੀ-ਗ਼ਮੀ ਦੇ ਸਮਾਗਮਾਂ ਲਈ ਸੌਦਾ ਵੀ ਸ਼ਹਿਰੋਂ ਗੱਡਾ ਭਰ ਕੇ ਹੀ ਲਿਆਉਣਾ ਪੈਂਦਾ ਸੀ। ਨਾਨਕਾ ਮੇਲ ਤਾਂ ਪੂਰਾ ਗੱਡੇ ਨੂੰ ਸ਼ਿੰਗਾਰ ਕੇ ਆਉਂਦਾ ਸੀ। ਬਲਦਾਂ ਉੱਪਰ ਸੂਹੇ ਲਾਲ ਰੰਗ ਦੀ ਫੁਲਕਾਰੀ ਅਤੇ ਉਨਾਂ ਦੇ ਸਿੰਗਾਂ 'ਤੇ ਚਾਂਦੀ ਜਾਂ ਪਿੱਤਲ ਦੀਆਂ ਟੋਪੀਆਂ ਪਾਈਆਂ ਜਾਂਦੀਆਂ ਸਨ। ਪੂਰਾ ਪਿੰਡ ਨਾਨਕ ਛੱਕ ਅਤੇ ਗੱਡੇ ਨੂੰ ਦੇਖਣ ਲਈ ਢੁੱਕਦਾ ਸੀ। ਲੋਕ ਦੇਖਦੇ ਹੀ ਰਹਿ ਜਾਂਦੇ ਸਨ। ਜੰਞ/ਬਰਾਤਾਂ ਵੀ ਗੱਡੇ ਉਤੇ ਹੀ ਆਉਂਦੀਆਂ ਸਨ। ਦਾਜ ਦਹੇਜ ਦਾ ਸਾਜ਼ੋ-ਸਾਮਾਂ ਖਾਸ ਕਰਕੇ ਸੰਦੂਕ ਵੀ ਗੱਡੇ 'ਤੇ ਹੀ ਭੇਜਿਆ ਜਾਂਦਾ ਸੀ। ਪਿੰਡ ਦੇ ਕਹਿੰਦੇ-ਕਹਾਉਂਦੇ ਪਰਿਵਾਰ ਕੁੜੀਆਂ ਦੇ ਦਾਜ ਵਿਚ ਪਸ਼ੂ ਦਿੰਦੇ ਹਨ, ਜਿਨਾਂ ਵਿਚ ਮੱਝ, ਗਾਂ, ਬੱਕਰੀ, ਘੋੜੀ, ਊਠ, ਦੋ ਬਲਦ ਅਤੇ ਗੱਡਾ ਵਿਸ਼ੇਸ਼ ਤੌਰ 'ਤੇ ਦਿੱਤਾ ਜਾਂਦਾ ਸੀ।

ਗੱਡੇ ਦੀ ਮਾੜੀ-ਮੋਟੀ ਮੁਰੰਮਤ ਤਾਂ ਚਲਾਵਾ ਕਿਸਾਨ ਆਪ ਹੀ ਕਰ ਲੈਂਦਾ ਸੀ। ਜ਼ਿਆਦਾ ਵੱਡਾ ਕੰਮ ਮਿਸਤਰੀ/ਤਰਖਾਣ ਕੋਲੋਂ ਹੀ ਕਰਵਾਉਣਾ ਪੈਂਦਾ ਸੀ। ਤਰਖਾਣ/ਮਿਸਤਰੀ ਨੂੰ ਪੈਸੇ ਨਹੀਂ ਸਨ ਦਿੱਤੇ ਜਾਂਦੇ ਬਲਕਿ ਛੇ ਮਹੀਨੇ ਬਾਅਦ ਦਾਣਾ ਫੱਕਾ ਹੀ ਦਿੱਤਾ ਜਾਂਦਾ ਸੀ, ਜਿਸ ਨੂੰ ਸੇਪੀ ਆਖਿਆ ਜਾਂਦਾ ਸੀ।

ਅੱਜ ਵੀ ਮੋਗਾ ਜ਼ਿਲੇ ਦੇ ਪਿੰਡ ਬੱਧਨੀ ਕਲਾਂ ਦਾ ਸਰਦਾਰ ਜਗਸੀਰ ਸਿੰਘ ਮਿਸਤਰੀ ਗੱਡੇ ਬਣਾਉਂਦਾ ਹੈ। ਹੁਣ ਗੱਡਾ ਸਾਡੇ ਕੋਲੋਂ ਲਗਭਗ ਅਲੋਪ ਹੋ ਚੁੱਕਾ ਹੈ। ਪਰ ਅੱਜ ਵੀ ਉਹਦੀ ਯਾਦ ਸਾਡੇ ਦਿਲਾਂ ਵਿਚ ਵਸੀ ਹੋਈ ਹੈ। ਹੁਣ ਤਾਂ ਪੰਜਾਬ ਦੇ ਦੋ ਚਾਰ ਘਰਾਂ ਵਿਚ ਹੀ ਗੱਡੇ ਪੁਰਾਣੀ ਯਾਦਗਾਰੀ ਨਿਸ਼ਾਨੀ ਵਜੋਂ ਸਾਂਭ ਕੇ ਰੱਖੇ ਹੋਣਗੇ।

**(ਬਾਕੀ ਅਗਲੇ ਅੰਕ 'ਚ)**

# ਰਾਜਸਥਾਨ ਦੀ ਸੂਰਜ (ਨੀਲ) ਨਗਰੀ-ਜੋਧਪੁਰ

**ਜੱਗਾ ਸਿੰਘ**

ਜੋਧਪੁਰ ਰਾਜਸਥਾਨ ਦਾ ਪ੍ਰਸਿੱਧ ਨਗਰ ਹੈ। ਮੇਰਾ ਕਾਫ਼ੀ ਸਮੇਂ ਤੋਂ ਇਸ ਨਗਰੀ ਦੇ ਦੀਦਾਰ ਦਾ ਸੁਪਨਾ ਸੀ, ਜੋ ਅਖੀਰ ਪਿਛਲੇ ਅਕਤੂਬਰ ਵਿਚ ਮੇਰੇ ਟੂਰ ਦੇ ਸਾਥੀਆਂ ਨਾਲ ਪੂਰਾ ਹੋ ਗਿਆ। ਆਪਣੇ ਕਈ ਵਿਰਾਸਤੀ ਸਥਾਨਾਂ ਕਾਰਨ ਇਹ ਨਗਰ ਸੈਲਾਨੀ ਪੱਖ ਤੋਂ ਪ੍ਰਸਿੱਧ ਹੈ। ਇੱਥੇ ਸਾਰਾ ਸਾਲ ਸੂਰਜ ਚਮਕਣ ਕਾਰਨ ਇਹ ਨਗਰ 'ਸੂਰਜ ਨਗਰੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੇ ਕਿਲਾ ਮਹਿਰਾਨਗੜ ਦੇ ਆਸ-ਪਾਸ ਵਸੇ ਸੈਂਕੜੇ ਨੀਲੇ ਰੰਗ ਵਾਲੇ ਘਰਾਂ ਕਾਰਨ ਇਸ ਨੂੰ 'ਨੀਲ ਨਗਰੀ' ਵੀ ਕਿਹਾ ਜਾਂਦਾ ਹੈ। ਮੰਡੋਰ ਦੇ ਮਹਾਰਾਜਾ 'ਰਾਓ ਜੋਧ' ਨੇ ਮੰਡੋਰ ਨੂੰ ਆਪਣੀ ਰਾਜਧਾਨੀ ਦੇ ਰੂਪ ਵਿਚ ਅਸੁਰੱਖਿਅਤ ਮਹਿਸੂਸ ਕਰਦਿਆਂ 1459 ਈ. ਵਿਚ ਜੋਧਪੁਰ ਨਗਰ ਵਸਾਇਆ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਇੱਥੋਂ ਦੇ ਕਈ ਵਿਰਾਸਤੀ ਸਥਾਨ ਸੈਲਾਨੀਆਂ ਲਈ ਖਿੱਚ ਦਾ ਕਾਰਨ ਹਨ ਅਤੇ ਖ਼ਾਸ ਕਰਕੇ ਸਰਦੀਆਂ ਵਿਚ ਇੱਥੇ ਦੇਸ਼-ਵਿਦੇਸ਼ ਦੇ ਸੈਲਾਨੀਆਂ ਦੀ ਭਾਰੀ ਭੀੜ ਹੁੰਦੀ ਹੈ।

ਮਹਿਰਾਨਗੜ ਕਿਲਾ ਅਤੇ ਅਜਾਇਬਘਰ ਜੋਧਪੁਰ ਦਾ ਪ੍ਰਮੁੱਖ ਵਿਰਾਸਤੀ ਸਥਾਨ ਹੈ। ਮਹਿਰਾਨਗੜ ਦਾ ਸ਼ਾਬਦਿਕ ਅਰਥ 'ਸੂਰਜ ਦਾ ਕਿਲਾ' ਹੈ। ਰਾਵ ਜੋਧਾ ਸੂਰਜ ਦੇ ਉਪਾਸ਼ਕ ਸੀ। ਇਸ ਕਾਰਨ ਉਨਾਂ ਨੇ ਕਿਲੇ ਦਾ ਨਾਂ 'ਮਹਿਰਾਨਗੜ' ਰੱਖਿਆ। ਇਹ ਕਿਲਾ ਜੋਧਪੁਰ ਨਗਰ ਤੋਂ 125 ਮੀਟਰ ਉਚਾਈ 'ਤੇ 'ਭੌਰ ਚਿੜੀਆਟੁੱਕ' ਨਾਮੀ ਵਿਸ਼ਾਲ ਤੇ ਖੜਵੀਂ ਪਹਾੜੀ ਚਟਾਨ ਉੱਪਰ ਬਣਿਆ ਵਿਸ਼ਾਲ ਕਿਲਾ ਹੈ। ਕਿਲੇ ਦੇ ਆਸ-ਪਾਸ ਲਗਭਗ ਦਸ ਕਿਲੋਮੀਟਰ ਲੰਬੀ ਮਜ਼ਬੂਤ ਦੀਵਾਰ ਬਣੀ ਹੋਈ ਹੈ। ਜੋਧਪੁਰ ਸ਼ਹਿਰ ਦਾ ਜ਼ਿਆਦਾਤਰ ਹਿੱਸਾ ਇਸ ਦੀਵਾਰ ਦੇ ਅੰਦਰ ਵਸਿਆ ਹੋਇਆ ਹੈ। ਕਿਲਾ ਆਪਣੀ ਪੁਰਾਤਨਤਾ ਅਤੇ ਵਾਸਤੂਕਲਾ ਦੇ ਪੱਖ ਤੋਂ ਭਾਰਤ ਦਾ ਗੌਰਵਸ਼ਾਲੀ ਕਿਲਾ ਹੈ। ਮਹਾਰਾਜਾ ਰਾਵ ਜੋਧ ਨੇ ਜੋਧਪੁਰ ਨਗਰ ਵਸਾਉਣ ਸਮੇਂ 1459 ਈ. ਵਿਚ ਮਹਿਰਾਨਗੜ ਦੀ ਨੀਂਹ ਰੱਖੀ ਸੀ। ਇਹ ਕਿਲਾ ਮਹਾਰਾਜਾ ਜਸਵੰਤ ਸਿੰਘ ਪਹਿਲੇ (1638 ਤੋਂ 1678) ਦੇ ਸਮੇਂ ਸੰਪੂਰਨ ਹੋਇਆ। ਕਿਲੇ ਦੇ ਸੱਤ ਦਰਵਾਜੇ ਹਨ। ਇਨਾਂ ਦਰਵਾਜ਼ਿਆਂ ਵਿਚੋਂ ਬੀਕਾਨੇਰ ਤੇ ਜੈਪੁਰ ਦੀ ਜਿੱਤ ਤੋਂ ਬਾਅਦ ਬਣਾਇਆ 'ਜੈ ਪੋਲ' ਅਤੇ ਮੁਗ਼ਲਾਂ ਉੱਪਰ ਜਿੱਤ ਤੋਂ ਬਾਅਦ ਮਹਾਰਾਜਾ ਅਜੀਤ ਸਿੰਘ ਵਲੋਂ ਬਣਵਾਇਆ 'ਫਤਹੇ ਪੋਲ' ਪ੍ਰਮੁੱਖ ਹਨ। ਇਹ ਕਿਲਾ ਲਾਲ ਬਾਲੂਆ ਪੱਥਰ ਦਾ ਬਣਿਆ ਹੋਇਆ ਹੈ। ਇਸ ਦੇ ਮਹੱਲਾਂ ਵਿਚ ਸੰਗਮਰਮਰ ਦਾ ਵੀ ਉਪਯੋਗ ਕੀਤਾ ਗਿਆ ਹੈ।

ਕਿਲੇ ਵਿਚ ਬਣੇ ਇਮਾਰਤੀ ਢਾਂਚੇ ਦੀਆਂ ਪੰਜ ਮੰਜ਼ਿਲਾਂ ਹਨ। ਕਿਲੇ ਦੇ ਅੰਦਰ ਸੁੰਦਰ ਬਣਤਰ ਵਾਲੇ ਮੋਤੀ ਮਹੱਲ, ਫੂਲ ਮਹੱਲ, ਸ਼ੀਸ਼ ਮਹੱਲ, ਤਖ਼ਤ ਵਿਲਾਸ ਅਤੇ ਝਾਕੀ ਮਹੱਲ ਆਦਿ ਸਥਿਤ ਹਨ। ਇਨਾਂ ਮਹੱਲਾਂ ਵਿਚ ਜਾਣ ਲਈ ਸੈਲਾਨੀਆਂ ਲਈ ਕਿਲੇ ਦੀ ਟਿਕਟ ਖਿੜਕੀ ਦੇ ਨਜ਼ਦੀਕ ਲਿਫਟ ਲੱਗੀ ਹੋਈ ਹੈ। ਪੈਦਲ ਆਉਣ-ਜਾਣ ਲਈ ਕਿਲੇ ਦੇ ਦਰਵਾਜ਼ਿਆਂ ਵਾਲਾ ਰੈਂਪ ਵਾਲਾ ਰਸਤਾ ਹੈ। ਇਨਾਂ ਮਹੱਲਾਂ ਦੀਆਂ ਨਕਾਸ਼ੀਦਾਰ ਦੀਵਾਰਾਂ, ਖਿੜਕੀਆਂ, ਚਿੱਤਰਕਾਰੀ, ਵਾਧਰੇ, ਕਿੰਗਰੇ ਆਦਿ ਬੇਹੱਦ ਸੁੰਦਰ ਹਨ। ਇਨਾਂ ਵਿਚੋਂ ਮੋਤੀ ਮਹੱਲ ਮਹਾਰਾਜਾ ਸੂਰ ਸਿੰਘ ਵਲੋਂ ਬਣਵਾਇਆ ਕਿਲੇ ਦਾ ਸਭ ਤੋਂ ਵੱਡਾ ਕਮਰਾ (ਮਹੱਲ) ਹੈ। ਇੱਥੇ ਮਹਾਰਾਜਾ ਲੋਕਾਂ ਨੂੰ ਮਿਲਦਾ ਸੀ। ਇਸ ਮਹੱਲ ਵਿਚ ਬਣੀਆਂ ਪੰਜ ਬਾਲਕੋਨੀਆਂ ਵਿਚ ਬੈਠ ਕੇ ਉਸ ਦੀਆਂ ਪੰਜ ਮਹਾਰਾਣੀਆਂ ਦਰਬਾਰ ਦੀਆਂ ਗਤੀਵਿਧੀਆਂ ਵੇਖਦੀਆਂ ਸਨ। ਮਹਾਰਾਜਾ ਅਭੈ ਸਿੰਘ ਦੁਆਰਾ ਬਣਵਾਇਆ ਫੂਲ ਮਹੱਲ ਮਹਾਰਾਜੇ ਦਾ ਨਿੱਜੀ ਕਮਰਾ ਸੀ। ਇਸ ਦੀ ਛੱਤ ਉੱਪਰ ਸੋਨੇ ਦੀ ਕਾਰੀਗਰੀ



ਕੀਤੀ ਗਈ ਹੈ। ਇਸ ਦੀ ਚਿੱਤਰਕਾਰੀ ਮਹਾਰਾਜਾ ਜਸਵੰਤ ਸਿੰਘ ਦੂਜੇ ਦੇ ਸਮੇਂ ਕੀਤੀ ਗਈ। ਇੱਥੇ ਸਥਿਤ ਸ਼ੀਸ਼ੇ ਦੇ ਸੁੰਦਰ ਕੰਮ ਵਾਲੇ ਕਮਰੇ ਨੂੰ ਸ਼ੀਸ਼ ਮਹੱਲ ਕਿਹਾ ਜਾਂਦਾ ਹੈ। ਫੂਲ ਮਹੱਲ ਤੇ ਸ਼ੀਸ਼ ਮਹੱਲ ਦੀ ਹੇਠਲੀ ਮੰਜ਼ਿਲ 'ਤੇ ਮਹਾਰਾਜਾ ਤਖ਼ਤ ਸਿੰਘ ਵਲੋਂ ਬਣਵਾਇਆ ਤਖ਼ਤ ਵਿਲਾ ਹੈ। ਤਖ਼ਤ ਵਿਲਾਸ ਦੀ ਲੱਕੜ ਦੀ ਬਣੀ ਛੱਤ ਉੱਪਰ ਸੁੰਦਰ ਚਿੱਤਰ ਬਣਾਏ ਗਏ ਹਨ। ਇਸ ਵਿਚ ਲੱਕੜੀ ਦਾ ਇਕ ਝੂਲਾ ਵੀ ਮੌਜੂਦ ਹੈ। ਕਿਲੇ ਦੇ ਫੂਲ ਮਹੱਲ, ਤਖ਼ਤ ਨਿਵਾਸ ਵਿਚ ਪੌਰਾਣਿਕ, ਲੋਕ ਕਥਾਵਾਂ, ਰੁੱਤਾਂ, ਰਾਜ ਤਿਲਕ ਆਦਿ ਨਾਲ ਸੰਬੰਧਿਤ ਚਿੱਤਰਕਾਰੀ ਕੀਤੀ ਗਈ ਹੈ। ਇਨਾਂ ਮਹੱਲਾਂ ਦੇ ਸਾਹਮਣੇ ਵਾਲੀ ਇਮਾਰਤ ਵਿਚ ਝਾਕੀ ਮਹੱਲ ਹੈ। ਝਾਕੀ ਮਹੱਲ ਸ਼ਾਹੀ ਪਰਿਵਾਰ ਦੀਆਂ ਔਰਤਾਂ ਲਈ ਸਾਹਮਣੇ ਵਿਹੜੇ ਵਿਚ ਹੁੰਦੀਆਂ ਗਤੀਵਿਧੀਆਂ ਵੇਖਣ ਲਈ ਸੀ। ਮੌਜੂਦਾ ਸਮੇਂ ਇਸ ਨੂੰ ਪਾਲਕੀਆਂ ਦੇ ਅਜਾਇਬ ਘਰ 'ਪਾਲਕੀਖਾਨਾ' ਵਿਚ ਬਦਲ ਦਿੱਤਾ ਗਿਆ ਹੈ। ਇਸ ਵਿਚ ਵੱਖ-ਵੱਖ ਤਰਾਂ ਦੀਆਂ ਪਾਲਕੀਆਂ ਰੱਖੀਆਂ ਗਈਆਂ ਹਨ। ਇਨਾਂ ਪਾਲਕੀਆਂ ਵਿਚ ਕੁਝ ਇਤਿਹਾਸਿਕ ਪੱਖ ਤੋਂ ਮਹੱਤਵਪੂਰਨ ਹਨ।

ਕਿਲਾ ਮਹਿਰਾਨਗੜ ਵਿਚ ਸਥਾਪਤ ਵੱਖ-ਵੱਖ ਅਜਾਇਬ ਘਰਾਂ ਵਿਚ ਸ਼ਾਹੀ ਪਰਿਵਾਰ ਨਾਲ ਸੰਬੰਧਿਤ ਕਲਾਕ੍ਰਿਤੀਆਂ ਅਤੇ ਇਤਿਹਾਸਕ ਵਸਤਾਂ ਆਦਿ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਅਸਤਰ ਸ਼ਸਤਰ ਅਜਾਇਬ ਘਰ ਵਿਚ ਵੱਖ-ਵੱਖ ਤਰਾਂ ਦੇ ਸ਼ਸਤਰ ਰੱਖੇ ਗਏ ਹਨ। ਇੱਥੇ ਵੱਡ-ਅਕਾਰੀ ਬੰਦੂਕਾਂ ਦੇ ਨਾਲ-ਨਾਲ ਵੱਖ-ਵੱਖ ਤਰਾਂ ਦੀਆਂ ਤਲਵਾਰਾਂ, ਕਟਾਰਾਂ ਆਦਿ ਨੂੰ ਵੀ ਰੱਖਿਆ ਗਿਆ ਹੈ। ਇਨਾਂ ਤਲਵਾਰਾਂ ਅਤੇ ਕਟਾਰਾਂ ਦੀਆਂ ਵਿਸ਼ੇਸ਼ਤਾਵਾਂ ਤੇ ਇਤਿਹਾਸ ਨੂੰ ਵਰਨਣ ਕਰਨ ਲਈ ਇੱਥੇ ਜਾਣਕਾਰੀ ਮੌਜੂਦ ਹੈ। ਦੌਲਤਖਾਨਾ ਵਿਚ ਲਾਲ ਡੇਰਾ ਨਾਮਕ ਵਿਸ਼ਾਲ ਤੰਬੂ ਮੌਜੂਦ ਹੈ। ਇਸ ਤੰਬੂ ਨੂੰ ਬਾਹਰ ਜਾਣ ਸਮੇਂ ਮਹਾਰਾਜੇ ਵਲੋਂ ਵਰਤਿਆ ਜਾਂਦਾ ਸੀ। ਹੌਦੇਖਾਨਾ ਵਿਚ ਹਾਥੀਆਂ ਦੀ ਸਵਾਰੀ ਸਮੇਂ ਵਰਤੇ ਜਾਣ ਵਾਲੇ ਹਾਥੀਆਂ ਦੇ ਵੱਖ-ਵੱਖ ਤਰਾਂ ਦੇ ਹੌਦਿਆਂ ਨੂੰ ਰੱਖਿਆ ਗਿਆ ਹੈ। ਇਸ ਤੋਂ ਬਿਨਾਂ ਹਾਥੀਆਂ ਲਈ ਵਰਤੇ ਜਾਣ ਵਾਲਾ ਹੋਰ ਸਾਮਾਨ ਵੀ ਇੱਥੇ ਪ੍ਰਦਰਸ਼ਿਤ ਕੀਤਾ ਗਿਆ ਹੈ। ਵਸਤਰਾਂ ਨਾਲ ਸਬੰਧਤ ਭਾਗ ਵਿਚ ਰਾਠੌੜ ਰਾਜ ਵੰਸ਼ ਦੇ ਰਾਜੇ ਰਾਣੀਆਂ ਦੇ ਵਸਤਰਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਇੱਥੇ ਪ੍ਰਦਰਸ਼ਨੀ ਵਿਚ ਵੱਖ-ਵੱਖ ਤਰਾਂ ਅਤੇ ਆਕਾਰ ਵਾਲੇ ਤਾਲੇ ਵੀ ਵੇਖਣ ਲਈ ਮੌਜੂਦ ਹਨ। ਰਾਠੌੜ ਰਾਜ ਪਰਿਵਾਰ ਦੇ ਸਿੰਘਾਸਨਾਂ ਨੂੰ ਵੀ ਰੱਖਿਆ ਗਿਆ ਹੈ। ਮਹਿਰਾਨਗੜ ਵਿਚ ਵੱਖ-ਵੱਖ ਤਰਾਂ ਦੀਆਂ ਤੋਪਾਂ ਮੌਜੂਦ ਹਨ। ਇਨਾਂ ਤੋਪਾਂ ਵਿਚ ਕਿਲਕਿਲਾ, ਸ਼ੁੰਭ ਬਾਣ, ਜਮਜਮਾ, ਕੜਕ ਬਿਜਲੀ, ਬਿੱਛੂ ਬਾਣ, ਗਜਨੀ ਖਾਂ, ਨੁਸਰਤ, ਗੁੱਬਰ ਆਦਿ ਪ੍ਰਮੁੱਖ ਹਨ। ਇਨਾਂ ਤੋਪਾਂ ਦਾ ਆਪਣਾ ਆਪਣਾ ਇਤਿਹਾਸ ਅਤੇ ਵਿਸ਼ੇਸ਼ਤਾਵਾਂ ਹਨ।

ਕਿਲੇ ਅੰਦਰ ਰਾਠੌੜ ਵੰਸ਼ ਦੀ ਕੁੱਲ ਦੇਵੀ ਚੁਮੰਡਾ ਦਾ ਮੰਦਰ ਵੀ ਸਥਿਤ ਹੈ। ਕਿਲੇ ਦੇ ਹੇਠਲੇ ਹਿੱਸੇ ਵਿਚ ਭੂਰੇ ਖਾਂ ਦੀ ਯਾਦਗਾਰ ਬਣੀ ਹੋਈ ਹੈ। ਇਸ ਦੇ ਨਜ਼ਦੀਕ ਹੀ ਵਿਰਾਸਤੀ ਸਾਮਾਨ ਦੀਆਂ ਕੁਝ ਦੁਕਾਨਾਂ ਵੀ ਸਥਿਤ ਹਨ। ਮੌਜੂਦਾ ਸਮੇਂ ਕਿਲੇ ਦਾ ਪ੍ਰਬੰਧ ਮਹਿਰਾਨਗੜ ਮਿਊਜ਼ੀਅਮ ਟਰੱਸਟ ਦੇ ਹੱਥਾਂ ਵਿਚ ਹੈ।

ਮਹਿਰਾਨਗੜ ਕਿਲੇ ਅਤੇ ਅਜਾਇਬਘਰ ਤੋਂ ਕੁਝ ਦੂਰੀ 'ਤੇ ਸਫ਼ੈਦ ਸੰਗਮਰਮਰ ਦਾ ਬਣਿਆ ਸੁੰਦਰ ਸਮਾਰਕ 'ਜਸਵੰਤ ਥੜਾ' ਸਥਿਤ ਹੈ। 'ਜਸਵੰਤ ਥੜਾ' ਨੂੰ ਮਹਾਰਾਜਾ ਸਰਦਾਰ ਸਿੰਘ ਨੇ ਮਹਾਰਾਜਾ ਜਸਵੰਤ ਸਿੰਘ ਦੂਜੇ (1838-1895) ਦੀ ਯਾਦ ਵਿਚ 1899 ਈ: ਵਿਚ ਬਣਾਇਆ ਸੀ। ਉੱਚੇ ਥੜੇ ਉੱਤੇ ਬਣੀ ਇਸ ਇਮਾਰਤ ਲਈ ਮਕਰਾਣੇ ਦੇ ਸੰਗਮਰਮਰ ਦਾ ਵਰਤਿਆ ਗਿਆ ਹੈ। ਇਸ ਸਮਾਰਕ ਵਿਚ ਪਹੁੰਚਣ ਲਈ ਤਿੰਨ ਵਾਰ ਪੌੜੀਆਂ ਚੜਨੀਆਂ ਪੈਂਦੀਆਂ ਹਨ। ਇਸ ਸਮਾਰਕ ਨੂੰ ਸੰਗਮਰਮਰ ਦਾ ਬਣੇ ਹੋਣ ਕਾਰਨ 'ਜੋਧਪੁਰ ਦਾ ਤਾਜ ਮਹੱਲ' ਜਾਂ 'ਮਾਰਵਾੜ ਦਾ ਤਾਜ ਮਹੱਲ' ਕਿਹਾ ਜਾਂਦਾ ਹੈ। ਇਸ ਸਮਾਰਕ ਦੇ ਯੋਜਨਾਕਾਰ ਬੁੱਧਮੱਲ ਅਤੇ ਰਹੀਮ ਬਖ਼ਸ਼ ਸਨ। ਸਮਾਰਕ ਦੇ ਨਿਰਮਾਣ ਵਿਚ ਕਲਾਤਮਿਕਤਾ ਦਾ ਪੂਰਾ ਖਿਆਲ ਰੱਖਿਆ ਗਿਆ ਹੈ। ਇਸ ਵਿਚ ਸੁੰਦਰ ਨਿਕਾਸ਼ੀ ਕੀਤੀ ਗਈ ਹੈ। ਇਸ ਦੀ ਇਮਾਰਤ ਦੇ ਅੰਦਰ ਕੁਝ ਥਾਵਾਂ 'ਤੇ ਸੰਗਮਰਮਰ ਦੀਆਂ ਪੱਟੀਆਂ ਵਿਚੋਂ ਸੂਰਜ ਦਾ ਪ੍ਰਕਾਸ਼ ਅੰਦਰ ਪਹੁੰਚਦਾ ਹੈ। ਅੰਦਰੋਂ ਇਸ ਇਮਾਰਤ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਰਾਠੌੜ ਵੰਸ਼ ਦੇ ਸ਼ਾਸਕਾਂ ਦੀਆਂ ਤਸਵੀਰਾਂ ਅਤੇ ਅਖੀਰ ਵਿਚ ਮਹਾਰਾਜਾ ਜਸਵੰਤ ਸਿੰਘ ਦੀ ਸਮਾਧੀ ਹੈ। ਇਹ ਭਵਨ ਮੁਗ਼ਲ ਅਤੇ ਰਾਜਪੂਤ ਭਵਨ ਨਿਰਮਾਣ ਸ਼ੈਲੀ ਦਾ ਸੁਮੇਲ ਹੈ। ਜਸਵੰਤ ਥੜਾ ਦੇ ਆਸ ਪਾਸ ਕਾਫ਼ੀ ਹਰਿਆਲੀ ਹੈ ਅਤੇ ਇਸ ਵਿਚ ਸੁੰਦਰ ਬਗੀਚੇ ਬਣੇ ਹੋਏ ਹਨ। ਇਸ ਦੇ ਨੇੜੇ ਬਣੀ ਝੀਲ ਇਸ ਦੀ ਸੁੰਦਰਤਾ ਵਿਚ ਹੋਰ ਵਾਧਾ ਕਰਦੀ ਹੈ। ਚਾਂਦਨੀ ਰਾਤ ਨੂੰ ਇਸ ਦਾ ਨਜ਼ਾਰਾ ਹੋਰ ਵੀ ਸੁੰਦਰ ਹੁੰਦਾ ਹੈ। ਜਸਵੰਤ ਥੜਾ ਦੇ ਨਜ਼ਦੀਕ ਜੋਧਪੁਰ ਦੇ ਰਾਠੌੜ ਰਾਜ ਪਰਿਵਾਰ ਦੀ ਸ਼ਮਸ਼ਾਨਭੂਮੀ ਹੈ। ਇੱਥੇ ਰਾਠੌੜ ਰਾਜ ਪਰਿਵਾਰ ਨਾਲ ਸੰਬੰਧਿਤ ਕਈ ਮੈਂਬਰਾਂ ਦੇ ਸੰਸਕਾਰ ਕੀਤੇ ਗਏ ਹਨ ਅਤੇ ਉਨਾਂ ਦੀ ਯਾਦ ਵਿਚ ਕਈ ਸੁੰਦਰ ਛਤਰੀਆਂ ਬਣੀਆਂ ਹੋਈਆਂ ਹਨ। ਮਹਿਰਾਨਗੜ ਕਿਲਾ ਅਤੇ ਜਸਵੰਤ ਥੜਾ ਤੋਂ ਕੁਝ ਦੂਰੀ ਉੱਪਰ 72 ਏਕੜ ਭੂਮੀ ਵਿਚ ਫੈਲਿਆ 'ਰਾਵ ਜੋਧਾ ਡੈਜ਼ਰਟ ਰਾਕ ਪਾਰਕ' ਹੈ। ਇਸ ਦਾ ਉਦੇਸ਼ ਇਸ ਚਟਾਨੀ ਤੇ ਰੇਤਲੇ ਖੇਤਰ ਦੀਆਂ ਕੁਦਰਤੀ ਹਾਲਤਾਂ ਨੂੰ ਬਹਾਲ ਕਰਨਾ ਹੈ।

ਜੋਧਪੁਰ ਦਾ ਇਕ ਹੋਰ ਸੁੰਦਰ ਤੇ ਪ੍ਰਮੁੱਖ ਸੈਲਾਨੀ ਕੇਂਦਰ ਉਮੇਦ ਭਵਨ ਪੈਲਸ ਹੈ। 'ਉਮੇਦ ਭਵਨ ਪੈਲਸ' ਕਿਲਾ ਮਹਿਰਾਨਗੜ ਤੋਂ ਲਗਭਗ 3 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇਸ ਮਹੱਲ ਦਾ ਨਾਂ ਮਹਾਰਾਜਾ ਉਮੇਦ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਚਿੱਤਰ ਨਾਮੀ ਪਹਾੜੀ 'ਤੇ ਸਥਿਤ ਹੋਣ ਕਾਰਨ ਇਸ ਮਹੱਲ ਨੂੰ 'ਚਿੱਤਰ ਪੈਲਸ' ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਮਹੱਲ ਦਾ ਯੋਜਨਾਕਾਰ ਹੈਨਰੀ ਵਾਨ ਲੰਚਸਟਰ ਸੀ ਅਤੇ ਇਹ ਭਾਰਤੀ, ਅਰਬੀ ਅਤੇ ਪੱਛਮੀ ਭਵਨ ਨਿਰਮਾਣ ਕਲਾ ਦਾ ਸੁਮੇਲ ਹੈ। ਇਹ ਮਹੱਲ 26 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਇਸ ਦੇ ਨਜ਼ਦੀਕ 15 ਏਕੜ ਵਿਚ ਫੈਲੇ ਬਾਗ਼-ਬਗੀਚੇ ਹਨ। ਉਮੇਦ ਪੈਲਸ ਦੇ ਨਿਰਮਾਣ ਵਿਚ ਲਾਲ ਬਾਲੂਆਂ ਪੱਥਰ ਅਤੇ ਸੰਗਮਰਮਰ ਵਰਤਿਆ ਗਿਆ ਹੈ। ਮੌਜੂਦਾ ਸਮੇਂ ਮਹੱਲ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਇਸ ਦੇ ਇਕ ਹਿੱਸੇ ਨੂੰ ਲਗਜ਼ਰੀ ਹੋਟਲ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦਾ ਦੂਸਰਾ ਹਿੱਸਾ ਸ਼ਾਹੀ ਪਰਿਵਾਰ ਦਾ ਨਿਵਾਸ ਸਥਾਨ ਹੈ ਅਤੇ ਇਸ ਦੇ ਤੀਸਰੇ ਹਿੱਸੇ ਨੂੰ ਅਜਾਇਬਘਰ ਦੇ ਰੂਪ ਵਿਚ ਆਮ ਲੋਕਾਂ ਲਈ ਖੁੱਲਾ ਰੱਖਿਆ ਗਿਆ ਹੈ। ਅਜਾਇਬ ਘਰ ਦਾ ਹਾਲ ਬਣਤਰ ਪੱਖੋਂ ਕਾਫ਼ੀ ਸੁੰਦਰ ਤੇ ਕਲਾਤਮਿਕ ਹੈ। ਹਾਲ ਦੇ ਨਜ਼ਦੀਕ ਦੇ ਕਮਰਿਆਂ ਵਿਚ ਸ਼ਾਹੀ ਪਰਿਵਾਰ ਦੇ ਪੁਰਾਤਨ ਬਰਤਨਾਂ, ਵੱਖ-ਵੱਖ ਤਰਾਂ ਦੇ ਘੰਟਿਆਂ, ਫਰਨੀਚਰਾਂ, ਵਸਤਰਾਂ ਅਤੇ ਦੂਸਰੀਆਂ ਵਸਤਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਮਹਾਰਾਜਾ ਸਰਦਾਰ ਸਿੰਘ ਦੇ ਸ਼ਾਸਨ ਕਾਲ ਵਿਚ 1910 ਵਿਚ ਜੋਧਪੁਰ ਸ਼ਹਿਰ ਵਿਚ ਬਣਿਆ ਘੰਟਾ ਘਰ ਵੀ ਇੱਥੋਂ ਦਾ ਇਕ ਹੋਰ ਪ੍ਰਮੁੱਖ ਵਿਰਾਸਤੀ ਸਥਾਨ ਹੈ। ਜੋਧਪੁਰ ਆਏ ਸੈਲਾਨੀ ਇੱਥੇ ਵੀ ਜ਼ਰੂਰ ਆਉਂਦੇ ਹਨ।

# ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਕੁੰਜੀਆਂ

**ਬਲਦੀਪ ਸਿੰਘ ਰਾਮੂੰਵਾਲੀਆ**

ਸ਼੍ਰੋਮਣੀ ਕਮੇਟੀ ਦੇ ਹੋਂਦ ਵਿੱਚ ਆਉਣ ਪਿਛੋਂ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਬਹੁਤ ਸੋਹਣਾ ਤੇ ਸੁਚੱਜਾ ਚੱਲ ਰਿਹਾ ਸੀ । 20 ਅਪ੍ਰੈਲ 1921 ਨੂੰ ਸਰਕਾਰ ਨੇ ਖ਼ੁਦ ਐਲਾਨ ਕੀਤਾ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖਾਂ ਹਵਾਲੇ ਕਰ ਦਿੱਤਾ ਗਿਆ ਹੈ। ਜਿੱਥੇ ਸਰਕਾਰੀ ਸਰਬਰਾਹ ਤੇ ਕਮੇਟੀ ਦਾ ਮੈਂਬਰ ਸਰਦਾਰ ਸੁੰਦਰ ਸਿੰਘ ਰਾਮਗੜੀਆ, ਸਿੱਖਾਂ ਨੂੰ ਪੂਰਾ ਸਹਿਯੋਗ ਦੇ ਰਿਹਾ ਸੀ, ਉਥੇ ਹੀ ਤੋਸ਼ੇਖਾਨੇ ਦੀਆਂ ਕੁੰਜੀਆਂ ਵੀ ਅਜੇ ਉਸਦੇ ਕੋਲ ਹੀ ਸਨ। ਸਰਕਾਰ ਦੇ ਇਸ ਝੂਠੇ ਪ੍ਰਾਪੇਗੰਡੇ ਕਿ ਸਾਡਾ ਦਰਬਾਰ ਸਾਹਿਬ ਵਿੱਚ ਕੋਈ ਦਖਲ ਨਹੀਂ ਨੂੰ ਨੰਗਾ ਕਰਨ ਵਾਸਤੇ, ਕਮੇਟੀ ਮੈਂਬਰਾਂ ਨੇ 29 ਅਕਤੂਬਰ 1921 ਨੂੰ ਇੱਕ ਮਤਾ ਪਾਸ ਕੀਤਾ ਕਿ ਚਾਬੀਆਂ ਸਰਦਾਰ ਸੁੰਦਰ ਸਿੰਘ ਤੋਂ ਲੈ ਲਈਆਂ ਜਾਣ ਤੇ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਸੌਂਪ ਦਿੱਤੀਆਂ ਜਾਣ।

ਇਸ ਮੀਟਿੰਗ ਦੇ ਮਤੇ ਦਾ ਪਤਾ ਜਦ ਅੰਮ੍ਰਿਤਸਰ ਦੇ ਡੀ.ਸੀ ਨੂੰ ਲੱਗਾ ਤਾਂ ਉਸਨੇ ਝੱਟ ਲਾਲਾ ਅਮਰ ਨਾਥ ਈ.ਏ.ਸੀ ਨੂੰ ਕੁਝ ਪੁਲਿਸ ਸਮੇਤ 7 ਨਵੰਬਰ 1921 ਨੂੰ ਸਰਦਾਰ ਸੁੰਦਰ ਸਿੰਘ ਰਾਮਗੜੀਆ ਕੋਲੋਂ ਤੋਸ਼ੇਖਾਨੇ ਦੀਆਂ ਕੁੰਜੀਆਂ ਲੈਣ ਭੇਜਿਆ। ਸੁੰਦਰ ਸਿੰਘ ਹੁਣਾ ਨੇ ਲਾਲਾ ਜੀ ਤੋਂ ਕੁੰਜੀਆਂ ਦੀ ਰਸੀਦ ਲਿਖਵਾ ਕੇ, ਕੁੰਜੀਆਂ ਉਨਾਂ ਨੂੰ ਫੜਾ ਦਿੱਤੀਆਂ। ਇਸਦੇ ਨਾਲ ਹੀ ਪੰਥ ਵਿੱਚ ਜਿੱਥੇ ਸਰਕਾਰ ਵਿਰੁੱਧ ਰੋਹ ਭੜਕਿਆ, ਉਥੇ ਉਨਾਂ ਸਿੱਖਾਂ ਦੀਆਂ ਅੱਖਾਂ ਵੀ ਖੁੱਲ ਗਈਆਂ ਜੋ ਸਮਝਦੇ ਸਨ ਕਿ ਸਰਕਾਰ ਨੇ ਸਚਮੁੱਚ ਧਾਰਮਿਕ ਸਥਾਨਾਂ ਵਿੱਚ ਆਪਣੀ ਦਖਲਅੰਦਾਜੀ ਬੰਦ ਕਰ ਦਿੱਤੀ ਹੈ।

ਆਪਣੀ ਇਸ ਕਰਤੂਤ ਨੂੰ ਦਰੁਸਤ ਦੱਸਣ ਲਈ ਅੰਮ੍ਰਿਤਸਰ ਦੇ ਡੀ.ਸੀ ਨੇ ਬਿਆਨ ਦਿੱਤਾ ,ਜਿਸ ਵਿੱਚ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪ੍ਰਤੀਨਿਧ ਜਮਾਤ



ਨਹੀਂ। ਇਸਨੂੰ ਦਰਬਾਰ ਸਾਹਿਬ ਤੇ ਉਸਦੇ ਖਜਾਨੇ ਦੇ ਪ੍ਰਬੰਧ ਦਾ ਕੋਈ ਕਾਨੂੰਨੀ ਅਧਿਕਾਰ ਪ੍ਰਾਪਤ ਨਹੀਂ। ਸਰਕਾਰ ਨੂੰ ਖਦਸ਼ਾ ਸੀ ਕਿ ਸ਼੍ਰੋਮਣੀ ਕਮੇਟੀ ਦਬਾਅ ਪਾ ਕੇ ਸਰਬਰਾਹ ਤੋਂ ਕੁੰਜੀਆਂ ਖੋਹ ਲਵੇਗੀ। ਇਸ ਲਈ ਸਰਕਾਰ ਨੂੰ ਮਜ਼ਬੂਰ ਹੋ ਕੇ ਸਰਬਰਾਹ ਤੋਂ ਕੁੰਜੀਆਂ ਲੈਣੀਆਂ ਪਈਆਂ ਹਨ। ਕੁੰਜੀਆਂ ਸਰਕਾਰ ਦੇ ਖਜ਼ਾਨੇ ਦੀ ਹਿਫਾਜ਼ਤ ਵਿੱਚ ਹਨ। ਅਦਾਲਤ ਵਿੱਚ ਮੁਕੱਦਮਾ ਦਾਇਰ ਹੋਵੇਗਾ, ਜਿਸ ਰਾਹੀਂ ਗੁਰਦੁਆਰੇ ਦੇ ਪ੍ਰਬੰਧ ਦੀ ਸਕੀਮ ਦਾ ਫੈਸਲਾ ਹੋਵੇਗਾ।

ਅੰਗਰੇਜ਼ ਸਰਕਾਰ ਦਾ ਇਸ ਤੋਂ ਵੱਡਾ ਝੂਠ ਕੀ ਹੋਵੇਗਾ ਕਿ ਜਿਸ ਕਮੇਟੀ ਨੂੰ ਉਹ ਖੁਦ ਰਜਿਸਟਰ ਕਰਦੀ ਹੈ, ਜਿਸਦਾ ਸਕੱਤਰ ਵੀ ਸਰਕਾਰ ਦਾ ਦਰਬਾਰ ਸਾਹਿਬ ਦਾ ਲਾਇਆ ਸਰਬਰਾਹ ਸੀ, ਉਸ ਨੂੰ ਹੀ ਉਹ ਦਰਬਾਰ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਤੇ ਸਿੱਖਾਂ ਦੀ ਪ੍ਰਤੀਨਿਧ ਜਮਾਤ ਮੰਨਣ ਤੋਂ ਇਨਕਾਰੀ ਹੈ।

# ਕੈਨੇਡਾ ਵਿਚ ਪਤਝੜ ਦੀ ਬਹਾਰ



ਪ੍ਰਿੰ. ਸਰਵਣ ਸਿੰਘ

ਮੈਂ ਰਿਟਾਇਰ ਹੋ ਕੇ ਕੈਨੇਡਾ ਆ ਗਿਆ ਸਾਂ ਤੇ ਹੁਣ ਬਿਆਸੀਵੇਂ ਸਾਲ 'ਚ ਹਾਂ। ਉਮਰ ਭਾਵੇਂ ਪਤਝੜ ਵਰਗੀ ਹੋ ਗਈ ਹੈ ਪਰ ਲੱਗਦੀ ਬਹਾਰ ਵਰਗੀ ਹੈ। ਜਿਵੇਂ ਬਚਪਨ ਤੇ ਜੁਆਨੀ 'ਚ ਪੰਜਾਬ ਦੀਆਂ ਸੁਨਹਿਰੀ ਵਿਸਾਖੀਆਂ ਵੇਖਦਾ ਸਾਂ ਉਵੇਂ ਬੁਢਾਪੇ 'ਚ ਕੈਨੇਡਾ ਦੀਆਂ ਵੀਹ ਕੁ ਰੰਗੀਨ ਪੱਤਝੜਾਂ ਵੇਖ ਲਈਆਂ ਹਨ। ਇਨੀਂ ਦਿਨੀਂ ਫਿਰ ਪੱਤਝੜ ਦੀ ਰੁੱਤ ਜੋਬਨ 'ਤੇ ਹੈ ਜਿਸ ਦੇ ਭਰਪੂਰ ਨਜ਼ਾਰੇ ਮਾਣ ਰਿਹਾਂ। ਕੈਨੇਡਾ ਦੀ ਹਰ ਪੱਤਝੜ ਰੰਗਾਂ ਦੀ ਲੀਲਾ ਹੁੰਦੀ ਹੈ। ਪੱਤਝੜ ਦੇ ਰੰਗ ਬਹਾਰ ਦੇ ਰੰਗਾਂ ਨੂੰ ਵੀ ਮਾਤ ਪਾਉਂਦੇ ਹਨ। ਮੈਂ ਅਕਤੂਬਰ ਦੇ ਸੁਖਾਵੇਂ ਮੌਸਮ ਦੀਆਂ ਰੰਗੀਨ ਸ਼ਾਮਾਂ ਨੂੰ ਛਿਪਦੇ ਸੂਰਜ ਦੀ ਲਾਲੀ ਵਿਚ ਰੱਖਾਂ ਦੀਆਂ ਪਹੀਆਂ ਉੱਤੇ ਸੈਰ ਕਰਦਾ ਹਾਂ ਤਾਂ ਰੁੱਖਾਂ ਦੀਆਂ ਟਾਹਣੀਆਂ ਉੱਤੇ ਅਤੇ ਧਰਤੀ ਦੀ ਸੇਜ 'ਤੇ ਰੰਗਾਂ ਦੀ ਰਚੀ ਅਪਾਰ ਰਚਨਾ ਵੇਖਦਾ ਹਾਂ। ਅਨੇਕਾਂ ਰੰਗ ਹੁੰਦੇ ਹਨ ਪੱਤਿਆਂ, ਝਾੜੀਆਂ, ਫਲਾਂ-ਫੁੱਲਾਂ, ਘਾਹ-ਬੂਟੀਆਂ, ਰੁੱਖਾਂ-ਬੂਟਿਆਂ ਤੇ ਆਲੇ-ਦੁਆਲੇ ਰੰਗ ਵਟਾ ਰਹੀ ਬਨਸਪਤੀ ਦੇ। ਹੈਰਾਨੀ ਹੁੰਦੀ ਹੈ ਏਨੇ ਰੰਗ! ਖੜ-ਖੜ ਵੇਖੀਦੈ ਤੇ ਵੇਖ-ਵੇਖ ਤੁਰੀਦੈ। ਕੁਦਰਤ ਦੇ ਬਲਿਹਾਰੇ ਜਾਈਦੈ। ਖਿੜਣ ਵੇਲੇ ਤਾਂ ਰੰਗਾਂ ਨੇ ਟਹਿਕਣਾ ਹੀ ਹੋਇਆ, ਇਹ ਤਾਂ ਮੁਰਝਾਉਣ ਵੇਲੇ ਵੀ ਟਹਿਕਦੇ ਨੇ, ਕੀ ਮਨੱਖ ਇਸ ਤਰਾਂ ਨਹੀਂ ਟਹਿਕ ਸਕਦੈ? ਧਰਤੀ ਦੇ ਰੰਗ ਵੇਖਦਿਆਂ ਕਦੇ-ਕਦੇ ਨਜ਼ਰ ਉਪਰ ਅੰਬਰ ਵੱਲ ਵੀ ਉਠ ਜਾਂਦੀ ਹੈ। ਅੰਬਰ 'ਚ ਤੈਰਦੀਆਂ ਬੱਦਲੀਆਂ ਕਦੇ ਬੱਗੀਆਂ, ਕਦੇ ਕਾਲੀਆਂ, ਤਿੱਤਰ-ਖੰਭੀਆਂ ਤੇ ਕਦੇ ਸਾਂਵਲੀਆਂ ਹੋ ਜਾਂਦੀਆਂ ਹਨ। ਕਦੇ ਸੂਰਜ ਦੀ ਲਿਸ਼ਕੋਰ ਵਿਚ ਸੰਤਰੀ ਭਾਅ ਮਾਰਦੀਆਂ ਹਨ। ਲੱਗਦੈ ਜਿਵੇਂ ਉਹਨਾਂ ਦੀਆਂ ਕੰਨੀਆਂ ਨੂੰ ਗੁਲਾਨਾਰੀ ਗੋਟਾ-ਕਿਨਾਰੀ ਲੱਗੀ ਹੋਵੇ। ਜਿਵੇਂ ਰੰਗ ਬਰੰਗੀਆਂ ਮਤਾਬੀਆਂ ਜਗ ਰਹੀਆਂ ਹੋਣ। ਉਡਦੇ ਪੰਖੇਰੀਆਂ ਦੇ ਖੰਭ ਪਲ-ਪਲ ਰੰਗ ਵਟਾਉਂਦੇ ਲੱਗਦੇ ਹਨ। ਕਦੇ ਕਾਲੇ, ਚਿੱਟੇ, ਕੇਸਰੀ ਤੇ ਕਦੇ ਕਪਾਹੀ ਦਿਸਦੇ ਹਨ। ਕਦੇ ਉੱਘੜਵੇਂ, ਮੱਧਮ, ਨਿੱਖਰੇ ਤੇ ਕਦੇ ਘਸਮੈਲੇ। ਜੇ ਹੇਠਾਂ ਰੁੱਖਾਂ ਤੇ ਵੇਲਾਂ ਬੂਟਿਆਂ ਉਤੇ ਰੰਗ ਖੇਡਦੇ ਹਨ ਤਾਂ ਉੱਤੇ ਬੱਦਲਾਂ ਤੇ ਪੰਛੀਆਂ ਦੇ ਖੰਭਾਂ 'ਤੇ ਰੰਗ ਕਲੋਲਾਂ ਕਰਦੇ ਜਾਪਦੇ ਹਨ। ਸੁਭਾਨ ਤੇਰੀ ਕੁਦਰਤ!

ਕਦੇ ਕਦੇ ਮੈਨੂੰ ਪੰਜਾਬ ਦੇ ਧਰਤ-ਦ੍ਰਿਸ਼ ਵੀ ਯਾਦ ਆਉਣ ਲਗਦੇ ਹਨ। ਮੈਂ ਪੰਜਾਬ ਦੀਆਂ ਰੁੱਤਾਂ ਵੇਖਦਾ ਹੀ ਵੱਡਾ ਹੋਇਆ ਹਾਂ। ਰੰਗ ਵਟਾਉਂਦੀ ਪ੍ਰਕਿਰਤੀ ਮੈਨੂੰ ਹਮੇਸ਼ਾਂ ਸਰਸ਼ਾਰ ਕਰਦੀ ਰਹੀ ਹੈ। ਦੂਰ-ਦਿਸਹੱਦਿਆਂ ਤਕ ਝੋਨਿਆਂ ਦੀ ਹਰਿਆਵਲ ਦਾ ਲਹਿਲਹਾਉਣਾ, ਬੰਬੀਆਂ ਦੀਆਂ ਚਾਂਦੀ-ਰੰਗੀਆਂ ਧਾਰਾਂ ਦਾ ਵਹਿਣਾ, ਚਰੀਆਂ ਤੇ ਬਾਸਮਤੀ ਦਾ ਮਹਿਕਣਾ, ਬਾਜਰੇ ਦੇ ਸਿੱਟਿਆ ਦੀ ਵਾਸ਼ਨਾ, ਮੱਕੀ ਦੇ ਬੁੰਬਲਦਾਰ ਬਾਵੂਆਂ ਦਾ ਲਹਿਰਾਉਣਾ, ਹਰੇ ਭਰੇ ਲੂਸਣ, ਬਰਸੀਮ, ਵਗਦੀਆਂ ਆਡਾਂ ਦੀ ਲਿਸ਼ਕ ਤੇ ਗਿੱਲੀ ਮਿੱਟੀ ਦੀ ਖ਼ੁਸ਼ਬੋ, ਸੁਨਹਿਰੀ ਕਣਕਾਂ ਦਾ ਝੂੰਮਣਾ ਤੇ ਸੂਰਜਮੁਖੀ ਦੇ ਫੁੱਲਾਂ ਦਾ ਦਗਦੇ ਸੁਨਹਿਰੇ ਰੰਗਾਂ ਨਾਲ ਮੂੰਹ ਵਿਖਾਉਣਾ ਕਦੇ ਨਹੀਂ ਭੁੱਲਿਆ। ਸਰਵਾਂ ਦੇ ਖੱਟੇ-ਪੀਲੇ ਫੁੱਲਾਂ ਦੀ ਬਹਾਰ ਦਾ ਆਪਣਾ ਰੰਗ ਹੈ ਤੇ ਤਿਲਾਂ ਦੇ ਚਿੱਟੇ ਅਤੇ ਅਲਸੀ ਦੇ ਅਲਸਾਏ ਫੁੱਲਾਂ ਦਾ ਆਪਣਾ।

ਮੈਨੂੰ ਉਹ ਦ੍ਰਿਸ਼ ਮੁੜ-ਮੁੜ ਯਾਦ ਆਉਂਦੇ ਨੇ ਜਦੋਂ ਟਿੱਬਿਆਂ ਉਤੋਂ ਦੀ ਛਿਪਦਾ ਸੰਧੂਰੀ ਸੂਰਜ ਕਿਸੇ ਕਾਲੀ ਕਿੱਕਰ ਦੇ ਦੁਸਾਂਗ ਉੱਤੇ ਠੋਡੀ ਰੱਖ ਕੇ ਝਾਤ ਕਰਦਾ ਤੇ ਸਵੇਰਸਾਰ ਸੁਨਹਿਰੀ ਕਿਰਨਾਂ ਦਾ ਛੱਟਾ ਦਿੰਦਾ ਫਿਰ ਹਾਜ਼ਰ ਹੋ ਜਾਂਦਾ। ਉਹਦੀਆਂ ਕਿਰਨਾਂ ਵਿਚ ਕਣਕਾਂ ਦੇ ਹਰੇ ਕਚੂਰ ਪੱਤਿਆਂ ਨਾਲ ਲਟਕਦੇ ਤ੍ਰੇਲ ਤੁਪਕੇ ਵੀ ਚਮਕ ਉਠਦੇ। ਕਦੇ ਹੀਰੇ ਮੋਤੀ ਬਣ ਜਾਂਦੇ ਤੇ ਕਦੇ ਉਨਾਂ 'ਚ ਸੱਤਰੰਗੀਆਂ ਪੀਂਘਾਂ ਦੇ ਹੁਲਾਰੇ ਨੱਚਦੇ ਦਿਸਦੇ। ਨਾਤੇ ਧੋਤੇ ਪੱਤਿਆਂ 'ਤੇ ਮੋਰ ਦੀ ਧੌਣ ਵਰਗੀ ਸਾਵੀ-ਸੁਨਹਿਰੀ ਭਾਅ ਲਿਸ਼ਕਦੀ। ਲਵੀਆਂ ਕਣਕਾਂ ਤੋਤੇਰੰਗੀ ਸ਼ਨੀਲ ਦੀ ਭਾਅ ਮਾਰਦੀਆਂ। ਸੂਰਜ ਦੀ ਲਿਸ਼ਕੋਰ ਵਿਚ ਇਹ ਭਾਅ ਮੇਰੇ ਕਦਮਾਂ ਦੇ ਨਾਲ-ਨਾਲ ਤੁਰੀ ਜਾਂਦੀ।

ਪੰਜਾਬ ਤੋਂ ਕੈਨੇਡਾ ਆ ਕੇ ਜਦੋਂ ਮੈਂ ਕੈਨੇਡਾ ਦੀ ਪਤਝੜ ਦੇ ਅਨੰਤ ਰੰਗ ਵੇਖਣ ਲੱਗਾ ਹਾਂ ਤਾਂ ਕੁਦਰਤ ਦੇ ਹੋਰ ਵੀ ਬਲਿਹਾਰੇ ਜਾਣ ਨੂੰ ਜੀਅ ਕਰਦੈ। ਬਾਬੇ ਨਾਨਕ ਦੀ ਬਾਣੀ ਵੀ ਕਹਿੰਦੀ ਹੈ: ਬਲਿਹਾਰੀ ਕੁਦਰਤ ਵੱਸਿਆ, ਤੇਰਾ ਅੰਤ ਨਾ ਜਾਈ ਲੱਖਿਆ। ਏਥੇ ਕਿਸੇ ਉੱਚੇ ਥਾਂ ਖੜ ਕੇ ਹੇਠਾਂ ਪਸਰੀਆਂ ਰੱਖਾਂ ਤੇ ਢਲਵਾਨਾਂ 'ਤੇ ਝਾਤ ਮਾਰਦਾ ਹਾਂ ਤਾਂ ਰੰਗਾਂ ਦੀ ਦੀਪਮਾਲਾ ਜਗਦੀ ਜਾਪਦੀ ਹੈ। ਰੰਗਾਂ ਦੀਆਂ ਫੁੱਲਝੜੀਆਂ ਚੱਲਦੀਆਂ ਪਰਤੀਤ ਹੁੰਦੀਆਂ ਹਨ। ਰੰਗਾਂ ਦੀ ਆਤਸ਼ਬਾਜ਼ੀ, ਆਕਾਸ਼ ਵਿਚ ਹੀ ਨਹੀਂ ਧਰਤੀ 'ਤੇ ਵੀ ਹੋ ਰਹੀ ਲੱਗਦੀ ਹੈ। ਮੈਂ ਰੁੱਖਾਂ ਬੂਟਿਆਂ ਤੇ ਫੁੱਲਾਂ ਝਾੜੀਆਂ ਕੋਲ ਖੜ ਕੇ ਉਨਾਂ ਦੇ ਰੰਗ ਨਿਹਾਰਦਾ ਹੈਰਾਨ ਹੁੰਨਾਂ ਕਿ ਕੁਦਰਤ ਨੇ ਏਨੇ ਰੰਗ ਕਿਥੋਂ ਬਖਸ਼ੇ ਨੇ? ਕਿਹਾ ਜਾਂਦੈ ਕਿ ਕਾਲਾ, ਚਿੱਟਾ, ਹਰਾ, ਲਾਲ ਤੇ ਨੀਲਾ ਮੁੱਖ ਰੰਗ ਹਨ। ਓਲੰਪਿਕ ਖੇਡਾਂ ਦੇ ਝੰਡੇ 'ਤੇ ਵੀ ਇਨਾਂ ਰੰਗਾਂ ਦੇ ਹੀ ਚੱਕਰ ਪਰੋਏ ਹਨ। ਇਹ ਵੀ ਕਿਹਾ ਜਾਂਦੈ ਕਿ ਸਾਰੇ ਰੰਗ ਇਨਾਂ ਦੇ ਘੁਲਣ ਮਿਲਣ 'ਚੋਂ ਨਿਕਲੇ ਹਨ। ਤੇ ਉਹ ਏਨੇ ਰੰਗ ਬਣ ਗਏ ਹਨ ਕਿ ਗਿਣਤੀ ਹੀ ਕੋਈ ਨਹੀਂ। ਹਰ ਬੋਲੀ 'ਚ ਇਨਾਂ ਰੰਗਾਂ ਦੇ ਵੱਖ-ਵੱਖ ਨਾਂ ਹਨ। ਰੰਗਾਂ ਦੀ ਸ਼ਨਾਖ਼ਤ ਕਰਨ ਵਿਚ ਪੰਜਾਬੀ ਭਾਸ਼ਾ ਕਿਸੇ ਤੋਂ ਘੱਟ ਨਹੀਂ। ਕੋਈ ਇਸੇ ਲੇਖ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਵੇਖੇ ਤੇ ਦੱਸੇ ਕਿ ਅੰਗਰੇਜ਼ੀ ਵਿਚ ਇਨਾਂ ਰੰਗਾਂ ਦੇ ਕਿੰਨੇ ਕੁ ਢੁੱਕਵੇਂ ਨਾਂ ਮਿਲਦੇ ਹਨ?

ਸੈਰ ਕਰਦਾ ਮੈਂ ਵੇਖਦਾ ਹਾਂ ਕਿਸੇ ਪੱਤੇ/ਪੱਤੀ, ਫਲ/ਫੁੱਲ ਤੇ ਝਾੜ/ਝਾੜੀ ਦਾ ਰੰਗ ਸੁਰਮਈ ਹੈ, ਕਿਸੇ ਦਾ ਅੰਗੂਰੀ, ਦਾਖੀ, ਅੰਬਰੀ ਤੇ ਕਿਸੇ ਦਾ ਕਥਈ। ਕੋਈ ਬਲੰਭਰੀ ਹੈ, ਦਾਲਚੀਨੀ, ਮੂੰਗੀਆ, ਫਿਰੋਜ਼ੀ ਤੇ ਕੋਈ ਅੰਡਰਈ। ਕਿਸੇ ਦਾ ਗੁਲਾਬਾਸੀ, ਦੂਧੀਆ, ਕੱਚਾ ਪੀਲਾ, ਪੱਕਾ ਪੀਲਾ, ਸ਼ਬਨਮੀ, ਸੰਦਲੀ, ਲੂਸਣੀ, ਲਾਖਾ, ਸਾਵਾ, ਬੱਗਾ, ਬੂਰਾ, ਚਿਤਕਬਰਾ, ਮਟਮੈਲਾ, ਘਸਮੈਲਾ ਤੇ ਕੋਈ ਅਰਬੀ ਹੈ। ਕਿਸੇ ਦਾ ਮੋਰਪੰਖੀਆ, ਗੁਲਮੋਹਰੀ, ਯਾਕੂਤੀ ਤੇ ਕਿਸੇ ਦਾ ਸ਼ਰਬਤੀ।

ਖਿਲਰੇ ਹੋਏ ਪੱਤਿਆਂ ਤੇ ਖਿੜੇ ਹੋਏ ਫੁੱਲਾਂ ਦੀਆਂ ਪੱਤੀਆਂ ਦੇ ਰੰਗ, ਫਲਾਂ ਦੇ ਰੰਗ, ਰਾਹ ਜਾਂਦਿਆਂ ਨੂੰ ਰੋਕਦੇ ਹਨ। ਕਿਤੇ ਗੂੜੇ ਰੰਗਾਂ ਦੇ ਪੱਕੇ ਫਲ ਦਿਸਦੇ ਹਨ ਤੇ ਕਿਤੇ ਹਲਕੇ ਰੰਗਾਂ ਦੇ ਕੱਚੇ ਫਲ। ਕਿਸੇ ਫਲ ਦਾ ਰੰਗ ਅਨਾਰੀ ਹੈ, ਕਿਸੇ ਦਾ ਬਦਾਮੀ, ਬਿਸਕੁਟੀ, ਗਾਜਰੀ ਤੇ ਕਿਸੇ ਦਾ ਸੰਤਰੀ। ਝਾੜੀਆਂ ਨੂੰ ਲੱਗੇ ਮਲਿਆਂ ਦੇ ਰੱਤੇ ਬੇਰਾਂ ਵਰਗੇ ਨਿੱਕੇ ਸੁਰਖ਼ ਫਲ ਖਾਣ ਨੂੰ ਜੀਅ ਕਰਦਾ ਹੈ। ਕਈ ਥਾਂਈਂ ਸੰਧੂਰੀ ਅੰਬੀਆਂ ਵਰਗੇ ਫਲ ਲੱਗੇ ਹੁੰਦੇ ਨੇ। ਝਾੜੀਆਂ ਦੇ ਪੱਤੇ-ਪੱਤੀਆਂ ਦੇ ਰੰਗਾਂ ਦਾ ਵੀ ਅੰਤ ਨਹੀਂ। ਟਹਿਣੀਓਂ ਟੁੱਟ ਕੇ ਤਾਂ ਉਹ ਹੋਰ ਹੀ ਰੰਗ ਵਟਾ ਲੈਂਦੇ ਨੇ। ਕਿਸੇ ਦਾ ਪੱਤੇ-ਪੱਤੀ ਦਾ ਰੰਗ ਮੋਤੀਆ, ਬਡਮੋਤੀਆ, ਕੱਦੂਮੋਤੀਆ, ਕਪੂਰੀ, ਘਿਉਕਪੂਰੀ, ਪਿਆਜ਼ੀ ਤੇ ਕਿਸੇ ਦਾ ਹਵਾਪਿਆਜ਼ੀ। ਸ਼ਾਮ ਨੂੰ ਕਈ ਸੱਜਣ ਉਂਜ ਹੀ ਹਵਾਪਿਆਜ਼ੀ ਹੋਏ ਮਿਲਦੇ ਹਨ।

ਕੈਨੇਡਾ ਦਾ ਰਾਜ-ਰੁੱਖ ਮੇਪਲ ਟ੍ਰੀ ਹੈ। ਮੇਪਲ ਦਾ ਪੱਤਾ ਹੀ ਕੈਨੇਡਾ ਦੇ ਰਾਸ਼ਟਰੀ ਝੰਡੇ 'ਤੇ ਅੰਕਿਤ ਹੈ। ਪੱਤਝੜ ਵਿਚ ਮੇਪਲ ਦੇ ਪੱਤੇ ਵੀ ਅਨੇਕਾਂ ਰੰਗ ਵਟਾਉਂਦੇ ਹਨ। ਮੇਪਲ ਜਦੋਂ ਹਰਿਆ ਭਰਿਆ ਹੋਵੇ ਤਾਂ ਤੋਤੇਰੰਗਾ ਹੁੰਦੈ ਜਿਨਾਂ 'ਚ ਤੋਤੇ ਲੁਕ ਛਿਪ ਸਕਦੇ ਨੇ। ਰੁੱਤ ਨਾਲ ਇਸ ਦੇ ਪੱਤੇ ਤਰਬੂਜ਼ੀਆ, ਬੈਂਗਣੀ, ਜਾਮਣੀ, ਮਹਿੰਦੀਰੰਗੇ, ਨਸਵਾਰੀ ਤੇ ਲਾਜਵਰੀ ਰੰਗਾਂ 'ਚ ਰੰਗੇ ਜਾਂਦੇ ਹਨ। ਜਦੋਂ ਪੱਤਝੜ ਦੀ ਰੁੱਤ ਸ਼ੁਰੂ ਹੁੰਦੀ ਹੈ ਉਦੋਂ ਪੱਤੇ ਅਤੇ ਫੁੱਲ, ਰੁੱਖਾਂ ਅਤੇ ਬੂਟਿਆਂ ਉੱਤੇ ਹੀ ਰੰਗ ਵਟਾਉਂਦੇ ਰਹਿੰਦੇ ਹਨ। ਰੁੱਖ ਇੰਜ ਲੱਗਦੇ ਹਨ ਜਿਵੇਂ ਰੰਗ ਬਰੰਗੀਆਂ ਜਾਪਾਨੀ ਛਤਰੀਆਂ ਤਾਣੀਆਂ ਹੋਣ। ਜਦੋਂ ਪਤਝੜ ਪੱਤੇ ਝਾੜਨ 'ਤੇ ਆਉਂਦੀ ਹੈ ਤਾਂ ਪੱਤੇ ਧਰਤੀ 'ਤੇ ਡਿੱਗ ਕੇ ਨਿੱਤ ਨਵੇਂ ਰੰਗ ਵਟਾਉਂਦੇ ਜਾਂਦੇ ਹਨ। ਧਰਤੀ 'ਤੇ ਡਿੱਗੇ ਪੱਤਿਆਂ ਤੇ ਫੁੱਲ-ਪੱਤੀਆਂ 'ਤੇ ਝਾਤ ਮਾਰੀਏ ਤਾਂ ਇਉਂ ਲੱਗਦੈ ਜਿਵੇਂ ਰੰਗੀਨ ਫੁਲਕਾਰੀਆਂ ਵਿਛਾ ਰੱਖੀਆਂ ਹੋਣ। ਉਨਾਂ ਵਿੱਚ ਅਸਮਾਨੀ ਰੰਗ ਵੀ ਹੁੰਦੇ ਹਨ, ਸਰੋਂ ਫੁੱਲੇ ਵੀ, ਊਦੇ ਤੇ ਮੋਰ ਪੰਖੀਏ ਵੀ, ਗਿੱਦੜ ਰੰਗੇ ਵੀ ਤੇ ਘੁੱਗੀ ਰੰਗੇ ਵੀ। ਕਿਸੇ ਪੱਤੇ ਦਾ ਰੰਗ ਕਾਸ਼ਨੀ ਹੁੰਦੈ, ਭਗਵਾਂ, ਗੇਰੂਆ, ਗੁਲਾਨਾਰੀ, ਉਨਾਭੀ, ਜਾਮਣੀ, ਗੁਲਾਬੀ, ਕਬੂਤਰੀ ਤੇ ਕਿਸੇ ਦਾ ਕਿਰਮਚੀ।

ਇੱਕ ਦਿਨ ਬੱਦਲ ਛਾਏ ਹੋਏ ਸਨ। ਮੈਂ ਬਾਰੀ 'ਚੋਂ ਬਾਹਰ ਵੇਖਿਆ, ਅੰਬਰ ਸੁਰਮਈ/ਸਲੇਟੀ ਹੋਇਆ ਪਿਆ ਸੀ। ਗੂੜੇ ਬੱਦਲਾਂ 'ਤੇ ਕਾਲੋਂ ਫਿਰੀ ਹੋਈ ਸੀ। ਬੱਦਲ ਖਿੰਡੇ ਤਾਂ ਚੁਫੇਰੇ ਚਿੱਟਾ/ਸਫੈਦ ਚਾਨਣ ਹੋ ਗਿਆ। ਸੂਰਜ ਦੀਆਂ ਧੁਪੀਲੀਆਂ ਕਿਰਨਾਂ ਨਾਲ ਬਨਸਪਤੀ ਦੇ ਰੰਗ ਫਿਰ ਜਗ ਪਏ। ਪੌਣਾਂ ਵਿਚ ਵੀ ਜਿਵੇਂ ਮਹਿਕਾਂ ਘੁਲ ਗਈਆਂ ਹੋਣ। ਲੱਗਾ ਜਿਵੇਂ ਪੌਣ ਬਾਰੀਆਂ 'ਚੋਂ ਬਣ ਠਣ ਕੇ ਲੰਘਦੀ ਹੋਵੇ। ਮੈਨੂੰ ਬਾਰੀ 'ਚੋਂ ਅੰਬਰ ਦੇ ਅਸਮਾਨੀ ਰੰਗਾਂ ਹੇਠਾਂ ਬਨਸਪਤੀ ਦੇ ਕਿਧਰੇ ਜੋਗੀਆ, ਅੰਬਰਸੀਆ, ਗਾਜਰੀ, ਲਸੂੜੀਆ, ਨਾਸ਼ਪਾਤੀ ਤੇ ਕਿਧਰੇ ਕਾਸ਼ਨੀ ਰੰਗਾਂ ਦੇ ਦਰਸ਼ਨ ਹੋਏ। ਸੁੱਕੀ ਭੋਇੰ ਦਾਖੀ ਤੇ ਖਾਕੀ ਜਿਹੀ ਦਿਸ ਰਹੀ ਸੀ। ਛੰਭ ਦਾ ਪਾਣੀ ਭਾਵੇਂ ਮਟਮੈਲਾ ਸੀ ਪਰ ਝੀਲ ਦਾ ਪਾਣੀ ਨੀਲਾ ਤੇ ਨਿਰਮਲ ਸੀ। ਫੁਹਾਰਿਆਂ ਵਿੱਚੋਂ ਚਾਂਦੀ ਰੰਗੇ, ਤਾਂਬੇ ਰੰਗੇ ਤੇ ਸੋਨ ਰੰਗੇ ਪਾਣੀ ਦੀਆਂ ਬੁਛਾੜਾਂ ਪੈ ਰਹੀਆਂ ਸਨ। ਧੁੱਪ ਗੋਰੀ-ਗੋਰੀ ਸੀ ਤੇ ਛਾਂ ਸਾਂਵਲੀ-ਸਾਂਵਲੀ। ਮਧਰੀਆਂ ਝਾੜੀਆਂ ਹਰੀਆਂ ਚੁੰਨੀਆਂ ਓੜੀ ਘੁੰਡ ਕੱਢੀ ਖੜੀਆਂ ਸਨ। ਪੱਤਿਆਂ 'ਚ ਟਹਿਕ ਸੀ ਤੇ ਫੁੱਲਾਂ 'ਚ ਮਹਿਕ।

ਕੈਨੇਡਾ ਦੀਆਂ ਚਾਰ ਰੁੱਤਾਂ ਵਿੱਚ ਸਭ ਤੋਂ ਦੁਸ਼ਵਾਰ ਰੁੱਤ ਸਰਦੀ ਦੀ ਗਿਣੀ ਜਾਂਦੀ ਹੈ। ਉਦੋਂ ਟੋਰਾਂਟੋ ਵੱਲ ਬਰਫ਼ਾਂ ਪੈ ਜਾਂਦੀਆਂ ਹਨ। ਬਾਹਰ ਨਿਕਲਦਿਆਂ ਹੱਡ ਪੈਰ ਠਰਦੇ ਹਨ। ਉਦੋਂ ਬਾਰੀ ਤੋਂ ਬਾਹਰ ਬਰਫ਼ਾਂ ਦਾ ਚਿੱਟਾ ਸਫ਼ੈਦ ਰੰਗ ਪਸਰਿਆ ਦਿਸਦਾ ਹੈ ਜਾਂ ਸੁੱਕੇ ਰੱਖਾਂ ਤੇ ਨੰਗੀਆਂ ਟਾਹਣੀਆਂ ਦਾ ਭੂਰਾ ਭੂਸਲਾ। ਉਦੋਂ ਰੰਗਾਂ ਵਿੱਚ ਵਿਲੱਖਣਤਾ ਨਹੀਂ ਹੁੰਦੀ। ਰੰਗਾਂ ਦਾ ਜਲੌਅ ਨਹੀਂ ਦਿਸਦਾ, ਰੰਗਾਂ ਦੀ ਹੋਲੀ ਨਹੀਂ ਹੁੰਦੀ। ਰੰਗ ਬਹਾਰ ਦੀ ਰੁੱਤ ਵਿੱਚ ਉਗਮਦੇ, ਗਰਮੀਆਂ 'ਚ ਪੱਕਦੇ ਤੇ ਸਰਦੀਆਂ 'ਚ ਫਿੱਕੇ ਪੈ ਜਾਂਦੇ ਹਨ। ਬਹਾਰ ਸੋਹਣੀ ਹੈ, ਗਰਮੀ ਸੁਖਾਵੀਂ ਤੇ ਪਤਝੜ ਦਾ ਜਲਵਾ ਵੀ ਕਿਸੇ ਤੋਂ ਘੱਟ ਨਹੀਂ। ਤਦੇ ਤਾਂ ਕਹੀਦੈ ਕਿ ਕੈਨੇਡਾ ਦੀ ਪੱਤਝੜ ਦੇ ਨਜ਼ਾਰੇ ਵੀ ਹੁਸੀਨ ਹੁੰਦੇ ਹਨ। ਕਹਿਣ ਵਾਲਾ ਤਾਂ ਇਹ ਵੀ ਹੈ ਕਿ 'ਗੰਵਾਰ' ਕਹੀ ਜਾਂਦੀ ਸਾਡੀ ਮਾਂ ਬੋਲੀ ਪੰਜਾਬੀ 'ਚ ਰੰਗਾਂ ਦੇ ਨਾਂ ਰੱਖਣ ਵਾਲੇ 'ਗੰਵਾਰਾਂ' ਦੇ ਵੀ ਕਿਆ ਕਹਿਣੇ। ਰੰਗਾਂ ਦੇ ਸੌ ਕੁ ਨਾਂ ਤਾਂ ਰੱਖ ਹੀ ਲਏ ਹਨ। ਮੈਂ ਕੈਨੇਡਾ ਦੀ ਪਤਝੜ ਨੂੰ ਸਿਰ ਨਿਵਾਉਂਦਾ ਹਾਂ ਜਿਸ ਨੇ ਮੈਨੂੰ ਮਾਂ-ਬੋਲੀ ਦੇ ਭੁੱਲ ਰਹੇ ਰੰਗਾਂ ਦੇ ਕਈ ਨਾਂ ਮੁੜ ਚੇਤੇ ਕਰਾ ਦਿੱਤੇ ਹਨ।

# ਚੜਿਆ ਕੱਤਕ ਕੰਤ ਨਾ ਆਇਆ



ਹਰਮਨਪ੍ਰੀਤ ਸਿੰਘ,
ਸੰਪਰਕ : ੯੮੫੫੦ ੧੦੦੦੫

ਚੜਿਆ ਕੱਤਕ ਕੰਤ ਨਾ ਆਇਆ ਮੈਂ ਹੁਣ ਭਾਲਣ ਜਾਵਾਂਗੀ।
ਦੇਸ ਬਦੇਸ ਫਿਰਾਂਗੀ ਭੌਂਦੀ ਜੋਗੀ ਭੇਸ ਬਨਾਵਾਂਗੀ।
ਗੇਰੂ ਨਾਲ ਰੰਗਾਂਗੀ ਕਪੜੇ ਕੰਨ ਵਿਚ ਮੁੰਦ੍ਾਂ ਪਾਵਾਂਗੀ।
ਸੱਸੀ ਵਾਂਗ ਹਿਦਾਯਤ ਮੈਂ ਭੀ ਥਲ ਵਿਚ ਜਾਨ ਗਵਾਵਾਂਗੀ ॥੮॥ (ਬਾਰਹ ਮਾਂਹ ਹਿਦਾਇਤਉਲਾ)

ਕੱਤਕ ਦਾ ਮਹੀਨਾ ਦੇਸੀ ਮਹੀਨੇ ਦਾ ਅੱਠਵਾਂ ਮਹੀਨਾ ਤੇ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਅਕਤੂਬਰ ਤੋਂ ਸ਼ੁਰੂ ਹੋ ਅੱਧ ਨਵੰਬਰ ਤਕ ਦਾ ਹੁੰਦਾ ਹੈ। ਇਸ ਤੋਂ ਪਹਿਲਾ ਆਏ ਅੱਸੂ ਦਾ ਮਹੀਨਾ ਜਿੱਥੇ ਰਾਤਾਂ ਮਿੰਨੀਆਂ-ਮਿੰਨੀਆਂ ਠੰਢੀਆਂ ਹੋਈਆਂ ਦਾ ਅਹਿਸਾਸ ਕਰਵਾ ਜਾਂਦਾ ਹੈ, ਉੱਥੇ ਹੀ ਕੱਤਕ ਦਾ ਮਹੀਨਾ ਤੇਜ਼ੀ ਨਾਲ ਸਿਆਲੂ ਰੁੱਤਾਂ ਵੱਲ ਵਧਦਾ ਹੈ। ਕੱਤਕ ਮਾਹ ਦੇ ਇਸ ਮਹੀਨੇ ਵਿਚ ਵੱਡੀ ਮੌਸਮੀ ਤਬਦੀਲੀ ਆਉਂਦੀ ਹੈ। ਮਿੰਨੀਆਂ-ਮਿੰਨੀਆਂ ਠੰਢੀਆਂ ਹੋਈਆਂ ਦਿਨ ਤੇ ਰਾਤਾਂ ਮੌਸਮ ਨੂੰ ਖੁਸ਼ਗਵਾਰ ਬਣਾ ਦਿੰਦੀਆਂ ਹਨ। ਮੱਠੇ-ਮੱਠੇ ਪਾਲੇ ਦਾ ਅਹਿਸਾਸਾਂ ਕਰਵਾਉਂਦਾ ਇਹ ਕੱਤਕ ਦਾ ਮਹੀਨਾ ਭੱਜੇ ਆਉਂਦੇ ਸਿਆਲੂ ਰੁੱਤ ਦੀਆਂ ਸ਼ੀਤ ਲਹਿਰਾਂ, ਦਿਨ-ਰਾਤ ਪੈਂਦੀਆਂ ਧੁੰਦਾਂ ਦੇ ਨਾਲ-ਨਾਲ ਪਹਿਲੇ ਪਹਿਰ ਫੁੱਲ-ਬੂਟਿਆਂ 'ਤੇ ਪਈ ਤ੍ਰੇਲ ਦੇ ਖ਼ੂਬਸੂਰਤ ਮਨੁੱਖੀ ਮਨ ਨੂੰ ਮੋਹ ਲੈਣ ਵਾਲੇ ਦਰਿਸ਼ ਅੱਖਾਂ ਅੱਗੇ ਇਸ ਮਹੀਨੇ ਦੇ ਆਗਾਜ਼ ਨਾਲ ਹੀ ਘੁੰਮਣ ਲੱਗ ਪੈਂਦੇ ਹਨ। ਕੱਤਕ ਦੇ ਮਹੀਨੇ ਨੂੰ ਮਨੁੱਖੀ ਮਨ 'ਚ ਪ੍ਰੇਮ ਪੈਦਾ ਕਰਨ ਵਾਲਾ ਮਹੀਨਾ ਵੀ ਮੰਨਿਆ ਜਾਂਦਾ ਹੈ। ਕੱਤਕ ਦੇ ਮਹੀਨੇ ਠੰਡੀ-ਮਿੱਠੀ ਰੁੱਤ ਹੋਣ ਕਾਰਨ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਹੁੰਦੀ ਹੈ, ਜਿਨਾਂ ਮੁਟਿਆਰਾਂ ਦੇ ਮਾਹੀ ਦੂਰ-ਦੁਰਾਡੇ ਕੰਮੀ ਗਏ ਹੋਣ, ਉਹ ਮੁਟਿਆਰਾਂ ਮਾਹੀ ਦੇ ਮਿਲਾਪ ਦੀ ਤਾਂਘ ਵਿਚ ਤੜਪਦੀਆਂ ਜਾਪਦੀਆਂ। ਹਰ ਮਹੀਨੇ ਦੀਆ ਆਪਣੀਆਂ ਖਾਸ ਰੁੱਤਾਂ, ਖਾਸ ਦਿਨ-ਤਿਉਹਾਰ ਤੇ ਮੌਸਮੀ ਰੰਗ ਹੁੰਦੇ ਹਨ। ਸਿਆਲੂ ਰੁੱਤ ਦੀਆਂ ਬਰੂਹਾਂ 'ਤੇ ਖੜਾ ਆਪਣਾ ਅਲੱਗ ਹੀ ਰੰਗ ਪੇਸ਼ ਕਰਦਾ ਇਹ ਕੱਤਕ ਦਾ ਮਹੀਨਾ ਭਾਰਤ 'ਚ ਸਾਲ ਦੇ ਵੱਡੇ ਮੰਨੇ ਜਾਣ ਵਾਲੇ ਤਿਉਹਾਰਾਂ ਦਾ ਮਹੀਨਾ ਵੀ ਕਹਿਲਾਉਂਦਾ ਹੈ। ਕੱਤਕ ਦਾ ਮਹੀਨਾ ਦੂਜੇ ਦੇਸੀ ਮਹੀਨਿਆਂ ਤੋਂ ਕਿਸਾਨ-ਮਜਦੂਰਾਂ ਪਰੀਵਾਰਾਂ ਲਈ ਕੁਝ ਜਿਆਦਾ ਹੀ ਰੁਝੇਵਿਆਂ ਭਰਿਆ ਹੁੰਦਾ ਹੈ ਕਿਉਂਕਿ ਸਾਉਣੀ ਦੀਆਂ ਫ਼ਸਲਾਂ ਜਿਵੇਂ ਝੋਨਾ, ਕਪਾਹ, ਨਰਮਾ, ਮੱਕੀ, ਬਾਜਰਾ ਫ਼ਸਲਾਂ ਦੀ ਸਾਂਭ ਸੰਭਾਲ ਕਰਨੀ ਤੇ ਨਾਲ ਹੀ ਹਾੜੀ ਦੀਆਂ ਫ਼ਸਲਾਂ ਜਿਵੇਂ, ਕਣਕ, ਜੌਂ, ਛੋਲੇ, ਸਰੋਂ ਦੀ ਬੀਜਾਈ ਦਾ ਵੀ ਸਮਾਂ ਹੁੰਦਾ ਹੈ। ਸਿਆਲੂ ਰੁੱਤ ਸਿਰ ਤੇ ਆਈ ਵੇਖ ਚੁੱਲੇ-ਚੌਂਕੇ ਲਈ ਬਾਲਣ ਕੱਠਾ ਕਰਨਾ ਤੇ ਉਸ ਦੀ ਸਾਂਭ-ਸੰਭਾਲ ਦਾ ਫਿਕਰ ਵੱਖਰਾ ਹੁੰਦਾ ਸੀ ਤੇ ਨਾਲ ਹੀ ਇਸ ਮਹੀਨੇ ਕਈ ਛੋਟੇ-ਵੱਡੇ ਤਿਉਹਾਰ ਵੀ 'ਆ ਜਾਂਦੇ ਹਨ' ਜੋ ਮਨੁੱਖ ਦੇ ਰੁਝੇਵੇਂ ਹੋਰ ਵਧਾ ਦਿੰਦੇ ਹਨ।

ਕੱਤਕ ਦੇ ਮਹੀਨੇ ਨੂੰ ਤਿੱਥ-ਤਿਉਹਾਰਾਂ ਦਾ ਮਹੀਨਾ ਵੀ ਮੰਨਿਆ ਜਾਂਦਾ ਹੈ, ਇਸ ਮਹੀਨੇ ਕਈ ਛੋਟੇ-ਵੱਡੇ ਤਿਉਹਾਰਾਂ ਦੇ ਆਉਣ ਨਾਲ ਘਰਾਂ ਤੇ ਬਜ਼ਾਰਾਂ 'ਚ ਦੀ ਰੌਣਕ ਵਧ ਜਾਂਦੀ ਹੈ, ਇਸ ਕੱਤਕ ਦੇ ਮਹੀਨੇ ਆਉਣ ਵਾਲੇ ਤਿਉਹਾਰਾਂ ਨੂੰ ਤਕਰੀਬਨ ਹਰ ਵਰਗ ਦੇ ਲੋਕ ਮਨਾਉਂਦੇ ਹਨ ਜਿਵੇਂ, ਹਿੰਦੂ ਧਰਮ ਨਾਲ ਸਬੰਧਤ ਔਰਤਾਂ 'ਕਰਵਾ ਚੌਥ ਦਾ ਵਰਤ' ਜਿਸ ਨੂੰ ਵਿਆਹੀਆਂ ਔਰਤਾਂ ਆਪਣੇ ਸੁਹਾਗ ਦੀ ਲੰਮੀ ਉਮਰ ਦੀ ਕਾਮਨਾ ਲਈ ਰੱਖਦੀਆਂ ਹਨ, ਇਸ ਤਿਉਹਾਰ ਨੂੰ ਮਨਾਉਂਦੀਆਂ ਹਨ, ਇਹ ਤਿਉਹਾਰ ਕੱਤਕ ਦੇ ਹਨੇਰੇ ਪੱਖ ਦੀ ਚੌਥ ਨੂੰ ਆਉਂਦਾ ਹੈ। ਇਸ ਵਰਤ 'ਚ ਔਰਤਾਂ ਵਲੋਂ ਸਾਰਾ ਦਿਨ ਨਾ ਤਾਂ ਅਨਾਜ ਤੋਂ ਬਾਣੀ ਕੋਈ ਵਸਤੂ ਖਾਣੀ ਹੁੰਦੀ ਹੈ ਤੇ ਨਾ ਹੀ ਪਾਣੀ ਪੀਣਾ ਹੁੰਦਾ ਹੈ। ਸਵੇਰੇ ਤਾਰਿਆਂ ਦੀ ਲੋਅ 'ਚ ਰੋਟੀ ਆਦਿ ਖਾ ਕੇ ਰਾਤ ਨੂੰ ਚੰਦਰਮਾ ਵੇਖ ਕੇ ਹੀ ਵਰਤ ਤੋੜਿਆ ਜਾਂਦਾ ਹੈ। ਕੱਤਕ ਦੇ ਮਹੀਨੇ ਦੀ ਮੱਸਿਆ ਨੂੰ ਉਤਰੀ ਭਾਰਤ ਦਾ ਮੁੱਖ ਤਿਉਹਾਰ ਦੀਵਾਲੀ ਦਾ ਹੁੰਦਾ ਹੈ, ਜੋ ਕੱਤਕ ਦੀ ਮੱਸਿਆ ਵਾਲੀ ਰਾਤ ਨੂੰ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਦਾ ਬਨਵਾਸ ਕੱਟ ਜਦੋਂ ਵਾਪਸ ਅਯੁੱਧਿਆ ਪਹੁੰਚੇ ਸਨ ਤਾਂ ਅਯੁੱਧਿਆ ਵਾਸੀਆਂ ਨੇ ਉਨਾਂ ਦੇ ਆਉਣ ਦੀ ਖ਼ੁਸ਼ੀ 'ਚ ਘਰਾਂ ਵਿਚ ਦੀਪ-ਮਾਲਾ ਕਰ ਕੇ ਉਨਾਂ ਦਾ ਸਵਾਗਤ ਕੀਤਾ ਸੀ। ਇਸੇ ਤਰਾਂ ਸਿੱਖ ਧਰਮ 'ਚ ਬੰਦੀਛੋੜ ਦਿਵਸ ਦਾ ਤਿਉਹਾਰ ਕਾਫੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਜੋ ਕਿ ਦੀਵਾਲੀ ਵਾਲੇ ਦਿਨ ਹੀ ਹੁੰਦਾ ਹੈ, ਕਿਉਂਕਿ ਇਸ ਦਿਨ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਤੋਂ ਆਪਣੇ ਨਾਲ ਉੱਥੇ ਕੈਦ 52 ਰਾਜਿਆਂ ਨੂੰ ਆਪਣੇ ਨਾਲ ਛੁਡਵਾ ਕੇ ਅੰਮ੍ਰਿਤਸਰ ਦੀ ਧਰਤੀ (ਪੰਜਾਬ) ਪਹੁੰਚੇ ਸਨ। ਕੱਤਕ ਦੇ ਮਹੀਨੇ 'ਚ ਆਏ ਇਨਾਂ ਤਿਉਹਾਰਾਂ ਨੂੰ ਤਕਰੀਬਨ ਸਾਰੇ ਹੀ ਧਰਮਾਂ ਦੇ ਲੋਕ ਮਨਾਉਂਦੇ ਹਨ। ਇਸ ਤੋਂ ਇਲਾਵਾ ਇਸ ਕੱਤਕ ਦੇ ਮਹੀਨੇ 'ਚ ਝੱਕਰੀਆਂ, ਗੜਵੜੇ ਤੇ ਭਾਈ ਦੂਜ ਜਹਿ ਤਿਉਹਾਰ ਵੀ ਆਉਂਦੇ ਹਨ। ਇਸੇ ਤਰਾਂ ਪੁਰਾਤਨ ਸਮੇਂ ਤੋਂ ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਵੀ ਮਨਾਇਆ ਜਾਂਦਾ ਹੈ।

ਕੱਤਕ ਮਾਹ ਵਿਚ ਦੂਰ ਪਹਾੜੀਂ, ਕੂੰਜਾਂ ਦਾ ਕੁਰਲਾਣਾ,
ਨੂਰ-ਪਾਕ ਦੇ ਵੇਲੇ ਰੱਖ ਵਿਚ, ਚਿੜੀਆਂ ਦਾ ਚਿਚਲਾਣਾ,
ਕਾਲੀ ਰਾਤੇ ਸਰਕੜਿਆਂ 'ਚੋਂ, ਪੌਣਾਂ ਦਾ ਲੰਘ ਜਾਣਾ,
ਇਹ ਮੇਰਾ ਗੀਤ, ਮੈਂ ਆਪੇ ਗਾ ਕੇ ਭਲਕੇ ਹੀ ਮਰ ਜਾਣਾ।
(ਸ਼ਿਵ ਕੁਮਾਰ ਬਟਾਲਵੀ)

ਕੱਤਕ ਮਾਹ ਦੀ ਗੱਲ ਹੋਵੇ ਤੇ ਕੂੰਜਾਂ ਦਾ ਜ਼ਿਕਰ ਨਾ ਹੋਵੇ ਇਹ ਤਾਂ ਹੋ ਨਹੀਂ ਸਕਦਾ, ਵੀਹਵੀਂ ਸਦੀ ਦੇ ਬੇਹੱਦ ਮਕਬੂਲ ਕਵੀ ਸ਼ਿਵ ਕੁਮਾਰ ਬਟਾਲਵੀ ਜੀ ਨੇ ਵੀ ਕੂੰਜਾਂ ਦਾ ਜ਼ਿਕਰ ਬਾਖ਼ੂਬ ਆਪਣੀਆਂ ਲਿਖਤਾਂ 'ਚ ਕੀਤਾ। ਠੰਡੇ ਇਲਾਕੇ ਦਾ ਪੰਛੀ 'ਕੂੰਜ' ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਰਕਰਾ, ਕਰੇਨਸ, ਸਾਰਸ ਇਹ ਪੰਛੀ ਯੂਰੇਸ਼ੀਆ, ਮੰਗੋਲੀਆ ਅਤੇ ਚੀਨ ਦਾ ਜੱਦੀ ਵਸਨੀਕ ਪੰਛੀ ਹੈ। ਇਹ ਪੰਛੀ ਜਿਆਦਾਤਰ ਜੋੜਿਆਂ ਵਿਚ ਰਹਿੰਦੇ ਹਨ। ਇਹ ਪੰਛੀ ਹਰ ਸਾਲ ਕੱਤਕ ਦੇ ਮਹੀਨੇ ਹਜ਼ਾਰਾਂ ਮੀਲ ਦਾ ਅਤਿ ਕਠਿਨ ਸਫਰ ਤਹਿ ਕਰ ਪੰਜਾਬ ਸਮੇਤ ਭਾਰਤ ਦੇ ਅਲੱਗ-ਅਲੱਗ ਜਲਗਾਹਾਂ ਤੇ ਪਹੁੰਚਦੇ ਹਨ। 'ਤਕਰੀਬਨ 26000 ਫੁੱਟ ਉਚੀਆਂ ਹਿਮਾਲਾ ਦੀਆਂ ਪਹਾੜੀਆਂ ਉਪਰੋਂ ਉਡਾਣ ਭਰ ਕੇ ਪਹੁੰਚਦੀਆਂ ਇਨਾਂ ਪਰਵਾਸੀ ਪੰਛੀਆਂ ਦੀਆਂ ਡਾਰਾਂ ਇਸ ਤਰਾਂ ਹਰ ਸਾਲ ਆਵਾਜਾਈ ਬਣਾਈ ਰੱਖਦੀਆਂ ਹਨ ਤੇ ਨਾਲ ਹੀ ਇਹ ਪ੍ਰਵਾਸੀ ਪੰਛੀ 'ਕੂੰਜ' ਵਿਸਾਖੀ ਤੋਂ ਪਹਿਲਾਂ-ਪਹਿਲਾਂ ਆਪਣੇ ਵਤਨੀਂ ਵਾਪਸ ਪਰਤ ਜਾਂਦੀਆਂ ਹਨ। ਸਾਡੇ ਪੰਜਾਬੀ ਸੱਭਿਆਚਾਰ 'ਚ ਕੱਤਕ ਮਾਹ, ਧੀਆਂ ਤੇ ਕੂੰਜਾਂ ਦਾ ਵਰਣਨ ਕਈ ਲੋਕ ਬੋਲੀਆਂ, ਲੋਕ ਗੀਤਾਂ ਤੇ ਬੁਝਾਰਤ 'ਚ ਵੀ ਆਉਂਦਾ ਹੈ। ਕੱਤਕ ਦੇ ਮਹੀਨੇ ਨੂੰ 'ਕੱਤਕ' ਤੋਂ ਇਲਾਵਾਂ ਕੱਤਾ, ਕੱਤੇ ਤੇ ਹੋਰ ਭਾਸ਼ਾਵਾਂ 'ਚ ਅਲੱਗ-ਅਲੱਗ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ ਜਿਵੇਂ, ਹਿੰਦੀ ਭਾਸ਼ਾ 'ਚ ਕਾਰਤਿਕ, ਫਾਰਸੀ ਭਾਸ਼ਾ ਵਿਚ ਪ੍ਰਵੀਨ, ਅਰਬੀ ਭਾਸ਼ਾ 'ਚ ਸੋਰਯਾ ਤੇ ਅੰਗਰੇਜ਼ੀ ਭਾਸ਼ਾ 'ਚ ਪਲੀਅਡੀਜ਼ ਕਿਹਾ ਜਾਂਦਾ ਹੈ। ਸੋ ਇਹ ਦੇਸੀ ਮਹੀਨੇ, ਇਨਾਂ ਦੇ ਮੌਸਮ, ਇਨਾਂ ਮਹੀਨਿਆਂ 'ਚ ਆਏ ਦਿਨ-ਤਿਉਹਾਰ ਸਾਡੀ ਜਿੰਦਗੀ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ।

# 16 ਨਵੰਬਰ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ...

## .ਗ਼ਦਰ ਲਹਿਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਕੈਨੇਡਾ ਦੇ ਸ਼ਹੀਦ ਲੂਈਸ ਰਿਆਲ

**ਡਾ. ਗੁਰਵਿੰਦਰ ਸਿੰਘ**
੬੦੪-੮੨੫-੧੫੫੦

16 ਨਵੰਬਰ ਦਾ ਦਿਨ ਜਿੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਛੇ ਹੋਰ ਸਾਥੀਆਂ ਦਾ ਸ਼ਹੀਦੀ ਦਿਨ ਹੈ, ਉੱਥੇ ਹੀ ਕੈਨੇਡਾ ਦੇ ਮਹਾਨ ਯੋਧੇ ਲੂਈਸ ਰਿਆਲ ਦਾ ਸ਼ਹੀਦੀ ਦਿਨ ਵੀ ਹੈ। 16 ਨਵੰਬਰ 1915 ਨੂੰ ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ (19 ਸਾਲ 4 ਮਹੀਨੇ 23 ਦਿਨ) ਦੇ ਮਹਾਨ ਯੋਧੇ ਅਤੇ 'ਗਦਰ' ਅਖ਼ਬਾਰ ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਲਾਹੌਰ ਜੇਲ ਵਿਚ ਫਾਂਸੀ ਦਾ ਰੱਸਾ ਚੁੰਮ ਕੇ ਖਿੜੇ ਮੱਥੇ ਸ਼ਹੀਦੀ ਪਾਈ। 24 ਮਈ 1896 ਨੂੰ ਪਿੰਡ ਸਰਾਭਾ ਜ਼ਿਲਾ ਲੁਧਿਆਣਾ ਵਿਖੇ ਸ. ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਜਨਮੇ ਬਾਲਕ ਕਰਤਾਰ ਸਿੰਘ ਨੂੰ ਆਪਣੇ ਦਾਦਾ ਸਰਦਾਰ ਬਦਨ ਸਿੰਘ ਤੋਂ ਇਨਕਲਾਬੀ ਪ੍ਰੇਰਨਾ ਮਿਲੀ। 28 ਜੁਲਾਈ 1912 ਵਿੱਚ ਅਮਰੀਕਾ ਆਉਣ ਮਗਰੋਂ ਇਥੋਂ ਦੇ ਇਨਕਲਾਬੀ ਗ਼ਦਰੀ ਯੋਧਿਆਂ ਦੀ ਸਾਂਝ ਨੇ ਇਸ ਨੂੰ ਹੋਰ ਪ੍ਰਚੰਡ ਕੀਤਾ ਅਤੇ ਵਾਪਿਸ ਦੇਸ਼ ਮੁੜ ਕੇ, ਭਾਰਤ ਦੀ ਸੁੱਤੀ ਖਲਕਤ ਨੂੰ ਕਰਤਾਰ ਸਿੰਘ ਸਰਾਭਾ ਨੇ ਜਗਾਇਆ। ਆਖ਼ਿਰ ਨੂੰ 16 ਨਵੰਬਰ 1916 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਹੱਸਦਿਆਂ-ਹੱਸਦਿਆਂ ਸ਼ਹੀਦੀ ਪਾਈ। ਸ਼ਹੀਦ ਸਰਾਭਾ ਨਾਲ ਫਾਂਸੀ ਚੜਨ ਵਾਲੇ ਸੂਰਮਿਆਂ ਵਿੱਚ ਅੰਮ੍ਰਿਤਸਰ ਜ਼ਿਲੇ ਦੇ ਸ਼ਹੀਦ ਭਾਈ ਜਗਤ ਸਿੰਘ ਪਿੰਡ ਸੁਰ ਸਿੰਘ, ਸ਼ਹੀਦ ਭਾਈ ਬਖਸ਼ੀਸ਼ ਸਿੰਘ ਪਿੰਡ ਗਿੱਲਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਛੋਟਾ) ਪਿੰਡ ਗਿੱਲ ਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਵੱਡਾ) ਪਿੰਡ ਗਿੱਲਵਾਲੀ,ਸ਼ਹੀਦ ਭਾਈ ਹਰਨਾਮ ਸਿੰਘ ਪਿੰਡ ਭੱਟੀ ਗੋਰਾਇਆ (ਸਿਆਲਕੋਟ), ਵਿਸ਼ਨੂੰ ਗਣੇਸ਼ ਪਿੰਗਲੇ ਯਰਵਦਾ (ਮਹਾਰਾਸ਼ਟਰ) ਸੱਤ ਗ਼ਦਰੀ ਯੋਧੇ ਸ਼ਾਮਲ ਸਨ।

16 ਨਵੰਬਰ ਨੂੰ ਹੀ ਸੰਨ 1885 ਵਿੱਚ, ਕੈਨੇਡਾ ਦੀ ਧਰਤੀ 'ਤੇ ਮੈਟਿਸ ਭਾਈਚਾਰੇ ਦੇ ਆਗੂ ਅਤੇ ਮੈਨੀਟੋਬਾ ਦੀ ਸੰਸਥਾਪਕ ਵਿਦਰੋਹੀ ਯੋਧੇ ਲੂਈਸ ਰਿਆਲ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਵਿਚਾਰਨਾ ਬਣਦਾ ਹੈ ਕਿ ਜਿਸ ਉਦੇਸ਼ ਲਈ ਇਨਾਂ ਸ਼ਹੀਦੀਆਂ ਦਿੱਤੀਆਂ, ਕੀ ਉਹ ਉਦੇਸ਼ ਪੂਰਾ ਹੋਇਆ ? ਕੀ ਇਨਾਂ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਏ ਹਨ ?

ਆਜ਼ਾਦੀ ਦੀ ਲਹਿਰ ਵਿੱਚ ਗ਼ਦਰ ਪਾਰਟੀ ਦੁਆਰਾ ਕੀਤੇ ਇਨਕਲਾਬ ਦੇ ਸੰਦਰਭ ਵਿੱਚ ਸਥਿਤੀ ਵਿਸ਼ਲੇਸ਼ਣ ਵਿਸ਼ੇਸ਼ ਅਹਿਮੀਅਤ ਰੱਖਦਾ ਹੈ । ਸੰਨ 1914 ਵਿੱਚ ਗ਼ਦਰ ਪਾਰਟੀ ਦੁਆਰਾ ਉੱਤਰੀ ਭਾਰਤ ਦੀਆਂ ਪ੍ਰਮੁੱਖ ਛਾਉਣੀਆਂ ਦੇ ਦੇਸੀ ਫ਼ੌਜੀਆਂ ਅੰਦਰ ਬਗ਼ਾਵਤ ਫ਼ੈਲਾਉਣ ਲਈ ਕ੍ਰਾਂਤੀਕਾਰੀ ਸਾਹਿਤ ਦੇ ਵਿਚਾਰਾਂ ਨੂੰ, ਵੱਧ ਤੋਂ ਵੱਧ ਵਰਤੋਂ ਵਿਚ ਲਿਆਂਦਾ ਗਿਆ। ਦੇਸ਼ ਭਰ ਦੇ ਗ਼ਦਰੀਆਂ ਵਿਚ ਬਹੁਗਿਣਤੀ ਸਾਬਕਾ ਸਿੱਖ 'ਫ਼ੌਜੀਆਂ' ਦੀ ਹੋਣ ਕਾਰਨ, ਇਨਕਲਾਬੀਆਂ ਦੀ ਗ਼ਦਰ ਸਫਲਤਾ ਵਾਸਤੇ, ਆਸ ਦਾ ਚਾਨਣ ਵਧੇਰੇ ਫੈਲਿਆ। ਮਜ਼ਹਬੀ ਸਦਭਾਵਨਾ ਦੀ ਮੁਦੱਈ, ਗ਼ਦਰ ਲਹਿਰ ਚ ਬੇਸ਼ੱਕ ਨੱਬੇ ਫ਼ੀਸਦੀ ਇਨਕਲਾਬੀ ਸਿੱਖ ਸਨ, ਪਰ ਗ਼ਦਰ ਪਾਰਟੀ ਅਤੇ ਗ਼ਦਰ ਲਹਿਰ ਵਿੱਚ ਸਭ ਧਰਮਾਂ ਨੂੰ ਸਮਾਨਤਾ ਦਿੱਤੀ ਗਈ। 'ਗ਼ਦਰ 1915' ਦੀ ਪੂਰੀ ਵਿਉਂਤਬੰਦੀ, ਗ਼ਦਰੀਆਂ ਵੱਲੋਂ ਕੀਤੀ ਗਈ ਸੀ, ਇਸ ਸਬੰਧੀ ਬਾਬੂ ਸਚਿੰਦਰ ਨਾਥ ਸਹਿਗਲ ਪੁਸਤਕ (ਬੰਦੀ ਜੀਵਨ ) ਵਿੱਚ ਲਿਖਦੇ ਹਨ 'ਇੱਕ ਦਿਨ ਅਚਾਨਕ ਬਿਨਾਂ ਕਿਸੇ ਨੂੰ ਆਪਣੀ ਇੱਛਾ ਦੱਸੇ, ਉੱਤਰੀ ਭਾਰਤ ਦੀਆਂ ਛਾਉਣੀਆਂ ਦੇ ਤਮਾਮ ਅੰਗਰੇਜ਼ ਸਿਪਾਹੀਆਂ ਉੱਤੇ ਇੱਕ ਦਿਨ ਤੇ ਸਹੀ ਇੱਕੋ ਸਮੇਂ ਇੱਕ ਦਮ ਹਮਲਾ ਕਰ ਦਿੱਤਾ ਜਾਵੇ। ਤੇ ਉਸ ਹਫੜਾ ਤਫੜੀ ਦੌਰਾਨ, ਜੋ ਲੋਕ ਸਾਡੇ ਕਾਬੂ ਆ ਜਾਣ ਉਨਾਂ ਨੂੰ ਕੈਦ ਕਰ ਲਿਆ ਜਾਵੇ।ਉਸ ਵੇਲੇ ਸ਼ਹਿਰਾਂ ਦੇ ਤਾਰ ਆਦਿ ਕੱਟ ਕੇ ਅੰਗਰੇਜ਼ਾਂ ਨੂੰ ਬੰਦੀ ਬਣਾ ਲਿਆ ਜਾਵੇ ਤੇ ਫਿਰ ਖਜ਼ਾਨਾ ਲੁੱਟ ਕੇ ਮਗਰੋਂ ਸਾਰੇ ਕੈਦੀ ਛੱਡ ਦਿੱਤੇ ਜਾਣ। ਇਸ ਮਗਰੋਂ ਸ਼ਹਿਰਾਂ ਦਾ ਇੰਤਜ਼ਾਮ ਆਪਣੇ ਚੁਣੇ ਹੋਏ ਯੋਗ ਬੰਦਿਆਂ ਨੂੰ ਸੌਂਪ ਕੇ ਤਮਾਮ ਇਨਕਲਾਬੀਆਂ ਦੇ ਦਲ ਪੰਜਾਬ ਵਿੱਚ ਜਾ ਇਕੱਤਰ ਹੋਣ।ਬਗਾਵਤ ਵਾਸਤੇ ਸਮੁੱਚੇ ਸਥਿਤੀ ਨੂੰ ਢੁੱਕਵੀਂ ਜਾਣਦਿਆਂ ਸਾਰੀ ਵਿਉਂਤ ਕਰਨ ਮਗਰੋਂ, 12 ਫਰਵਰੀ 1915 ਈਸਵੀ ਨੂੰ ਗ਼ਦਰ ਦੀ ਤਾਰੀਖ ਨਿਯਮਿਤ ਕਰ ਦਿੱਤੀ ਗਈ 21 ਫਰਵਰੀ ਲਈ ਸਾਰੀ ਤਿਆਰੀ ਹੋ ਚੁੱਕੀ ਸੀ । ਪਰ ਐਨ ਵੇਲੇ ਤੇ 'ਘਰ ਦਾ ਭੇਤੀ ਲੰਕਾ ਢਾਇ' ਵਾਲੀ ਸਥਿਤੀ ਆ ਬਣੀ। ਪਾਰਟੀ ਦੀ ਕੇਂਦਰੀ ਕਮੇਟੀ ਦੇ ਇੱਕ ਦੇਸ਼ ਧ੍ਰੋਹੀ ਮੈਂਬਰ ਕਿਰਪਾਲ, ਪਿੰਡ ਬਰਾੜ ਜ਼ਿਲਾ ਅੰਮ੍ਰਿਤਸਰ ਨੇ ਗ਼ਦਰ ਦੀ ਤਾਰੀਖ ਪੁਲਿਸ ਨੂੰ ਸੂਚਿਤ ਕਰ ਕੇ ਇਤਿਹਾਸ ਦੇ ਪੰਨਿਆਂ 'ਤੇ ਆਪਣਾ ਨਾਂ ਸਦਾ ਲਈ ਕਲੰਕਿਤ ਕਰ ਲਿਆ। ਮੁਖ਼ਬਰ ਰਾਹੀਂ ਗ਼ਦਰ ਦੀ ਖ਼ਬਰ ਸਰਕਾਰ ਤੱਕ ਪਹੁੰਚਾਉਣ ਦੀ ਜਾਣਕਾਰੀ ਛੇਤੀ ਹੀ ਗ਼ਦਰ ਪਾਰਟੀ ਨੂੰ ਮਿਲ ਗਈ। ਅਜਿਹੀ ਹਾਲਤ ਵਿੱਚ 16 ਫਰਵਰੀ ਨੂੰ ਪਾਰਟੀ ਨੇ ਨਵਾਂ ਫੈਸਲਾ ਲੈ ਲਿਆ ਤੇ ਗ਼ਦਰ ਦੀ ਤਾਰੀਖ 21 ਦੀ ਬਜਾਏ 19 ਫਰਵਰੀ ਕਰ ਦਿੱਤੀ ਗਈ, ਪਰ ਬਦਕਿਸਮਤੀ ਨਾਲ ਕਿਰਪਾਲ ਨੂੰ ਬਦਲੀ ਤਾਰੀਖ ਦਾ ਵੀ ਇਲਮ ਹੋ ਗਿਆ ਤੇ ਉਸ ਨੇ ਇਸ ਬਾਰੇ ਵੀ ਅੰਗਰੇਜ਼ ਸਰਕਾਰ ਨੂੰ ਸੂਚਿਤ ਕਰ ਦਿੱਤਾ। ਬੇਸ਼ੱਕ ਗ਼ਦਰੀ ਆਗੂਆਂ ਨੂੰ ਕਿਰਪਾਲ ਸਿੰਘ ਦੀ ਮੰਦੀ ਨੀਅਤ 'ਤੇ ਸ਼ੱਕ ਹੋ ਗਿਆ ਸੀ ਤੇ ਉਸ ਤੇ ਨਿਗਰਾਨੀ ਵੀ ਰੱਖੀ ਜਾ ਰਹੀ ਸੀ, ਪਰ ਤਦ ਵੀ ਉਹ ਆਪਣੇ ਘਟੀਆ ਮਨਸੂਬਿਆਂ ਵਿਚ ਸਫਲ ਹੋ ਗਿਆ। ਉਸ ਤੋਂ ਮਿਲੀ ਇਤਲਾਹ ਮੁਤਾਬਿਕ ਹਕੂਮਤ ਪੂਰੀ ਤਰਾਂ ਚੌਕੰਨੀ ਹੋ ਗਈ । ਛਾਉਣੀਆਂ ਦੀ ਨਿਗਰਾਨੀ ਸਖਤ ਕਰ ਦਿੱਤੀ ਗਈ ਜਿਨਾਂ ਥਾਵਾਂ ਤੋਂ ਬਗ਼ਾਵਤ ਦਾ ਸੰਦੇਹ ਸੀ, ਉੱਥੋਂ ਸ਼ੱਕੀ ਫੌਜੀਆਂ ਨੂੰ ਬਦਲ ਦਿੱਤਾ ਗਿਆ। ਪੁਲਿਸ ਨੇ ਪੂਰੀ ਤਿਆਰੀ ਨਾਲ 19 ਫਰਵਰੀ ਸ਼ਾਮ ਸਾਢੇ ਚਾਰ ਵਜੇ ਲਾਹੌਰ ਵਿਚਲੇ ਗ਼ਦਰੀਆਂ ਦੇ ਮੁੱਖ ਟਿਕਾਣੇ ਮੋਚੀ ਦਰਵਾਜ਼ੇ ਵਾਲੇ ਮਕਾਨ 'ਤੇ ਛਾਪਾ ਮਾਰਿਆ ਤੇ ਸੱਤ ਪ੍ਰਮੁੱਖ ਇਨਕਲਾਬੀਆਂ ਨੂੰ ਗ੍ਰਿਫਤਾਰ ਕਰ ਲਿਆ। ਛਾਪੇ ਦੌਰਾਨ ਪੁਲਿਸ ਨੂੰ ਅਜਿਹੇ ਖੁਫੀਆ ਪੱਤਰ ਵੀ ਮਿਲ ਗਏ ਜਿਨਾਂ ਚ ਗ਼ਦਰ ਦੀ ਵਿਉਂਤ ਬਾਰੇ ਡੂੰਘੀ ਵਾਕਫੀਅਤ ਸੀ। ਕਰੀਬ ਸਾਢੇ ਛੇ ਵਜੇ ਫਰੰਗੀ ਸਰਕਾਰ ਨੇ ਪ੍ਰਾਪਤ ਦਸਤਾਵੇਜ਼ਾਂ ਦੇ ਆਧਾਰ 'ਤੇ ਤਾਰਾਂ ਰਾਹੀਂ ਸਾਰੀਆਂ ਛਾਉਣੀਆਂ ਨੂੰ ਚੌਕਸ ਕਰ ਦਿੱਤਾ। ਇਸ ਤਰਾਂ ਆਜ਼ਾਦੀ ਲਈ ਹੋਣ ਵਾਲੀ ਵੱਡੀ ਬਗਾਵਤ ਨੂੰ ਫਿਰੰਗੀ ਨੇ ਸਿਰੇ ਨਾ ਚੜਨ ਦਿੱਤਾ ਅਤੇ ਗ਼ਦਰ ਨੂੰ ਨਾਕਾਮਯਾਬ ਬਣਾ ਦਿੱਤਾ। ਵਿਦਰੋਹ ਵਾਸਤੇ ਕੇਂਦਰ ਲਾਹੌਰ ਦੀ ਛਾਉਣੀ ਮੀਆਂ ਮੀਰ ਦੇ ਅਸਲੇ ਨੰਬਰ ਦੋ ਦੇ ਸਿਪਾਹੀਆਂ ਨੂੰ, ਗਦਰ ਵਿਚ ਸ਼ਮੂਲੀਅਤ ਲਈ ਸ਼ੱਕ ਦੇ ਆਧਾਰ 'ਤੇ ਲਾਈਨ ਹਾਜ਼ਰ ਕਰ ਦਿੱਤਾ ਗਿਆ।

ਫਿਰੋਜ਼ਪੁਰ ਛਾਉਣੀ ਵਿੱਚ ਗ਼ਦਰ ਫੈਲਾਉਣ ਲਈ ਜ਼ਿੰਮੇਵਾਰ ਆਗੂਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਸਰਦਾਰ ਕਰਤਾਰ ਸਿੰਘ ਸਰਾਭਾ ਦੁਆਰਾ ਸੰਪਰਕ ਕਰਨ ਤੋਂ ਪਹਿਲਾਂ ਹੀ ਸਾਜਿਸ਼ ਵਿਚ ਸ਼ਾਮਿਲ ਫੌਜੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਤੇ ਗ਼ਦਰੀ ਮੁੱਲਾ ਸਿੰਘ ਮੀਰਾਕੋਟ ਨੂੰ ਕੈਦੀ ਬਣਾ ਲਿਆ ਗਿਆ,ਜੋ ਪੁਲਿਸ ਦਾ ਜ਼ੁਲਮ ਸਹਿਣ ਨਾ ਕਰਦੇ ਹੋਏ ਮਗਰੋਂ ਵਾਅਦਾ- ਮੁਆਫ਼ ਗਵਾਹ ਬਣ ਗਿਆ। ਮੁੱਲਾ ਸਿੰਘ ਵਾਂਗ ਹੀ ਪਾਰਟੀ ਕਾਰਕੁੰਨ ਅਮਰ ਸਿੰਘ ਵੀ ਸਰਕਾਰੀ ਕੁੱਟਮਾਰ ਅੱਗੇ ਝੁਕ ਗਿਆ ਤੇ ਇਨਾਂ ਨੇ ਆਪਣੇ ਸਰਗਰਮ ਸਾਥੀਆਂ ਦੇ ਟਿਕਾਣਿਆਂ ਦੇ ਭੇਦ ਖੋਲ ਦਿੱਤੇ । ਪੁਲਿਸ ਨੇ ਪਿੰਡਾਂ ਸ਼ਹਿਰਾਂ ਵਿੱਚ ਬਹੁਤ ਛਾਪੇ ਮਾਰੇ ਤੇ ਤਕਰੀਬਨ ਸਾਰੇ ਗ਼ਦਰੀ ਆਗੂਆਂ ਫੜ ਲਏ। ਦੂਸਰੇ ਪਾਸੇ ਕਈ ਵਰੇ ਕੈਨੇਡਾ ਵਿਚ ਗ਼ਦਰੀਆਂ ਨਾਲ ਰਹੇ ਮੁਖ਼ਬਰ ਕਿਰਪਾਲ ਦੁਆਰਾ ਹਕੂਮਤ ਨੂੰ ਗ਼ਦਰ ਦੀ ਸੂਹ ਦੇਣ ਤੇ ਕੌਮ ਨਾਲ ਗੱਦਾਰੀ ਕਰਨ ਦੇ ਇਨਾਮ ਵਜੋਂ ਤੀਹ ਹਜ਼ਾਰ ਰੁਪਏ ਨਕਦ ਤੇ ਪੰਜ ਮੁਰੱਬੇ ਜ਼ਮੀਨ ਮਿਲੀ, ਪਰ ਉਸ ਦੇ ਗੁਨਾਹਾਂ ਤੇ ਪਾਪਾਂ ਦੀ ਸਜ਼ਾ ਸਮਾਂ ਪਾ ਕੇ ਦੇਸ਼ ਭਗਤਾਂ ਨੇ 1932 ਵਿੱਚ ਉਸ ਨੂੰ ਮੌਤ ਦੇ ਘਾਟ ਉਤਾਰ ਦੇ ਕੇ ਦਿੱਤਾ। ਫਰੰਗੀ ਮੁਖਬਰਾਂ ਦੀ ਸੂਚੀ ਇੱਕ ਹੋਰ ਨਾਂ ਨਵਾਬ ਖਾਂ ਹਲਵਾਰਾ ਜ਼ਿਲਾ ਲੁਧਿਆਣਾ ਵੀ ਜ਼ਿਕਰਯੋਗ ਹੈ। ਇਹ ਇਹ ਔਰੇਗਨ ਸਟੇਟ ਦੇ ਸ਼ਹਿਰ ਆਸਟਰੀਆ ਵਿਚ ਗ਼ਦਰੀ ਸਰਗਰਮੀਆਂ ਵਿਚ ਆਗੂ ਰਿਹਾ ਅਤੇ ਇਸ ਬਾਰੇ ਕਿਸੇ ਨੂੰ ਸਰਕਾਰੀ ਸੂਹੀਆ ਹੋਣ ਦਾ ਜ਼ਰਾ ਵੀ ਖਿਆਲ ਨਹੀਂ ਸੀ। ਨਵਾਬ ਖਾਨ ਬਹੁਤੇ ਗ਼ਦਰੀਆਂ ਦੇ ਰਿਸ਼ਤੇਦਾਰਾ ਆਦਿ ਬਾਰੇ ਭਲੀ-ਭਾਂਤ ਜਾਣਕਾਰੀ ਜਾਣਦਾ ਸੀ ਤੇ ਇਸ ਦੀਆਂ ਰਿਪੋਰਟਾਂ 'ਤੇ ਬਹੁਤ ਸਾਰੇ ਇਨਕਲਾਬੀ ਗ੍ਰਿਫਤਾਰ ਹੋਏ । ਮਗਰੋਂ ਨਵਾਬ ਖਾਨ ਲਾਹੌਰ ਕੇਸ ਅਤੇ ਫਿਰ ਅਮਰੀਕਾ ਸਾਜ਼ਿਸ਼ ਕੇਸ ਵਿੱਚ ਸਰਕਾਰੀ ਗਵਾਹ ਬਣਿਆ। ਗਦਰ ਦੇ ਮਨੋਰਥ 'ਤੇ ਉਦੋਂ ਹੀ ਪਾਣੀ ਫਿਰ ਗਿਆ, ਜਦ ਇਸ ਤੋਂ ਪਹਿਲਾਂ ਹੀ ਇਤਲਾਹ ਅੰਗਰੇਜ਼ ਸਰਕਾਰ ਨੂੰ ਮੁਖ਼ਬਰਾਂ ਪਾਸੋਂ ਮਿਲ ਗਈ । ਮਾਈਕਲ ਉਡਵਾਇਰ ਆਪਣੇ ਸ਼ਬਦਾਂ ਵਿੱਚ ਲਿਖਦਾ ਹੈ '19 ਫਰਵਰੀ ਦੇ ਛਾਪੇ ਨੇ ਉਸ ਰਾਤ ਗਦਰ ਕਰਾਉਣ ਦੀ ਵਿਉਂਤ ਨੂੰ ਅਸਫ਼ਲ ਬਣਾ ਦਿੱਤਾ।ਅਸੀਂ ਖੁਫੀਆ ਭਾਸ਼ਾ ਵਿੱਚ ਸਿਆਲਕੋਟ ਫ਼ਿਰੋਜ਼ਪੁਰ ਅਤੇ ਰਾਵਲਪਿੰਡੀ ਆਦਿ ਵੱਖ-ਵੱਖ ਛਾਉਣੀਆਂ ਵਿੱਚ ਤਾਰਾਂ ਭੇਜ ਦਿੱਤੀਆਂ ਅਤੇ ਸੈਨਿਕ ਅਫ਼ਸਰਾਂ ਨੇ ਲਾਜ਼ਮੀ ਤੇ ਕਈ ਜਗਾ ਜ਼ਰੂਰਤ ਨਾਲੋਂ ਵਧੇਰੇ ਪੇਸ਼ਾਵਰ ਲਈਆਂ ਰਿਪੋਰਟਾਂ ਦੇ ਅਧਾਰ 'ਤੇ ਪੰਜਾਬ ਭਰ ਵਿੱਚ ਕ੍ਰਾਂਤੀਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਵੱਡੇ ਪੱਧਰ ਤੇ ਹੋ ਰਹੀਆਂ ਸਨ।' ਗ਼ਦਰ ਦੀਆਂ ਕੋਸ਼ਿਸ਼ਾਂ ਨੂੰ ਸਰਕਾਰ ਨੇ ਅਸਫਲ ਬਣਾ ਦਿੱਤਾ ਸੀ। ਅਜਿਹੀ ਸਥਿਤੀ ਵਿੱਚ ਗ਼ਦਰ ਲਹਿਰ ਦੇ ਕਈ ਆਗੂਆਂ ਨੇ ਵਿਚਾਰ ਕੀਤੀ ਕਿ ਆਪਣੇ ਆਪ ਨੂੰ ਸਰਕਾਰੀ ਪੰਜਿਆਂ ਦੀ ਪਕੜ ਤੋਂ ਬਚਾਇਆ ਜਾਵੇ ਤੇ ਸਮਾਂ ਪਾ ਕੇ ਫਿਰ ਤੋਂ ਦੇਸ਼-ਭਗਤਾਂ ਨੂੰ ਸੰਗਠਿਤ ਕੀਤਾ ਜਾਵੇ ।





ਨੌਜਵਾਨ ਕਰਤਾਰ ਸਿੰਘ ਸਰਾਭਾ ਤੇ ਹਰਨਾਮ ਸਿੰਘ ਟੁੰਡੀਲਾਟ ਨੇ ਬੰਗਾਲ ਤੋਂ ਪੰਜਾਬੀ ਗ਼ਦਰੀਆਂ ਦੀ ਅਗਵਾਈ ਲਈ ਮੰਗਵਾਏ ਰਾਸ ਬਿਹਾਰੀ ਬੋਸ ਨੂੰ ਪੁਲਿਸ ਹੱਥੋਂ ਬਚਾਉਣ ਲਈ ਲਾਹੌਰ ਸਟੇਸ਼ਨ 'ਤੇ ਪਹੁੰਚਾਇਆ, ਜਿੱਥੋਂ ਬੋਸ ਬਨਾਰਸ ਚੱਲਿਆ ਗਿਆ। ਮਗਰੋਂ ਉਹ ਫਰੰਗੀ ਤੋਂ ਬਚਾਉਂਦੇ ਬਚਾਉਂਦੇ ਜਾਪਾਨ ਪਹੁੰਚ ਗਿਆ, ਜਿੱਥੇ ਕੁੱਝ ਸਮਾਂ ਬਾਅਦ ਬੋਸ ਦੀ ਮੌਤ ਹੋ ਗਈ। ਏਧਰ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਲਾਇਲਪੁਰ ਚਲੇ ਗਏ ਤੇ ਉੱਥੋਂ ਪਠਾਣਾਂ ਦਾ ਭੇਸ ਬਦਲ ਕੇ ਪੇਸ਼ਾਵਰ ਦੇ ਕਬਾਇਲੀ ਇਲਾਕੇ ਵਿੱਚ ਪਹੁੰਚ ਗਏ। ਇੱਥੇ ਉਹ ਪੂਰੀ ਤਰਾਂ ਸੁਰੱਖਿਅਤ ਸਨ, ਪਰ ਇਕ ਸਮੇਂ ਅਚਾਨਕ ਹੀ ਉਨਾਂ ਗ਼ਦਰ ਦੀ ਗੂੰਜ ਵਿੱਚ ਛਪੀ ਇਨਕਲਾਬੀ ਨਜ਼ਮ 'ਬਣੀ ਸਿਰ ਸ਼ੇਰਾਂ ਕੀ ਜਾਣਾ ਭੱਜ ਕੇ, ਪੜੀ, ਤਾਂ ਮਨ ਅੰਦਰ ਆਪਣੀਆਂ ਜਾਨਾਂ ਬਚਾ ਕੇ, ਛੁਪਣ 'ਤੇ ਡੂੰਘਾ ਅਫਸੋਸ ਹੋਇਆ। ਨਾਲ ਹੀ ਇਹ ਖ਼ਿਆਲ ਆਇਆ ਕਿ ਜੇਕਰ ਜਾਨ ਹੀ ਬਚਾਉਣੀ ਸੀ, ਤਾਂ ਅਮਰੀਕਾ ਤੋਂ ਸ਼ਹੀਦੀਆਂ ਦੇ ਵਾਅਦੇ ਕਰਕੇ ਆਉਣ ਦੀ ਕੀ ਲੋੜ ਸੀ । ਅਜਿਹੀ ਮਨ ਅੰਤਰ ਦੀ ਪੀੜਾ ਨੂੰ ਪਛਾਣਦਿਆਂ ਇਹ ਇਹ ਮਰਜੀਵੜੇ ਮੁੜ ਮੌਤ ਦੇ ਮੂੰਹ ਵਿੱਚ ਪਰਤਣ ਲਈ ਤਿਆਰ ਹੋਏ । ਪੇਸ਼ਾਵਰ ਤੋਂ ਪੰਜਾਬ ਵੱਲ ਚੱਲ ਪਏ 3 ਸੂਰਮੇ 22ਵੇਂ ਰਸਾਲੇ ਦੇ ਘੋੜਿਆਂ ਦੇ ਫਾਰਮ ਕੋਲ ਚੱਕ ਨੰਬਰ ਪੰਜ, ਸਰਗੋਧਾ ਪਹੁੰਚੇ, ਜਿੱਥੋਂ ਉਨਾਂ ਹਥਿਆਰ ਲੈ ਕੇ ਆਪਣੇ ਬੰਦੀ ਸਾਥੀਆਂ ਨੂੰ ਛੁਡਾਉਣ ਦੀ ਯੋਜਨਾ ਬਣਾਈ, ਪਰ ਉਨਾਂ ਦੀ ਇਹ ਵਿਉਂਤ ਸਿਰੇ ਨਾ ਚੜੀ ਕਿਉਂਕਿ ਇੱਕ ਹੋਰ ਗਦਾਰ ਗੰਡਾ ਸਿੰਘ ਰਸਾਲਦਾਰ ਨੇ 2 ਮਾਰਚ 1915 ਈਸਵੀ ਨੂੰ ਤਿੰਨੇ ਸੂਰਮਿਆਂ ਨੂੰ ਪੁਲਿਸ ਪਾਸ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਇੱਥੇ ਵਿਸ਼ੇਸ਼ ਮਹੱਤਵ ਵਾਲੀ ਗੱਲ ਇਹ ਹੈ ਕਿ ਅੰਗਰੇਜ਼ ਪੁਲਿਸ ਦੇ ਖ਼ੂਨੀ ਸ਼ਿਕੰਜੇ ਵਿਚ ਜਕੜੇ ਜਾਣ 'ਤੇ ਵੀ ਇਨਾਂ ਸੂਰਵੀਰਾਂ ਦੇ ਚਿਹਰੇ ਚੜਦੀ ਕਲਾ ਵਿੱਚ ਸਨ ਤੇ ਸਰਾਭਾ ਤਾਂ ਅਕਸਰ ਇਹ ਕਵਿਤਾ ਪੜਿਆ ਕਰਦਾ ਸੀ:

'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਗੱਲਾਂ
ਕਰਨੀਆਂ ਢੇਰ ਸੁਖਾਲੀਆਂ ਨੇ ।
ਜਿੰਨਾ ਦੇਸ਼ ਸੇਵਾ ਵਿੱਚ ਪੈਰ ਪਾਇਆ ਉਨਾਂ
ਲੱਖ ਮੁਸੀਬਤਾਂ ਝੱਲੀਆਂ ਨੇ।'

ਗ਼ਦਰ ਲਹਿਰ ਦੇ ਆਗੂਆਂ ਨੇ ਵਿਦਰੋਹ ਦੇ ਸਫਲ ਨਾ ਹੋਣ ਦੇ ਬਾਵਜੂਦ ਹੌਸਲਾ ਨਾ ਛੱਡਿਆ ਤੇ ਕਿਤੇ ਨਾ ਕਿਤੇ ਕੋਈ ਅਜਿਹੀ ਇਨਕਲਾਬੀ ਸਰਗਰਮੀ ਕਰਦੇ ਰਹੇ, ਜੋ ਗ਼ਦਰ ਪਾਰਟੀ ਦੇ ਉਸ ਮਨੋਰਥ ਨੂੰ ਚੇਤੇ ਕਰਵਾਉਂਦੀ ਸੀ ਕਿ ਜਦ ਤੱਕ ਇੱਕ ਵੀ ਗ਼ਦਰੀ ਸਿਪਾਹੀ ਬਾਕੀ ਹੈ, ਉਦੋਂ ਤੱਕ ਕੌਮੀ ਆਨ ਬਾਨ ਤੇ ਸ਼ਾਨ ਲਈ ਕੁਰਬਾਨ ਹੋਣ ਤੋਂ ਨਹੀਂ ਝਿਜਕਾਂਗੇ। ਗ਼ਦਰੀਆਂ ਨੇ 11 ਜੂਨ ਦੀ ਰਾਤ ਨੂੰ 42 ਨੰਬਰ ਪਲਟਣ ਦੀ ਗਾਰਦ ਉੱਤੇ ਅੰਮ੍ਰਿਤਸਰ ਜ਼ਿਲੇ ਵਿਚ ਪੈਂਦੇ ਪਿੰਡ ਬੱਲਾਂ ਲਾਗਲੇ ਨਹਿਰ ਦੇ ਪੁੱਲ 'ਤੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਪਲਟਣ ਦੇ ਦੋ ਸਿਪਾਹੀ ਦੇ ਦੋ ਹੋਰ ਬੰਦੇ ਮਾਰੇ ਗਏ। ਗ਼ਦਰੀ ਹਥਿਆਰ ਤੇ ਗੋਲੀ ਸਿੱਕਾ ਖੋਹ ਕੇ ਲੈ ਗਏ। ਬਗਾਵਤ ਦੌਰਾਨ ਇੱਕ ਹੋਰ ਘਟਨਾ ਰਿਆਸਤ ਮੰਡੀ ਵਿੱਚ ਹੋਈ। ਦਰਅਸਲ ਮੰਡੀ ਦੀ ਰਾਣੀ ਵੀ ਅੰਗਰੇਜ਼ ਹਕੂਮਤ ਦੀਆਂ ਵਧੀਕੀਆਂ ਤੋਂ ਪ੍ਰੇਸ਼ਾਨ ਸੀ ਉਸ ਦੇ ਭਰਾ ਮੀਆਂ ਜਵਾਹਰ ਸਿੰਘ ਦੀ ਮੁਲਾਕਾਤ ਗ਼ਦਰੀ ਨਿਧਾਨ ਸਿੰਘ ਚੁੱਘਾ ਨਾਲ ਹੋਈ। ਮਾਰਚ 1915 ਈਸਵੀ ਵਿੱਚ ਇਹ ਵਿਉਂਤ ਬਣਾਈ ਗਈ ਕਿ ਪੰਜਾਬ ਦੇ ਗਦਰੀ ਯੋਧੇ ਮੰਡੀ ਦੇ ਕਿਲੇ 'ਤੇ ਕਬਜ਼ਾ ਕਰ ਲੈਣ ਤੇ ਰਾਜਪੂਤ ਜਲਦੀ ਇਸ ਕੰਮ ਚ ਉਨਾਂ ਦਾ ਪੂਰਾ ਸਾਥ ਦੇਣਗੇ ਤੇ ਹਥਿਆਰਾਂ ਸਣੇ ਕਿਲੇ 'ਤੇ ਹਮਲਾ ਕਰ ਦਿੱਤਾ ਜਾਵੇਗਾ। ਮਗਰੋਂ ਮੰਡੀ ਦੇ ਅੰਗਰੇਜ਼ ਰੈਜ਼ੀਡੈਂਟ ਦੇ ਵਜ਼ੀਰ ਨੂੰ ਮਾਰ ਦਿੱਤਾ ਜਾਵੇਗਾ ।ਇਸ ਯੋਜਨਾ ਦੀ ਪੂਰਤੀ ਵਾਸਤੇ ਗ਼ਦਰੀ ਇਕੱਠੇ ਕਰਨ ਲਈ ਪੰਜਾਬ ਆ ਰਹੇ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਲੁਧਿਆਣਾ ਜ਼ਿਲੇ ਦੇ ਪਿੰਡ ਕਮਾਲਪੁਰਾ ਕੋਲੋਂ ਫੜ ਲਿਆ ਗਿਆ। ਦੂਜੇ ਪਾਸੇ ਸਾਜ਼ਿਸ਼ ਰਚਣ ਦੇ ਦੋਸ਼ ਅਧੀਨ ਮੀਆਂ ਜਵਾਹਰ ਸਿੰਘ ਨੂੰ ਗ੍ਰਿਫਤਾਰ ਕਰ ਲ਼ਿਆ ਗਿਆ। ਰਾਣੀ ਨੂੰ ਕਿਲੇ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ। ਗ਼ਦਰ 1915 ਦੇ ਇਤਿਹਾਸ ਵਿੱਚ ਇਹ ਮੁਕੱਦਮਾ 'ਮੰਡੀ ਸਾਜ਼ਿਸ਼ ਕੇਸ' ਦੇ ਨਾਂ ਵਜੋਂ ਪ੍ਰਸਿੱਧ ਹੈ।

ਗ਼ਦਰ ਲਹਿਰ ਦੇ ਇਨਕਲਾਬੀਆਂ ਨੂੰ ਵੱਡੀ ਗਿਣਤੀ ਵਿੱਚ ਫੜੇ ਜਾਣ ਮਗਰੋਂ ਹਿੰਦ ਰੱਖਿਆ ਕਾਨੂੰਨ (ਡਿਫੈਂਸ ਆਫ਼ ਇੰਡੀਆ ਐਕਟ) ਦੀਆਂ ਧਾਰਾਵਾਂ ਅਨੁਸਾਰ ਬਹੁਤ ਸਾਰੇ ਮੁਕੱਦਮੇ ਚਲਾਏ ਗਏ। ਇਨਾਂ ਕੇਸਾਂ ਦਾ ਮੂਲ ਮੰਤਵ ਇਨਕਲਾਬੀਆਂ ਨੂੰ ਆਜ਼ਾਦੀ ਸੰਗਰਾਮੀਆਂ ਸਾਬਤ ਕਰ ਕੇ ਸਜ਼ਾਵਾਂ ਦੇਣ ਦਾ ਨਹੀਂ, ਬਲਕਿ ਲੁਟੇਰੇ ਤੇ ਕਾਤਲ ਦਰਸਾ ਕੇ ਫਾਂਸੀਆਂ ਦੇਣ ਦਾ ਸੀ। ਇਸ ਦੌਰਾਨ ਕਚਹਿਰੀ ਵਿੱਚ ਮੁਜਰਿਮਾਂ ਪਾਸੋਂ ਕੋਈ ਅਪੀਲ ਦੀ ਸੰਭਾਵਨਾਵਾਂ ਨਹੀਂ ਸੀ, ਕੇਵਲ ਸਰਕਾਰ ਅੱਗੇ ਹੀ ਰਹਿਮ ਦੀ ਅਪੀਲ ਹੋ ਸਕਦੀ ਸੀ। ਗ਼ਦਰ ਦੇ ਗ਼ਦਰ ਲਹਿਰ ਦੇ ਆਗੂਆਂ 'ਤੇ ਦਾਇਰ ਕੇਸਾਂ ਵਿੱਚ ਸਭ ਤੋਂ ਪਹਿਲਾਂ ਜ਼ਿਕਰ 'ਲਾਹੌਰ ਸਾਜ਼ਿਸ਼ ਕੇਸ' ਦੇ ਪਹਿਲੇ ਮੁਕੱਦਮੇ ਵਜੋਂ ਆਉਂਦਾ ਹੈ। ਇਹ ਮੁਕੱਦਮਾ 26 ਅਪਰੈਲ 1915 ਈਸਵੀ ਨੂੰ ਸੈਂਟਰਲ ਜੇਲ ਲਾਹੌਰ ਚ ਸ਼ੁਰੂ ਹੋਇਆ ਅਤੇ 13 ਸਤੰਬਰ 1915 ਈਸਵੀ ਨੂੰ ਬਾਦਸ਼ਾਹ ਬਨਾਮ ਆਨੰਦ ਕਿਸ਼ੋਰ ਤੇ ਹੋਰਨਾਂ ਦੇ ਨਾਂ ਅਧੀਨ ਅੰਕਿਤ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਇਸ ਮੁਕੱਦਮੇ ਵਿੱਚ ਚੌਹਟ ਮੁਲਜ਼ਮ ਰੱਖੇ ਗਏ ਸਨ, ਜਿਹੜੀ ਗਿਣਤੀ ਉਸੇ ਵੇਲੇ ਪੂਰੇ ਦੇਸ਼ ਵਿਚ ਹੋਏ ਕਿਸੇ ਵੀ ਕੇਸ ਵਿਚ ਸ਼ਾਮਲ ਮੁਲਜ਼ਮਾਂ ਤੋਂ ਵੱਧ ਸੀ।

ਇਸ ਕੇਸ ਵਿੱਚ ਸੱਤ ਗ਼ਦਰੀ ਯੋਧਿਆਂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਭੱਟੀ ਗੁਰਾਇਆ, ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ ਗਿੱਲਵਾਲੀ, ਵਿਸ਼ਨੂੰ ਗਣੇਸ਼ਪਿੰਗਲੇ ਪੂਨਾ, ਸੁਰੈਣ ਸਿੰਘ ਗਿਲਵਾਲੀ ਤੇ ਇੱਕ ਹੋਰ ਯੋਧੇ ਸੁਰੈਣ ਸਿੰਘ ਨੂੰ 16 ਨਵੰਬਰ 1915 ਈਸਵੀ ਨੂੰ ਫਾਂਸੀ ਦੀ ਸਜਾ ਦਿੱਤੀ ਗਈ। ਇਨਾਂ ਤੋਂ ਇਲਾਵਾ ਚਾਲੀ ਹੋਰਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਹੋਰ ਲੰਮੀਆਂ ਸਜ਼ਾਵਾਂ ਹੋਈਆਂ ਇਨਾਂ ਯੋਧਿਆਂ ਬਾਬਾ ਸੋਹਣ ਸਿੰਘ ਭਕਨਾ, ਬਾਬਾ ਨਿਧਾਨ ਸਿੰਘ ਚੁੰਘਾ, ਬਾਬਾ ਜੁਆਲਾ ਸਿੰਘ, ਬਾਬਾ ਵਿਸਾਖਾ ਸਿੰਘ, ਪੰਡਿਤ ਜਗਤ ਰਾਮ ਤੇ ਪਰਮਾਨੰਦ ਜੀ ਸ਼ਾਮਲ ਸਨ।

ਇਹ ਵਿਚਾਰਨਾ ਬਣਦਾ ਹੈ ਕਿ ਜਿਸ ਉਦੇਸ਼ ਲਈ ਇਨਾਂ ਸ਼ਹੀਦੀਆਂ ਦਿੱਤੀਆਂ, ਕੀ ਉਹ ਉਦੇਸ਼ ਪੂਰਾ ਹੋਇਆ? ਕੀ ਅੱਜ ਭਾਰਤ ਵਿੱਚ ਫਾਸ਼ੀਵਾਦ ਦਾ ਬੋਲਬਾਲਾ ਨਹੀਂ ? ਕੀ ਇਨਾਂ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਏ ਹਨ ? ਇਸ ਦਾ ਉੱਤਰ 'ਨਾਂਹ' ਵਿੱਚ ਹੀ ਮਿਲੇਗਾ, ਕਿਉਂਕਿ ਅੱਜ ਵੀ ਫਾਸ਼ੀਵਾਦ ਜ਼ੋਰਾਂ 'ਤੇ ਹੈ ਅਤੇ ਅਖੌਤੀ ਆਜ਼ਾਦੀ ਦੇ ਬਾਵਜੂਦ ਭਾਰਤ ਅੰਦਰ ਘੱਟ-ਗਿਣਤੀਆਂ 'ਤੇ ਜ਼ੁਲਮ ਦਿਨੋਂ-ਦਿਨ ਵਧ ਰਹੇ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨਾਂ ਦੇ ਸਾਥੀਆਂ ਦੀ ਰੂਹ ਅੱਜ ਦੇ ਅਖੌਤੀ ਲੋਕਤੰਤਰੀ ਆਗੂਆਂ ਨੂੰ ਲਾਅਣਤ ਪਾ ਰਹੀ ਹੈ ਅਤੇ ਉਨਾਂ ਨੂੰ ਕੋਈ ਹੱਕ ਨਹੀਂ ਅਜਿਹੇ ਯੋਧਿਆਂ ਦੇ ਸ਼ਹੀਦੀ ਦਿਨ ਮਨਾਉਣ ਦਾ, ਜਿਨਾਂ ਦੇ ਸਿਧਾਂਤਾਂ ਦੇ ਉਲਟ ਫਾਸ਼ੀਵਾਦੀ ਰਾਜ ਕਰ ਰਹੇ ਹਨ।

**ਬਾਕੀ ਸਫ਼ਾ 30 'ਤੇ**

# ਬੋਲੇ ਸੋ ਨਿਹਾਲ



**ਹੰਸਰਾਜ ਰਹਿਬਰ**



**ਅਨੁਵਾਦ : ਮਹਿੰਦਰ ਬੇਦੀ, ਜੈਤੋ**
**9417730600**

ਜ਼ਕਰੀਆ ਖਾਂ ਚੰਗਾ ਪ੍ਰਸ਼ਾਸਕ ਤੇ ਫਾਰਸੀ ਦਾ ਵਿਦਵਾਨ ਸੀ। ਉਸਨੇ ਸ਼ੇਖਸਾਦੀ ਦੀ 'ਗੁਲਿਸਤਾਂ-ਬੋਸਤਾਂ' ਦਾ ਅਧਿਅਨ ਵੀ ਕੀਤਾ ਹੋਇਆ ਸੀ ਤੇ ਉਸਦੇ ਕਠੋਰ ਹਿਰਦੇ ਵਿਚ ਇਕ ਕੋਮਲ ਸਥਾਨ ਵੀ ਸੀ। ਉਹ ਸੱਚਮੁੱਚ ਪੰਜਾਬ ਵਿਚ ਅਮਨ ਬਹਾਲ ਕਰਕੇ ਉਸਨੂੰ ਖੁਸ਼ਹਾਲ ਬਣਾਉਣਾ ਚਾਹੁੰਦਾ ਸੀ। ਹੁਣ ਸੱਤ ਸਾਲ ਦੇ ਖ਼ੂਨ-ਖਰਾਬੇ ਦਾ ਨਤੀਜਾ ਤਬਾਹੀ ਤੇ ਬਰਬਾਦੀ ਦੇਖ ਕੇ ਉਸਨੇ ਆਪਣੇ ਦੀਵਾਨ ਲਖਪਤ ਰਾਏ ਨਾਲ ਸਲਾਹ ਕਰਕੇ ਤੇ ਦਿੱਲੀ ਤੋਂ ਆਗਿਆ ਲੈ ਕੇ ਸਿੱਖਾਂ ਵੱਲ ਸੁਲਾਹ ਦਾ ਹੱਥ ਵਧਾਇਆ।

ਜਦੋਂ ਉਹ 1936 ਦੀ ਵਿਸਾਖੀ ਸਮੇਂ ਅੰਮ੍ਰਿਤਸਰ ਵਿਚ ਇਕੱਠੇ ਹੋਏ ਤਾਂ ਚਕਰੈਲ ਸਿੱਖ ਭਾਈ ਸੁਬੇਗ ਸਿੰਘ ਦੀ ਅਗਵਾਈ ਹੇਠ ਉਸ ਦਾ ਇਕ ਪ੍ਰਤੀਨਿਧ ਮੰਡਲ ਉਹਨਾਂ ਕੋਲ ਪਹੁੰਚਿਆ ਤੇ ਇਹ ਪੇਸ਼ਕਸ਼ ਕੀਤੀ ਕਿ ਜੇ ਸਿੱਖ ਸ਼ਾਂਤੀ ਨਾਲ ਰਹਿਣਾ ਮੰਜ਼ੂਰ ਕਰ ਲੈਣ ਤਾਂ ਉਹਨਾਂ ਨੂੰ ਇਕ ਲੱਖ ਰੁਪਏ ਦੀ ਜਾਗੀਰ, ਨਵਾਬ ਦੀ ਪਦਵੀ ਤੇ ਖਿਲਅਤ (ਰਾਜੇ ਜਾਂ ਬਾਦਸ਼ਾਹ ਵੱਲੋਂ ਸਨਮਾਨ ਵਜੋਂ ਦਿੱਤੀ ਗਈ ਪੁਸ਼ਾਕ- ਅਨੁ.) ਦਿੱਤੀ ਜਾਵੇਗੀ। ਸਿੱਖਾਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਤੁਣਕ ਕੇ ਬੋਲੇ, 'ਉਹ ਕੌਣ ਹੁੰਦਾ ਏ ਸਾਨੂੰ ਜਾਗੀਰਾਂ ਦੇਣ ਵਾਲਾ, ਮੁਲਕ ਉਸਦਾ ਨਹੀਂ ਸਾਡਾ ਏ। ਸਾਨੂੰ ਨਹੀਂ ਚਾਹੀਦੀ ਉਸਦੀ ਦਿੱਤੀ ਹੋਈ ਨਵਾਬੀ-ਸਰਦਾਰੀ ਉਹ ਜੋ ਪੰਥ ਵੱਲੋਂ ਮਿਲੇ।'

ਸੁਬੇਗ ਸਿੰਘ ਸ਼ਾਂਤ ਸੁਭਾਅ ਦਾ ਮਿੱਤ-ਭਾਸ਼ੀ ਆਦਮੀ ਸੀ। ਬੋਲਿਆ, 'ਸੁਲਾਹ ਵਿਚ ਪੰਥ ਦਾ ਫਾਇਦਾ ਏ। ਤੁਹਾਨੂੰ ਨਵਾਬ ਵਲੋਂ ਬੇਖਤਰਾ ਹੋ ਕੇ ਧਰਮ ਦਾ ਪ੍ਰਚਾਰ ਕਰਨ ਤੇ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲੇਗਾ।'

ਸੁਬੇਗ ਸਿੰਘ ਦੀ ਇਹ ਗੱਲ ਸਾਰਿਆਂ ਦੇ ਮਨ ਲੱਗੀ ਸੀ। ਜਾਗੀਰ ਲੈ ਲੈਣ ਦਾ ਮਤਾ ਪਾਸ ਹੋ ਗਿਆ। ਹੁਣ ਸਵਾਲ ਇਹ ਸੀ ਕਿ ਨਵਾਬ ਦੀ ਪਦਵੀ ਕਿਸ ਨੂੰ ਦਿੱਤੀ ਜਾਏ। ਕੋਈ ਵੀ ਪ੍ਰਮੁੱਖ ਸਰਦਾਰ ਇਸ ਲਈ ਤਿਆਰ ਨਹੀਂ ਸੀ। ਵਾਰੀ ਨਾਲ ਸਾਰਿਆਂ ਤੋਂ ਪੁੱਛਿਆ ਗਿਆ ਪਰ ਸਭ ਨੇ ਇਨਕਾਰ ਕਰ ਦਿੱਤਾ। ਕੁਝ ਬਜ਼ੁਰਗਾਂ ਨੇ ਰਾਏ ਦਿੱਤੀ ਕਿ ਪੰਥ ਦੇ ਸਭ ਤੋਂ ਪੁਰਾਣੇ ਨੇਤਾ ਸਰਦਾਰ ਦਰਬਾਰਾ ਸਿੰਘ ਨੂੰ ਇਹ ਪਦਵੀ ਦੇ ਦਿੱਤੀ ਜਾਏ। ਉਹਨਾਂ ਵੀ ਇਨਕਾਰ ਕਰ ਦਿੱਤਾ। ਨਵਾਬ ਦੀ ਪਦਵੀ ਤੇ ਖਿਲਅਤ ਉਹ ਫੁਟਬਾਲ ਬਣ ਗਈ ਸੀ, ਜਿਸ ਨੂੰ ਖੇਡ ਦੇ ਮੈਦਾਨ ਵਿਚ ਏਧਰੋਂ ਉਧਰ ਠੁਡਿਆਇਆ ਜਾ ਰਿਹਾ ਸੀ। ਦੀਵਾਨ ਸਜਿਆ ਹੋਇਆ ਸੀ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਰਿਹਾ ਸੀ। ਇਸੇ ਸਮੇਂ ਗ੍ਰੰਥੀ ਨੇ ਗੁਰੂ ਅਰਜਨ ਦੇਵ ਦਾ ਇਕ ਵਾਕ ਉਚਾਰਣ ਕੀਤਾ, ਜਿਸ ਤੋਂ ਪ੍ਰੇਰਨਾ ਲੈ ਕੇ ਇਕ ਸਿੱਖ ਬੋਲਿਆ, 'ਗੁਰੂ ਮਹਾਰਾਜ ਦਾ ਵਾਕ ਇਹ ਫਰਮਾਉਂਦਾ ਹੈ ਕਿ ਉੱਚੀ ਪਦਵੀ ਟਹਿਲ (ਸੇਵਾ) ਕਰਨ ਵਾਲੇ ਨੂੰ ਮਿਲਦੀ ਹੈ। ਗੁਰੂ ਦਾ ਹੁਕਮ ਮੰਨੋ। ਦੇਰ ਨਾ ਕਰੋ। ਸੇਵਾ ਕਰਨ ਵਾਲੇ ਸਿੰਘ ਨੂੰ ਇਹ ਪਦਵੀ ਦੇ ਦਿਓ।'



ਭਾਈ ਕਪੂਰ ਸਿੰਘ ਦੀਵਾਨ ਵਿਚ ਸੰਗਤ ਨੂੰ ਪੱਖਾਂ ਝੱਲ ਰਹੇ ਸਨ। ਪਿੱਛਲੇ ਦਿਨੀਂ ਰੋਪੜ ਵਿਚ ਗਸ਼ਤੀ ਫੌਜ ਨਾਲ ਹੋਈ ਟੱਕਰ ਵਿਚ ਉਨਾਂ ਦੇ ਮੱਥੇ 'ਤੇ ਸੱਟ ਲੱਗੀ ਸੀ, ਜਖ਼ਮ ਅਜੇ ਭਰਿਆ ਨਹੀਂ ਸੀ। ਇਸ ਦੇ ਬਾਵਜੂਦ ਉਹ ਬੜੀ ਤਤਪਰਤਾ ਨਾਲ ਇਧਰ-ਉਧਰ ਝੂਲ ਕੇ ਸੰਗਤ ਨੂੰ ਪੱਖਾਂ ਝੱਲ ਰਹੇ ਸਨ। ਉਸ ਸਿੰਘ ਨੇ ਸੁਝਾਅ ਦਿੱਤਾ ਕਿ ਨਵਾਬ ਦੀ ਪਦਵੀ ਤੇ ਖਿਲਅਤ ਭਾਈ ਕਪੂਰ ਸਿੰਘ ਨੂੰ ਦੇ ਦਿੱਤੀ ਜਾਏ।

ਦੀਵਾਨ ਵਿਚ ਇਕੱਤਰ ਸਰਬਤ ਖਾਲਸਾ ਨੂੰ ਇਹ ਸੁਝਾਅ ਬੜਾ ਚੰਗਾ ਲੱਗਿਆ ਤੇ ਉਨਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡ ਕੇ ਆਪਣੀ ਸਹਿਮਤੀ ਦਾ ਐਲਾਨ ਕਰ ਦਿੱਤਾ। ਭਾਈ ਕਪੂਰ ਸਿੰਘ ਨੇ ਸੰਗਤ ਦੇ ਇਸ ਫੈਸਲੇ ਅੱਗੇ ਸਿਰ ਝੁਕਾਅ ਦਿੱਤਾ ਤੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੋਲੇ, 'ਜੇ ਸਾਧ ਸੰਗਤ ਦੀ ਇਹੀ ਇੱਛਾ ਹੈ ਤਾਂ ਖਿਲਅਤ, ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾਅ ਕੇ ਪਵਿੱਤਰ ਕਰਨ ਪਿੱਛੋਂ, ਮੈਨੂੰ ਬਖ਼ਸ਼ੀ ਜਾਏ।' ਗੁਰੂ ਦੀ ਹਜ਼ੂਰੀ ਵਿਚ ਅਰਦਾਸ ਹੋਈ ਤੇ ਖਿਲਅਤ ਜਿਵੇਂ ਭਾਈ ਕਪੂਰ ਸਿੰਘ ਨੇ ਕਿਹਾ ਸੀ, ਓਵੇਂ ਹੀ ਉਸਨੂੰ ਬਖ਼ਸ਼ੀ ਗਈ। ਪਰਗਨਾ, ਚੂਹਨੀਆਂ, ਦਿਆਲਪੁਰ, ਕੰਗਨਵਾਲ ਤੇ ਝਬਾਲ ਆਦਿਕ ਬਾਰਾਂ ਪਿੰਡਾਂ ਦੀ ਜਮੀਨ ਗੁਰੂ ਚੱਕ ਸ਼੍ਰੀ ਅੰਮ੍ਰਿਤਸਰ ਦੇ ਨਾਂ ਕਰ ਦਿੱਤੀ ਗਈ ਤੇ ਖਾਲਸੇ ਨੂੰ ਖੁੱਲਾ ਘੁੰਮਣ-ਫਿਰਨ ਦੀਆਂ ਛੋਟਾਂ ਹੋ ਗਈਆਂ।

ਸਰਕਾਰ ਨਾਲ ਹੋਏ ਇਸ ਸਮਝੌਤੇ ਪਿੱਛੋਂ ਅਮਨ ਬਹਾਲ ਹੋਇਆ ਤਾਂ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲ ਕੇ ਕੁਝ ਸਿੱਖ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਆਸ-ਪਾਸ ਆ ਵੱਸੇ। ਹਜ਼ਾਰਾਂ ਆਦਮੀਆਂ ਤੇ ਉਹਨਾਂ ਦੇ ਘੋੜਿਆਂ ਲਈ ਰਸਦ ਤੇ ਰਿਹਾਇਸ਼ ਦਾ ਪ੍ਰਬੰਧ ਕਰਨਾ ਬੜਾ ਮੁਸ਼ਕਿਲ ਕੰਮ ਸੀ। ਨੌਜਵਾਨਾਂ ਨੂੰ ਬਜ਼ੁਰਗਾਂ ਪ੍ਰਤੀ ਇਹ ਰੋਸ ਸੀ ਕਿ ਚੰਗੀ ਰਸਦ ਤੇ ਚੰਗਾ-ਚੰਗਾ ਖਾਣ ਪੀਣ ਵਾਲਾ ਹੋਰ ਸਾਮਾਨ ਉਹ ਲੈ ਜਾਂਦੇ ਹਨ, ਉਹਨਾਂ ਤੇ ਉਹਨਾਂ ਦੇ ਘੋੜਿਆਂ ਨੂੰ ਬਚਿਆ-ਖੁਚਿਆ ਮਾਲ ਮਿਲਦਾ ਹੈ। ਨਾਲੇ ਨਵੀਂ ਤੇ ਪੁਰਾਣੀ ਪੀੜੀ ਦਾ ਫ਼ਰਕ ਵੀ ਸੀ- ਸੋ ਵਾਦ-ਵਿਵਾਦ ਤੇ ਤਣਾਅ ਪੈਦਾ ਹੋਣਾ ਸੁਭਾਵਕ ਵੀ ਸੀ। ਨਵਾਬ ਕਪੂਰ ਸਿੰਘ ਨੇ ਇਸ ਸਮੱਸਿਆ ਦਾ ਮਨੋਵਿਗਿਆਨਕ ਹੱਲ ਕੱਢਿਆ, ਸਾਰੇ ਜਣਿਆਂ ਨੂੰ ਬੁੱਢਾ-ਦਲ ਤੇ ਤਰੁਣਾ-ਦਲ ਵਿਚ ਵੰਡ ਦਿੱਤਾ। ਤਰੁਣਾ-ਦਲ ਨੂੰ ਅੱਗੇ ਪੰਜ ਭਾਗਾਂ ਵਿਚ ਵੰਡਿਆ। ਹਰ ਭਾਗ (ਟੋਲੇ) ਦਾ ਆਪਣਾ ਨੇਤਾ ਤੇ ਆਪਣਾ ਡੇਰਾ ਸੀ। ਇੰਜ ਬੁੱਢਾ ਦਾਲ ਨੂੰ ਵੀ ਪੰਜ ਭਾਗਾਂ ਵਿਚ ਵੰਡ ਦਿੱਤਾ ਗਿਆ। ਉਨਾਂ ਦਾ ਵੀ ਆਪਣਾ-ਆਪਣਾ ਨੇਤਾ ਤੇ ਆਪਣਾ-ਆਪਣਾ ਡੇਰ ਸੀ। ਸਿੱਖਾਂ ਨੂੰ ਬੰਦਾ ਬਹਾਦੁਰ ਦੀ ਸ਼ਹਾਦਤ ਪਿੱਛੋਂ ਪਹਿਲੀ ਵਾਰੀ ਨਵਾਬ ਕਪੂਰ ਸਿੰਘ ਦੇ ਰੂਪ ਵਿਚ ਇਕ ਸੁਯੋਗ ਤੇ ਪ੍ਰਭਾਵਸ਼ਾਲੀ ਨੇਤਾ ਮਿਲਿਆ ਸੀ। ਉਹ ਇਕ ਕੁਸ਼ਲ ਸੰਗਠਨਕਰਤਾ ਤੇ ਸਮੱਸਿਆਵਾਂ ਨੂੰ ਸੁਲਝਾਉਣ ਵਾਲਾ ਬੁੱਧੀਜੀਵੀ ਸੀ। ਸੋ ਬੜੀ ਛੇਤੀ ਹਰਮਨ ਪਿਆਰਾ ਹੋ ਗਿਆ। ਸਾਰੇ ਉਸਦਾ ਆਦਰ ਕਰਦੇ ਸਨ। ਉਹ ਜਿੱਥੇ ਵੀ ਜਾਂਦਾ, ਉੱਥੇ ਹੀ ਉਸਦਾ ਸ਼ਾਨਦਾਰ ਤੇ ਨਿੱਘਾ ਸਵਾਗਤ ਕੀਤਾ ਜਾਂਦਾ ਤੇ ਨੌਜਵਾਨ ਉਸਦੇ ਹੱਥੋਂ ਅੰਮ੍ਰਿਤ ਛਕ ਕੇ ਸਿੱਖ ਧਰਮ ਦੇ ਸੇਵਾਦਾਰ ਬਨਣ ਵਿਚ ਮਾਣ ਮਹਿਸੂਸ ਕਰਦੇ। ਇਹਨਾਂ ਸੇਵਾਦਾਰਾਂ ਨੂੰ ਅਸਤਰ-ਸ਼ਸਤਰ ਚਲਾਉਣ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਸੰਗਤਾਂ ਦੀਆਂ ਜੁੱਤੀਆਂ ਸਾਫ ਕਰਨ, ਪੱਖਾ ਝੱਲਣ, ਲੰਗਰ ਦਾ ਪ੍ਰਬੰਧ ਕਰਨ, ਰਸਦ ਤੇ ਲੰਗਰ ਵਰਤਾਉਣ ਦਾ ਕੰਮ ਦੇ ਕੇ ਇਹ ਗੱਲ ਮਨਾਂ ਵਿਚ ਬਿਠਾਅ ਦਿੱਤੀ ਜਾਂਦੀ ਸੀ ਕਿ ਸੇਵਾ, ਤਿਆਗ ਅਤੇ ਅਨੁਸ਼ਾਸਨ ਹੀ ਖਾਲਸੇ ਦੇ ਵਿਸ਼ੇਸ਼ ਗੁਣ ਹਨ ਤੇ ਇਨਾਂ ਗੁਣਾ ਨੂੰ ਧਾਰਨ ਕਰਕੇ ਹੀ ਮਨੁੱਖ ਛੋਟੇ ਤੋ ਵੱਡਾ ਬਣਦਾ ਹੈ।

ਇਕ ਵਾਰੀ ਨਵਾਬ ਕਪੂਰ ਸਿੰਘ ਸਰਦਾਰ ਬਾਘ ਸਿੰਘ ਦੇ ਘਰ ਉਨਾਂ ਨੂੰ ਮਿਲਣ ਜਲੰਧਰ ਗਏ। ਉਹ ਜਿਸ ਕਮਰੇ ਵਿਚ ਬੈਠੇ ਗੱਲਾਂ ਕਰ ਰਹੇ ਸਨ, ਉਸੇ ਵਿਚ ਬਾਘ ਸਿੰਘ ਦੀ ਵਿਧਵਾ ਭੈਣ 'ਆਸਾ ਦੀ ਵਾਰ' ਦਾ ਕੀਰਤਨ ਕਰ ਰਹੀ ਸੀ। ਉਸਦੀ ਆਵਾਜ਼ ਬੜੀ ਸੁਰੀਲੀ ਸੀ ਤੇ ਉਹ ਦੋ ਤਾਰਾ ਬੜਾ ਸੋਹਣਾ ਵਜਾ ਰਹੀ ਸੀ। ਉਸਦੇ ਵਾਲ ਖੁੱਲੇ ਹੋਏ ਸਨ ਤੇ ਉਹ ਕੀਰਤਨ ਕਰਨ ਵਿਚ ਏਨੀ ਮਗਨ ਹੋਈ ਹੋਈ ਸੀ ਕਿ ਉਸਨੂੰ ਆਪਣੀ ਤੇ ਆਪਣੇ ਆਸੇ-ਪਾਸੇ ਦੀ ਕੋਈ ਸੁੱਧ ਹੀ ਨਹੀਂ ਸੀ ਜਾਪਦੀ। ਉਸਦੇ ਲਾਗੇ ਹੀ ਉਸਦਾ ਸਤਾਰਾਂ-ਅਠਾਰਾਂ ਵਰਿਆਂ ਦਾ ਪੁੱਤਰ, ਖੰਭੇ ਉਪਰ, ਤਲਵਾਰ ਦੀ ਯੁੱਧ ਕਲਾ ਦਾ ਅਭਿਆਸ ਕਰ ਰਿਹਾ ਸੀ। ਜਿਵੇਂ ਮਾਂ ਕੀਰਤਨ ਵਿਚ ਮਗਨ ਸੀ, ਓਵੇਂ ਹੀ ਪੁੱਤਰ ਆਪਣੇ ਅਭਿਆਸ ਵਿਚ। ਆਸੇ-ਪਾਸੇ ਕੀ ਹੋ ਰਿਹਾ ਹੈ, ਇਸ ਦੀ ਉਸਨੂੰ ਵੀ ਸੁੱਧ ਨਹੀਂ ਸੀ। ਸਾਹਮਣੇ ਖੜੇ ਕਲਪਿਤ ਦੁਸ਼ਮਣ ਉਪਰ ਇਕਾਗਰ-ਚਿੱਤ ਹੋ ਕੇ ਨਿਸ਼ਾਨਾ ਸਿੰਨਣ ਤੇ ਵਾਰ ਕਰਨ ਦਾ ਉਸਦਾ ਅੰਦਾਜ਼ ਤੇ ਉਸਦੇ ਹਾਵ-ਭਾਵ ਸਿਰਫ ਦੇਖਣ ਯੋਗ ਸਨ- ਬਿਆਨ ਨਹੀਂ ਸਨ ਕੀਤੇ ਜਾ ਸਕਦੇ।

ਨਵਾਬ ਕਪੂਰ ਸਿੰਘ ਨੇ ਇਕੋ ਨਜ਼ਰ ਵਿਚ ਉਸ ਨੌਜਵਾਨ ਦੀ ਵਿਲੱਖਣ ਪ੍ਰਤਿਭਾ ਨੂੰ ਪਛਾਣ ਲਿਆ। ਉਨਾਂ ਬਾਘ ਸਿੰਘ ਦਾ ਧਿਆਨ ਉਸ ਵੱਲ ਦਿਵਾਉਂਦਿਆਂ ਕਿਹਾ, 'ਤੁਹਾਡਾ ਭਾਣਜਾ ਜਿੰਨਾ ਸੋਹਣਾ ਏ, ਓਨਾ ਹੀ ਗੰਭੀਰ ਤੇ ਬੁੱਧੀਮਾਨ ਵੀ ਹੈ। ਇਸ ਦਾ ਮੁਖ-ਮੰਡਲ ਕਿਸੇ ਮਹਾਨ ਯੋਧੇ ਜਿਹਾ ਹੈ। ਮੇਰਾ ਖ਼ਿਆਲ ਐ ਕਿ ਦੇਸ਼ ਤੇ ਧਰਮ ਨੂੰ ਵਿਦੇਸ਼ੀਆਂ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਦਾ ਕਾਰਜ ਇਸ ਦੀ ਅਗਵਾਈ ਵਿਚ ਤੋੜ ਚੜੇਗਾ।'

ਜਦੋਂ ਇਹ ਭਵਿੱਖਬਾਣੀ ਹੋ ਰਹੀ ਸੀ, ਉਦੋਂ ਹੀ ਬਾਘ ਸਿੰਘ ਦੀ ਵਿਧਵਾ ਭੈਣ ਕੀਰਤਨ ਸਮਾਪਤ ਕਰਕੇ ਉੱਠੀ। ਨਵਾਬ ਕਪੂਰ ਸਿੰਘ ਤੇ ਬਾਘ ਸਿੰਘ ਦੀਆਂ ਨਜ਼ਰਾਂ ਨਿਸ਼ਾਨਾ 'ਸਾਧ' ਰਹੇ ਉਸਦੇ ਪੁੱਤਰ ਉਪਰ ਟਿਕੀਆਂ ਹੋਈਆਂ ਸਨ, ਇਸ ਲਈ ਉਹ ਵੀ ਉਧਰ ਹੀ ਦੇਖਣ ਲੱਗੀ।

ਮੁੰਡੇ ਦਾ ਨਾਂ ਜੱਸਾ ਸਿੰਘ ਸੀ। ਉਹ ਸੁਡੌਲ ਜੁੱਸੇ ਤੇ ਲੰਮੇ-ਝੰਮੇ ਕੱਦ ਦਾ ਨੌਜਵਾਨ ਸੀ। ਮਾਂ ਦਾ ਇਕਲੌਤਾ ਪੁੱਤਰ ਸੀ ਤੇ ਬਾਘ ਸਿੰਘ ਦੀ ਆਪਣੀ ਕੋਈ ਸੰਤਾਨ ਨਹੀਂ ਸੀ, ਇਸ ਲਈ ਉਸ ਨੇ ਜੱਸਾ ਸਿੰਘ ਨੂੰ ਆਪਣਾ ਮੁਤਬੰਨਾ-ਪੁੱਤਰ ਬਣਾ ਲਿਆ ਸੀ। ਮਜੇ ਦੀ ਗੱਲ ਇਹ ਸੀ ਕਿ ਨਵਾਬ ਕਪੂਰ ਸਿੰਘ ਦੇ ਆਪਣੇ ਵੀ ਕੋਈ ਬੱਚਾ-ਬੱਚੀ ਨਹੀਂ ਸੀ। ਉਸਦੇ ਮਨ ਵਿਚ ਜੱਸਾ ਸਿੰਘ ਨੂੰ ਆਪਣਾ ਮੁਤਬੰਨਾ-ਪੁੱਤਰ ਬਣਾ ਲੈਣ ਦੀ ਇੱਛਾ ਪੈਦਾ ਹੋਈ। ਇਹ ਇੱਛਾ ਏਨੀ ਤੀਬਰ ਸੀ ਕਿ ਸਭ ਕੁਝ ਜਾਣਦਿਆਂ ਹੋਇਆਂ ਵੀ ਉਹ ਆਪਣੇ ਆਪ ਨੂੰ ਰੋਕ ਨਹੀਂ ਸਕੇ। ਵਿਧਵਾ ਮਾਂ ਵੱਲ ਦੇਖਦੇ ਹੋਏ ਬੋਲੇ-'ਭੈਣਾ, ਮੈਂ ਇਕ ਅਜਿਹੀ ਗੱਲ ਸੋਚ ਰਿਹਾਂ, ਜਿਸ ਨੂੰ ਕਹਿਣਾ ਤੇਰੇ ਨਾਲ ਤੇ ਭਾਈ ਬਾਘ ਸਿੰਘ ਨਾਲ ਜ਼ਿਆਦਤੀ ਹੋਏਗੀ।...ਪਰ ਮੈਂ ਕਹੇ ਬਗੈਰ ਨਹੀਂ ਰਹਿ ਸਕਦਾ।'

'ਭਰਾ ਨਵਾਬ, ਤੁਸੀਂ ਆਪਣੀ ਗੱਲ ਬਿਨਾਂ ਸੰਕੋਚ ਕਹੋ। ਮੈਨੂੰ ਵਿਸ਼ਵਾਸ ਐ ਕਿ ਤੁਸੀਂ ਜੋ ਵੀ ਸੋਚਦੇ ਓ ਪੰਥ ਦੇ ਹਿੱਤ ਲਈ ਈ ਸੋਚਦੇ ਓ। ਤੁਹਾਤੋਂ ਕਿਸੇ ਨਾਲ ਜ਼ਿਆਦਤੀ ਹੋ ਈ ਨਹੀਂ ਸਕਦੀ।'

ਨੌਜਵਾਨ ਨੇ ਵੀ ਯੁੱਧ ਅਭਿਆਸ ਦਾ ਨਿੱਤ-ਕਰਮ ਪੂਰਾ ਕਰ ਲਿਆ ਸੀ ਤੇ ਉਹ ਵੀ ਸਤਿਕਾਰ ਵਜੋਂ ਝੁਕ ਕੇ ਨਵਾਬ ਦੇ ਕੋਲ ਆਣ ਖੜਾ ਹੋਇਆ ਸੀ।

ਨਵਾਬ ਕਪੂਰ ਸਿੰਘ ਨੇ ਉਸਦੇ ਚੌੜੇ ਮੱਥੇ ਉਪਰ ਹੱਥ ਰੱਖ ਕੇ, ਇਕ ਨਜ਼ਰ ਵਿਧਵਾ ਮਾਂ ਤੇ ਫੇਰ ਬਾਘ ਸਿੰਘ ਵੱਲ ਦੇਖਿਆ। ਕੁਝ ਪਲ ਮੌਨ ਵਿਚ ਬੀਤੇ। ਸਾਰੇ ਚੁੱਪ ਸਨ। ਵਾਤਾਵਰਣ ਵਿਚ ਸੰਨਾਟਾ ਸੀ।

'ਭੈਣਾ, ਮੈਂ ਚਾਹੁੰਦਾ ਹਾਂ...' ਨਵਾਬ ਕਪੂਰ ਸਿੰਘ ਨੇ ਦ੍ਰਿੜ ਆਵਾਜ਼ ਵਿਚ ਗੱਲ ਸ਼ੁਰੂ ਕੀਤੀ, '...ਤੇਰੇ ਏਸ ਇਕੋ-ਇਕ ਪੁੱਤਰ ਨੂੰ ਆਪਣੇ ਨਾਲ ਲੈ ਜਾਵਾਂ। ਇਸਨੂੰ ਆਪਣਾ ਪੁੱਤਰ ਸਮਝ ਕੇ ਆਪਣੇ ਕੋਲ ਰੱਖਾਂ ਤੇ ਇਸਦੀ ਸਿਖਲਾਈ-ਪੜਾਈ ਦੀ ਜ਼ਿੰਮੇਵਾਰੀ ਆਪਣੇ ਉਪਰ ਲੈ ਲਵਾਂ। ਮੈਂ ਜਾਣਦਾਂ ਕਿ ਤੇਰਾ ਦਿਲ ਮਾਂ ਦਾ ਦਿਲ ਏ-ਕੀ ਤੂੰ ਇਹ ਤਿਆਗ ਕਰ ਸਕੇਂਗੀ ?'

'ਭਰਾ ਨਵਾਬ, ਤੁਹਾਡੀ ਗੱਲ ਸੁਣ ਕੇ ਮੈਨੂੰ ਬੜੀ ਖੁਸ਼ੀ ਹੋਈ ਏ- ਅੰਤਾਂ ਦੀ ਖੁਸ਼ੀ।' ਮਾਂ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ। ਉਸਨੇ ਆਪਣਾ ਸੱਜਾ ਹੱਥ ਪੁੱਤਰ ਦੇ ਮੋਢੇ ਉੱਤੇ ਰੱਖਿਆ, ਜਿਵੇਂ ਸੰਭਲਣ ਲਈ ਸਹਾਰਾ ਲੈ ਰਹੀ ਹੋਏ। ਫੇਰ ਉਹ ਬੋਲੀ, 'ਮੇਰਾ ਬੱਚਾ ਤੁਹਾਡਾ ਬੱਚਾ ਏ, ਪੰਥ ਦਾ ਬੱਚਾ ਏ। ਉਹ ਤੁਹਾਡੇ ਹੱਥੀਂ ਪ੍ਰਵਾਨ ਚੜੇ ਇਸ ਤੋਂ ਚੰਗੀ ਹੋਰ ਕਿਹੜੀ ਗੱਲ ਹੋ ਸਕਦੀ ਐ।'

ਕਪੂਰ ਸਿੰਘ ਨੌਜਵਾਨ ਜੱਸਾ ਸਿੰਘ ਨੂੰ ਆਪਣੇ ਨਾਲ ਲੈ ਆਏ। ਉਸਨੂੰ ਅਸਤਰ-ਸ਼ਸਤਰ ਤੇ ਘੋੜ ਸਵਾਰੀ ਦੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਤੇ ਨਾਲ ਹੀ ਪੰਥਕ ਪ੍ਰੰਪਰਾ ਅਨੁਸਾਰ ਨਿੱਕੇ ਵੱਡੇ ਕੰਮ ਸੌਂਪ ਕੇ ਉਸਦੇ ਮਨ ਵਿਚ ਸੇਵਾ ਭਾਵ ਵਿਕਸਤ ਕੀਤਾ।

ਸੌਣ ਮਹੀਨੇ ਦੀ ਘੁੱਪ ਹਨੇਰੀ ਰਾਤ ਸੀ। ਮੀਂਹ ਵਰ ਰਿਹਾ ਸੀ। ਨਵਾਬ ਕਪੂਰ ਸਿੰਘ ਨੇ ਕੈਂਪ ਵਿਚੋਂ ਕਈ ਵਾਰੀ ਪੁੱਛਿਆ, 'ਪਹਿਰੇ 'ਤੇ ਕੌਣ ਏ ?' ਹਰ ਵਾਰੀ ਉਤਰ ਮਿਲਿਆ, 'ਜੱਸਾ ਸਿੰਘ ਜੀ।' ਕਪੂਰ ਸਿੰਘ ਉਸ ਦੀ ਫਰਜ਼ ਪ੍ਰਤੀ ਪ੍ਰਤੀਬੱਧਤਾ ਨੂੰ ਦੇਖ ਕੇ ਬੜੇ ਖੁਸ਼ ਹੋਏ।

ਇਸ ਪਿੱਛੋਂ ਜੱਸਾ ਸਿੰਘ ਦੇ ਜ਼ਿੰਮੇਂ ਘੋੜਿਆਂ ਦਾ ਰਾਤਬ (ਪਸ਼ੂਆਂ ਦੀ ਹਰ ਰੋਜ਼ ਦੀ ਖੁਰਾਕ- ਅਨੁ.) ਵੰਡਣ ਦਾ ਕੰਮ ਲਾ ਦਿੱਤਾ ਗਿਆ। ਇਹ ਕੰਮ ਦੇਖਣ ਵਿਚ ਮਾਮੂਲੀ ਸੀ ਪਰ ਬੜਾ ਹੀ ਮਹੱਤਵਪੂਰਨ ਸੀ। ਇਸ ਲਈ ਚੌਕਸੀ ਤੇ ਵਿਹਾਰਕ ਸਮਝਦਾਰੀ ਦੀ ਬੜੀ ਲੋੜ ਸੀ। ਜੱਸਾ ਸਿੰਘ ਦੇ ਪਿਤਾ ਦਿਆਲ ਸਿੰਘ ਉਹਦੇ ਬਚਪਨ ਵਿਚ ਹੀ ਚੱਲ ਵੱਸੇ ਸਨ। ਵਿਧਵਾ ਮਾਂ ਉਸਨੂੰ ਲੈ ਕੇ ਦਿੱਲੀ ਚਲੀ ਗਈ ਸੀ ਤੇ ਦਸ ਵਰੇ ਮਾਤਾ ਸੁੰਦਰੀ ਦੀ ਸੇਵਾ ਵਿਚ ਬਿਤਾਏ ਸਨ। ਪੁੱਤਰ ਦੀ ਪੜਾਈ ਲਿਖਾਈ ਉੱਥੇ ਹੀ ਹੋਈ ਸੀ। ਇਸ ਲਈ ਉਰਦੂ ਉਸ ਦੀ ਬੋਲੀ ਵਿਚ ਰਚ ਗਈ ਸੀ। ਸਿੱਖ ਸਵਾਰ ਜਦੋਂ ਰਾਤਬ ਲੈਣ ਆਉਂਦੇ ਤਾਂ ਉਸ ਨੂੰ 'ਹਮਕੋ-ਤੁਮਕੋ' ਕਹਿ ਕੇ ਚਿੜਾਉਂਦੇ ਸਨ। ਉਨਾਂ ਦੇ ਇੰਜ ਚਿੜਾਉਣ ਕਰਕੇ ਜੱਸਾ ਸਿੰਘ ਏਨਾ ਤੰਗ ਆ ਗਿਆ ਕਿ ਇਕ ਦਿਨ ਰੋਣ ਹਾਕਾ ਹੋ ਕੇ ਨਵਾਬ ਕਪੂਰ ਸਿੰਘ ਕੋਲ ਗਿਆ ਤੇ ਬੋਲਿਆ, 'ਮਹਾਰਾਜ ਮੈਥੋਂ ਇਨਾਂ ਲੋਕਾਂ ਦੇ ਘੋੜਿਆਂ ਦੀ ਦਾਨਾ ਵੰਡ ਨਹੀਂ ਹੁੰਦੀ।

(ਚਲਦਾ...)

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਬਾਬਾ ਅਕਸਰ ਆਖਦਾ ਹੁੰਦਾ ਸੀ....

**ਕੁਲਵਿੰਦਰ ਵਿਰਕ, ਕੋਟਕਪੂਰਾ**
**ਮੋ. ੭੮੧੪੯ ੫੪੧੩੩**



ਕਲਮਾਂ ਦੇ ਜਜ਼ਬਾਤ

ਬਾਬਾ ਅਕਸਰ ਆਖਦਾ ਹੁੰਦਾ ਸੀ, 'ਦੁੱਧ, ਲੱਸੀ, ਮੱਖਣ ਘਰ ਦੇ ਨੇ... ਸ਼ੁੱਧ..ਖ਼ਾਲਸ...। ਖਾਣ ਲੱਗਿਆਂ ਬਹੁਤੇ ਨਖ਼ਰੇ ਨਹੀਂ ਕਰੀਦੇ... ਥੋੜੇ ਵੇਲਿਆਂ ਵਿਚ ਤਾਂ ਪੁੱਤ, ਪਾਣੀ ਵੀ ਮੁੱਲ ਵਿਕਿਆ ਕਰੂ...।' ਤੇ ਅਸੀਂ ਅਕਸਰ ਬਾਬੇ ਦੀਆਂ ਗੱਲਾਂ ਨੂੰ ਹੱਸ ਕੇ ਟਾਲ ਛੱਡਦੇ... ਸੋਚਦੇ ਕਿ ਜਵਾਨੀ ਵੇਲੇ ਢਾਈ ਮਣ ਭਾਰ ਚੁੱਕਣ ਵਾਲੇ ਬਾਬੇ ਤੋਂ ਹੁਣ ਆਪਣਾ ਭਾਰ ਵੀ ਚੁੱਕ ਕੇ ਤੁਰਿਆ ਨੀਂ ਜਾਂਦਾ... ਖੌਰੇ ਤਾਂ ਹੀ ਹਲਕੀਆਂ ਜਿਹੀਆਂ ਗੱਲਾਂ ਕਰਦਾ ਹੈ...ਬਾਬਾ ਤਾਂ ਕਿਸੇ ਸੁਪਨ-ਲੋਕ ਤੋਂ ਆਇਆ ਲੱਗਦਾ ਹੈ...।

ਪਰ ਨਹੀਂ , ਸਾਡੀ ਹੀ ਸੋਚ ਬੜੀ ਹਲਕੀ ਸੀ ਓਦੋਂ..., ਸੱਚੀਂ , ਔਲ਼ੇ ਦੇ ਖਾਧੇ ਤੇ ਸਿਆਣਿਆਂ ਦੇ ਕਹੇ ਦਾ ਬਾਅਦ ਵਿਚ ਈ ਪਤਾ ਚੱਲਦੈ... ਮੁਫ਼ਤੀ ਦਾ ਪਾਣੀ ਪੀਂਦੇ ਹਾਂ ਤਾਂ ਪਤਾ ਨਹੀਂ ਰੋਗ ਕੈਸੇ-ਕੈਸੇ ਲੱਗਦੇ ਨੇ... ਤੇ ਜੇ ਸ਼ੁੱਧ, ਸਾਫ਼ ਪਾਣੀ ਪੀਈਏ ਤਾਂ ਹੁਣ ਪੈਸੇ ਲੱਗਦੇ ਨੇ...।

ਬਿਹਤਰ ਭਵਿੱਖ ਦੇ ਸੁਪਨਿਆਂ ਦੀ ਆਸ ਵਿੱਚ ਪਿੰਡਾਂ ਨੂੰ ਛੱਡ ਮਹਾਂਨਗਰਾਂ ਵਿਚ ਡੇਰੇ ਤਾਂ ਲਾ ਲਏ ਨੇ , ਪਰ ਘਰ ਦੇ ਉਹ ਖ਼ਾਲਸ ਦੁੱਧ, ਲੱਸੀ ,ਮੱਖਣ ਤੇ ਕਈ ਰਿਸ਼ਤੇ ਵੀ ਗੁਆ ਲਏ ਨੇ... ਸ਼ਹਿਰ ਦੀਆਂ ਭੀੜ-ਭੜੱਕੇ ਤੇ ਨੱਠ-ਭੱਜ ਭਰੀਆਂ ਸੜਕਾਂ 'ਤੇ ਵਿਚਰਦਿਆਂ ਅੱਜ ਵੀ ਪਿੰਡ ਸਿਮਰਤੀਆਂ ਵਿਚ ਵੱਸਦਾ ਹੈ... ਪਿੰਡ ਗਿਆਂ ਨੂੰ ਪਿੰਡ ਦੀਆਂ ਗੱਲਾਂ ਹੁਣ ਤਾਂ ਬਸ 'ਵਿਹੜੇ ਆਲ਼ਿਆਂ ਦਾ ਚੀਨਾ' ਹੀ ਦੱਸਦਾ ਹੈ...।

ਵਿਰਾਸਤ ਨਾ ਸਾਂਭੀ ਤਾਂ ਆਪਣਿਆਂ ਤੋਂ ਦੂਰ ਹੋ ਜਾਉਂਗੇ... ਤੇ ਜਵਾਕਾਂ ਨੂੰ ਤੁਸੀਂ ਕਿਹੜੀਆਂ ਕਹਾਣੀਆਂ ਸੁਣਾਉਂਗੇ...? ਬਾਬਾ ਅਕਸਰ ਇਹ ਆਖਦਾ ਹੁੰਦਾ ਸੀ..।

ਬਾਬਾ..., ਸੱਥਾਂ ਵਿਚ ਹੁਣ ਸੀਪਾਂ, ਬਾਜ਼ੀਆਂ ਤੇ ਘੋਲ ਘੱਟ, ਸਿਆਸਤਾਂ ਜ਼ਿਆਦਾ ਹੁੰਦੀਆਂ ਨੇ..। ਬੋਹੜਾਂ ਹੇਠ ਬੈਠੇ ਬਾਬੇ ਹੁਣ ਵਿਰਸੇ ਦੀਆਂ ਨਹੀਂ, ਹੱਡ ਬੀਤੀਆਂ ਸੁਣਾਉਂਦੇ ਨੇ... ਘਰਾਂ ਵਿਚ ਘੱਟਦੀ ਜਾ ਰਹੀ ਆਪਣੀ ਕਦਰ ਦੱਸਦਿਆਂ ਦੁੱਖ-ਦਰਦ ਵੰਡਾਉਂਦੇ ਨੇ... ਹੰਝੂਆਂ ਵਿਚ ਦਾੜੀ ਦੇ ਵਾਲ ਅਕਸਰ ਗਿੱਲੇ ਰਹਿੰਦੇ ਨੇ, ਕਈ ਬਾਬੇ ਤਾਂ ਆਪਣੇ ਪੁੱਤ-ਪੋਤਿਆਂ ਹੱਥੋਂ ਹੁਣ ਬੜਾ ਕੁਝ ਸਹਿੰਦੇ ਨੇ...।

ਮੇਰਾ ਬਾਬਾ ਅਕਸਰ ਆਖਦਾ ਹੁੰਦਾ ਸੀ ਕਿ ਨਵੀਆਂ ਨਸਲਾਂ ਨੂੰ ਘਰ ਘੱਟ ਤੇ ਤੋਰੇ-ਫੇਰੇ ਵੱਧ ਚੰਗੇ ਲੱਗਣਗੇ। ਬਿਨਾਂ ਗੱਲੋਂ ਐਵੇਂ ਕੰਧਾਂ ਕੌਲ਼ਿਆਂ ਵਿਚ ਵੱਜਣਗੇ, ਸੱਚ ਹੈ ਬਾਬੇ, ਨੌਜਵਾਨ ਪੀੜੀ ਹੁਣ ਸੁਰਤ ਸੰਭਾਲਦਿਆਂ ਹੀ ਬੁਲਟ ਤੇ ਲੰਡੀਆਂ ਜੀਪਾਂ ਚਾਹੁੰਦੀ ਹੈ... ਸ਼ਰੇਆਮ ਪਸਤੌਲ, ਬੰਦੂਕਾਂ ਫੜ ਕੇ ਫੋਟੋਆਂ ਖਿਚਵਾਉਂਦੀ ਹੈ, ਮੋੜਾਂ 'ਤੇ ਖੜਨਾ, ਮੁੱਛਾਂ ਨੂੰ ਤਾਅ ਦੇ ਕੇ ਲੜਨਾ ਤੇ ਤੀਜੇ ਕੁ ਦਿਨ ਥਾਣਿਆਂ ਵਿਚ ਜਾ ਵੜਨਾ ਤਾਂ ਜਿਵੇਂ ਨੌਜਵਾਨੀ ਦਾ ਦਸਤੂਰ ਹੋ ਗਿਐ, ਬਾਬਾ, ਤੇਰਾ ਪੰਜਾਬ ਹੁਣ ਨਸ਼ਿਆਂ, ਨਸ਼ੇੜੀਆਂ ਤੇ ਹਥਿਆਰਾਂ ਕਰਕੇ ਵੀ ਮਸ਼ਹੂਰ ਹੋ ਗਿਐ..।

ਬਾਬਾ..। ਤੂੰ ਤਾਂ ਬਾਹਰਲੀ ਬੈਠਕ ਦੀ ਕਨਸ 'ਤੇ ਪਏ ਰੇਡੀਓ ਵਿਚ ਯਮਲਾ, ਮਸਤਾਨਾ, ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਬੀਬਾ ਨੂਰਜਹਾਂ ਤੇ ਰੇਸ਼ਮਾ ਨੂੰ ਸੁਣਿਆ ਕਰਦਾ ਸੈਂ..। ਵਾਰਿਸ, ਪੀਲੂ, ਦਮੋਦਰ ਦੇ ਕਿੱਸੇ ਤੇ ਸ਼ਾਹ ਮੁਹੰਮਦ ਦੀਆਂ ਵਾਰਾਂ ਪੜਿਆ ਕਰਦਾ ਸੈਂ... ਬੜਾ ਆਨੰਦ ਆਉਂਦਾ ਸੀ- ਜਦੋਂ ਟਿਕੀ ਰਾਤ ਵਿਚ ਤੂੰ ਹੀਰ ਗਾਉਂਦਾ ਸੀ... ਤੇ ਅਕਸਰ ਵਿਸਰ ਰਹੇ ਵਿਰਸੇ ਅਤੇ ਸੱਭਿਆਚਾਰ ਤੇ ਅਜਿਹੀ ਗਾਇਕੀ ਦੀ ਘਟਦੀ ਕਦਰ ਸਬੰਧੀ ਫ਼ਿਕਰ ਪ੍ਰਗਟਾਉਂਦਾ ਸੀ...। ਤੇਰਾ ਫਿਕਰ ਐਵੇਂ ਨਹੀਂ ਸੀ ਬਾਬਾ, ਲੱਚਰਤਾ ਅਤੇ ਹਥਿਆਰਾਂ ਵਾਲੇ ਗੀਤਾਂ ਉੱਤੇ ਗਾਇਕ ਹੁਣ ਅੱਧ-ਨੰਗੀਆਂ ਕੁੜੀਆਂ ਨਚਾਉਂਦੇ ਨੇ...। ਕਈ-ਕਈ ਛਾਪਾਂ, ਛੱਲੇ, ਮੁੰਦੀਆਂ ਤੇ ਵੱਡੇ ਸਾਰੇ ਲਾਕਟਾਂ ਵਾਲੀਆਂ ਸੋਨੇ ਦੀਆਂ ਸੰਗਲੀਆਂ ਪਾਉਂਦੇ ਨੇ...। ਉਂਝ ਆਪਣੇ-ਆਪ ਨੂੰ ਲੋਕ-ਗਾਇਕ ਅਖਵਾਉਂਦੇ ਨੇ..। ਵਿੰਗੇ-ਟੇਢੇ ਵਾਲਾਂ ਵਾਲੇ ਇਨਾਂ ਗਾਇਕਾਂ ਨੇ ਨਵੀਂ ਨਸਲ ਨੂੰ ਵਿਗਾੜ ਦਿੱਤੈ... ਸਾਡਾ ਸੱਭਿਆਚਾਰ ਹੀ ਉਜਾੜ ਦਿੱਤੈ...। ਚੰਗੀ ਗਾਇਕੀ ਦੇ ਵਾਰਿਸ ਹੁਣ ਉਂਗਲਾਂ ਤੇ ਗਿਣਨ ਜੋਗੇ ਹੀ ਰਹਿ ਗਏ ਨੇ...। ਮਾਣਮੱਤੀਆਂ ਹਵਾਵਾਂ ਹੁਣ ਜ਼ਹਿਰੀਲੀਆਂ ਹੋ ਰਹੀਆਂ ਨੇ...। ਜ਼ਮੀਨਾਂ ਨੂੰ ਵੀ ਅਸੀਂ ਤੇ ਨਸ਼ੇੜੀ ਬਣਾ ਲਿਆ ਹੈ..। ਰੇਹਾਂ, ਸਪਰੇਹਾਂ ਤੋਂ ਬਿਨਾਂ ਤਾਂ ਹੀ ਝੋਨੇ ਦੀਆਂ ਪਨੀਰੀਆਂ ਤੇ ਕਣਕਾਂ ਪੀਲੀਆਂ ਹੋ ਰਹੀਆਂ ਨੇ... ਸਿਆਸੀ ਲੀਡਰਾਂ ਨੇ ਆਪਣੇ ਢਿੱਡ ਭਰਨ ਤੇ ਚੌਧਰਾਂ ਕਰਨ ਹਿੱਤ ਪੰਜਾਬ ਦਾ ਭਵਿੱਖ ਹੀ ਦਾਅ 'ਤੇ ਲਾ ਦਿੱਤਾ ਹੈ..। ਝੋਨੇ ਵਰਗੀ ਫਸਲ ਨੇ ਧਰਤੀ ਹੇਠੋਂ ਸੈਂਕੜੇ ਫੁੱਟ ਪਾਣੀ ਮੁਕਾ ਦਿੱਤਾ ਹੈ... ਦੇਖ ਬਾਬਾ, ਤੇਰੇ ਵੇਲਿਆਂ ਵਿਚ ਪੰਜ ਕੁ ਫੁੱਟ 'ਤੇ ਹੀ ਮਿਲਣ ਵਾਲਾ ਪਾਣੀ ਹੁਣ ਕਈ ਥਾਵਾਂ 'ਤੇ ਪੰਜ ਸੌ ਫੁੱਟ ਬੋਰ ਕਰਕੇ ਥਿਆਉਂਦਾ ਹੈ... ਅੱਜ ਅਸੀਂ ਉਸ ਮੋੜ 'ਤੇ ਆਣ ਖੜੇ ਹਾਂ, ਜਿੱਥੋਂ ਰੇਗਿਸਤਾਨ ਸਾਫ਼ ਨਜ਼ਰ ਆਉਂਦਾ ਹੈ..।

ਬਾਬਾ, ਤੂੰ ਸੱਚ ਆਖਦਾ ਸੈਂ ਕਿ ਫ਼ੌਜ ਸਾਡੇ ਪਿੱਛੇ ਭੱਜੀ ਫਿਰਦੀ ਹੈ, ਫੌਜੀ ਬਣਾਉਣ ਲਈ...। ਬੱਸ ਥੋੜਾ ਜਿਹਾ ਚਿਰ ਰੁਕਜੋ.., ਲੋਕ ਫੌਜ ਸਮੇਤ ਬਾਕੀ ਮਹਿਕਮਿਆਂ ਪਿੱਛੇ ਭੱਜਿਆ ਕਰਨਗੇ.., ਨੌਕਰ ਹੋਣ ਲਈ ਲੜਿਆ ਕਰਨਗੇ, ਮਰਿਆ ਕਰਨਗੇ..। ਸੱਚੀਂ ਬਾਬਾ, ਨੌਕਰੀਆਂ ਦੇਣ ਤੋਂ ਸਰਕਾਰਾਂ ਹੁਣ ਪੱਲਾ ਝਾੜ ਦਿੰਦੀਆਂ ਨੇ..। ਨੌਕਰੀਆਂ ਘੱਟ, ਠੋਕਰਾਂ ਜ਼ਿਆਦਾ ਮਿਲਦੀਆਂ ਨੇ...ਪੜ ਲਿਖ ਕੇ ਵੀ ਲੋਕ ਬੇਰੁਜ਼ਗਾਰ ਹੋ ਰਹੇ ਨੇ...ਏਸੇ ਲਈ ਤਾਂ ਬਹੁਤੇ ਪੰਜਾਬੀ ਹੁਣ ਜਹਾਜ਼ਾਂ 'ਤੇ ਚੜ ਵਤਨੋਂ ਬਾਹਰ ਹੋ ਰਹੇ ਨੇ..।

ਬਾਬਾ.., ਤੂੰ ਮਿੱਟੀ ਨਾਲ ਮਿੱਟੀ ਹੋ ਕੇ ਦੱਬ ਕੇ ਵਾਹੁੰਦਾ ਤੇ ਰੱਜ ਕੇ ਖਾਂਦਾ ਸੀ... ਕਿਸੇ ਤੋਂ ਮੰਗਣ ਨਹੀਂ ਜਾਂਦਾ ਸੀ.., ਜੀਵਨ ਵੀ ਤੇਰਾ ਬੜਾ ਸਾਦਾ ਸੀ... ਅਸੀਂ ਤਾਂ ਹੁਣ ਵਿਆਹ ਛੱਡ, ਮਰਨਿਆਂ ਤੇ ਵੀ ਝੁੱਗਾ ਚੌੜ ਕਰਾਈ ਜਾਂਦੇ ਹਾਂ... ਨਿੱਤ ਨਵੇਂ ਕਰਜ਼ ਸਿਰ ਚੜਾਈ ਜਾਂਦੇ ਹਾਂ... ਖੌਰੇ ਤਾਂ ਹੀ ਨਿੱਤ ਹੀ ਟਾਹਲੀਆਂ ਦੇ ਟਾਹਣਿਆਂ ਨਾਲ ਰੱਸੇ ਲਟਕਦੇ ਦਿਸਦੇ ਨੇ..., ਦਿਖਾਵੇ ਵਧਾ ਲਏ ਨੇ..., ਪੱਠੇ ਵੱਢਣ ਲਈ ਵੀ ਅਸੀਂ ਤਾਂ ਹੁਣ ਭਈਏ ਲਾ ਲਏ ਨੇ..। ਹੁਣ ਬੜਾ ਯਾਦ ਆਉਂਦਾ ਹੈ ਬਾਬਾ, ਕਿਉਂਕਿ ਬਾਬਾ ਅਕਸਰ ਇਹ ਆਖਦਾ ਹੁੰਦਾ ਸੀ...।

# 84 ਕਦਮਾਂ ਦਾ ਇਤਿਹਾਸ



ਹਰਫਾਂ ਦੇ ਨੂਰ

ਦਰਸ਼ਨੀ ਡਿਊੜੀ ਤੋਂ ਦਰਬਾਰ ਸਾਹਿਬ ਜੀ ਤੱਕ ਦੇ 84 ਕਦਮਾਂ ਦਾ ਇਤਿਹਾਸ ਜੋ 99% ਸੰਗਤ ਨੂੰ ਨਹੀ ਪਤਾ ਹੋਵੇਗਾ ਆਉ ਅੱਜ ਜਾਣਕਾਰੀ ਪ੍ਰਾਪਤ ਕਰੀਏ ਜੀ ।

ਦਾਸ ਦੇ ਨਾਲ ਦੇ ਪਿੰਡ ਡੇਹਰੀਵਾਲ ਜਿਲਾ ਅੰਮ੍ਰਿਤਸਰ ਸਾਹਿਬ ਤੋਂ ਗੁਰਸਿੱਖ ਬਜ਼ੁਰਗ ਗਿਆਨੀ ਗੁਰਬਖਸ਼ ਸਿੰਘ ਜੀ ਜੋ ਦੁਨੀਆ ਨੂੰ ਕਾਫੀ ਸਮਾਂ ਪਹਿਲਾਂ ਅਲਵਿਦਾ ਆਖ ਗਏ ਸਨ । ਜਿਹਨਾ ਨੂੰ ਸਾਰੇ ਗਿਆਨੀ ਜੀ ਕਹਿ ਕੇ ਬੁਲਾਉਂਦੇ ਸਨ, ਬਹੁਤ ਵਿਦਵਾਨ ਸਨ ਤੇ ਨਾਲ ਅਧਿਆਪਕ ਵੀ ਸਨ । ਦਾਸ ਦੇ ਪਿਤਾ ਜੀ ਨੇ ਵੀ ਉਨਾਂ ਕੋਲੋਂ ਵਿਦਿਆ ਹਾਸਲ ਕੀਤੀ ਸੀ

ਬਹੁਤ ਭਜਨੀਕ ਨਿਤਨੇਮੀ ਰੂਹ ਸੀ । ਇਕ ਵਾਰ ਮੈਨੂੰ ਛੋਟੇ ਹੁੰਦਿਆ ਇਤਿਹਾਸ ਦਸਿਆ ਜੋ ਆਪ ਜੀ ਨਾਲ ਸਾਂਝ ਪਾਉਣ ਲੱਗਿਆ।

ਗਿਆਨੀ ਗੁਰਬਖਸ਼ ਸਿੰਘ ਜੀ ਕਹਿਣ ਲੱਗੇ ਜ਼ੋਰਾਵਰ ਸਿੰਘ ਇਹ ਮੈਂ ਆਪਣੇ ਉਸਤਾਦਾਂ ਕੋਲੋਂ ਸੁਣਿਆ । ਜਦੋਂ ਗੁਰੂ ਅਮਰਦਾਸ ਜੀ ਮਹਾਰਾਜ ਨੇ ਗੋਇੰਦਵਾਲ ਸਾਹਿਬ ਵਿੱਖੇ ਬਾਉਲੀ ਤਿਆਰ ਕਰਵਾਈ ਜਿਸ ਦੀਆਂ 84 ਪੌੜੀਆਂ ਤਿਆਰ ਕਰਵਾਈਆਂ ਤੇ ਉਸ ਬਾਊਲੀ ਸਾਹਿਬ ਨੂੰ ਵਰ ਦਿੱਤਾ ਕਿ ਜੋ ਵੀ ਇਸ ਬਾਊਲੀ ਦੀਆਂ ਪੌੜੀਆਂ ਵਿੱਚ ਮਰਿਆਦਾ ਨਾਲ 84 ਜਪੁਜੀ ਸਾਹਿਬ ਦੇ ਪਾਠ ਕਰਕੇ 84 ਵਾਰ ਇਸ਼ਨਾਨ ਕਰੇਗਾ ਉਸ ਦੀ 84 ਕੱਟੀ ਜਾਵੇਗੀ। ਬਹੁਤ ਪਰਉਪਕਾਰ ਸਤਿਗੁਰੂ ਜੀ ਨੇ ਦੁਨੀਆ ਲਈ ਕੀਤਾ ਜੋ ਸੰਗਤ ਲਾਹਾ ਲੈਂਦੀਆਂ ਹਨ। ਜਦੋਂ ਗੁਰੂ ਰਾਮਦਾਸ ਜੀ ਮਹਾਰਾਜ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਅੰਮ੍ਰਿਤਸਰ ਸਾਹਿਬ ਨਗਰ ਵਸਾਇਆ। ਇਕ ਦਿਨ ਸਤਿਗੁਰੂ ਜੀ ਬੈਠੇ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਕਿ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਤੇ ਕੁਝ ਹੋਰ ਸਿੱਖ ਗਲ ਵਿਚ ਪੱਲਾ ਪਾ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ । ਸਤਿਗੁਰੂ ਜੀ ਤੁਸਾਂ ਨੇ ਗੁਰੂ ਅਮਰਦਾਸ ਜੀ ਦੇ ਰੂਪ ਵਿੱਚ ਬਹੁਤ ਪਰਉਪਕਾਰ ਕੀਤਾ ਜੋ ਬਾਊਲੀ ਤਿਆਰ ਕਰਵਾਈ, 84 ਕੱਟਣ ਦਾ ਵੀ ਵਰ ਬਖਸ਼ਿਆ। ਪਰ ਸਤਿਗੁਰੂ ਜੀ ਸਿੱਖ ਗ੍ਰਹਿਸਤ ਵਿੱਚ ਰਹਿੰਦੇ ਕੰਮ ਧੰਦਿਆਂ ਵਿੱਚ ਬਹੁਤਾ ਸਮਾਂ ਨਹੀਂ ਕੱਢ ਸਕਦੇ, ਤੁਸੀ 84 ਕੱਟਣ ਦਾ ਕੋਈ ਸੌਖਾ ਮਾਰਗ ਬਖਸ਼ਿਸ਼ ਕਰੋ ਜੀ। ਸਤਿਗੁਰੂ ਜੀ ਸਿੱਖਾਂ ਦੀ ਬੇਨਤੀ ਸੁਣ ਕੇ ਬਹੁਤ ਖੁਸ਼ ਹੋਏ ਤੇ ਉਠ ਕੇ ਦਰਸ਼ਨੀ ਡਿਉੜੀ ਤੋਂ 84 ਕਦਮ ਚਲ ਕੇ ਰੁਕੇ ਤੇ ਸਿੱਖਾਂ ਨੂੰ ਆਖਿਆ ਇਸ ਜਗਾ 'ਤੇ ਮਹਾਨ ਅਸਥਾਨ ਬਣਾਇਆ ਜਾਵੇਗਾ। ਜੋ ਵੀ ਸਿੱਖ ਦਰਸ਼ਨੀ ਡਿਉੜੀ ਤੋਂ ਲੈ ਕੇ ਦਰਬਾਰ ਸਾਹਿਬ ਤੱਕ ਸ਼ਰਧਾ ਤੇ ਇਕਾਗਰਤਾ ਨਾਲ ਵਾਹਿਗੂਰ ਜੀ ਦਾ ਸਿਮਰਨ ਕਰਦਾ ਆਵੇਗਾ ਉਸ ਦੀ 84 ਕੱਟੀ ਜਾਵੇਗੀ । ਬਹੁਤ ਵੱਡਾ ਵਰ ਸੀ ਸਾਰੀ ਸੰਗਤ ਲਈ ਗੁਰੂ ਰਾਮਦਾਸ ਜੀ ਮਹਾਰਾਜ ਦਾ । ਜਦੋਂ ਮੈਨੂੰ ਗਿਆਨੀ ਜੀ ਨੇ ਦਸਿਆ ਜੋਰਾਵਰ ਸਿੰਘ ਇਹ ਕਿਸੇ ਸੰਸਾਰੀ ਬੰਦੇ ਦਾ ਘਰ ਨਹੀਂ ਇਹ ਗੁਰੂ ਰਾਮਦਾਸ ਜੀ ਮਹਾਰਾਜ ਦਾ ਘਰ ਹੈ । ਜੇ ਇਕ ਭਗਤ ਰਾਜਾ ਜਨਕ ਸਾਰੇ ਨਰਕ ਖਾਲੀ ਕਰਵਾ ਸਕਦਾ ਹੈ ਤਾਂ ਗੁਰੂ ਰਾਮਦਾਸ ਸਾਹਿਬ ਜੀ ਤਾਂ ਆਪ ਪਰਮੇਸ਼ਵਰ ਹਨ, ਉਹ ਕੀ ਨਹੀਂ ਕਰ ਸਕਦੇ । ਇਹ ਸੁਣ ਕੇ ਬਹੁਤ ਮਨ ਵੈਰਾਗਮਈ ਹੋਇਆ, ਮੂੰਹ ਵਿਚੋਂ ਧੰਨ ਗੁਰੂ ਰਾਮਦਾਸ ਜੀ, ਧੰਨ ਰਾਮਦਾਸ ਜੀ ਨਿਕਲ ਰਿਹਾ ਸੀ। ਬਹੁਤ ਵਾਰ ਗੁਰੂ ਰਾਮਦਾਸ ਜੀ ਨੇ ਦਰਸ਼ਨ ਕਰਨ ਦਾ ਮੌਕਾ ਦਾਸ ਨੂੰ ਬਖਸ਼ਿਆ ਸੀ, ਕਿਉਂਕਿ ਦਾਸ ਦਾ ਜ਼ਿਲਾ ਵੀ ਅੰਮ੍ਰਿਤਸਰ ਸਾਹਿਬ ਹੈ । ਜਦੋਂ ਗਿਆਨੀ ਜੀ ਨੇ ਦਸਿਆ ਸ਼ਾਇਦ ਵੀਹ ਸਾਲ ਪਹਿਲਾਂ ਦੀ ਗੱਲ ਹੋਊ। ਮੈਂ ਫੇਰ ਦਰਬਾਰ ਸਾਹਿਬ ਦਰਸ਼ਨ ਕਰਨ ਲਈ ਗਿਆ ਬਸ ਇਸ ਵਾਸਤੇ ਜੋ ਗਿਆਨੀ ਜੀ ਨੇ ਦਸਿਆ ਉਹ ਹੈ ਜਾਂ ਨਹੀਂ। ਵਾਕਿਆ ਹੀ ਦਰਸ਼ਨੀ ਡਿਉੜੀ ਤੋਂ ਦਰਬਾਰ ਸਾਹਿਬ 84 ਹੀ ਕਦਮਾਂ ਦੀ ਦੂਰੀ 'ਤੇ ਹੈ। ਜਦ ਗਿਆ ਦਰਸ਼ਨੀ ਡਿਉੜੀ ਦੇ ਅੰਦਰ ਵੜਦਿਆਂ ਹੀ ਕਦਮ ਗਿਣਨੇ ਸ਼ੁਰੂ ਕਰ ਦਿੱਤੇ, ਜਦੋਂ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋਇਆ ਤਾ ਪੂਰੇ 84 ਕਦਮ ਬਣੇ ।ਮਨ ਸ਼ਰਧਾ ਨਾਲ ਭਰ ਗਿਆ, ਮੂੰਹ ਵਿੱਚੋਂ ਇਕ ਹੀ ਸ਼ਬਦ ਨਿਕਲ ਰਿਹਾ ਸੀ, ਧੰਨ ਗੁਰੂ ਰਾਮਦਾਸ ਜੀ, ਧੰਨ ਗੁਰੂ ਰਾਮਦਾਸ ਜੀ ।

**ਜੋਰਾਵਰ ਸਿੰਘ ਤਰਸਿੱਕਾ**

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਭਾਰਤ 'ਚ ਸਿੱਖ ਨਸਲਕੁਸ਼ੀ ਦਾ ਨੁਮਾਇਆਂ 'ਸਿੱਖ ਨਸਲਕੁਸ਼ੀ 1984'



**ਪਰਮਜੀਤ ਸਿੰਘ ਗਾਜ਼ੀ, ਰਣਜੀਤ ਸਿੰਘ**

ਇਤਿਹਾਸ ਦੀ ਕੋਈ-ਕੋਈ ਘਟਨਾ ਸਭਿਅਤਾ ਦੀ ਸਾਂਝੀ ਯਾਦ ਵਿਚ ਲੰਮੇ ਸਮੇਂ ਲਈ ਅਹਿਮ ਰੂਪ ਧਾਰਨ ਕਰ ਲੈਂਦੀ ਹੈ। ਇਹਨਾਂ ਮਹਾਂ-ਘਟਨਾਵਾਂ (ਸਾਕਿਆਂ, ਘੱਲੂਘਾਰਿਆਂ) ਨੂੰ ਸਮਝਣਾ, ਵਿਚਾਰਨਾ, ਯਾਦ ਰੱਖਣਾ, ਇਨਾਂ ਤੋਂ ਸਬਕ ਹਾਸਲ ਕਰਨੇ ਇੰਨੇ ਅਹਿਮ ਹੋ ਜਾਂਦੇ ਹਨ ਕਿ ਉਸ ਤੋਂ ਬਿਨਾਂ ਸਾਬਤ ਕਦਮੀ ਨਾਲ ਭਵਿੱਖ ਵੱਲ ਤੁਰ ਸਕਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਜਦੋਂ ਵੀ ਕਿਸੇ ਮਨੁੱਖੀ ਸਮੂਹ ਨਾਲ ਅਜਿਹੀ ਘਟਨਾ ਜਾਂ ਤਰਾਸਦੀ ਵਾਪਰਦੀ ਹੈ ਤਾਂ ਉਸ ਦੇ ਪਹਿਲੇ ਚੱਲ ਰਹੇ ਅਮਲ ਪੂਰੀ ਤਰਾਂ ਨਿਰਾਰਥਕ ਹੋ ਜਾਂਦੇ ਹਨ। ਅਜਿਹੇ ਸਮੇਂ ਐਸੇ ਸਵਾਲ ਆਣ ਖੜੇ ਹੁੰਦੇ ਹਨ ਜਿੰਨਾਂ ਦੇ ਜਵਾਬ ਲੱਭ ਕੇ ਹੀ ਅੱਗੇ ਤੁਰਿਆ ਜਾ ਸਕਦਾ ਹੈ ਕਿ ਆਖਿਰ ਸਾਡੇ ਨਾਲ ਵਾਪਰਿਆ ਕੀ ਹੈ? ਇਹ ਕਿਉਂ ਵਾਪਰਿਆ ਹੈ? ਇਸ ਨੇ ਸਾਡੇ ਉੱਤੇ ਕੀ ਅਸਰ ਪਾਉਣੇ ਹਨ? ਅਤੇ ਅਸੀਂ ਉਨਾਂ ਅਸਰਾਂ ਤੋਂ ਕਿਵੇਂ ਉੱਭਰਨਾ ਹੈ?

ਜਿਵੇਂ ਸਿਆਣੇ ਕਹਿੰਦੇ ਹਨ ਕਿ ਟੁੱਟੀ ਹੋਈ ਬਾਂਹ ਗਲ਼ ਨੂੰ ਆਉਂਦੀ ਹੈ ਤੇ ਉਸ ਦਾ ਆਸਰਾ ਤੱਕਦੀ ਹੈ ਉਸੇ ਤਰਾਂ ਮਨੁੱਖੀ ਸਮੂਹ ਵੀ ਮਹਾਂ-ਤਰਾਸਦੀਆਂ ਵਾਪਰਨ ਤੋਂ ਬਾਅਦ ਆਪਣੇ ਮੂਲ ਆਦਰਸ਼ ਦਾ ਆਸਰਾ ਤੱਕਦੇ ਹਨ। ਅਸਲ ਵਿਚ ਉਨਾਂ ਦਾ ਆਪਣਾ ਮੂਲ ਆਦਰਸ਼ ਹੀ ਅਜਿਹਾ ਆਸਰਾ ਹੁੰਦਾ ਹੈ ਜਿਹੜਾ ਅਜਿਹੇ ਬਿਖੜੇ ਹਾਲਾਤ ਵਿਚ ਉਨਾਂ ਨੂੰ ਦਰਪੇਸ਼ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਅਤੇ ਉਨਾਂ ਨੂੰ ਹਲਾਤ ਤੋਂ ਉੱਭਰਣ ਲਈ ਸਮਰੱਥਾਵਾਨ ਕਰ ਸਕਦਾ ਹੈ।

1984 ਈ. ਵਿਚ ਵਾਪਰੀਆਂ ਘਟਨਾਵਾਂ, ਘੱਲੂਘਾਰਾ ਜੂਨ '84 ਅਤੇ ਨਵੰਬਰ 1984 ਦੀ ਨਸਲਕੁਸ਼ੀ, ਅਜੋਕੇ ਸਮੇਂ ਵਿਚ ਅਜਿਹਾ ਕੇਂਦਰ ਬਿੰਦੂ ਬਣ ਗਈਆਂ ਹਨ ਕਿ ਸਿੱਖ ਇਸ ਸਮੇਂ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਨੂੰ ਹੁਣ ਇਸੇ ਨੁਕਤੇ ਤੋਂ ਵੇਖਦੇ ਹਨ। ਅਜਿਹਾ ਹੋਣਾ ਸੁਭਾਵਿਕ ਹੈ, ਕਿਉਂਕਿ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਹੋਰਨਾਂ ਅਨੇਕਾ ਗੁਰਧਾਮਾਂ, ਜਿਨਾਂ ਦੀ ਗਿਣਤੀ 65 ਤੋਂ ਵੀ ਵੱਧ ਹੈ, ਉੱਤੇ ਭਾਰਤੀ ਫੌਜ ਵੱਲੋਂ ਕੀਤਾ ਗਿਆ ਕਹਿਰੀ ਹਮਲਾ ਅਤੇ ਨਵੰਬਰ 1984 ਵਿਚ ਦਿੱਲੀ, ਹਰਿਆਣਾ, ਹਿਮਾਚਲ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ, ਪੱਛਮੀ-ਬੰਗਾਲ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਤਾਮਿਲਨਾਡੂ ਆਦਿ ਸੂਬਿਆਂ ਦੇ ਸੈਂਕੜੇ ਤੋਂ ਵੀ ਵੱਧ ਸ਼ਹਿਰਾਂ ਵਿਚ ਕੀਤੀ ਗਈ ਸਿੱਖਾਂ ਦੀ ਨਸਲਕੁਸ਼ੀ ਸਿੱਖਾਂ ਲਈ ਇਕ ਕਹਿਰੀ ਘਟਨਾਕ੍ਰਮ ਸੀ। ਇਹਨਾਂ ਘਟਨਾਵਾਂ ਰਾਹੀਂ ਦਿੱਲੀ ਦਰਬਾਰ ਨੇ ਸਿੱਖਾਂ ਦੀ ਹਸਤੀ ਅਤੇ ਹੋਣੀ ਨੂੰ ਆਪਣੇ ਹਿਸਾਬ ਨਾਲ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਆਖਿਰ ਸਿੱਖਾਂ ਨਾਲ ਇਹ ਕੀ ਅਤੇ ਕਿਉਂ ਵਾਪਰਿਆ ਸੀ? ਦਿੱਲੀ ਹਕੂਮਤ ਕੀ ਕਰਨਾ ਚਾਹੁੰਦੀ ਸੀ? ਇਹ ਸਵਾਲ ਵੇਖਣ ਨੂੰ ਜਿੰਨੇ ਸਧਾਰਨ ਲੱਗਦੇ ਹਨ ਓਨੇ ਹੀ ਮੁਸ਼ਕਿਲ ਹਨ। ਇਸ ਦੇ ਜਵਾਬ ਵੱਖ-ਵੱਖ ਪੱਧਰਾਂ ਉੱਤੇ ਵੱਖ-ਵੱਖ ਨਜ਼ਰੀਏ ਤੋਂ ਦਿੱਤੇ ਜਾ ਸਕਦੇ ਸਨ ਤੇ ਦਿੱਤੇ ਗਏ ਵੀ ਹਨ ਅਤੇ ਅਗਾਂਹ ਵੀ ਅਜਿਹਾ ਹੁੰਦਾ ਰਹੇਗਾ। ਸਾਰੇ ਪੱਖਾਂ ਨੂੰ ਮਿਲਾ ਕੇ ਮੁਕੰਮਲ ਤਸਵੀਰ ਉੱਭਰੇਗੀ।

ਅੱਜ ਦੇ ਸਮੇਂ ਜਦੋਂ ਜੰਗ ਵਾਪਰਦੀ ਹੈ ਤਾਂ ਇਹ ਸਿਰਫ ਸਰੀਰਕ ਨਹੀਂ ਹੁੰਦੀ, ਬਲਕਿ ਉਸ ਦਾ ਬਹੁਤਾ ਹਿੱਸਾ ਮਨੋਵਿਗਿਆਨਕ ਹੁੰਦਾ ਹੈ। ਅਜੋਕੇ ਯੁਗ ਵਿਚ ਜੰਗ ਦਾ ਮਨੋਰਥ ਦੁਸ਼ਮਣ ਨੂੰ ਸਿਰਫ ਹਥਿਆਰਬੰਦ ਜੰਗ ਦੇ ਮੈਦਾਨ ਵਿਚ ਹਰਾਉਣਾ ਨਹੀਂ ਹੁੰਦਾ ਬਲਕਿ ਦੁਸ਼ਮਣ ਨੂੰ ਆਪਣੇ ਚੱਜ-ਅਚਾਰ, ਰਾਏ-ਵਿਚਾਰ ਤੇ ਨੈਤਿਕ ਮੱਤ, ਭਾਵ ਆਪਣੀ ਗਿਆਨ ਪਰੰਪਰਾ ਅਨੁਸਾਰ ਢਾਲਣਾ ਹੁੰਦਾ ਹੈ। ਇੰਡੀਆ ਨੇ 1984 ਦੇ ਘੱਲੂਘਾਰੇ ਇਸੇ ਮਨੋਰਥ ਲਈ ਵਰਤਾਏ ਸਨ। ਦਿੱਲੀ ਦਰਬਾਰ ਸਿੱਖਾਂ ਦੀ ਘਾੜਤ ਨੂੰ ਆਪਣੇ ਸਾਂਚੇ ਵਿਚ ਢਾਲਣਾ ਚਾਹੁੰਦਾ ਹੈ।

ਇਸ ਨੂੰ ਵਧੇਰੇ ਡੂੰਘਾਈ ਨਾਲ ਸਮਝਣ ਲਈ ਇਹ ਜਾਨਣਾ ਜਰੂਰੀ ਹੈ ਕਿ ਦਿੱਲੀ ਦਰਬਾਰ ਦੀ ਆਪਣੀ ਤਾਸੀਰ ਕੀ ਹੈ। ਦਿੱਲੀ ਦਰਬਾਰ ਦਾ ਮੌਜੂਦਾ ਢਾਂਚਾ ਬਸਤੀਵਾਦੀ ਬਰਤਾਨਵੀ ਸਾਮਰਾਜ ਦੀ ਵਿਰਾਸਤ ਹੈ। 1947 ਦੇ ਸੱਤਾ ਤਬਾਦਲੇ ਮੌਕੇ ਇੰਡੀਆ ਦੇ ਬਸਤੀਵਾਦੀ ਪ੍ਰੋਜੈਕਟ ਦੀ ਕਮਾਨ ਦਿੱਲੀ ਦਰਬਾਰ ਦੇ ਦੇਸੀ ਹਾਕਮਾਂ ਹੱਥ ਆ ਗਈ। ਦਿੱਲੀ ਦਰਬਾਰ ਦੇ ਨਵੇਂ ਹਾਕਮਾਂ ਨੇ ਇਸ ਢਾਂਚੇ ਨੂੰ ਬਸਤੀਵਾਦੀ ਲੀਹਾਂ ਉੱਤੇ ਹੀ ਅੱਗੇ ਵਧਾਇਆ। ਵੱਖ-ਵੱਖ ਰਿਆਸਤਾਂ ਸਮੇਤ ਬਹੁਤ ਸਾਰੇ ਅਜ਼ਾਦ ਖਿੱਤਿਆਂ ਨੂੰ ਫੌਜੀ ਬਲ ਨਾਲ ਇੰਡੀਆ ਵਿਚ ਰਲਾਇਆ ਗਿਆ, ਤੇ ਰਾਜ ਦਾ ਨਿਜ਼ਾਮ ਅਜਿਹਾ ਰੱਖਿਆ ਗਿਆ ਜਿੱਥੇ ਲੋਕਾਂ ਉੱਤੇ ਉਹਨਾਂ ਦੀ ਸਲਾਹ ਜਾਂ ਰਾਇ ਨਾਲ ਨਹੀਂ ਬਲਕਿ ਡੰਡੇ ਦੇ ਜ਼ੋਰ ਨਾਲ ਰਾਜ ਕੀਤਾ ਜਾਂਦਾ ਹੈ।

ਦੂਜਾ, ਇਸ ਬਹੁਭਾਂਤੀ ਖਿੱਤੇ ਨੂੰ ਇਕੋ ਰੰਗ ਵਿਚ ਰੰਗਣ ਲਈ ਇੱਥੇ 'ਨੈਸ਼ਨਲਇਜ਼ਮ' ਅਤੇ 'ਨੇਸ਼ਨ ਸਟੇਟ' ਦੀ ਉਸਾਰੀ ਦਾ ਪ੍ਰੋਜੈਕਟ ਵਿੱਢਿਆ ਗਿਆ। ਸੈਕੂਲਰ ਲਿਬਾਸ ਵਾਲੀ 'ਇੰਡੀਅਨ ਨੇਸ਼ਨ' ਅਤੇ ਪ੍ਰਤੱਖ ਬਿੱਪਰਵਾਦੀ ਲਿਬਾਸ ਵਾਲਾ 'ਹਿੰਦੂ ਰਾਸ਼ਟਰ', ਵੇਖਣ ਨੂੰ ਭਾਵੇਂ ਵੱਖੋ-ਵੱਖ ਹੋਣ ਦਾ ਭੁਲੇਖਾ ਪਾਉਂਦੇ ਹੋਣ ਪਰ ਇਹ ਦੋਵੇਂ ਹੀ ਇਕੋ ਸਿੱਕੇ ਦੇ ਦੋ ਪਹਿਲੂ ਹਨ ਅਤੇ ਪਹਿਲਾ ਮਹਿਜ਼ ਦੂਜੇ ਦਾ ਪੂਰਕ ਹੀ ਹੈ। ਦੋਵਾਂ ਦਾ ਮਨੋਰਥ ਇਸ ਬਹੁਭਾਂਤੀ ਖਿੱਤੇ ਦੀ ਵੰਨਸੁਵੰਨਤਾ, ਜਿਸ ਵਿਚ ਧਾਰਮਿਕ, ਨਸਲੀ, ਕੌਮੀ, ਸੱਭਿਆਚਾਰਕ, ਭਾਖਾਈ ਤੇ ਵਿਸ਼ਵਾਸ਼ ਦੀ ਵੰਨਸੁਵੰਨਤਾ ਸ਼ਾਮਿਲ ਹੈ, ਨੂੰ ਮੇਟ ਕੇ ਇਸ ਪੂਰੇ ਖਿੱਤੇ ਨੂੰ ਇਕੋ ਰੰਗਣ ਦੇਣੀ ਹੈ। ਫਰਕ ਸਿਰਫ ਇੰਨਾ ਹੈ ਕਿ ਇੰਡੀਅਨ ਨੈਸ਼ਨਲਿਸਟ ਧਾਰਾ 'ਇੰਡੀਅਨ ਨੇਸ਼ਨ' ਦੀ ਅਸਲ ਬਿਪਰਵਾਦੀ ਜਾਂ ਹਿੰਦੂਤਵੀ ਰੰਗਣ ਨੂੰ ਸਜਿਹੇ-ਸਜਿਹੇ ਉਭਾਰਨ ਦੇ ਹੱਕ ਵਿਚ ਸੀ, ਜਦਕਿ ਹਿੰਦੂ ਰਾਸ਼ਟਰਵਾਦੀ ਧਾਰਾ ਹੁਣ ਇਸ ਪੱਖੋਂ ਕੋਈ ਲੁਕ-ਲੁਕਾਅ ਨਹੀਂ ਰੱਖਣਾ ਚਾਹੁੰਦੀ।

ਦਿੱਲੀ ਦਰਬਾਰ ਦੀ ਤਾਸੀਰ ਦਾ ਤੀਜਾ ਤੱਤ ਬਿਪਰਵਾਦੀ ਨਿਜ਼ਾਮ ਹੈ ਜੋ ਕਿ ਵਰਣ-ਵੰਡ ਉੱਤੇ ਅਧਾਰਤ ਮਨੁੱਖੀ ਵੰਡ ਦਾ ਅਜਿਹਾ ਸਮਾਜਿਕ ਪ੍ਰਬੰਧ ਹੈ ਜਿਹੜਾ ਸਿਰਫ ਅਖੌਤੀ ਉੱਚ ਜਾਤਾਂ ਨੂੰ ਹੀ ਪੂਰਨ ਮਨੁੱਖ ਮੰਨਦਾ ਹੈ ਬਾਕੀਆਂ ਨੂੰ ਊਣੇ ਜਾਂ ਗੁਲਾਮ ਹੀ ਤਸਲੀਮ ਕਰਦਾ ਹੈ।

ਚੌਥਾ ਤੱਤ ਜੋ ਦਿੱਲੀ ਦਰਬਾਰ ਦੀ ਤਾਸੀਰ ਨੂੰ ਪ੍ਰਭਾਸ਼ਿਤ ਕਰਦਾ ਹੈ ਉਹ ਪੂੰਜੀਵਾਦੀ ਆਰਥਕ ਪ੍ਰਬੰਧ ਹੈ ਜਿਸ ਤਹਿਤ ਧਨਾਢਾਂ ਵੱਲੋਂ ਲੋਕਾਈ ਤੇ ਕੁਦਰਤੀ ਸਾਧਨਾਂ ਦੀ ਬੇਦਰੇਗ ਲੁੱਟ ਕੀਤੀ ਜਾਂਦੀ ਹੈ।

ਸਿੱਖਾਂ ਨੂੰ ਗੁਰੂ ਸਾਹਿਬਾਨ ਨੇ 'ਸਰਬੱਤ ਦੇ ਭਲੇ' ਦਾ ਬਿਰਧ ਬਖਸ਼ਿਆ ਹੈ। ਗੁਰਮਤਿ ਕਾਇਨਾਤ ਦੇ ਸਭਨਾਂ ਜੀਆਂ ਅਤੇ ਸ਼ੈਆਂ ਦੀ ਅਹਿਮੀਅਤ ਨੂੰ ਤਸਲੀਮ ਕਰਦੀ ਹੈ ਜਿਸ ਤਹਿਤ ਸਿੱਖ ਵਿਸ਼ਵਦ੍ਰਿਸ਼ਟੀ ਵਿਚ ਸਾਰੇ ਮਨੁੱਖ ਬਰਾਬਰ ਹਨ ਤੇ ਇੱਥੇ ਊਚ-ਨੀਚ ਜਾਂ ਵਰਣ-ਵੰਡ ਲਈ ਕੋਈ ਥਾਂ ਨਹੀਂ ਹੈ। ਗੁਰਮਤਿ ਬਿੱਪਰ ਦੀ ਰੀਤ ਦਾ ਸਪਸ਼ਟ ਅਤੇ ਮੁਕੰਮਲ ਨਿਖੇਧ ਹੈ। ਗੁਰਮਤਿ ਦਾ ਆਸ਼ਾ ਪਿਆਰ ਤੇ ਸਾਂਝੀਵਾਲਤਾ, ਨਿਰਭਉਤਾ ਤੇ ਨਿਰਵੈਰਤਾ, ਅਤੇ ਸਤ-ਸੰਤੋਖ ਉੱਤੇ ਅਧਾਰਤ ਸਮਾਜ ਦਾ ਹੈ ਜਿਸ ਨੂੰ 'ਬੇਗ਼ਮਪੁਰਾ' ਕਿਹਾ ਜਾਂਦਾ ਹੈ। ਐਸੇ ਆਦਰਸ਼ਕ ਸਮਾਜ ਦੀ ਅੰਦਰੂਨੀ ਅਤੇ ਬਾਹਰੀ ਮਸਲਿਆਂ ਵਿਚ ਮਜਬੂਤੀ ਤੇ ਸੁਰੱਖਿਆ ਦੀ ਜਾਮਨੀ ਵਜੋਂ ਨਿਆਂ, ਅਜ਼ਾਦੀ ਤੇ ਤਰਕਸੰਗਤ ਵੰਡ ਅਧਾਰਤ 'ਹਲੇਮੀ ਰਾਜ' ਗੁਰੂ ਖਾਲਸਾ ਪੰਥ ਦਾ ਰਾਜਸੀ ਆਸ਼ਾ ਹੈ। ਇਹ ਦ੍ਰਿਸ਼ਟੀ ਕਿਸੇ ਇਕ ਖਾਸ ਨਸਲ, ਸੱਭਿਆਚਾਰ, ਭਾਖਿਆ, ਕੌਮ ਜਾਂ ਖਿੱਤੇ ਦੇ ਲੋਕਾਂ ਦੀ ਭਲਾਈ ਦੇ ਵਿਚਾਰ ਤੱਕ ਸੀਮਤ ਨਹੀਂ ਹੈ ਬਲਕਿ ਇੱਥੇ ਰਾਜਨੀਤੀ ਲਈ 'ਸਰਬੱਤ ਦੇ ਭਲੇ' ਦਾ ਆਸ਼ਾ ਬੁਨਿਆਦੀ ਮਾਰਗਸੇਧ ਹੈ, ਜਿਸ ਮੁਤਾਬਿਕ ਰਾਜ ਕਿਸੇ ਖਾਸ ਸਮੂਹ ਜਾਂ ਵਰਗ ਦੀ ਭਲਾਈ ਲਈ ਨਹੀਂ, ਬਲਕਿ ਵਿਆਪਕ ਲੋਕਾਈ ਦੇ ਭਲੇ ਅਤੇ ਬ੍ਰਹਿਮੰਡ ਦੇ ਸਮੁੱਚੇ ਅਮਲ ਵਿਚ ਇਕ-ਸੁਰਤਾ ਬਣਾਈ ਰੱਖਣ ਲਈ ਹੈ। ਇਹ ਸਿਰਫ ਖਿਆਲੀ ਆਦਰਸ਼ ਵਿਚਾਰ ਹੀ ਨਹੀਂ ਹੈ ਬਲਕਿ ਸਿੱਖਾਂ ਨੇ ਆਪਣੇ ਅਮਲ ਰਾਹੀਂ ਇਸ ਨੂੰ ਇਤਿਹਾਸ ਵਿਚ ਵੀ ਭਲੀਭਾਂਤ ਰੂਪਮਾਨ ਕੀਤਾ ਹੈ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਥਾਪਤ ਕੀਤਾ ਖਾਲਸਾ ਰਾਜ, ਮਿਸਲ ਕਾਲ ਦਾ ਰਾਖੀ ਪ੍ਰਬੰਧ, ਦਲ ਖਾਲਸਾ ਦੇ ਵੇਲੇ ਮਿਸਲਾਂ ਦੇ ਸਾਂਝੇ ਖਾਲਸਾ ਰਾਜ ਦੌਰਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਾਲੀ ਸਰਕਾਰ-ਏ-ਖਾਲਸਾ ਸਿੱਖ ਵਿਸ਼ਵਦ੍ਰਿਸ਼ਟੀ ਵਿਚਲੀ 'ਸਰਬੱਤ ਦੇ ਭਲੇ' ਵਾਲੀ 'ਹਲੇਮੀ ਰਾਜ' ਦੀ ਰਾਜਨੀਤੀ ਦੇ ਵਿਹਾਰਕ ਪ੍ਰਗਟਾਵੇ ਦੀਆਂ ਪ੍ਰਤੱਖ ਮਿਸਾਲਾਂ ਹਨ। ਸੋ, ਦਿੱਲੀ ਦਰਬਾਰ ਦੇ ਅਜਿਹੇ ਵਿਤਕਰੇ ਤੇ ਬੇਇਨਸਾਫੀ ਭਰਪੂਰ, ਵੰਨ-ਸੁਵੰਨਤਾ ਮੇਟਣਵਾਲੇ, ਗੈਰ-ਕੁਦਰਤੀ ਅਤੇ ਅਣਮਨੁੱਖੀ ਖਾਸੇ ਦੇ ਮੁਕਾਬਲੇ ਗੁਰਮਤਿ ਦਾ ਬਿਰਧ ਅਜ਼ਾਦੀ, ਨਿਆਂ, ਵੰਨ-ਸੁਵੰਨਤਾ ਤੇ ਕੁਦਰਤ ਪੱਖੀ ਅਤੇ ਸਰਬੱਤ ਦੇ ਭਲੇ ਵਾਲਾ ਹੈ, ਜਿਸ ਦੇ ਵਿਹਾਰ ਦੀ ਗਵਾਹੀ ਇਤਿਹਾਸ ਖੁਦ ਭਰਦਾ ਹੈ। ਅਜਿਹੀ ਸਥਿਤੀ ਵਿਚ ਗੁਰਮਤਿ ਦੇ ਧਾਰਨੀ ਸਿੱਖਾਂ ਨੂੰ ਬਿੱਪਰਵਾਦੀ ਦਿੱਲੀ ਦਰਬਾਰ ਆਪਣੇ ਲਈ ਸਦੀਵੀ ਅਤੇ ਗੰਭੀਰ ਚੁਣੌਤੀ ਮੰਨਦਾ ਹੈ।

ਹੁਣ ਦੂਜੇ ਪਾਸੇ ਇੰਡੀਆ ਵਿਚ ਸਿੱਖਾਂ ਦੀ ਤਤਕਾਲੀ ਸਥਿਤੀ ਅਤੇ ਸਮਰੱਥਾ ਨੂੰ ਵੀ ਵਿਚਾਰਨ ਦੀ ਲੋੜ ਹੈ। 1947 ਦੀ ਵੰਡ ਦਾ ਸਿੱਖਾਂ ਨੇ ਬਹੁਤ ਵੱਡਾ ਸੰਤਾਪ ਝੱਲਿਆ। ਪੰਜਾਬ ਦੀ ਵੰਡ ਵਿਚ ਬਹੁਤੇ ਸਿੱਖ ਆਪਣੀ ਜੱਦੀ-ਪੁਸ਼ਤੀ ਧਰਤੀ ਤੋਂ ਉਜਾੜੇ ਗਏ, ਇਤਿਹਾਸਕ ਗੁਰਧਾਮਾਂ ਤੋਂ ਵਿਛੋੜੇ ਗਏ, ਲੱਖਾਂ ਦੀ ਗਿਣਤੀ ਵਿਚ ਕਤਲ ਹੋਏ ਤੇ ਜ਼ਮੀਨ-ਜਾਇਦਾਦ, ਰਾਸ ਪੂੰਜੀ ਸਭ ਕੁਝ ਖੁਹਾ ਕੇ ਹੁਣ ਦੇ ਇੰਡੀਆ ਵਿਚ ਆਏ। ਗੁਰੂ ਸਾਹਿਬ ਦੇ ਓਟ-ਆਸਰੇ ਸਿੱਖ ਇਸ ਤਰਾਸਦੀ ਦੇ ਅਸਰ ਤੋਂ ਉੱਭਰੇ। ਆਪਣੇ ਸਮਾਜਿਕ ਤੇ ਰਾਜਸੀ ਅਦਾਰਿਆਂ ਰਾਹੀਂ ਸਿੱਖਾਂ ਨੇ ਇੰਡੀਆ ਅੰਦਰ ਆਪਣੀ ਸਮਾਜਿਕ ਤੇ ਰਾਜਸੀ ਹਸਤੀ ਦਾ ਪ੍ਰਗਟਾਵਾ ਕਰਨਾ ਸ਼ੁਰੂ ਕੀਤਾ। ਇਸ ਦੌਰਾਨ ਪੈਦਾ ਹੋਈ ਸਿੱਖਾਂ ਦੀ ਸਮਰੱਥਾ ਨੂੰ ਵੀ ਵਿਚਾਰਨਾ ਬਣਦਾ ਹੈ। 1970 ਵਿਆਂ ਤੱਕ ਸਥਿਤੀ ਇਹ ਬਣ ਗਈ ਕਿ ਇੰਡੀਆ ਆਪਣੀ




ਅੰਨ ਸੁਰੱਖਿਆ ਲਈ ਪੰਜਾਬ ਅਤੇ ਸਿੱਖਾਂ ਉੱਤੇ ਨਿਰਭਰ ਸੀ। ਇੰਡੀਆ ਦੀ ਬਾਹਰੀ ਸੁਰੱਖਿਆ ਦੇ ਮਾਮਲੇ ਵਿਚ ਫੌਜ ਵਿਚਲੀਆਂ ਸਿੱਖਾਂ ਦੀਆਂ ਰਜਮੈਂਟਾਂ ਬਹੁਤ ਅਹਿਮੀਅਤ ਰੱਖਦੀਆਂ ਸਨ ਤੇ ਇਹ ਗੱਲ ਹਾਲੀਆ ਜੰਗਾਂ ਨੇ ਸਾਬਿਤ ਕਰ ਦਿੱਤੀ ਸੀ। ਆਰਥਿਕ ਖੇਤਰ ਵਿਚ ਸਿੱਖਾਂ ਦੀ ਹੈਸੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਕੋਲਾ ਖਣਨ ਤੇ ਇਸਪਾਤ ਉਦਯੋਗ ਵਰਗੇ ਕੋਰ ਸੈਕਟਰ ਅਤੇ ਕੱਚੇ ਮਾਲ ਤੇ ਵਪਾਰਕ ਵਸਤਾਂ ਦੀ ਢੋਆ-ਢੁਆਈ (ਕਮਰਸ਼ੀਅਲ ਰੋਡ ਟਰਾਂਸਪੋਰਟ) ਦੀ ਤਕਰੀਬਨ ਮੁਕੰਮਲ ਮਾਲਕੀ ਸਿੱਖਾਂ ਕੋਲ ਸੀ। ਇੰਡੀਆ ਵਿਚ ਹੋ ਰਹੇ ਕਾਰਖਾਨੇਦਾਰੀ ਉਤਪਾਦਨ ਦੇ ਥੋਕ ਦੇ ਵਪਾਰ ਵਿਚ ਸਿੱਖਾਂ ਦਾ ਚੋਖਾ ਹਿੱਸਾ ਸੀ। 1975 ਦੀ ਐਮਰਜੰਸੀ ਮੌਕੇ ਸਿੱਖਾਂ ਵਲੋਂ ਕੀਤੇ ਗਏ ਜ਼ਬਰਦਸਤ ਅਤੇ ਸਫਲ ਰਾਜਸੀ ਵਿਰੋਧ ਨੇ ਕੇਂਦਰਵਾਦੀ ਤਾਕਤਾਂ ਨੂੰ ਚੁਣੌਤੀ ਦੇਣ ਅਤੇ ਇੰਡੀਆ ਵਿਚ ਕੇਂਦਰੀਕਰਨ ਵਿਰੋਧੀ ਰਾਜਸੀ ਜਮਾਤਾਂ ਨੂੰ ਲਾਮਬੱਧ ਕਰ ਸਕਣ ਦੀ ਸਿੱਖਾਂ ਦੀ ਸਮਰੱਥਾ ਸਾਫ ਤੌਰ ਉੱਤੇ ਜ਼ਾਹਰ ਕਰ ਦਿੱਤੀ ਸੀ। ਇਸ ਸਭ ਕਾਸੇ ਨੇ ਸਿੱਖਾਂ ਦੀ ਰਾਜਸੀ ਹੈਸੀਅਤ ਬੁਲੰਦ ਕੀਤੀ ਸੀ। 'ਸਰਬੱਤ ਦੇ ਭਲੇ' ਵਾਲੇ ਆਪਣੇ ਆਦਰਸ਼, ਤੇ ਇਸ ਨੂੰ ਰੂਪਮਾਨ ਕਰਦੇ ਰਾਜਸੀ ਇਤਿਹਾਸ ਕਰਕੇ, ਸਿੱਖ ਦਿੱਲੀ ਦਰਬਾਰ ਦੇ ਕੇਂਦਰੀਕਰਨ ਵਾਲੇ ਨਿਜ਼ਾਮ ਦੇ ਅਜਿਹੇ ਸੰਭਾਵੀ ਬਦਲ 'ਚ ਧੁਰੇ ਵਾਲੀ ਭੂਮਿਕਾ ਨਿਭਾਉਣ ਦੇ ਸਮਰੱਥ ਸਾਬਿਤ ਹੋ ਰਹੇ ਸਨ, ਜਿਹੜਾ ਕਿ ਸਾਰੇ ਖਿੱਤੇ ਦੇ ਲੋਕਾਂ ਦੀਆਂ ਪਛਾਣਾਂ ਅਤੇ ਉਨਾਂ ਦੇ ਸਰੋਕਾਰਾਂ ਦਾ ਸਤਿਕਾਰ ਬਹਾਲ ਕਰੇ।

ਅਜਿਹੀ ਸਥਿਤੀ ਵਿਚ ਸਿੱਖ ਦਿੱਲੀ ਦਰਬਾਰ ਸਾਹਮਣੇ ਇਕ ਅਜਿਹੀ ਚੁਣੌਤੀ ਬਣ ਗਏ ਸਨ ਜਿਸ ਦਾ 'ਪੱਕਾ ਹੱਲ' ਕੱਢਣਾ ਉਸ ਦੀ ਆਪਣੀ ਹੋਂਦ ਬਚਾਉਣ ਦਾ ਸਵਾਲ ਬਣਦਾ ਜਾ ਰਿਹਾ ਸੀ। ਇਸ ਤੋਂ ਬਾਅਦ ਉਹ ਅਮਲ ਸ਼ੁਰੂ ਹੁੰਦਾ ਹੈ ਜਿਸ ਦੀ ਸਿਖਰ 1984 ਦੇ ਜੂਨ ਅਤੇ ਨਵੰਬਰ ਦੇ ਘੱਲੂਘਾਰਿਆਂ ਦੇ ਰੂਪ ਵਿਚ ਹੋਈ। ਪਰ ਇਹ ਸਭ ਕੁਝ ਇੱਥੇ ਹੀ ਨਹੀਂ ਰੁਕਿਆ। ਦਿੱਲੀ ਦਰਬਾਰ ਨੇ ਇਸ ਸਾਰੇ ਅਮਲ ਅਤੇ ਘਟਨਾਕ੍ਰਮ ਨੂੰ, ਤੇ ਇਸ ਰਾਹੀਂ ਸਿੱਖਾਂ ਨੂੰ, ਦੁਨੀਆ ਤੇ ਖਿੱਤੇ ਦੇ ਲੋਕਾਂ ਸਾਹਮਣੇ ਆਪਣੇ ਮੁਤਾਬਿਕ ਮੁੜ-ਪ੍ਰਭਾਸ਼ਿਤ ਕਰਨ ਦਾ ਯਤਨ ਕੀਤਾ। ਜੇਕਰ ਗੱਲ ਨੂੰ 1984 ਦੇ ਜੂਨ ਅਤੇ ਨਵੰਬਰ ਦੇ ਘੱਲੂਘਾਰਿਆਂ ਤੱਕ ਹੀ ਸੀਮਤ ਕਰਕੇ ਵਿਚਾਰਨਾ ਹੋਵੇ ਤਾਂ ਦਿੱਲੀ ਦਰਬਾਰ ਨੇ ਜੂਨ '84 ਦੇ ਘੱਲੂਘਾਰੇ ਨੂੰ 'ਸਿੱਖਾਂ ਦੇ ਪਵਿੱਤਰ ਅਸਥਾਨਾਂ ਨੂੰ ਅਤਿਵਾਦੀ ਅਨਸਰਾਂ ਕੋਲੋਂ ਮੁਕਤ ਕਰਵਾਉਣ' ਦੀ ਕਾਰਵਾਈ ਦੱਸਿਆ। ਇਸੇ ਤਰਾਂ ਨਵੰਬਰ '84 ਦੀ ਨਸਲਕੁਸ਼ੀ ਨੂੰ 'ਇੰਦਰਾ ਗਾਂਧੀ ਦੀ ਮੌਤ ਦਾ ਪ੍ਰਤੀਕਰਮ ਅਤੇ ਹਾਲਾਤ ਬੇਕਾਬੂ ਹੋ ਜਾਣ ਕਰਕੇ ਵਾਪਰੇ ਦੰਗਿਆਂ' ਦੇ ਤੌਰ ਉੱਤੇ ਪ੍ਰਭਾਸ਼ਿਤ ਕੀਤਾ ਗਿਆ। ਕਿਸੇ ਵੀ ਤਰਾਸਦੀ ਜਾਂ ਘਟਨਾਕ੍ਰਮ ਨੂੰ ਦਿੱਤਾ ਜਾਣ ਵਾਲਾ ਨਾਂ ਉਸ ਬਾਰੇ ਨਜ਼ਰੀਏ ਦਾ ਦਾਇਰਾ ਵੀ ਤੈਅ ਕਰ ਦਿੰਦਾ ਹੈ। ਦਿੱਲੀ ਦਰਬਾਰ ਨੇ ਉਕਤ ਪਰਿਭਾਸ਼ਾਵਾਂ ਰਾਹੀਂ ਜੂਨ ਅਤੇ ਨਵੰਬਰ 1984 ਬਾਰੇ ਇਕ ਨਜ਼ਰੀਆ ਦੇਣ ਦੀ ਕੋਸ਼ਿਸ਼ ਕੀਤੀ।

ਸਿੱਖਾਂ ਲਈ ਇਹ ਦੋਵੇਂ ਘਟਨਾਕ੍ਰਮ ਅਤਿ ਦੁੱਖਦਾਈ ਸਨ। 1984 ਤੋਂ ਬਾਅਦ ਸਿੱਖ ਆਪਣੀ ਹਸਤੀ ਅਤੇ ਹੈਸੀਅਤ ਦੇ ਸਵਾਲਾਂ ਦੇ ਸਨਮੁਖ ਖੜੇ ਸਨ। ਜੂਨ ਮਹੀਨੇ ਵਿਚ ਵਾਪਰੇ ਘੱਲੂਘਾਰੇ ਤੋਂ ਬਾਅਦ ਹੀ ਆਪਣੇ ਮੂਲ ਨਾਲ ਜੁੜੇ ਸਿੱਖਾਂ ਨੂੰ ਸਪਸ਼ਟ ਇਸ਼ਾਰੇ ਮਿਲ ਗਏ ਸਨ ਕਿ ਕੀ ਵਾਪਰਿਆ ਹੈ, ਕਿਉਂ ਵਾਪਰਿਆ ਹੈ ਤੇ ਹੁਣ ਕੀ ਕਰਨਾ ਹੈ? ਉਨਾਂ ਨੂੰ ਪਤਾ ਲੱਗ ਗਿਆ ਸੀ ਕਿ ਜੋ ਵਾਪਰਿਆ ਹੈ ਉਹ 'ਘੱਲੂਘਾਰਾ' ਹੈ ਅਤੇ ਹੁਣ ਅਗਲਾ ਪੈਂਡਾ ਸ਼ਹੀਦੀਆਂ ਦਾ ਹੈ। ਪਰ ਆਪਣੇ ਮੂਲ ਤੋਂ ਦੂਰ ਜਾ ਚੁੱਕੇ ਹਿੱਸੇ, ਖਾਸ ਕਰਕੇ ਆਧੁਨਿਕ ਢਾਂਚੇ ਵਿਚ ਪੜੇ ਤੇ ਪ੍ਰਵਾਨ ਚੜੇ ਸਿੱਖਾਂ ਲਈ, ਸਥਿਤੀ ਬਹੁਤ ਉਲਝਣ ਵਾਲੀ ਬਣ ਗਈ ਸੀ। ਜੋ ਵਾਪਰਿਆ ਸੀ ਉਹ ਉਨਾਂ ਲਈ ਮੰਨਣਯੋਗ ਹੀ ਨਹੀਂ ਸੀ। ਉਹ ਇਸ ਨਜ਼ਰੀਏ ਤੋਂ ਵੇਖ ਰਹੇ ਸਨ ਕਿ ਇਕ ਸਟੇਟ ਆਪਣੇ ਹੀ ਲੋਕਾਂ ਉੱਤੇ ਇੰਝ ਹਮਲਾਵਰ ਨਹੀਂ ਹੋ ਸਕਦੀ, ਤੇ ਜੇ ਅਜਿਹਾ ਹੋਇਆ ਹੈ ਤਾਂ ਇਸ ਪਿੱਛੇ ਜਰੂਰ ਕੋਈ ਵਾਜਿਬ ਕਾਰਨ ਹੋਵੇਗਾ। ਇਸ ਲੀਹ ਉੱਤੇ ਚੱਲਦਿਆਂ ਸਿੱਖਾਂ ਦੇ ਇਸ ਹਿੱਸੇ ਨੂੰ ਸਟੇਟ ਦਾ ਸਿਰਜਿਆ ਜਾ ਰਿਹਾ ਬਿਰਤਾਂਤ ਕਿ 'ਦਰਬਾਰ ਸਾਹਿਬ ਨੂੰ ਅਤਿਵਾਦੀ ਅਨਸਰਾਂ ਕੋਲੋਂ ਮੁਕਤ ਕਰਵਾਇਆ ਗਿਆ ਹੈ' ਕੁਝ ਹੱਦ ਤੱਕ ਸਹੀ ਲੱਗਣ ਲੱਗ ਗਿਆ ਸੀ। ਪਰ ਇਸ ਘਟਨਾਕ੍ਰਮ ਦੀ ਪੀੜ ਉਹ ਵੀ ਮਹਿਸੂਸ ਕਰਦੇ ਸਨ ਤੇ ਇਸ ਲਈ ਵਿਚ-ਵਿਚਾਲੇ ਵਾਲਾ ਰਾਹ ਇਹ ਲੱਭ ਰਹੇ ਸਨ ਕਿ ਸਰਕਾਰ ਨੂੰ ਫੌਜ ਜਾਂ ਲੋੜ ਤੋਂ ਵੱਧ ਤਾਕਤ ਦੀ ਵਰਤੋਂ ਨਹੀਂ ਸੀ ਕਰਨੀ ਚਾਹੀਦੀ। ਇਹ ਹਿੱਸਾ ਦਿੱਲੀ ਦਰਬਾਰ ਦੀ ਕਾਰਵਾਈ ਦੀ ਹਕੀਕਤ ਨੂੰ ਤਸਲੀਮ ਕਰਨ ਦੀ ਬਜਾਏ ਖੁਦ ਨੂੰ (ਸਿੱਖਾਂ ਨੂੰ) ਦੋਸ਼ ਦੇਣ ਦੇ ਰਾਹ ਤੁਰ ਪਿਆ ਸੀ।

ਪਰ ਗੱਲ ਜੂਨ 1984 ਉੱਤੇ ਵੀ ਨਹੀਂ ਰੁਕੀ। 31 ਅਕਤੂਬਰ 1984 ਨੂੰ ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਵੱਲੋਂ ਇੰਡੀਆ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧ ਦੇਣ ਤੋਂ ਬਾਅਦ ਰਾਜਧਾਨੀ ਦਿੱਲੀ ਸਮੇਤ ਇੰਡੀਆ ਭਰ ਵਿਚ ਸਿੱਖਾਂ ਉੱਤੇ ਕਹਿਰੀ ਹਮਲੇ ਕੀਤੇ ਗਏ ਤੇ ਉਹਨਾ ਦਾ ਬੇਕਿਰਕੀ ਨਾਲ ਕਤਲੇਆਮ ਕੀਤਾ ਗਿਆ। ਸਿੱਖ ਬੀਬੀਆਂ ਦੀ ਗਲੀਆਂ-ਬਜ਼ਾਰਾਂ ਵਿਚ ਪੱਤ ਰੋਲੀ ਗਈ। ਸਿੱਖਾਂ ਦੀਆਂ ਅਰਬਾਂ ਦੀਆਂ ਜਾਇਦਾਦਾਂ ਰਾਖ ਦਾ ਢੇਰ ਬਣਾ ਦਿੱਤੀਆਂ ਗਈਆਂ। ਹਾਲਾਤ ਇਹ ਬਣੇ ਕਿ ਸਰਕਾਰੀ ਸੇਵਾਵਾਂ ਵਿਚਲੇ ਤੇ ਸਿਖਰਲੇ ਸੰਵਿਧਾਨਿਕ ਅਹੁਦਿਆਂ ਉੱਤੇ ਬੈਠੇ ਸਿੱਖ ਵੀ ਸੁਰੱਖਿਅਤ ਨਾ ਰਹੇ। ਇਸ ਘਟਨਾਕ੍ਰਮ ਨੇ ਹਰ ਵੰਨਗੀ ਦੇ ਸਿੱਖ ਅੱਗੇ ਦਿੱਲੀ ਦਰਬਾਰ ਦਾ ਸੱਚ ਇਕ ਵਾਰ ਤਾਂ ਉਘਾੜ ਕੇ ਰੱਖ ਦਿੱਤਾ ਸੀ। ਸਭਨਾ ਸਿੱਖਾਂ ਨੇ ਮਹਿਸੂਸ ਕੀਤਾ ਕਿ 'ਦੇਸ਼ ਸਾਨੂੰ ਮਾਰ ਰਿਹਾ ਹੈ।'

ਦਿੱਲੀ ਦਰਬਾਰ ਨੇ ਘੱਲੂਘਾਰਾ ਜੂਨ '84 ਅਤੇ ਨਵੰਬਰ 1984 ਦੀ ਨਸਲਕੁਸ਼ੀ ਵਰਤਾਅ ਕੇ ਸਿੱਖਾਂ ਦੇ ਸਵੈਮਾਣ ਨੂੰ ਮੇਸਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਸੀ ਕਿਉਂਕਿ ਸਵੈਮਾਣ ਹੀ ਸਵੈਭਰੋਸੇ ਅਤੇ ਮਨੋਵਿਗਿਆਨਕ ਸਮਰੱਥਾ ਦਾ ਸੋਮਾਂ ਹੁੰਦਾ ਹੈ। ਦਿੱਲੀ ਦਰਬਾਰ ਨੇ ਆਪਣੇ ਵੱਲੋਂ ਸਿੱਖਾਂ ਦੇ ਅਜਿਹੀ ਸਰੀਰਕ, ਮਨੋਵਿਗਿਆਨ ਅਤੇ ਆਰਥਿਕ ਸੱਟ ਮਾਰੀ ਸੀ ਕਿ ਉਹ ਉੱਠਣ ਜੋਗੇ ਨਾ ਰਹਿਣ। ਦੂਜੇ ਪਾਸੇ ਆਪਣੇ ਮੂਲ ਆਦਰਸ਼ ਨਾਲ ਜੁੜੇ ਸਿੱਖਾਂ ਨੇ ਆਪਣੇ ਇਤਿਹਾਸ ਅਤੇ ਰਿਵਾਇਤ ਤੋਂ ਪ੍ਰੇਰਣਾ ਲੈ ਕੇ ਦਿੱਲੀ ਦਰਬਾਰ ਦੀ ਇਸ ਅਸਾਵੀਂ ਜੰਗ ਦੀ ਚਣੌਤੀ ਨੂੰ ਪ੍ਰਵਾਨ ਕੀਤਾ ਅਤੇ ਖਿੜੇ ਮੱਥੇ ਸ਼ਹੀਦੀਆਂ ਹਾਸਿਲ ਕੀਤੀਆਂ।

ਅੱਜ ਅਸੀਂ ਉਕਤ ਘਟਨਾਕ੍ਰਮ ਤੋਂ ਕਰੀਬ ਪੌਣੇ ਚਾਰ ਦਹਾਕੇ ਦੀ ਵਿੱਥ ਉੱਤੇ ਖੜੇ ਹਾਂ। ਜੂਨ 1984 ਦੇ ਫੌਜੀ ਹਮਲੇ ਸਿੱਖ ਇਤਿਹਾਸ ਅਤੇ ਸਿੱਖਾਂ ਦੇ ਮਨਾ ਵਿਚ ਤੀਜੇ ਘੱਲੂਘਾਰੇ ਵੱਜੋਂ ਦਰਜ਼ ਹੋ ਚੱਕੇ ਹਨ। ਨਵੰਬਰ 1984 ਬਾਰੇ ਦਿੱਲੀ ਦਰਬਾਰ ਵੱਲੋਂ ਸਿਰਜੇ 'ਦੰਗਿਆਂ' ਦੇ ਬਿਰਤਾਂਤ ਨੂੰ ਸਿੱਖ ਆਪਣੇ ਦਰਮਿਆਨ ਤਾਂ ਪੂਰੀ ਤਰਾਂ ਨਕਾਰ ਚੁੱਕੇ ਹਨ ਅਤੇ ਹੁਣ ਦੁਨੀਆ ਸਾਹਮਣੇ ਵੀ ਇਸ ਝੂਠੇ ਬਿਰਤਾਂਤ ਨੂੰ ਲੀਰੋ ਲੀਰ ਕਰ ਰਹੇ ਹਨ। ਸਮੂਹਿਕ ਸਿੱਖ ਮਾਨਸਿਕਤਾ ਨੇ ਨਵੰਬਰ 1984 ਦੇ ਕਤਲੇਆਮਾਂ ਨੂੰ 'ਸਿੱਖ ਨਸਲਕੁਸ਼ੀ 1984' ਤਸਲੀਮ ਕੀਤਾ ਹੈ, ਤੇ ਇਹੀ ਗੱਲ ਦੁਨੀਆ ਸਾਹਮਣੇ ਉਜਾਗਰ ਕੀਤੀ ਜਾ ਰਹੀ ਹੈ। ਸਿੱਖ ਦੁਨੀਆ ਨੂੰ ਦੱਸ ਰਹੇ ਹਨ ਕਿ ਜਿੰਨੀ ਦੇਰ ਤੱਕ ਕਿਸੇ ਜ਼ੁਰਮ ਦੀ ਸਹੀ ਤਸੀਰ ਦੀ ਸ਼ਨਾਖਤ ਕਰਕੇ

**ਬਾਕੀ ਸਫ਼ਾ 31 'ਤੇ**

# ਭਾਗਾਂ ਅਤੇ ਜਾਨੀ

## ਗੈਰੀ ਢਿੱਲੋਂ

ਇੱਕ ਦਿਨ ਬੈਠੇ ਬੈਠੇ ਉਜਾਗਰ ਨੇ ਉਭੜਵਾਹੇ ਹੀ ਮੂੰਹੋਂ ਕੱਢ ਦਿੱਤਾ–

'ਭਾਗਾਂ, ਤੂੰ ਵੀ ਛੜੀ ਤੇ ਮੈਂ ਵੀ ਛੜਾ..ਛੇਕੜ ਆਪਾਂ ਵਿਆਹ ਈ ਕਰਾ ਲੀਏ..ਛੜੇ ਵੱਜਣੋਂ ਤਾਂ ਹਟ ਜੀਏ...ਹਾ ਹਾ ਹਾ ਹਾ ਹਾ'

ਓਹਨੂੰ ਆਸ ਸੀ ਕਿ ਭਾਗਾਂ ਵੀ ਉਹਦੇ ਇਸ ਠਹਾਕੇ ਤੇ ਖਿੜਖਿੜਾ ਕੇ ਹੱਸ ਪਵੇਗੀ ਪਰ ਇਹ ਉਸਦਾ ਵਹਿਮ ਹੀ ਸੀ। ਭਾਗਾਂ ਦੇ ਮੱਥੇ ਤਿਊੜੀਆਂ ਉੱਭਰ ਆਈਆਂ, ਦੇਖ ਕੇ ਉਜਾਗਰ ਗੰਭੀਰ ਹੋ ਗਿਆ।

'ਨਾ ਵੇ ਜਾਨੀ, ਕਿਉਂ ਨਿਆਣਿਆਂ ਵਾਂਗੂੰ ਕਮਲ ਕੁੱਟਦਾ ਰਹਿਨਾ ਐਂ ? ਭਲਾਂ ਸਾਡਾ ਤੇਰੇ ਨਾਲ ਕੀ ਮੇਲ..ਅਸੀਂ ਏਥੋਂ ਜੁੱਲੀਆਂ ਚੱਕ ਕੇ ਅਹੁ ਪਿੰਡ ਓਥੋਂ ਚੱਕ ਕੇ ਅਹੁ ਪਿੰਡ..ਨਾਲੇ ਸਾਡੇ ਐਹੇ ਜੇਆ ਕੁਸ ਨਈਂ ਜਰਦੇ'

'ਉਹ ਹੋ ਕਮਲੀਏ, ਮੈਂ ਤਾਂ ਹੱਸਦਾ ਸੀ ਐਵੇਂ ਨਾਲੇ ਤੈਥੋਂ ਮੈਂ ਕੀ ਕਰੌਣਾ ਰੰਗ ਬਰੰਗੀ ਜੇਈ ਤੋਂ...ਹਾ ਹਾ ਹਾ ਹਾ'

'ਚੰਗਾ ਜਾਨੀਆਂ ਅੱਗੋਂ ਕਦੇ ਐਹੋਜਾ ਕਮਲ ਨਾਂ ਮਾਰੀਂ.. ਕੰਧਾਂ ਦੇ ਵੀ ਕੰਨ ਹੁੰਦੇ ਆ'

ਕਿੰਨਾ ਚਿਰ ਦੋਹੇਂ ਚੁੱਪ ਬੈਠੇ ਰਹੇ, ਭਾਗਾਂ ਡੱਕੇ ਨਾਲ ਧਰਤੀ ਦੀ ਹਿੱਕ ਤੇ ਲਕੀਰਾਂ ਜਿਹੀਆਂ ਵਾਹੁਣ ਲੱਗ ਪਈ। ਸ਼ਾਇਦ ਉਹ ਉਜਾਗਰ ਦੀ ਅਗਲੀ ਗੱਲ ਉਡੀਕ ਰਹੀ ਸੀ। ਆਖਿਰ ਉਜਾਗਰ ਨੇ ਚੁੱਪ ਤੋੜੀ– 'ਭਾਗਾਂ!..ਬਾਕੀ ਤਾਂ ਖੈਰ ਠੀਕ ਆ..ਪਰ ਆਹ ਤੇਰੀ ਇੱਕ ਗੱਲ ਸਚੀਓਂ ਬਰਛੀ ਵਾਂਗੂੰ ਵੱਜੀ ਮੇਰੇ'

'ਕੇਹੜੀ ਗੱਲ ਜਾਨੀਆਂ ?'

'ਆਹੀ...ਜਿਹੜਾ ਤੂੰ ਕਹਿੰਦੀ ਸੈਂ ਅਸੀਂ ਜੁੱਲੀਆਂ ਚੱਕ ਕੇ ਅਹੁ ਪਿੰਡ ਤੋਂ ਅਹੁ ਪਿੰਡ...ਕਮਲੀਏ ਐਹੋਜੇ ਬੋਲ ਕੁਬੋਲ ਨਈਂ ਬੋਲੀਦੇ'

'ਲੈ ਮੈਂ ਕਦੋਂ ਕੁਸ ਗਲਤ ਕਿਹਾ ਜਾਨੀਆਂ ?...ਇਹ ਤਾਂ ਸਾਡੇ ਰਵਾਜ ਈ ਆ ਜਦੋਂ' 'ਮੈਨੂੰ ਨੀ ਠੇਕਾ ਥੋਡੇ ਰਵਾਜਾਂ ਰਵੂਜਾਂ ਦਾ.. ਗਹਾਂ ਤੋਂ ਨਾਂ ਆਏਂ ਬੋਲੀਂ'

'ਚੰਗਾ ਨਹੀਂ ਬੋਲਦੀ...ਹੁਣ ਮੈਂ ਕੰਮ ਨਬੇੜ ਲਵਾਂ'

ਕਹਿ ਕੇ ਭਾਗਾਂ ਉੱਠ ਖਲੋਤੀ ਤੇ ਆਹਰੇ ਲੱਗ ਗਈ ਤੇ ਜਾਨੀ ਮੰਜੀ ਤੇ ਜਾ ਲਿਟਿਆ।

ਅੱਜ ਓਹਨੂੰ ਖੌਰੇ ਕਿਉਂ ਧੁੜਕੂ ਜਿਹਾ ਲੱਗ ਗਿਆ। ਦਰਵਾਜੇ ਦੀ ਛੱਤ ਵੱਲ ਵੇਖਦਾ–ਵੇਖਦਾ ਸੋਚੀਂ ਡੁੱਬ ਗਿਆ...'ਜੇ ਭਾਗਾਂ ਸਚੀਓਂ ਤੁਰ ਗਈ..ਫੇਰ ?..ਨਾ ਨਾ ਓਏ ਰੱਬਾ.. ਪਹਿਲਾਂ ਈ ਬਥੇਰੀ ਵੱਡੀ ਟਿੱਚਰ ਕਰ ਗਿਐਂ..ਹੋਰ ਨਈਂ ਝੱਲਿਆ ਜਾਣਾ ਮੈਥੋਂ..'

ਇਹੀ ਉਧੇੜ ਬੁਣ ਕਰਦੇ ਕਰਦੇ ਦੀ ਪਤਾ ਨਹੀਂ ਕਦੋਂ ਅੱਖ ਲੱਗ ਗਈ।

'ਚੰਗਾ ਮੈਂ ਚੱਲੀ ਹੁਣ' 'ਹੈਂ ! ਓਹੋ... ਸਹੁਰੀ ਨੀਂਦ ਆ ਗੀ ਸੀ' ਅੱਖਾਂ ਮਲਦਾ ਉਜਾਗਰ ਉੱਠ ਕੇ ਬੈਠ ਗਿਆ।

'ਭਾਗਾਂ ਆਏਂ ਕਰ...ਡਰੰਮੀਂ ਚੋਂ ਆਟਾ ਲੈਜਾ ਭੋਰਾ'

'ਨਾਂ ਵੇ ਜਾਨੀ.. ਰਹਿਣ ਦੇਹ..ਸਰਦਾ ਹਲੇ'

'ਓ ਤੂੰ ਲੈਜਾ–ਲੈਜਾ..ਆਖੇ ਲੱਗਿਆ ਕਰ..ਏਥੇ ਕੇਹੜਾ ਜੂੜੀਆਂ ਆਲੇ ਵਿਲਕਦੇ ਆ ਮੇਰੇ'

'ਚੰਗਾ...ਲੈ ਜੂੰ ਮੈਂ ਆਪੇ ਜਿੱਦਣ ਲੋੜ ਹੋਈ..ਆਖੇ ਲੱਗ.. ਅੱਜ ਨਈਂ ਲਿਜਾਣਾ ਮੈਂ'

'ਤੇਰਾ ਈ ਘਰ ਆ ਕਮਲੀਏ..ਸੰਗ ਵਿਚ ਨਾ ਰਹਿ ਜੀਂ..ਲੋੜ ਹੋਵੇ ਜੋ ਮਰਜੀ ਲੈਜਿਆ ਕਰ'

'ਚੰਗਾ..ਜਾਣ ਦੇ ਮੈਨੂੰ ਹੁਣ...ਕੁਵੇਲਾ ਹੋਜੂ ਐਮੇ'

'ਚੰਗਾ..ਨਿਗਾ ਨਾਲ ਜਾਈਂ'

ਭਾਗਾਂ ਆਪਣਾ ਸਮਾਨ ਸਮੇਟ ਕੇ ਬੂਹਾ ਟੱਪ ਗਈ। ਖੌਰੇ ਕਿਓਂ ਅੱਜ ਓਹਨੂੰ ਭਾਗਾਂ ਦਾ ਜਿਆਦਾ ਹੀ ਮੋਹ ਆ ਰਿਹਾ ਸੀ। ਉਹ ਚਾਹੁੰਦਾ ਸੀ ਕਿ ਹਲੇ ਕਿੰਨਾ ਈ ਚਿਰ ਹੋਰ ਓਹਦੇ ਕੋਲ ਹੀ ਬੈਠੀ ਰਹੇ, ਪਰ ਓਹਨੂੰ ਭਾਗਾਂ ਦੀ ਮਜਬੂਰੀ ਦਾ ਵੀ ਪਤਾ ਸੀ। ਮੰਜੀ ਤੋਂ ਉੱਠ ਕੇ ਬੂਹੇ ਵਿਚ ਖੜ ਗਿਆ।

ਭਾਗਾਂ ਆਪਣੀ ਚਾਲੇ ਮਸਤ ਹਿਰਨੀ ਵਾਂਗ ਚੁੰਗੀਆਂ ਭਰਦੀ ਤੁਰੀ ਜਾ ਰਹੀ ਸੀ। ਬੂਹੇ 'ਚ ਖੜਾ ਜਾਨੀ ਓਹਨੂੰ ਉਦੋਂ ਤੱਕ ਨਿਹਾਰਦਾ ਰਿਹਾ ਜਦ ਤੱਕ ਉਹ ਵੀਹੀ ਦਾ ਮੋੜ ਮੁੜ ਕੇ ਅੱਖੋਂ ਓਹਲੇ ਨਾਂ ਹੋ ਗਈ।

ਦਿਨ ਲੰਘਦੇ ਗਏ, ਤਰੀਕਾਂ ਬਦਲਦੀਆਂ ਰਹੀਆਂ, ਪਰ ਭਾਗਾਂ ਤੇ ਜਾਨੀ ਦੇ ਆਪਸੀ ਆਉਣੇ ਜਾਣੇ ਵਿੱਚ ਕੁਝ ਵੀ ਨਾ ਬਦਲਿਆ। ਓਹੀ ਟਾਈਮ ਤੇ ਚਾਹ ਬਣਦੀ ਰਹੀ..'ਕੱਠੇ ਪੀਂਦੇ ਰਹੇ..ਭਾਗਾਂ ਆਪਣਾ 'ਕੰਮ ਕਰਾਉਣ' ਦਾ ਵਾਅਦਾ ਨਿਭਾਉਂਦੀ ਰਹੀ ਤੇ ਜਾਨੀ ਮੰਜੀ ਤੇ ਬਹਿ ਕੇ ਉਹਨੂੰ ਦੇਖ ਦੇਖ ਕੇ ਖਿਆਲਾਂ ਦੇ ਠੰਡੇ ਮਿੱਠੇ ਸਾਗਰਾਂ ਵਿਚ ਗੋਤੇ ਲਗਾਉਂਦਾ ਰਿਹਾ।

ਏਧਰ ਸ਼ਰੀਕੇ ਵਿਚ ਖਿਚੜੀ ਪੱਕਣ ਲੱਗ ਪਈ।

'ਲੈ... ਬੁੜਿਆਂ ਦੀ ਜੱਦੀ ਜਾਇਦਾਦ ਤੇ ਐਵੇਂ ਕੁਰਲ ਜਾਤ ਕਬਜਾ ਕਰੂ..' ਬੁੜੀਆਂ ਨੂੰ ਗੱਲਾਂ ਥਿਆ ਗਈਆਂ..। 'ਖੌਰੇ ਕੀ ਸਿਰ ਵਿਚ ਪਾਤਾ ਇਹਦੇ ਬੈਤਲ ਨੇ... ਚਗਲ ਓਹਦੇ ਈ ਘੱਗਰੇ ਨਾਲ ਬਝਿਆ ਰਹਿੰਦੈ.. ਨਾਂ ਇਹਨੂੰ ਕੋਈ ਸ਼ਰੀਕੇ ਕਬੀਲੇ ਵਿਚ ਦੁਖਦੇ ਸੁਖਦੇ ਦਾ ਫਿਕਰ'

ਅਖੀਰ ਸ਼ਰੀਕਾਂ ਨੇ ਵਿਓਂਤ ਗੁੰਦੀ ਕਿ– 'ਇਹਨੂੰ ਕੋਈ ਛੱਡੀ ਛਡਾਈ ਦਾ ਹੀ ਸਾਕ ਕਰਵਾ ਦੇਈਏ..ਕੋਈ ਜਬਾਕ ਜੱਲਾ ਹੋਜੂ ਤਾਂ ਘਰਦੀ ਜਾਇਦਾਦ ਘਰੇ ਰਹੂ...ਆਹ ਕੁਜਾਤ ਦਾ ਕੀ ਵਸਾਹ ਕਦੋਂ ਕਾਗਤਾਂ ਤੇ 'ਗੂਠਾ ਲਵਾ ਲੇ ਘੁੱਗੂ ਤੋਂ'।

ਇੱਕ ਦਿਨ ਤਿੱਖੜ ਦੁਪਹਿਰੇ ਸ਼ਰੀਕੇ ਵਿਚੋਂ ਲਗਦੀ ਤਾਈ ਆਪਣੇ ਮੁੰਡੇ ਨਾਲ ਆ ਬਹੁੜੀ। ਉਜਾਗਰ ਨੂੰ ਰਿਸ਼ਤੇ ਦੀ ਦੱਸ ਪਾਉਣ ਲੱਗੀ।

'ਬੇ ਹਲੇ ਉਮਰ ਵੀ ਸੂਤ ਈ ਆ ਓਹਦੀ..ਬੰਦਾ ਹੈਨੀ ਸਿਰ ਤੇ... ਇੱਕ ਕੁੜੀ ਆ ਨਿੱਕੀ ਜੀ.. ਜੇ ਕਹੇਂ ਤਾਂ ਮੈਂ ਗੱਲ ਤੋਰਾਂ... ?

'ਨਾਂ ਤਾਈ.. ਰੱਬ ਰੱਬ ਕਰ..ਮੈਂ ਨੀ ਐਹੋਜੇ ਪੰਗੇ ਵਿਚ ਪੈਣਾ'

'ਬੇ ਅਸੀਂ ਤਾਂ ਤੇਰਾ ਕਰਕੇ ਈ ਤਰਲਾ ਲੈਨੇ ਆਂ ਬੀ ਤੇਰਾ ਘਰ ਬਸ ਜੇ...ਸਾਡਾ ਬੀ ਢਿੱਡ ਮੱਚਦਾ..ਐਂ ਸਾਥੋਂ ਬੀ ਨੀ ਦੇਖਿਆ ਜਾਂਦਾ ਕਮਲਿਆ'

'ਨਾਂ ਹੁਣ ਤੱਕ ਕਿੱਥੇ ਸੀ ਤੁਹੀਂ ਸਾਰੇ.. ? ਮਾਂ ਮੇਰੀ ਸਾਕ ਅੱਲੋਂ ਪੱਲੇ ਅੱਡਦੀ ਮਰਗੀ ਲੋਕਾਂ ਮੂਹਰੇ...ਓਦੋਂ ਤਾਂ ਮਰਗੇ ਸੀ ਤੁਹੀਂ..ਹੁਣ ਫਿਕਰ ਪੈ ਗਿਆ ਇਨਾਂ ਨੂੰ'...ਉਜਾਗਰ ਅੱਗੋਂ ਕੁੱਦ ਕੇ ਪੈ ਗਿਆ।

'ਤਿੱਤਰ ਹੋਜੋ ਸਾਰੇ ਏਥੋਂ... ਖ਼ਬਰਦਾਰ ਜੇ ਮੁੜਕੇ ਮੇਰੀ ਦੇਹਲੀ ਟੱਪੇ ਤਾਂ'

ਪੇਸ਼ ਨਾ ਚੱਲਦੀ ਦੇਖ ਸਾਰੇ ਘਰ ਨੂੰ ਮੁੜ ਆਏ। ਉਜਾਗਰ ਉਨਾਂ ਦੇ ਗਿਆਂ ਮਗਰੋਂ ਵੀ ਕਿੰਨਾ ਚਿਰ ਬੁੜ ਬੁੜ ਕਰਦਾ ਰਿਹਾ।

ਆਥਣ ਵੇਲੇ ਭਾਗਾਂ ਨੇ ਆ ਕੇ ਚਾਹ ਧਰੀ। ਉਜਾਗਰ ਨੂੰ ਅੱਜ ਉਖੜਿਆ ਜਿਹਾ ਮਹਿਸੂਸ ਕੀਤਾ ਓਹਨੇ।

'ਕਿਉਂ ਵੇ ਜਾਨੀਆਂ. ? ਕੀ ਗਵਾਚ ਗਿਆ ਤੇਰਾ.. ? ਕਿਮੇਂ ਤਿਊੜੀਆਂ ਪਾਈਆਂ ਦੇਖ ਖਾਂ'..

'ਓ ਕੁਸ ਨੀ ਭਾਗਾਂ..ਆਹ ਇੱਕ ਤਾਂ ਮੇਰੇ ਸਾਲੇ ਸ਼ਰੀਕਾਂ ਨੇ ਲਹੂ ਪੀ ਰੱਖਿਆ...ਕੰਡਿਆਂ ਤੇ ਘੜੀਸਦੇ ਆ ਕੰਜਰਦੇ..'

'ਨਾਂ ਵੇ ਦੱਸ ਤੈਨੂੰ ਕੀ ਕਹਿੰਦੇ ਆ... ?'

'ਕਹਿਣਾ ਕੀ ਆ ?...ਅਖੇ ਤੈਨੂੰ ਸਾਕ ਕਰੌਣੇ ਆਂ..'

'ਲੈ... ਇਹਦੇ ਵਿਚ ਹਰਖ ਆਲੀਂ ਕੀ ਗੱਲ... ?...ਤੂੰ ਹਾਮੀ ਭਰ ਦੇ ਚੁੱਪ ਕਰਕੇ ਫੇਰ...'

'ਭਾਗਾਂ..! ਡਮਾਕ ਹੱਲ ਗਿਆ ਕੇ ਤੇਰਾ.. ? ਘੱਟੋ ਘੱਟ ਤੂੰ ਤਾਂ ਇਹ ਗੱਲ ਨਾ ਕਹਿ..'

'ਲੈ... ਮੈਂ ਕੀ ਕਹਿਤਾ..ਤੇਰਾ ਈ ਘਰ ਵਸਦਾ..'

'ਤੇ ਭਾਗਾਂ..! ਤੂੰ ਵੀ ਆਵਦਾ ਘਰ ਵਸਾ ਲੈ ਖਾਂ ਫੇਰ.. ਤੂੰ ਕਿਉਂ ਘਰੇ ਬਹਿ ਗੀ ਆਵਦੇ.. ?

'ਜਾਨੀਆਂ ਮੈਂ ਤਾਂ ਸਹੁੰ ਦਿੱਤੀ ਏ ਬੇਬੇ ਨੂੰ...ਮੇਰੀ ਤਾਂ ਮਜਬੂਰੀ ਐ ਭਲਾਂ...'

'ਤੇ ਬੱਸ ਫੇਰ ਮੈਂ ਵੀ ਸਹੁੰ ਦਿੱਤੀ ਐ ਕਿਸੇ ਨੂੰ..ਮੇਰੀ ਵੀ ਮਜਬੂਰੀ ਐ.. ਵਸਿਆ ਤਾਂ ਉਹਦੇ ਨਾਲ ਈ ਵਸੂੰ...ਨਹੀਂ ਤਾਂ ਭੈਣ ਮਰਾਬੇ ਖੜ ਕੇ ਸਿਆਪਾ...'

ਤੂੰ ਕੀਹਨੂੰ ਸਹੁੰ ਦੇਤੀ ਹੁਣ.. ?'

'ਬੱਸ ਦੇਤੀ ਕਿਸੇ ਨੂੰ..ਤੂੰ ਚਾਹ ਪੀ ਕੇ ਕੰਮ ਨਬੇੜ..ਐਮੇ ਨਾ ਮਗਜ ਖਪਾਈ ਕਰ ਬਾਹਲੀ...'

ਭਾਗਾਂ ਨੇ ਉਜਾਗਰ ਦੀ ਸਹੁੰ ਵਾਲੀ ਗੱਲ ਨੂੰ ਸਮਝਿਆ ਖੌਰੇ ਨਾ ਸਮਝਿਆ.. ਇਹ ਤਾਂ ਖੁਦ ਉਹੀ ਜਾਣੇ ਜਾਂ ਰੱਬ ਜਾਣੇ.. ਉਹ ਉੱਠਕੇ ਚੁਪਚਾਪ ਕਿੱਤੇ ਲੱਗ ਗਈ..ਉਜਾਗਰ ਆ ਕੇ ਦਰਵਾਜੇ ਚ ਲਿਟ ਗਿਆ।

ਦਿਨ ਲੰਘੇ..ਮਹੀਨੇ ਲੰਘੇ.. ਅਖੀਰ ਸਾਲ ਲੰਘ ਗਿਆ। ਦੋਹੇਂ ਹੱਸਦੇ ਖੇਡਦੇ ਵਕਤ ਲੰਘਾ ਰਹੇ ਸਨ।

ਇੱਕ ਦਿਨ ਅਚਾਨਕ ਤੜਕੇ ਪਾਠੀ ਦੇ ਬੋਲਣ ਤੋਂ ਪਹਿਲਾਂ ਹੀ ਉਜਾਗਰ ਦਾ ਬੂਹਾ ਖੜਕਿਆ।

ਉਹ ਦਰਵਾਜੇ ਚ ਹੀ ਸੁੱਤਾ ਪਿਆ ਸੀ। ਸੋਚਿਆ 'ਐਸ ਵੇਲੇ ਕੇਹੜਾ ਆ ਗਿਆ ਮੂੰਹ ਚੱਕ ਕੇ ..ਬੁੜ ਬੁੜ ਕਰਦਾ ਉੱਠਿਆ.. ਤਖਤੇ ਇੱਕ ਵਾਰ ਫੇਰ ਜੋਰ ਜੋਰ ਨਾਲ ਖੜਕੇ.....

'ਓ ਖੋਲਦੈਂ ਵਈ.. ਯਕ ਕਰਲਾ ਖਾਂ ਹੁਣ'...ਅੱਖਾਂ ਮਲਦੇ ਨੇਂ ਦਰਵਾਜੇ ਦੀ ਬਾਰੀ ਖੋਹਲੀ...ਅੱਗੇ ਭਾਗਾਂ ਖੜੀ ਸੀ।

'ਭਾਗਾਂ..ਤੂੰ... ? ਐਸ ਵੇਲੇ.. ?

'ਹਾਂ ਜਾਨੀਆਂ..'

'ਕੀ ਹੋ ਗਿਆ ਕਮਲੀਏ.. ? ਸੁੱਖ ਤਾਂ ਹੈ ?'

'ਜਾਨੀਆਂ..! ਗਰੀਬਣੀ ਨੂੰ ਬੂਹਾ ਲੰਘਣ ਦਵੇਂਗਾ..ਕੇ ਬਾਹਰੋਂ ਈ ਮੋੜੇਂਗਾ.. ?'

'ਆਜਾ ਆਜਾ..ਲੰਘ ਆ, ਕਮਲੀਏ ਆਵਦੇ ਘਰੇ ਵੀ ਕੋਈ ਪੁੱਛ ਕੇ ਵੜਦਾ ?' ਉਜਾਗਰ ਬਾਰੀ ਤੋਂ ਪਾਸੇ ਹਟ ਗਿਆ, ਭਾਗਾਂ ਅੰਦਰ ਲੰਘ ਆਈ।

'ਜਾਨੀਆਂ..ਮੈਂ ਤੈਨੂੰ ਦੱਸਣ ਈ ਆਈ ਆਂ...ਅਸੀਂ..ਚੱਲੇ ਆਂ ਏਥੋਂ..'

'ਹੈਂ.. ਕਿੱਥੇ... ਕਿੱਥੇ ਚੱਲੇ ਓਂ... ਦੱਸ' 'ਇਹ ਤਾਂ ਮੈਨੂੰ ਵੀ ਨਈਂ ਪਤਾ ਜਾਨੀਆਂ..ਖੌਰੇ ਅਗਲਾ ਡੇਰਾ ਕਿੱਥੇ ਹੋਊ.. ਝੱਲਿਆ ਆਥਣੇ 'ਡੀਕਦਾ ਨਾਂ ਰਹੀਂ.. ਟੈਮ ਸਿਰ ਤੂੜੀ ਤੰਦ ਪਾ ਲਿਆ ਕਰੀਂ ਬੂਰੀ ਨੂੰ...'

ਭਾਗਾਂ ਦੀ ਗੱਲ ਸੁਣਕੇ ਉਜਾਗਰ ਨੂੰ ਲੱਗਾ ਜਿਵੇਂ ਲੱਤਾਂ 'ਚ ਜਾਨ ਹੀ ਨਾ ਰਹੀ ਹੋਵੇ..ਓਹਦੇ ਪੈਰ ਲੜਖੜਾ ਗਏ.. ਅੱਖਾਂ ਮੂਹਰੇ ਜਿਵੇਂ ਹਨੇਰਾ ਛਾਅ ਗਿਆ, ਦਰਵਾਜੇ ਚ ਚੁੱਪ ਪਸਰ ਗਈ।

ਓਹਦਾ ਕਲੇਜਾ ਮੂੰਹ ਨੂੰ ਆਉਣ ਨੂੰ ਕਰੇ, ਅਵਾਜ ਸੰਘ



ਵਿਚ ਅਟਕ ਗਈ। ਓਹਨੂੰ ਸੁੰਨ ਖੜਾ ਦੇਖ ਕੇ ਭਾਗਾਂ ਨੂੰ ਇੱਕ ਵਾਰ ਡਰ ਜਿਹਾ ਲੱਗਿਆ।

ਥੋੜਾ ਸੰਭਲ ਕੇ ਓਹ ਕੁਰਲਾਇਆ 'ਕਿਓਂ ਝੇਡਾਂ ਕਰਦੀ ਏਂ ਕਮਲੀਏ..ਤੂੰ ਤਾਂ ਆਏਂ ਨਾਂ ਕਰਿਆ ਕਰ'

'ਕਿਓਂ ਅਣਜਾਣ ਬਣਦੈਂ ਜਾਨੀਆਂ..ਤੈਨੂੰ ਵੀ ਪਤੈ ਮੈਂ ਅੱਗੇ ਕਿੰਨੀਆਂ ਕੁ ਐਹੋਜੀਆਂ ਝੇਡਾਂ ਕਰਦੀ ਹੁੰਨੀ ਆਂ'

ਉਜਾਗਰ ਦੀਆਂ ਅੱਖਾਂ ਭਰ ਆਈਆਂ..ਓਹਨੂੰ ਆਵਦੀ ਰੰਗਲੀ ਦੁਨੀਆਂ ਉਜੜਦੀ ਜਾਪੀ, ਪਰ ਓਹ ਇਹ ਵੀ ਜਾਣਦਾ ਸੀ ਕਿ ਗੱਡੀਆਂ ਵਾਲੇ ਵਣਜਾਰੇ ਇੱਕ ਥਾਵੇਂ ਕਦ ਟਿਕ ਕੇ ਬਹਿੰਦੇ ਨੇਂ, ਓਹਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਕੀ ਬੋਲਾਂ ਕੀ ਨਾਂ, ਓਹਦੀ ਜੀਭ ਜਿਵੇਂ ਫੁੱਲ ਕੇ ਤਾਲੂਏ ਨਾਲ ਲੱਗ ਗਈ।

'ਮਨ ਕਰੜਾ ਕਰ ਜਾਨੀਆਂ..ਕੀ ਪਤੈ ਅਸੀਂ ਏਥੇ ਈ ਕਿਤੇ ਬਹਿ ਜਾਈਏ ਤੇਰੇ ਨੇੜੇ ਤੇੜੇ..ਮੈਂ ਆਪੇ ਕਦੇ ਕਦਾਈਂ ਆ ਜਿਆ ਕਰੂੰ ਜੇ ਨੇੜੇ ਹੋਈ'

ਉਸਦੀ ਇਸ ਗੱਲ ਨਾਲ ਉਜਾਗਰ ਰਤਾ ਹੌਂਸਲੇ ਵਿਚ ਹੋ ਗਿਆ।

ਹਿੰਮਤ 'ਕੱਠੀ ਕਰ ਕੇ ਓਹ ਇੱਕ ਵਾਰ ਫੇਰ ਕੁਰਲਾਇਆ..'

'ਭਾਗਾਂ..ਕਮਲੀਏ ਜੇ ਤੂੰ ਸਚੀਓਂ ਚੱਲੀ ਐਂ ਤਾਂ ਮੈਨੂੰ ਦੱਸ ਮੈਂ ਕੇਹੜੇ ਖੂਹ ਵਿਚ ਡਿੱਗਾਂ ਕੱਲਾ ਕਹਿਰਾ..'

'ਮੈਨੂੰ ਕੁਸ ਨਈਂ ਔੜਦਾ ਜਾਨੀਆਂ...ਜਾਣਾ ਤੇ ਪੈਣਾ ਈ ਸੀ...ਮੇਰੇ ਕੀ ਸਾਰੇ ਆ ਭਲਾਂ..ਆਵਦਾ ਸੋਹਣਾ ਘਰ ਵਸਾ..'

'ਵਸ ਗਿਆ ਘਰ ਤਾਂ..ਤੂੰ ਆਪ ਈ ਦੇਖਲਾ ਹੁਣ..ਚਾਰ ਦਿਨ ਈ ਹੱਸ ਖੇਡ ਕੇ ਲੰਘੇ ਮਸਾਂ...ਕਮਲੀਏ ਮੈਨੂੰ ਤਾਂ ਉਥੇ ਈ ਸਿੱਟ ਤਾ ਜਿੱਥੋਂ ਚੁੱਕਿਆ ਸੀ ਤੈਂ'

ਉਜਾਗਰ ਨੇ ਅੱਖਾਂ ਪੂੰਝੀਆਂ ਤੇ ਇਕਦਮ ਚੁੱਪ ਕਰ ਗਿਆ। ਕੁਝ ਸੋਚ ਕੇ ਉਹਨੂੰ ਅੰਦਰ ਸਬਾਤ ਚ ਆਉਣ ਦਾ ਕਿਹਾ, ਆਪ ਮੂਹਰੇ ਮੂਹਰੇ ਤੁਰ ਪਿਆ ਤੇ ਭਾਗਾਂ ਵੀ ਮਗਰ ਮਗਰ ਤੁਰ ਪਈ।

ਅੰਦਰ ਜਾ ਕੇ ਉਜਾਗਰ ਨੇ ਲਾਲਟੈਨ ਜਗਾਈ..ਮੱਠਾ ਮੱਠਾ ਚਾਨਣ ਹੋ ਗਿਆ, ਓਹਨੇ ਚਾਬੀ ਲਾ ਕੇ ਬੇਬੇ ਦਾ ਸੰਦੂਕ ਖੋਲਿਆ, ਵਿੱਚੋਂ ਪਿੱਤਲ ਦੀ ਇੱਕ ਗੜਵੀ ਕੱਢ ਲਈ।

ਗੜਵੀ ਵਿੱਚੋਂ ਲੀਰ ਵਿਚ ਬੱਧਾ ਕੁਝ ਕਢਿਆ ਤੇ ਲਾਲਟੈਨ ਕੋਲ ਆ ਗਿਆ, ਓਹਨੇ ਲੀਰ ਦੀ ਗੰਢ ਖੋਲੀ..

'ਲੈ ਭਾਗਾਂ..ਆਹ ਕੰਨਾਂ ਦੇ ਤੁੰਗਲ..ਤੇਰੀ ਅਮਾਨਤ......ਮੇਰੀ ਬੇਬੇ ਨੇ ਆਵਦੀਆਂ ਟੂਮਾਂ ਭਨਾਅ ਕੇ ਬਣਵਾਏ ਸੀ......ਆਵਦੀ ਨੂੰਹ ਵਾਸਤੇ.....ਇਹ ਤੂੰ ਰੱਖ ਲੈ'

ਭਾਗਾਂ ਡੌਰ ਭੌਰ ਹੋਈ ਉਜਾਗਰ ਦੇ ਮੂੰਹ ਵੱਲ ਝਾਕੀ ਜਾ ਰਹੀ ਸੀ, 'ਨਾਂ ਵੇ ਜਾਨੀ... ਮੈਂ..ਨ..ਨਈਂ ਲੈਣੇ..ਬੇਬੇ ਦੀ 'ਮਾਨਤ...ਆਵਦੀ ਬ..ਬਹੂ ਵਾਸਤੇ ਸਾਂਭ ਕੇ ਰੱਖ ਕਮਲਿਆ'

"ਓ ਤੂੰ...ਆਖੇ ਲੱਗ..... ਭਾਗਾਂ ਕਮਲੀਏ.....ਇਹ ਹੁਣ ਤੇਰੇ ਆ.....ਜਿਵੇਂ ਤੂੰ ਸਹੁੰ ਖਾਧੀ ਐ.. ਮੈਂ...ਮੈਂ ਵੀ ਖਾ ਬੈਠਾਂ..ਬੀ..ਸਹੁੰ ਲੱਗੇ ਬੇਬੇ ਤੇਰੀ...ਏਸ ਘਰੇ ਹੋਰ ਕੋਈ ਵੀ ਬਹੂ ਨੀ ਆਉਣੀ...ਜ..ਜ.. ਜੇ ਆਈ ਤਾਂ.... ਤਾਂ ..ਭਾਗਾਂ ਈ ਆਊ..ਲੈ.. ਫੜ..ਜੇ ਜਾਨੀ ਨੂੰ ਜਿਉਂਦਾ ਵੇਖਣਾਂ ਤਾਂ...ਤਾਂ ਫੜ ਲੈ.. ਨਈਂ ਮੈਂ ਹੁਣੇ ਕੁਸ ਖਾ ਕੇ...ਮ..ਮਰ ਜੂੰ...' ਕਹਿ ਕੇ ਓਹਨੇ ਤੁੰਗਲ ਭਾਗਾਂ ਵੱਲੀ ਕਰ ਦਿੱਤੇ।

'ਜਾਨੀਆਂ ਤੂੰ ਤਾਂ ਮੈਨੂੰ ਕਿਸੇ ਪਾਸੇ ਜੋਗੀ ਨਾਂ ਛਡਿਆ ਵੇ ਕਮਲਿਆ'

ਭਾਗਾਂ ਦੀ ਭੁੱਬ ਨਿੱਕਲ ਗਈ। ਉਜਾਗਰ ਵੀ ਓਹਨੂੰ ਰੋਂਦੀ ਨੂੰ ਦੇਖ ਕੇ ਫਿੱਸ ਪਿਆ, ਓਹਦਾ ਦਿਲ ਕਰੇ ਕਲਾਵੇਂ ਵਿਚ ਲੈ ਕੇ ਭਾਗਾਂ ਨੂੰ ਵਰਾ ਲਵੇ..ਪਰ ਓਹਦੇ ਹੱਥ ਅੱਗੇ ਵਧਣੋਂ ਰੁਕ ਗਏ।

ਬਿੰਦ ਕੁ ਮਗਰੋਂ ਅੱਖਾਂ ਪੂੰਝ ਕੇ ਭਾਗਾਂ ਨੇ ਕੁਝ ਸੋਚਿਆ ਤੇ ਹੱਥ ਅੱਗੇ ਕਰ ਕੇ ਤੁੰਗਲ ਫੜ ਲਏ..।

'ਚੰਗਾ ਜਾਨੀਆਂ.. ਦਿਨ ਚੜਨ ਆਲਾ..ਮੈਨੂੰ ਜਾਣ ਦੇ ਹੁਣ..'

ਕੁਝ ਸੋਚ ਕੇ ਉਜਾਗਰ ਨੇ ਖੰਘੂਰਾ ਮਾਰ ਕੇ ਗਲ਼ ਸਾਫ ਕੀਤਾ 'ਭਾਗਾਂ..! ਇੱਕ ਗੱਲ ਕਹਾਂ ? ਮੋੜੀਂ ਨਾਂ..'

'ਦੱਸ ਜਾਨੀਆਂ..ਨਹੀਂ ਮੋੜਦੀ'

ਭਾਗਾਂ ਦੇ ਏਨਾ ਕਹਿੰਦੇ ਹੀ ਉਜਾਗਰ ਨੇ ਆਪਣੀਆਂ ਦੋਹੇਂ ਬਾਹਾਂ ਖਿਲਾਰ ਦਿੱਤੀਆਂ, ਭਾਗਾਂ ਸਮਝ ਗਈ ਸੀ ਪਰ ਓਹਨੇ ਸ਼ਰਮ ਨਾਲ ਨੀਵੀਂ ਪਾ ਲਈ।

ਉਜਾਗਰ ਨੇ ਅੱਗੇ ਵਧ ਕੇ ਉਹਨੂੰ ਆਪਣੇ ਕਲਾਵੇ ਵਿੱਚ ਭਰ ਲਿਆ... ਇੱਕ ਵਾਰ ਤਾਂ ਉਜਾਗਰ ਨੂੰ ਲੱਗਿਆ ਜਿਵੇਂ ਤਪਦੀ ਦੁਪਹਿਰ ਵਿਚ ਕਿਸੇ ਨੇ ਕਈ ਤੌੜੇ ਪਾਣੀ ਦੇ ਇਕੱਠੇ ਹੀ ਉਸ ਉੱਤੇ ਡੋਲ ਦਿੱਤੇ ਹੋਣ..ਓਹਦੀ ਜਿੰਦਗੀ ਵਿਚ ਇਹ ਪਲ ਪਹਿਲੀ ਵਾਰ ਆਇਆ ਸੀ ਜਦ ਉਹਨੇ ਆਪਣੀ ਬੇਬੇ ਤੋਂ ਇਲਾਵਾ ਕਿਸੇ ਹੋਰ ਔਰਤ ਨੂੰ ਕਲਾਵੇ ਵਿਚ ਭਰਿਆ ਹੋਵੇ। ਇਸ ਮਿੱਠੇ ਅਹਿਸਾਸ ਨੇ ਉਜਾਗਰ ਦਾ ਦੁੱਖ ਉਸਨੂੰ ਕੁਝ ਪਲਾਂ ਲਈ ਭੁਲਾ ਦਿੱਤਾ।

ਅਚਾਨਕ ਭਾਗਾਂ ਦੀਆਂ ਲੰਮੀਆਂ ਬਾਹਾਂ ਨੇ ਆਪ ਮੁਹਾਰੇ ਹੀ ਉਜਾਗਰ ਦੇ ਜਿਸਮ ਦੁਆਲੇ ਸੱਪਣੀ ਵਾਂਗ ਵਲੇਵਾਂ ਪਾ ਲਿਆ, ਇਸ ਵਲੇਵੇਂ ਨੇ ਉਜਾਗਰ ਤੇ ਐਹੋ ਜਿਹਾ ਜਾਦੂ ਕੀਤਾ ਕਿ ਉਹ ਭੁੱਲ ਹੀ ਬੈਠਾ ਕਿ ਉਹ ਇਸ ਧਰਤੀ 'ਤੇ ਖੜਾ ਐ। ਮੰਤਰ ਮੁਗਧ ਹੋਇਆ ਉਹ ਕਿੰਨਾ ਚਿਰ ਓਸੇ ਈ ਅਵਸਥਾ ਵਿਚ ਖੜਾ ਰਿਹਾ।

'ਚੰਗਾ ਮੈਨੂੰ ਜਾਣ ਦੇਹ ਹੁਣ..' ਕਹਿ ਕੇ ਭਾਗਾਂ ਪਿੱਛੇ ਨੂੰ ਹੋਈ। ਉਜਾਗਰ ਨੇ ਵੀ ਕਲਾਵੇ ਦੀ ਪਕੜ ਢਿੱਲੀ ਕਰ ਦਿੱਤੀ ਤੇ ਭਾਗਾਂ ਸਬਾਤ ਤੋਂ ਬਾਹਰ ਨੂੰ ਤੁਰ ਪਈ, ਉਜਾਗਰ ਵੀ ਮਗਰੇ ਹੀ ਤੁਰ ਪਿਆ ਤੇ ਦੋਹੇਂ ਦਰਵਾਜੇ ਚ ਆ ਗਏ।

'ਤੂੰਵੀਮੇਰਾਸਚੀਓਂਮੋਹਕਰਦੀਐਂਭਲਾਂ.. ?ਸੱਚਦੱਸੀਭਾਗਾਂ..'

'ਨਾਂ ਨਾਂ.. ਮੈਂ ਤੇਰਾ ਕਦੋਂ ਮੋਹ ਕਰਦੀ ਆਂ.. ?..ਮੈਂ ਤਾਂ ਸਾਰੇ ਪਿੰਡ ਦੇ ਦਰਵਾਜੇ ਖੜਕਾ ਕੇ ਦੱਸਣ ਆਈ ਸੀ ਵੇ ਲੋਕੋ ਅਸੀਂ ਚੱਲੇ ਆਂ..ਵਿੱਚੇ ਈ ਤੇਰਾ ਦਰਵਾਜਾ ਖੜਕਾ 'ਤਾ।

ਓਹਦੀ ਇਸ ਟਕੋਰ ਨੇ ਉਜਾਗਰ ਨੂੰ ਇੱਕ ਵਾਰ ਤਾਂ ਬਾਗੋ ਬਾਗ ਕਰ ਦਿੱਤਾ ਤੇ ਉਹ ਦੋਹੇਂ ਹੱਸਣ ਲੱਗ ਪਏ।

ਉਨਾਂ ਦੋਹਾਂ ਨੂੰ ਹੀ ਨਹੀਂ ਸੁੱਝ ਰਿਹਾ ਸੀ ਕਿ ਹੁਣ ਇਸ ਅੱਜ ਦੀ ਮੁਲਾਕਾਤ ਦਾ ਅੰਤ ਕਿਵੇਂ ਕਰੀਏ। ਕਿਓਂਕਿ ਇਹ ਸੱਚੀ ਤੇ ਪਾਕ ਮੁਹੱਬਤ ਸੀ...ਉਹ ਮੁਹੱਬਤ ਜਿਸ ਨੂੰ ਕਿੱਸਾਕਾਰ ਅਕਸਰ ਰੂਹਾਂ ਦੀ ਮੁਹੱਬਤ ਕਹਿੰਦੇ ਨੇ..ਜੋ ਜਿਸਮਾਨੀ ਹਵਸ ਤੋਂ ਕਿਤੇ ਉੱਪਰ ਉੱਠ ਚੁੱਕੀ ਹੁੰਦੀ ਐ...ਉਹ ਪਾਕ ਮੁਹੱਬਤ ਜਿਸ ਦੇ ਕਿੱਸੇ ਲਿਖਦਿਆਂ ਕੋਰੇ ਕਾਗਜਾਂ ਦੀ ਹਿੱਕ ਤੇ ਲੁੱਡੀਆਂ ਪਾਉਂਦੀਆਂ–ਪਾਉਂਦੀਆਂ ਅਣਗਿਣਤ ਕਲਮਾਂ ਆਪਣੇ ਵਜੂਦ ਗਵਾ ਬੈਠੀਆਂ..ਤੇ ਕਿੰਨੇ ਹੀ ਕਾਗਜ ਆਪਣੀਆਂ ਹਿੱਕਾਂ ਕਾਲੀਆਂ ਕਰਵਾ ਗਏ।

'ਤੈਨੂੰ ਪਤੈ ਨਾ ਭਾਗਾਂ.. ? ਮੈਂ ਤੈਨੂੰ ਕਦੇ ਉਸ ਨਿਗਾ ਨਾਲ ਨੀ ਦੇਖਿਆ'

"ਪਤੈ ਮੈਨੂੰ..ਰ'ਜਪੂਤ ਦੀ ਧੀ ਆਂ..ਤੂੰ ਐਹੋਜਾ ਹੁੰਦਾ ਤੇਰੇ ਘਰ ਦੇ ਰਾਹ ਵੀ ਨਾਂ ਪੈਂਦੀ..ਵੇਹੜੇ ਸੰਭਰਨੇ ਤਾਂ ਦੂਰ.. ਅੱਬਲ ਤਾਂ ਤੇਰੀ ਹਿੱਕ ਵਿਚੋਂ ਤੱਕਲਾ ਟਪਾ ਦਿੰਦੀ ਜੇ ਕੋਈ ਕਰਤੂਤ ਕਰਦਾ ਤੂ'

'ਤੱਕਲਾ ਤਾਂ ਟਪਾ ਈ ਦਿੱਤਾ ਕਮਲੀਏ..ਛੱਡ ਕੇ ਭੱਜ ਗਈ ਮਲੰਗ ਜੱਟ ਨੂੰ'

'ਲੈ...ਜਾਨੀਆਂ..ਮੈਂ ਕੇਹੜਾ ਮਰ ਚੱਲੀ ਆਂ...ਧੱਕੇ ਖਾ ਕੇ ਮੁੜ ਘੁੜ ਤੇਰੇ ਈ ਪਿੰਡ ਆ ਡੇਰੇ ਲਾਉਣੇ ਆਂ..ਦੇਖ ਲੀਂ ਭਲਾਂ'

'ਚੰਗਾ ਕਮਲੀਏ...ਪਰ ਸੱਚ ਤੂੰ ਵੀ ਆਵਦੀ ਕੋਈ ਨਿਸ਼ਾਨੀ ਤਾਂ ਦੇਦੇ ਹੁਣ'

ਓਹਦੀ ਗੱਲ ਸੁਣ ਕੇ ਭਾਗਾਂ ਸੋਚੀਂ ਪੈ ਗਈ, ਕੁਝ ਸੋਚ ਕੇ ਓਹਨੇ ਆਪਣਾ ਸੱਜਾ ਪੈਰ ਦਰਵਾਜੇ ਡੱਠੀ ਮੰਜੀ ਦੇ ਪਾਵੇ ਤੇ ਧਰਿਆ, ਤੇ ਪੈਰੋਂ ਲਾਹ ਕੇ ਚਾਂਦੀ ਦੀ ਝਾਂਜਰ ਉਜਾਗਰ ਦੀ ਦੀ ਤਲੀ ਤੇ ਧਰ ਕੇ ਉਸਦੀ ਮੁੱਠੀ ਬੰਦ ਕਰ ਦਿੱਤੀ।

'ਲੈ ਜਾਨੀਆਂ..ਗਰੀਬਣੀ ਦੀ ਨਿਸ਼ਾਨੀ ਨੂੰ ਸਾਂਭ ਕੇ ਰੱਖੀਂ'

ਉਜਾਗਰ ਨੇ ਮੁੱਠੀ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ।

'ਕਮਲੀਏ ਇਹਨੂੰ ਤਾਂ ਮੈਂ ਜਾਨ ਬਰਾਬਰ ਰਖੂੰ'

ਬਾਕੀ ਸਫ਼ਾ 30 'ਤੇ

## ਸਿੱਖ ਦੁਖਾਂਤ, ਕਤਲੇਆਮ...

ਸੱਤਾਧਾਰੀ ਕਾਂਗਰਸ ਪਾਰਟੀ ਉਸ ਸਮੇਂ ਮਨੁੱਖਤਾ ਨੂੰ ਖਤਮ ਕਰਨ ਉੱਪਰ ਤੁਲੀ ਹੋਈ ਸੀ।ਹੁਣ ਤੱਕ ਵੀ ਕਾਂਗਰਸ ਲੀਡਰਸ਼ਿਪ ਨੂੰ ਇਸ ਦਾ ਕੋਈ ਪਛਤਾਵਾ ਨਹੀਂ ਹੈ। ਉਨਾਂ ਨੇ ਇਸ ਨੂੰ ਬਿਲਕੁਲ ਮਹਿਸੂਸ ਨਹੀਂ ਕੀਤਾ ਕਿਉਂਕਿ ਉਨਾਂ ਨੇ ਇਸ ਕਾਰੇ ਨੂੰ ਬਹੁਤ ਸਾਧਾਰਨਤਾ ਨਾਲ ਅੰਜਾਮ ਦਿੱਤਾ।ਬੁਰਾਈ ਨੇ ਇਸ ਸੰਸਾਰ ਵਿਚ ਆਪਣੀ ਜਗਾ ਬਣਾਈ ਹੈ ਕਿਉਂਕਿ ਇੱਥੇ ਨਾ ਸਿਰਫ ਲੋਕ ਗਲਤ ਕਾਰੇ ਕਰਦੇ ਹਨ, ਬਲਕਿ, ਉਹ ਆਪਣੇ ਕਾਰਿਆਂ ਦੀ ਗੰਭੀਰਤਾ ਨੂੰ ਬਿਨਾਂ ਸਮਝੇ ਉਨਾਂ ਨੂੰ ਉੱਚਿਤ ਵੀ ਠਹਿਰਾਉਂਦੇ ਹਨ।ਇਹ ਉਦੋਂ ਹੋਰ ਵੀ ਦੁੱਖਦਾਈ ਹੋ ਜਾਂਦਾ ਹੈ ਜਦੋਂ ਰਾਜਨੀਤਿਕ ਲਾਭਾਂ ਲਈ ਦੋਸ਼ੀਆਂ ਦਾ ਸਨਮਾਨ ਵੀ ਕੀਤਾ ਜਾਂਦਾ ਹੈ।

ਭਾਰਤੀ ਸਮਾਜਿਕ ਕਦਰਾਂ-ਕੀਮਤਾਂ ਕਹਿੰਦੀਆਂ ਹਨ ਕਿ ਕਿਸੇ ਵੀ ਤਰਾਂ ਦੀ ਹਿੰਸਾ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਪਰ ਇਸ ਤਰਾਂ ਪ੍ਰਤੀਤ ਹੁੰਦਾ ਹੈ ਕਿ ਲੋਕ ਰਾਜਨੀਤਿਕ ਲਾਭਾਂ ਲਈ ਹਰ ਰੂਪ ਵਿਚ ਹਿੰਸਾ ਨੂੰ ਜਾਇਜ ਠਹਿਰਾਉਣ ਵਿਚ ਲੱਗੇ ਹੋਏ ਹਨ: ਭਾਵੇ ਇਹ ਸਿੱਖ ਕਤਲੇਆਮ ਹੋਵੇ ਜਾਂ ਹਜੂਮੀ ਹਿੰਸਾ (ਲੀਚਿੰਗ) ਦੀਆਂ ਵਾਪਰੀਆਂ ਘਟਨਾਵਾਂ। ਕੋਈ ਵੀ ਪ੍ਰਮੁੱਖ ਰਾਜਨੀਤਿਕ ਪਾਰਟੀ ਇਸ ਵਿਚ ਅਪਵਾਦ ਨਹੀਂ ਹੈ।ਹੰਨਾ ਅਰੈਂਟ ਗਲਤ ਨਹੀਂ ਸੀ ਜਦੋਂ ਉਸ ਨੇ ਕਿਹਾ ਸੀ ਕਿ ਆਧੁਨਿਕਤਾ ਨੇ ਬੁਰਾਈ ਦੀ ਸਾਧਾਰਨਤਾ ਨੂੰ ਪੈਦਾ ਕੀਤਾ ਹੈ।ਇਹ ਗੱਲ ਭਾਰਤ ਜਿਹੇ ਸਮਾਜ ਵਿਚ ਵੀ ਓਨੀ ਹੀ ਲਾਗੂ ਹੁੰਦੀ ਹੈ ਜਿਸਦੀਆਂ ਆਰੰਭਿਕ ਕਾਲ ਤੋਂ ਗਹਿਰੀਆਂ ਸਮਾਜਿਕ ਅਤੇ ਸੱਭਿਆਚਾਰਕ ਜੜਾਂ ਹਨ।ਸਿੱਖ ਕਤਲੇਆਮ ਨਾਲ ਸੰਬੰਧਿਤ ਬਣਾਏ ਗਏ ਅਲੱਗ-ਅਲੱਗ ਜਾਂਚ ਕਮਿਸ਼ਨਾਂ ਨੇ ਬਹੁਤ ਹੀ ਸਪੱਸ਼ਟ ਰੂਪ ਵਿਚ ਦਿਖਾਇਆ ਕਿ ਸਿੱਖ ਨੂੰ ਨਿਸ਼ਾਨਾ ਬਣਾਉਣ ਲਈ ਇਹ ਕਤਲੇਆਮ ਬਹੁਤ ਹੀ ਵਿਵਸਥਿਤ ਅਤੇ ਜੱਥੇਬੰਧਕ ਢੰਗ ਨਾਲ ਸਿਰੇ ਚੜਾਇਆ ਗਿਆ।ਆਮ ਕਰਕੇ ਸਭ ਨੂੰ ਪਤਾ ਹੈ ਕਿ ਕਤਲੇਆਮ ਨੂੰ ਸਹਿਮਤੀ ਦੇਣ ਅਤੇ ਅੰਜਾਮ ਦੇਣ ਵਿਚ ਕਾਂਗਰਸ ਦੇ ਉੱਚ ਨੇਤਾਵਾਂ ਦੀ ਭੂਮਿਕਾ ਰਹੀ ਸੀ।ਰਾਜ ਦੀ ਸਹਿਮਤੀ ਰਾਹੀ ਅੰਜਾਮ ਦਿੱਤੇ ਗਏ ਕਤਲੇਆਮ ਦਾ ਡੀ ਐਨ ਏ ਦਿਖਾਉਂਦਾ ਹੈ ਕਿ ਇਸ ਵਿਚ ਆਮ ਲੋਕਾਂ ਨੂੰ ਭਿਆਨਕ ਕਾਰੇ ਕਰਨ ਲਈ ਭਾਗੀਦਾਰ ਬਣਾਇਆ ਗਿਆ।ਇਸ ਦਾ ਵੱਡਾ ਕਾਰਣ ਇਹ ਹੈ ਕਿ ਇਸ ਤਰਾਂ ਦੇ ਸਮੂਹਿਕ ਕਤਲੇਆਮ ਕੁਝ ਹੀ ਲੋਕਾਂ ਦੁਆਰਾ ਅੰਜਾਮ ਤੱਕ ਨਹੀਂ ਪਹੁੰਚਾਏ ਜਾ ਸਕਦੇ, ਇਸ ਲਈ ਸਮੂਹਿਕ ਅਤੇ ਵਿਵਸਥਿਤ ਰਾਜ ਮਸ਼ੀਨਰੀ ਕੰਮ ਕਰਦੀ ਹੈ।1984 ਵਿਚ ਹੋਈਆਂ ਘਟਨਾਵਾਂ ਮਨੁੱਖਤਾ ਵਿਰੁੱਧ ਕੀਤੇ ਅਪਰਾਧ ਹਨ।ਨਸਲਕੁਸ਼ੀ ਤੋਂ ਬਚ ਕੇ ਆਏ ਇਤਾਲਵੀ-ਯਹੂਦੀ ਲੇਖਕ ਪਰਾਈਮੋ ਲੇਵੀ ਲਿਖਦਾ ਹੈ:

ਅਤਿ-ਕਰੂਰ ਵਿਅਕਤੀ ਬਚ ਕੇ ਨਿਕਲ ਜਾਂਦੇ ਹਨ ਕਿਉਂਕਿ ਉਨਾਂ ਦੀ ਗਿਣਤੀ ਇੰਨੀ ਜਿਆਦਾ ਨਹੀਂ ਹੁੰਦੀ ਕਿ ਉਹ ਖਤਰਨਾਕ ਹੋ ਸਕਣ। ਸਭ ਤੋਂ ਖਤਰਨਾਕ ਆਮ ਵਿਅਕਤੀ ਹੁੰਦੇ ਹਨ ਜੋ ਅਸਾਨੀ ਨਾਲ ਸੱਤਾਧਾਰੀਆਂ ਦਾ ਯਕੀਨ ਕਰ ਲੈਂਦੇ ਹਨ ਅਤੇ ਬਿਨਾਂ ਕੋਈ ਸੁਆਲ ਕੀਤੇ ਅਜਿਹੇ ਕਾਰੇ ਕਰਨ ਲਈ ਤਿਆਰ ਹੋ ਜਾਂਦੇ ਹਨ।

ਭਾਰਤੀ ਰਾਜ ਦਿਨੋਂ-ਦਿਨ ਕੱਟੜਪੰਥੀ ਰਾਸ਼ਟਰਵਾਦ ਵੱਲ ਵਧ ਰਿਹਾ ਹੈ ਅਤੇ ਅਜਿਹਾ ਉਗਰ-ਰਾਸ਼ਟਰਵਾਦ ਹੀ ਅਜਿਹੇ ਕਾਰਿਆਂ ਨੂੰ ਜਨਮ ਦਿੰਦਾ ਹੈ।ਅੰਤ ਵਿਚ ਰਾਜ ਆਪ ਹੀ ਬੁਰਾਈ ਦੀ ਸਾਧਾਰਣਤਾ ਵਿਚ ਭਾਗੀਦਾਰ ਹੁੰਦਾ ਹੈ।ਭਾਰਤ ਵਿਚ 'ਦੂਜੇਕਰਣ' (ਅਦਰਿੰਗ) ਦੀ ਰਾਜਨੀਤੀ ਜੋ ਰੂਪ ਲੈ ਰਹੀ ਹੈ, ਉਸ ਨੇ ਗਹਿਰੀ ਚਿੰਤਾ ਪੈਦਾ ਕੀਤੀ ਹੈ ਕਿਉਂਕਿ ਇਹ ਇਤਿਹਾਸ ਵਿਚ ਵਾਪਰੇ ਸਾਰੇ ਭਿਆਨਕ ਕਾਰਿਆਂ ਦੀ ਯਾਦ ਦੁਆਉਂਦੀ ਹੈ।

## ਭਾਜਪਾ ਦਾ ਸਿਆਸਤ...

ਇਨਾਂ ਵਿਚੋਂ ਪਹਿਲੀ ਇਹ ਸੀ ਕਿ ਭਾਰਤ ਭਰ ਵਿਚ ਬਾਜ਼ਾਰ ਅਰਥਚਾਰੇ ਦੇ ਹੋਏ ਪਸਾਰ ਨੇ ਵੱਖੋ-ਵੱਖ ਖਿੱਤਿਆਂ ਦਰਮਿਆਨ ਵਿਆਪਕ ਰਿਸ਼ਤੇ ਕਾਇਮ ਕਰ ਦਿੱਤੇ। ਅਫ਼ਸੋਸਨਾਕ ਹੈ ਕਿ ਇਸ ਨੇ ਜਾਤ ਪ੍ਰਬੰਧ ਨੂੰ ਕਮਜ਼ੋਰ ਤਾਂ ਕੀ ਕਰਨਾ ਸੀ ਸਗੋਂ ਇਸ ਨੂੰ ਮਜ਼ਬੂਤ ਕੀਤਾ, ਖ਼ਾਸਕਰ ਰਿਸ਼ਤੇਦਾਰੀਆਂ ਉਤੇ ਆਧਾਰਿਤ ਕਲਪਿਤ ਭਾਈਚਾਰਿਆਂ ਵਜੋਂ ਅਤੇ ਨਾਲ ਸਟੇਟ/ ਰਿਆਸਤ ਨਾਲ ਇਕ ਸਾਂਝੇ ਰਿਸ਼ਤੇ ਵਜੋਂ। ਇਸ ਕਾਰਨ ਵੱਖ ਵੱਖ ਸੂਬਿਆਂ ਵਿਚ ਮੋਹਰੀ ਤੇ ਪ੍ਰਭਾਵਸ਼ਾਲੀ ਓਬੀਸੀ ਅਤੇ ਦਲਿਤ ਗਰੁੱਪ ਇਕਮੁੱਠ ਹੋ ਗਏ ਤਾਂ ਕਿ ਉਹ ਇਲਾਕਾਈ ਚੋਣਾਂ ਜਿੱਤ ਸਕਣ ਤੇ ਸੂਬਾਈ ਸਰਕਾਰਾਂ ਕਾਇਮ ਕਰ ਸਕਣ।

ਇਹ 'ਜਾਤ' ਆਧਾਰਿਤ ਪਾਰਟੀਆਂ ਭਾਵੇਂ ਸ਼ੁਰੂ ਵਿਚ ਤਾਂ ਬਹੁਤ ਸਾਰੀਆਂ ਪਛੜੀਆਂ ਅਤੇ ਦਲਿਤ ਜਾਤਾਂ ਨੂੰ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਰਹੀਆਂ ਪਰ ਇਕ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਇਨਾਂ ਨੇ ਕੁਝ ਕੁ ਰਸੂਖ਼ਵਾਨ ਜਾਤ ਗਰੁੱਪਾਂ ਨੂੰ ਹੀ ਉਤਸ਼ਾਹਿਤ ਕੀਤਾ ਅਤੇ ਇਨਾਂ ਦੇ ਰਾਜ ਦੌਰਾਨ ਇਹ ਰਸੂਖ਼ਵਾਨ ਜਾਤਾਂ ਹੀ ਸਰਕਾਰੀ ਨੌਕਰੀਆਂ, ਸਮੇਤ ਪੁਲੀਸ ਦੀਆਂ ਨੌਕਰੀਆਂ ਹਾਸਲ ਕਰਨ ਵਿਚ ਕਾਮਯਾਬ ਰਹੀਆਂ। ਇਸ ਨਾਲ ਇਨਾਂ ਓਬੀਸੀ ਤੇ ਦਲਿਤ ਸਿਆਸੀ ਮੁਹਿੰਮਾਂ ਵਿਚ ਫੁੱਟ ਪੈਦਾ ਹੋ ਗਈ। ਇਹ ਸਿਆਸੀ ਹਿੰਦੂਤਵ ਲਈ ਸੁਨਹਿਰੀ ਮੌਕਾ ਸੀ, ਜਦੋਂ ਉਨਾਂ ਨੇ ਅਤਿ-ਪਿਛੜੇ ਵਰਗਾਂ ਅਤੇ 'ਮਹਾਂ ਦਲਿਤ' ਜਾਤਾਂ ਵਿਚ ਇਹ ਪ੍ਰਚਾਰ ਕੀਤਾ ਕਿ ਉਨਾਂ ਨੂੰ ਆਪਣੇ ਵਧੀਆ ਭਵਿੱਖ ਲਈ ਆਪਣੀ ਧਾਰਮਿਕ ਪਛਾਣ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਜਦੋਂ ਸੱਤਾ ਭਾਜਪਾ ਦੇ ਹੱਥ ਆ ਗਈ ਤੇ ਮੋਦੀ ਪ੍ਰਧਾਨ ਮੰਤਰੀ ਬਣ ਗਏ ਤਾਂ ਇਸ ਪੈਂਤੜੇ ਨੂੰ ਖ਼ਾਸ ਸੇਧਤ ਟੀਚੇ ਵਾਲੀਆਂ ਸਕੀਮਾਂ ਰਾਹੀਂ ਹੋਰ ਹੁਲਾਰਾ ਦਿੱਤਾ ਗਿਆ।

ਹੁਣ ਇਹੋ ਉਹ ਗੱਠਜੋੜ ਹੈ ਜਿਸ ਨੇ ਲਗਾਤਾਰ ਭਾਜਪਾ ਨੂੰ ਸੱਤਾ ਦੇ ਕੇਂਦਰ ਵਿਚ ਰੱਖਿਆ ਹੋਇਆ ਹੈ। ਇਸ ਗੱਠਜੋੜ ਵਿਚ ਇਕ ਪਾਸੇ ਹਨ ਆਰਥਿਕ ਤੌਰ ਤੇ ਮਜ਼ਬੂਤ ਵਪਾਰੀ ਜਾਤ ਭਾਈਚਾਰੇ ਅਤੇ ਦੂਜੇ ਪਾਸੇ ਹਨ ਨਵੀਆਂ 'ਉੱਭਰੀਆਂ' ਗ਼ੈਰ ਪ੍ਰਭਾਵਸ਼ਾਲੀ ਓਬੀਸੀ ਤੇ ਦਲਿਤ ਜਾਤਾਂ। ਇਹ ਵੱਖਰੀ ਗੱਲ ਹੈ ਕਿ ਹੁਣ ਵਪਾਰੀ ਜਾਤ ਭਾਈਚਾਰਿਆਂ ਦੀ ਅਗਵਾਈ ਕੁਝ ਗਿਣੇ-ਚੁਣੇ ਅਤੇ ਬਹੁਤ ਹੀ ਦਬਦਬੇ ਵਾਲੇ ਵਪਾਰਕ ਘਰਾਣਿਆਂ ਦੇ ਹੀ ਹੱਥ ਹੈ।

## ਤ੍ਰਿਪੁਰਾ ਵਿਚ ਹਿੰਸਾ...

ਜਿਨਾਂ ਵਿੱਚ ਸਿਰਫ਼ ਖ਼ਬਰੀ ਜਾਣਕਾਰੀ ਦਿੱਤੀ ਗਈ ਹੈ ।

ਤ੍ਰਿਪੁਰਾ ਸਰਕਾਰ ਦੀ ਇਸ ਕਾਰਵਾਈ ਦੀ ਵੱਖ-ਵੱਖ ਸਿਆਸੀ ਦਲਾਂ ਨੇ ਸਖ਼ਤ ਨਿੰਦਾ ਕਰਦਿਆਂ ਕਿਹਾ ਹੈ ਕਿ ਇਹ ਗੈਰ ਸੰਵਿਧਾਨਕ, ਅਨੈਤਿਕ ਦੇ ਨਾਗਰਿਕ ਅਧਿਕਾਰਾਂ ਦੀ ਖੁਲੀ ਉਲੰਘਣਾ ਹੈ । ਸੀ ਪੀ ਆਈ (ਐਮ) ਦੇ ਸਾਬਕਾ ਸਾਂਸਦ ਜਿਤੇਂਦਰ ਚੌਧਰੀ ਨੇ ਕਿਹਾ ਹੈ ਕਿ ਰਾਜ ਪੁਲਿਸ ਨੇ ਜੋ ਕੀਤਾ ਹੈ, ਉਹ ਬਰਤਾਨਵੀ ਸ਼ਾਸਨ ਦੀ ਯਾਦ ਦਿਵਾਉਂਦਾ ਹੈ। ਤ੍ਰਿਣਮੂਲ ਕਾਂਗਰਸ ਦੀ ਸੁਸ਼ਮਿਤਾ ਦੇਵ ਨੇ ਕਿਹਾ ਕਿ ਫੈਕਟ ਫਾਈਡਿੰਗ ਕਮੇਟੀ ਤੇ ਹਿੰਸਾ ਵਿਰੁੱਧ ਅਵਾਜ਼ ਉਠਾਉਣ ਵਾਲਿਆਂ ਵਿਰੁੱਧ ਰਾਜ ਦੀ ਕਾਰਵਾਈ ਉਹੀ ਹੈ, ਜਿਸ ਨੂੰ ਭਾਜਪਾ ਗੁਜਰਾਤ ਮਾਡਲ ਕਹਿੰਦੀ ਹੈ। ਉਨਾਂ ਕਿਹਾ ਕਿ ਉਹ ਪ੍ਰਭਾਵਤ ਖੇਤਰਾਂ ਦਾ ਦੌਰਾ ਨਹੀਂ ਕਰ ਸਕਦੀ ਕਿਉਂਕਿ ਜੇਕਰ ਉਹ ਅਗਰਤਲਾ ਤੋਂ ਬਾਹਰ ਜਾਵੇਗੀ ਤਾਂ ਪੁਲਿਸ ਉਸ ਨੂੰ ਕੁੱਟਣ ਲਈ ਤਿਆਰ ਹੈ । ਅਸਲ ਵਿਚ ਮੁਸਲਮਾਨਾਂ ਵਿਰੋਧੀ ਹਿੰਸਾ ਭਾਜਪਾ ਦੀ ਸਿਆਸੀ ਲੋੜ ਹੈ । ਇਸ ਨਾਲ ਇੱਕ ਤਾਂ ਭਾਜਪਾ ਨੂੰ ਚੋਣਾਂ ਵਿੱਚ ਲਾਹਾ ਮਿਲਦਾ ਹੈ ਤੇ ਦੂਜਾ ਮੁਸਲਮਾਨਾਂ ਵਿਰੁੱਧ ਨਫ਼ਰਤ ਨੂੰ ਹਿੰਦੂ ਸਮਾਜ ਦੇ ਸੁਭਾਅ ਦਾ ਅੰਗ ਬਣਾ ਦੇਣ ਦੀ ਉਸ ਦੀ ਦੂਰਗਸ਼ੀ ਨੀਤੀ ਨੂੰ ਤਾਕਤ ਮਿਲਦੀ ਹੈ ।

## ਪੰਜਾਬੀਆਂ ਨੂੰ ਮੁਫ਼ਤ..

ਇਸ ਤੀਜੀ ਧਿਰ ਦੇ ਹਿਤਾਂ ਦਾ ਦੂਰਗਾਮੀ ਘਾਣ ਹੁੰਦਾ ਹੈ।

ਕਦੀ ਇਹ ਵੀ ਸੋਚਿਆ ਹੈ ਕਿ, ਕੀ ਸਮਾਜ ਅਤੇ ਲੋਕਾਂ ਨੂੰ ਜੋ ਮੁਢਲੀਆਂ ਸਹੂਲਤਾਂ ਚਾਹੀਦੀਆਂ ਹਨ, ਉਹ ਦਿੱਤੀਆਂ ਜਾ ਰਹੀਆਂ ਹਨ? ਮੁਢਲੀਆਂ ਲੋੜਾਂ ਕੀ ਹਨ? ਸਿਹਤ ਸਹੂਲਤਾਂ (ਜਿਸ ਦਾ ਭਾਂਡਾ ਕੋਵਿਡ-19 ਨੇ ਭੰਨ ਦਿੱਤਾ ਹੈ), ਮਿਆਰੀ ਵਿੱਦਿਅਕ ਸਹੂਲਤਾਂ, ਸਾਫ਼ ਪੀਣ ਵਾਲਾ ਪਾਣੀ, ਦੂਸ਼ਿਤ ਜਲ ਦਾ ਨਿਕਾਸ, ਨਿਰੰਤਰ ਅਤੇ ਮਿਆਰੀ ਬਿਜਲੀ ਸਪਲਾਈ, ਔਰਤਾਂ, ਬੱਚਿਆਂ, ਨਿਆਸਰਿਆਂ, ਬਜ਼ੁਰਗਾਂ ਦੇ ਹੱਕਾਂ ਦੀ ਰਾਖੀ, ਸਾਫ਼ ਵਾਤਾਵਰਨ ਅਤੇ ਰਹਿਣ ਲਈ ਘਰ ਅਤੇ ਸੁਰੱਖਿਅਤ ਸੜਕਾਂ, ਲੋੜਵੰਦਾਂ ਲਈ ਸਮਾਜਿਕ ਸੁਰੱਖਿਆ, ਵਪਾਰੀਆਂ ਅਤੇ ਸਨਅਤਕਾਰਾਂ ਲਈ ਉਹ ਮਾਹੌਲ ਜਿਸ ਨਾਲ ਉਹ ਵਿਸ਼ਵ ਮੰਡੀ ਵਿਚ ਬਰਾਬਰੀ ਨਾਲ ਭਾਗ ਲੈ ਸਕਣ, ਕਿਸਾਨ ਲਈ ਵਿਵਸਥਾ ਜਿਸ ਵਿਚ ਉਹ ਆਧੁਨਿਕ ਢੰਗ ਅਤੇ ਤਕਨੀਕ ਨਾਲ ਵਾਜਬ ਕੀਮਤਾਂ ਤੇ ਟਿਕਾਊ ਖੇਤੀ ਕਰ ਸਕੇ, ਮਜ਼ਦੂਰ ਦੇ ਹੱਕ ਅਤੇ ਇੱਜ਼ਤ ਬਹਾਲ ਹੋ ਸਕੇ, ਬੱਚਿਆਂ ਦੇ ਸੁਰੱਖਿਅਤ ਭਵਿੱਖ ਲਈ ਲੋੜੀਂਦੀਆਂ ਸਹੂਲਤਾਂ ਅਤੇ ਬਦਲ ਰਹੀਆਂ ਸੰਸਾਰ ਦੀਆਂ ਪ੍ਰਸਥਿਤੀਆਂ ਵਿਚ ਆਉਣ ਵਾਲੀਆਂ ਪੀੜੀਆਂ ਨੂੰ ਸਿਰ ਉੱਚਾ ਕਰਕੇ ਜੀਣ ਦਾ ਹੱਕ, ਮੌਲਿਕ ਅਧਿਕਾਰਾਂ ਦੀ ਸੁਰੱਖਿਅਤਾ ਮਿਲ ਸਕੇ। ਸਥਿਤੀ ਇਹ ਹੈ ਕਿ ਨਵਾਂ ਬੁਨਿਆਦੀ ਢਾਂਚਾ ਤਾਂ ਕੀ ਪੈਦਾ ਕਰਨਾ ਹੈ, ਪਹਿਲੇ ਦੀ ਸਾਂਭ-ਸੰਭਾਲ ਮੁਸ਼ਕਿਲ ਹੁੰਦੀ ਜਾ ਰਹੀ ਹੈ। ਹਸਪਤਾਲਾਂ, ਕਾਲਜਾਂ, ਪ੍ਰਾਇਮਰੀ ਹੈਲਥ ਸੈਂਟਰਾਂ, ਵੈਟਰਨਰੀ ਡਿਸਪੈਂਸਰੀਆਂ, ਰੋਡਵੇਜ਼ ਦੀਆਂ ਬੱਸਾਂ, ਸਰਕਾਰੀ ਇਮਾਰਤਾਂ ਦਾ ਨਾਕਸ ਰੱਖ-ਰਖਾਅ ਮੂੰਹ ਬੋਲਦੀਆਂ ਤਸਵੀਰਾਂ ਹਨ। ਕੀ ਮੁਫ਼ਤਵਾਦ ਦੀ ਵਿਵਸਥਾ ਨਾਲ ਲਾਭ-ਪਾਤਰੀਆਂ ਦੀ ਆਰਥਿਕ ਅਤੇ ਸਮਾਜਿਕ ਦਸ਼ਾ ਸੁਧਰੀ ਹੈ? ਕੀ ਇਹ ਮੁਫ਼ਤ ਸਹੂਲਤਾਂ ਲੋਕਾਂ ਦੀਆਂ ਮੁਸ਼ਕਿਲਾਂ ਦਾ ਸਥਾਈ ਹੱਲ ਕਰਨ ਵਿਚ ਸਹਾਈ ਹੋ ਰਹੀਆਂ ਹਨ? ਕੀ ਇਹ ਸਮਾਜ ਅਤੇ ਆਰਥਿਕ ਵਿਵਸਥਾ ਵਿਚ ਟਿਕਾਊਪੁਣਾ ਲਿਆ ਸਕੀਆਂ ਹਨ? ਕੀ ਇਨਾਂ ਦਾ ਭਵਿੱਖੀ ਨਿਵੇਸ਼ 'ਤੇ ਕੋਈ ਅਸਰ ਪੈਂਦਾ ਹੈ, ਜਿਸ ਤੋਂ ਹਰ ਨਾਗਰਿਕ ਨੂੰ ਲਾਭ ਹੋਣਾ ਹੈ? ਕੀ ਇਹ ਸਰਕਾਰਾਂ ਦਾ ਆਪਣੀਆਂ ਅਸਫਲਤਾਵਾਂ ਤੇ ਵਿਕਾਸਹੀਣ ਪ੍ਰਸ਼ਾਸਨ 'ਤੇ ਪਰਦਾ ਪਾਉਣ ਦਾ ਸਸਤਾ ਸਾਧਨ ਨਹੀਂ ਹੈ? ਸਰਕਾਰੀ ਨੀਤੀਆਂ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਨੂੰ ਆਪਣੇ ਵਰਤਮਾਨ ਲਾਭਾਂ ਲਈ ਗਿਰਵੀ ਨਾ ਰੱਖਣ। ਇਨਾਂ ਦੀ ਕੀਮਤ ਤਾਂ ਸਭਨਾਂ ਨੂੰ ਦੇਣੀ ਪਵੇਗੀ ਭਾਵੇਂ ਕੋਈ ਅਮੀਰ ਹੈ ਜਾਂ ਗ਼ਰੀਬ, ਵਧੇ ਹੋਏ ਟੈਕਸਾਂ ਰਾਹੀਂ ਜਾਂ ਆਪਣੇ ਹੱਕਾਂ ਦੇ ਸਮਰਪਣ ਰਾਹੀਂ ਜਾਂ ਬੁਨਿਆਦੀ ਢਾਂਚੇ ਦੀ ਗੁਣਵੱਤਾ ਨਾਲ ਸਮਝੌਤੇ ਰਾਹੀਂ।

## ਗੁਰੂ ਨਾਨਕ ਬਾਣੀ...

ਤੱਤਸਾਰ ਵਜੋਂ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਸਮੂਹ ਸਮਾਜ ਨੂੰ ਭਰਮ ਮੁਕਤ ਕਰਦੀ ਹੈ ਅਤੇ ਹਰ ਯੁੱਗ ਵਿਚ ਵਿਸ਼ਵ ਨੂੰ ਮਹਾਨ ਸੰਦੇਸ਼ ਹੈ। ਗੁਰੂ ਜੀ ਨੇ ਰਾਗ ਸੂਹੀ ਵਿਚ ਸ਼ਬਦ ਉਚਾਰਿਆ ਹੈ, ਜਿਸ ਦੇ ਭਾਵ ਅਰਥ ਹਨ ਕਿ ਜਿਵੇਂ ਦੀਵੇ ਦੇ ਜਗਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਤਿਵੇਂ ਹੀ ਦੀਰਘ ਵਿਚਾਰ ਨਾਲ ਕੀਤੇ ਧਰਮ ਪੁਸਤਕਾਂ ਦੇ ਪਾਠ ਪਾਪਾਂ ਦੀ ਮੱਤ ਦਾ ਕਲਿਆਣ ਕਰ ਦਿੰਦੇ ਹਨ। ਜਿਵੇਂ ਸੂਰਜ ਦੇ ਪ੍ਰਕਾਸ਼ ਹੋਣ ਨਾਲ ਰਾਤ ਦਾ ਹਨੇਰਾ ਦਿਖਾਈ ਨਹੀਂ ਦਿੰਦਾ, ਇਸੇ ਤਰਾਂ ਗਿਆਨ ਦਾ ਪ੍ਰਕਾਸ਼ ਹੋਣ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਫੁਰਮਾਨ ਹੈ :

**ਦੀਵਾ ਬਲੈ ਅੰਧੇਰਾ ਜਾਇ॥**
**ਬੇਦ ਪਾਠ ਮਤਿ ਪਾਪਾ ਖਾਇ॥**
**ਉਗਵੈ ਸੂਰੁ ਨ ਜਾਪੈ ਚੰਦੁ॥**
**ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥**
(ਅੰਗ : ੭੯੧)

## ਮਾਮਲਾ ਸਿੱਧੂ ਤੇ...

ਮੁੱਖ ਮੰਤਰੀ ਨੇ ਕਿਹਾ ਕਿ ਸੰਜੇ ਤੇਲੰਗਾਨਾ ਦੇ ਕਿਸਾਨਾਂ ਨੂੰ ਝੋਨੇ ਦੀ ਖੇਤੀ ਕਰਨ ਲਈ ਕਹਿ ਰਹੇ ਹਨ, ਪਰ ਕੇਂਦਰ ਨੇ ਤਾਂ ਝੋਨਾ ਖਰੀਦਣ ਤੋਂ ਇਨਕਾਰ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੰਜੇ ਕਿਸਾਨਾਂ ਨੂੰ ਉਹ ਫਸਲਾਂ ਬੀਜਣ ਲਈ ਕਹਿ ਰਿਹਾ ਹੈ ਜੋ ਕੇਂਦਰ ਖਰੀਦ ਹੀ ਨਹੀਂ ਰਿਹਾ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਕਿਹਾ ਹੈ ਕਿ ਉਹ ਭਾਜਪਾ ਦੀਆਂ ਫਜ਼ੂਲ ਗੱਲਾਂ ਤੋਂ ਬਚਣ। ਚਾਹੇ ਹਿੰਸਕ ਬੋਲ ਭਾਜਪਾ ਬੋਲੇ ਜਾਂ ਕੋਈ ਹੋਰ ਪਾਰਟੀ ਪਰ ਇਸ ਨਾਲ ਸਿਆਸੀ ਤੇ ਸਮਾਜਕ ਵਾਤਾਵਰਨ ਖਰਾਬ ਹੋ ਜਾਂਦਾ ਹੈ।ਇਨਾਂ ਹਿੰਸਕ ਬੋਲਾਂ ਦਾ ਨਤੀਜਾ ਹੈ ਕਿ ਭਾਰਤ ਦੰਗਈ ਦੇਸ਼ ਬਣ ਗਿਆ ਹੈ।ਜਨਤਾ ਹੀ ਇਨਾਂ ਨੂੰ ਰੱਦ ਕਰਕੇ ਕੰਟਰੋਲ ਕਰ ਸਕਦੀ ਹੈ।

## ਅਕਸ਼ੈ ਕੁਮਾਰ ਦੀ ਫ਼ਿਲਮ...

ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਪਟਿਆਲਾ ਅਕਸ਼ੈ ਕੁਮਾਰ ਦੀ ਸੂਰਿਆਵੰਸ਼ੀ ਫਿਲਮ ਦਾ ਵਿਰੋਧ ਕਰਦਿਆਂ ਬੰਦ ਕਰਵਾ ਦਿੱਤੀ ਗਈ।

ਅਕਸ਼ੈ ਕੁਮਾਰ ਦੀ ਫ਼ਿਲਮ ਖ਼ਿਲਾਫ਼ ਨਾਅਰੇਬਾਜ਼ੀ ਭਾਰਤੀ ਕਿਸਾਨ ਯੂਨੀਅਨ ਵੱਲੋਂ ਜਲਾਲਾਬਾਦ ਵਿਚ ਅਕਸ਼ੈ ਕੁਮਾਰ ਦੀ ਫ਼ਿਲਮ ਸੂਰੀਆਵੰਸ਼ੀ ਦਾ ਵਿਰੋਧ ਕੀਤਾ ਗਿਆ। ਕਿਸਾਨਾਂ ਨੇ ਇੱਥੇ ਸਿਨੇਮਾ ਵਿੱਚ ਲੱਗੀ ਅਕਸ਼ੈ ਕੁਮਾਰ ਦੀ ਫ਼ਿਲਮ ਦੇ ਪੋਸਟਰ ਪਾੜ ਦਿੱਤੇ ਅਤੇ ਅਦਾਕਾਰ ਖ਼ਿਲਾਫ਼ ਮੁਰਦਾਬਾਦ ਦੇ ਨਾਅਰੇ ਲਾਏ।

## ਭਾਗਾਂ ਅਤੇ ਜਾਨੀ

'ਚੰਗਾ ਫੇਰ.. ਬਾਹਲਾ ਸੋਚੀਂ ਨਾ.....ਅੱਗੋਂ ਜੋ ਹੋਣਾ ਉਹ ਉੱਪਰ ਆਲੇ ਤੇ ਛੱਡ ਦੇਈਂ...ਜ... ਜਾਨੀਆਂ'

ਏਨਾ ਕਹਿ ਕੇ ਭਾਗਾਂ ਬਾਰੀ ਲੰਘ ਕੇ ਘਰ ਤੋਂ ਬਾਹਰ ਹੋ ਗਈ। ਓਹਨੇ ਬੱਸ ਇੱਕ ਵਾਰ ਹੀ ਉਜਾਗਰ ਵੱਲੀ ਦੇਖਿਆ...ਥੋੜਾ ਹੱਸੀ ਤੇ 'ਕਮਲਾ ਨਾ ਹੋਵੇ..' ਕਹਿ ਕੇ ਵਗਵੇਂ ਪੈਰੀਂ ਵੀਹੀ ਪੈ ਗਈ।

ਉਹ ਵੀ ਮਗਰੇ ਬਾਹਰ ਵੀਹੀ ਵਿਚ ਆ ਗਿਆ.. ਓਹਦੇ ਦਿਲ ਨੂੰ ਡੋਬ ਪੈਣ ਲੱਗ ਪਏ.. ਉਹ ਹਾਲੇ ਹੋਰ ਵੀ ਕੁਝ ਕਹਿਣਾ ਚਾਹੁੰਦਾ ਸੀ ਪਰ ਜੀਭ ਨੇ ਸਾਥ ਨਾ ਦਿੱਤਾ.....ਕਾਲੇ ਘੱਗਰੇ ਵਾਲੀ ਭਾਗਾਂ ਓਹਨੂੰ ਕਿਸੇ ਡਾਕੂ ਵਾਂਗ ਪ੍ਰਤੀਤ ਹੋ ਰਹੀ ਸੀ, ਜੋ ਓਹਦੇ ਸੀਨੇ ਵਿੱਚੋਂ ਰੁੱਗ ਭਰ ਕੇ ਕੁਝ ਕੱਢ ਕੇ ਲੈ ਗਿਆ ਹੋਵੇ ਤੇ ਬਦਲੇ ਵਿਚ ਓਹਦੀ ਤਲੀ ਤੇ ਐਹੋ ਜਿਹਾ ਸਪੋਲੀਆ ਧਰ ਗਿਆ ਹੋਵੇ...ਜਿਸਨੂੰ ਆਖਰੀ ਸਾਹ ਤੱਕ ਪਾਲਣਾ ਵੀ ਪਵੇ....ਤੇ ਪਲ-ਪਲ ਓਹਦੇ ਡੰਗ ਵੀ ਖਾਣੇ ਪੈਣ।

.....**(ਚਲਦਾ)**

## 16 ਨਵੰਬਰ ਦੇ ਸ਼ਹੀਦਾਂ...

16 ਨਵੰਬਰ ਜਿੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਛੇ ਹੋਰ ਸਾਥੀਆਂ ਦਾ ਸ਼ਹੀਦੀ ਦਿਨ ਹੈ, ਉੱਥੇ ਹੀ ਕੈਨੇਡਾ ਦੇ ਮਹਾਨ ਯੋਧੇ ਲੂਈਸ ਰਿਆਲ ਦਾ ਸ਼ਹੀਦੀ ਦਿਨ ਵੀ ਹੈ। 16 ਨਵੰਬਰ 1885 ਵਿੱਚ ਕੈਨੇਡਾ ਦੀ ਧਰਤੀ ਤੇ ਮੈਟਿਸ ਭਾਈਚਾਰੇ ਦੇ ਆਗੂ ਅਤੇ ਮੈਨੀਟੋਬਾ ਦੀ ਸੰਸਥਾਪਕ ਵਿਦਰੋਹੀ ਯੋਧੇ ਲੂਈਸ ਰਿਆਲ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। 16 ਨਵੰਬਰ 2018 ਨੂੰ ਬੀਸੀ ਵਿਧਾਨ ਸਭਾ ਲੂਇਸ ਰਿਆਲ ਦਿਵਸ ਮਨਾਇਆ। ਇਸ ਮੌਕੇ ਤੇ ਪ੍ਰੋਕਲੇਮੇਸ਼ਨ ਵੀ ਜਾਰੀ ਕੀਤਾ ਗਿਆ, ਜੋ ਕਿ ਇਕ ਚੰਗੀ ਗੱਲ ਹੈ। ਮਹਾਨ ਯੋਧਿਆਂ ਦੇ ਸੰਘਰਸ਼ ਯਾਦ ਰੱਖਣ ਵਾਲੇ ਹਨ। ਕੈਨੇਡਾ ਦੇ **Metis nation** ਵਾਸਤੇ ਅਤੇ ਪ੍ਰੋਵਿੰਸ ਮੈਨੀਟੋਬਾ ਦੀ ਬਾਨੀ ਦੇ ਤੌਰ ਤੇ ਲੁਈਸ ਰਿਆਲ ਨੂੰ ਸੱਚੀ ਸ਼ਰਧਾਂਜਲੀ ਹੈ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਲੁਈਸ ਵਾਂਗ ਹੀ ਕੈਨੇਡਾ ਦੇ ਮਹਾਨ ਯੋਧੇ ਭਾਈ ਮੇਵਾ ਸਿੰਘ ਜੀ ਨੂੰ ਸ਼ਹੀਦ ਕੀਤਾ ਗਿਆ ਸੀ । ਉਨਾਂ ਨੂੰ 11 ਜਨਵਰੀ 1915 ਵਿੱਚ ਨਿਊਵੈਸਟਮਨਿਸਟਰ, ਵੈਨਕੂਵਰ ਵਿਚ ਫਾਂਸੀ ਦਿੱਤੀ ਗਈ। ਸਵਾਲ ਇਹ ਹੈ ਕਿ ਕੀ ਲੂਈਸ ਰਿਆਲ ਵਾਂਗ ਸ਼ਹੀਦ ਮੇਵਾ ਸਿੰਘ ਨੂੰ ਵੀ ਕਦੇ ਇਸੇ ਤਰਾਂ ਯਾਦ ਕੀਤਾ ਜਾਏਗਾ? ਕੀ ਸਾਡੀ ਕੌਮ ਅਤੇ ਮਨੁੱਖੀ ਅਧਿਕਾਰ ਕਾਰਕੁਨ ਇਸ ਗੱਲ ਲਈ ਲਾਮਬੰਦੀ ਕਰਨਗੇ? ਕੀ ਸਾਡੇ ਸਿਆਸਤਦਾਨ ਚੁੱਪ ਤੋੜਨਗੇ ਅਤੇ ਪਾਰਲੀਮੈਂਟ ਜਾਂ ਵਿਧਾਨ ਸਭਾਵਾਂ ਚ ਕਦੇ ਮੇਵਾ ਸਿੰਘ ਦੀ ਸ਼ਹਾਦਤ ਨੂੰ ਵੀ ਮਾਨਤਾ ਦੇਣਗੇ ਤੇ ਉਨਾਂ ਦੇ ਨਾਲ ਨਾਲ ਅਜੇ ਤੱਕ ਵੀ ਚੱਲ ਰਹੇ 'ਕਾਤਲ' ਸ਼ਬਦ ਨੂੰ ਉਤਾਰਨਗੇ? ਇਸ ਸਬੰਧ ਵਿਚ ਚਾਹੇ ਨਿਊਵੈਸਟਮਨਿਸਟਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੇ ਸਿਟੀ ਕੌਂਸਲਰ ਚੱਕਪਿੱਕਮਾਇਰ ਨੇ ਪਹਿਲਕਦਮੀ ਕਰਦਿਆਂ, ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ ਨਾਂ 'ਤੇ ਐਲਾਨਨਾਮਾ ਜਾਰੀ ਕਰਵਾਇਆ ਹੈ, ਪਰ ਹੁਣ ਇਸ ਕਾਰਜ ਨੂੰ ਬ੍ਰਿਟਿਸ਼ ਕੋਲੰਬੀਆ ਸੂਬਾਈ ਪੱਧਰ ਅਤੇ ਕੈਨੇਡਾ ਪੱਧਰ 'ਤੇ ਲਿਜਾਣ ਲਈ, ਸਾਡੇ ਸਮੂਹ ਸਿਆਸਤਦਾਨਾਂ ਨੂੰ ਅੱਗੇ ਨਿੱਤਰਨਾ ਚਾਹੀਦਾ ਹੈ। 16 ਨਵੰਬਰ ਨੂੰ 'ਲੁਈਸ ਡੇ' ਦੇ ਮੌਕੇ ਪ੍ਰਣ ਕਰਨਾ ਚਾਹੀਦਾ ਹੈ ਕਿ ਕਦੇ ਸ਼ਹੀਦ 'ਭਾਈ ਮੇਵਾ ਸਿੰਘ ਦਿਵਸ' ਵੀ ਮਨਾਇਆ ਜਾਏ ਅਤੇ ਮਾਣ ਨਾਲ਼ ਸਾਡੇ ਸਿਆਸੀ ਆਗੂ ਵੀ ਚੁੱਪ ਤੋੜਦਿਆਂ, ਸ਼ਹੀਦ ਮੇਵਾ ਸਿੰਘ ਨੂੰ, 'ਕੈਨੇਡਾ ਦਾ ਯੋਧਾ' ਆਖਣ ਦੀ ਹਿੰਮਤ ਕਰਨ। ਆਓ ਇਸ ਮਕਸਦ ਲਈ ਸਾਰੇ ਇਕਮੁੱਠ ਹੋ ਕੇ ਯਤਨ ਕਰੀਏ ਅਤੇ ਇਨਾ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰੀਏ। ਇਉਂ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਸਾਥੀਆਂ ਦੇ ਸ਼ਹੀਦੀ ਦਿਨ 'ਤੇ ਪ੍ਰਣ ਕਰਨਾ ਚਾਹੀਦਾ ਹੈ ਕਿ ਭਾਰਤ ਅੰਦਰ ਫਾਸ਼ੀਵਾਦੀ ਤਾਕਤਾਂ ਦਾ ਮੂੰਹ ਭੰਨਿਆ ਜਾਏ ਅਤੇ ਹੱਕਾਂ ਲਈ ਜੂਝ ਰਹੇ ਪੀੜਤ ਵਰਗ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ, ਸੰਘਰਸ਼ ਜਾਰੀ ਰੱਖਿਆ ਜਾਏ। ਇਹੀ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ।

## ਡੈਮੋਕ੍ਰੈਟਿਕ ਸੈਨੇਟ ਮੈਂਬਰਾਂ ਨੇ

ਇਸ ਦੇ ਨਾਲ ਹੀ ਸਾਡੇ ਘਰੇਲੂ ਤੇਲ ਪਟਾਧਾਰੀ ਤੇ ਉਤਪਾਦਕ ਤੇਲ ਦੀ ਬਰਾਮਦ ਜਾਰੀ ਰਖਣਾ ਚਹੁੰਦੇ ਹਨ ਪਰੰਤੂ ਉਪੇਕ ਤੇ ਘਰੇਲੂ ਉਤਪਾਦਕਾਂ ਦੇ ਇਸ ਰਵਈਏ ਨੇ ਪਹਿਲਾਂ ਹੀ ਅਸਮਾਨੀ ਚੜ ਚੁੱਕੀਆਂ ਕੀਮਤਾਂ ਵਿਚ ਹੋਰ ਵਾਧੇ ਦੀ ਸੰਭਾਵਨਾ ਪੈਦਾ ਕਰ ਦਿੱਤੀ ਹੈ। ਪੱਤਰ ਵਿਚ ਲਿਖਿਆ ਹੈ ਕਿ ਤੇਲ ਦੀ ਬਰਾਮਦ ਜਾਰੀ ਰਖਣ ਤੇ ਤੇਲ ਸਪਲਾਈ ਬਾਰੇ ਵਿਦੇਸ਼ੀ ਸਾਂਠ ਗਾਂਠ ਕਾਰਨ ਸਾਡੇ ਬਹੁਤ ਸਾਰੇ ਰਾਜਾਂ ਉਪਰ ਬੇਹੱਦ ਮਾੜਾ ਪ੍ਰਭਾਵ ਪੈ ਸਕਦਾ ਹੈ।

ਦੂਸਰੇ ਪਾਸੇ ਸਨਅਤ ਨਾਲ ਸਬੰਧਤ ਮਾਹਿਰਾਂ ਨੇ ਤੇਲ ਬਰਾਮਦ ਉਪਰ ਰੋਕ ਲਾਉਣ ਦਾ ਵਿਰੋਧ ਕੀਤਾ ਹੈ। ਇਨਾਂ ਮਾਹਿਰਾਂ ਦਾ ਕਹਿਣਾ ਹੈ ਕਿ ਤੇਲ ਬਰਾਮਦ ਉਪਰ ਪਾਬੰਦੀ ਲਾਉਣ ਨਾਲ ਉਲਟ ਪ੍ਰਤੀਕ੍ਰਿਆ ਹੋ ਸਕਦੀ ਹੈ ਜਿਸ ਨਾਲ ਖਪਤਕਾਰ ਪ੍ਰਭਾਵਿਤ ਹੋਣਗੇ। ਇਥੇ ਜ਼ਿਕਰਯੋਗ ਹੈ ਕਿ ਇਸ ਸਮੇਂ ਅਮਰੀਕਾ ਵਿਚ ਤੇਲ ਦੀ ਔਸਤ ਕੀਮਤ 3.42 ਡਾਲਰ ਹੈ ਜੋ ਇਕ ਸਾਲ ਪਹਿਲਾਂ 2.11 ਡਾਲਰ ਪ੍ਰਤੀ ਗੈਲਨ ਸੀ।

## ਸਿੱਧੂ ਨੇ ਗੁਰਦੁਆਰਾ...

ਉਨਾਂ ਕਿਹਾ ਕਿ ਜੇਕਰ ਕੇਂਦਰ ਨੂੰ ਕੋਈ ਦਿੱਕਤ ਹੈ ਤਾਂ ਪੰਜਾਬ ਸਰਕਾਰ ਨੂੰ ਦਰਸ਼ਨ ਸਥਲ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਵੇ। ਉਨਾਂ ਕਿਹਾ ਕਿ ਅੱਜ ਵੀ 75 ਫ਼ੀਸਦੀ ਲੋਕਾਂ ਕੋਲ ਪਾਸਪੋਰਟ ਨਹੀਂ ਹੈ, ਜਿਸ ਕਰਕੇ ਇੱਥੇ ਆਉਣ ਵਾਲੇ ਸ਼ਰਧਾਲੂਆਂ ਨੂੰ ਦੂਰਬੀਨ ਰਾਹੀਂ ਹੀ ਦਰਸ਼ਨ ਕਰਨੇ ਪੈਂਦੇ ਹਨ। ਇਸ ਲਈ ਕੇਂਦਰ ਸਰਕਾਰ ਨੂੰ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

## ਭਾਰਤ 'ਚ ਸਿੱਖ ਨਸਲਕੁਸ਼ੀ...

ਉਸ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ ਓਨੀ ਦੇਰ ਤੱਕ ਇਨਸਾਫ, ਨੈਤਿਕ ਜਿੰਮੇਵਾਰੀ ਤੇ ਹਮਦਰਦੀ ਦੇ ਭਾਵ ਬੇਮਾਅਨੇ ਹੀ ਰਹਿੰਦੇ ਹਨ। 'ਦੰਗਿਆਂ' ਤੋਂ 'ਨਸਲਕੁਸ਼ੀ' ਦੇ ਬਿਰਤਾਂਤ ਤੱਕ ਪਹੁੰਚਣ ਵਿਚ ਸਿੱਖਾਂ ਨੇ ਖੁਦ ਵੀ ਇਕ ਸਫਰ ਤਹਿ ਕੀਤਾ ਹੈ। ਭਾਵੇਂ ਕਿ ਚੇਤਨ ਬੁੱਧ ਹਿੱਸੇ ਨੇ ਨਵੰਬਰ 1984 ਤੋਂ ਫੌਰਨ ਬਾਅਦ ਹੀ ਇਹ ਗੱਲ ਦਾ ਪ੍ਰਗਟਾਵਾ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਜੋ ਕੁਝ ਵਾਪਰਿਆ ਉਹ ਆਪਣੇ ਆਪ ਭੜਕੇ ਦੰਗੇ ਜਾਂ ਗੁੱਸੇ ਦਾ ਪ੍ਰਗਟਾਵਾ ਹਰਗਿਜ਼ ਨਹੀਂ ਸੀ ਪਰ ਫਿਰ ਵੀ ਦਿੱਲੀ ਦਰਬਾਰ ਦੀ ਸਾਧਨ ਸਮਰੱਥਾ ਕਾਰਨ ਦੰਗਿਆਂ ਦਾ ਬਿਰਤਾਂਤ ਹਾਵੀ ਰਿਹਾ। ਇਸ ਨੇ ਸਿੱਖਾਂ ਦੇ ਵੀ ਕਾਫੀ ਸਾਰੇ ਹਿੱਸੇ ਨੂੰ ਆਪਣੀ ਮਾਰ ਹੇਠ ਲਿਆਂਦਾ ਤੇ ਇਹ ਹਿੱਸਾ ਨਵੰਬਰ 1984 ਦੇ ਕਤਲੇਆਮਾਂ ਲਈ 'ਦੰਗੇ' ਸ਼ਬਦ ਹੀ ਵਰਤਦਾ ਰਿਹਾ ਹੈ ਭਾਵੇਂਕਿ ਉਹ ਇਹ ਗੱਲ ਹੀ ਕਿਉਂ ਨਾ ਕਹਿਣ ਕਿ ਇਹ ਪੂਰੀ ਤਰਾਂ ਇਕਪਾਸੜ ਕਾਰਵਾਈ ਸੀ ਜਿਸ ਵਿਚ ਸਿੱਖਾਂ ਨੂੰ ਮਿੱਥ ਕੇ ਵਿਓਂਤਬੱਧ ਤੇ ਜਥੇਬੰਦ ਤਰੀਕੇ ਨਾਲ ਕਤਲ ਕੀਤਾ ਗਿਆ। ਪਾਠਕਾਂ ਨੂੰ ਇਹ ਗੱਲ ਹਥਲੀ ਪੁਸਤਕ ਵਿਚਲੀਆਂ ਲਿਖਤਾਂ ਵਿਚੋਂ ਵੀ ਵੇਖਣ ਨੂੰ ਮਿਲੇਗੀ ਕਿ ਦਿੱਲੀ ਦਰਬਾਰ ਦਾ 'ਦੰਗਿਆਂ' ਵਾਲਾ ਬਿਰਤਾਂਤ ਕਿੰਨਾ ਹਾਵੀ ਰਿਹਾ ਹੋਵੇਗਾ ਕਿ ਨਵੰਬਰ 1984 ਨੂੰ ਵਿਓਂਤਬੱਧ ਤੇ ਜਥੇਬੰਦ ਕੀਤੀ ਸਿੱਖ ਵਿਰੋਧੀ ਕਾਰਵਾਈ ਮੰਨਣ ਵਾਲੇ ਲੇਖਕ ਵੀ ਇਸ ਘਟਨਾਕ੍ਰਮ ਨੂੰ ਬਿਆਨ ਕਰਨ ਲੱਗਿਆਂ ਦੰਗੇ ਲਫ਼ਜ਼ ਹੀ ਵਰਤਦੇ ਸਨ।

ਦੋ ਮਨੁੱਖੀ ਅਧਿਕਾਰ ਸੰਗਠਨਾਂ 'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' ਅਤੇ 'ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ' ਵੱਲੋਂ ਨਵੰਬਰ 1984 ਦੇ ਪਹਿਲੇ ਹਫਤੇ ਦੌਰਾਨ ਦਿੱਲੀ ਵਿਚੋਂ ਮੌਕੇ ਉੱਤੇ ਇਕੱਤਰ ਕੀਤੇ ਗਏ ਵੇਰਵਿਆਂ ਉੱਤੇ ਅਧਾਰਤ ਆਪਣੇ ਲੇਖੇ 'ਦੋਸ਼ੀ ਕੌਣ' ਵਿਚ ਸਭ ਤੋਂ ਪਹਿਲਾਂ ਇਨਾਂ ਕਤਲੇਆਮਾਂ ਦੇ ਵਿਉਂਤਬੱਧ ਅਤੇ ਜਥੇਬੰਦ ਕੀਤੇ ਹੋਣ ਦਾ ਤੱਥ ਦਸਤਾਵੇਜ਼ੀ ਸਬੂਤਾਂ ਸਮੇਤ ਜੱਗ-ਜ਼ਾਹਰ ਕੀਤਾ ਗਿਆ ਸੀ। ਇਸ ਤੋਂ ਬਾਅਦ ਜਸਟਿਸ ਵੀ. ਤਾਰਕੁੰਡੇ ਦੀ ਅਗਵਾਈ ਹੇਠ ਜਾਰੀ ਹੋਏ ਲੇਖੇ 'ਦਿੱਲੀ ਹਿੰਸਾ ਬਾਰੇ ਸੱਚ ਰਾਸ਼ਟਰ ਦੇ ਨਾਂ ਇਕ ਰਿਪੋਰਟ' ਵਿਚ ਇਹ ਮਹੱਤਵਪੂਰਨ ਨੁਕਤਾ ਉਭਾਰਿਆ ਗਿਆ ਸੀ ਕਿ '1 ਨਵੰਬਰ 1984 ਤੋਂ 4 ਨਵੰਬਰ 1984 ਤੱਕ ਵਾਪਰੀਆਂ ਘਟਨਾਵਾਂ ਨੂੰ 'ਫਿਰਕੂ ਦੰਗੇ' ਕਹਿਣਾ ਗਲਤ ਹੈ।' ਇਸ ਤੋਂ ਅਗਲੇ ਦਹਾਕਿਆਂ ਵਿਚ 'ਦੰਗਿਆਂ' ਦੇ ਸਰਕਾਰੀ ਬਿਰਤਾਂਤ ਦੇ ਮੁਕਾਬਲੇ ਉੱਤੇ ਨਵੰਬਰ 1984 ਬਾਰੇ 'ਸਰਕਾਰੀ ਕਤਲੇਆਮ' ਦੀ ਸੰਗਿਆ ਤਹਿਤ ਇਕ ਬਿਰਤਾਂਤ ਉੱਭਰਿਆ, ਜਿਸ ਵਿਚ ਇਹ ਗੱਲ ਉਭਾਰੀ ਗਈ ਕਿ ਨਵੰਬਰ 1984 ਦਾ ਘਟਨਾਕ੍ਰਮ ਦੰਗੇ ਭਾਵ ਦੋ ਧਿਰਾਂ ਦਰਮਿਆਨ ਹੋਈ ਹਿੰਸਾ ਤੇ ਇਕ ਦੂਜੇ ਦੀ ਕੀਤੀ ਗਈ ਮਾਰ-ਕੱਟ ਹਰਗਿਜ਼ ਨਹੀਂ ਸੀ, ਬਲਕਿ ਅਸਲ ਵਿਚ ਇਹ ਸਰਕਾਰ ਵੱਲੋਂ ਵਿਉਂਤਿਆ ਅਤੇ ਜਥੇਬੰਦ ਕੀਤਾ ਸਿੱਖਾਂ ਦਾ ਸਰਕਾਰੀ ਕਤਲੇਆਮ ਸੀ।

ਹਥਲੀ ਕਿਤਾਬ ਵਿਚ ਸ਼ਾਮਿਲ ਲਿਖਤਾਂ ਵਿਚੋਂ ਸਾਲ 2000 ਵਿਚ ਸ਼ੁਰੂ ਹੋਏ ਮਾਸਿਕ ਰਸਾਲੇ 'ਸਿੱਖ ਸ਼ਹਾਦਤ' 'ਚ ਛਪੀਆਂ ਕੁਝ ਲਿਖਤਾਂ ਵਿਚ ਨਵੰਬਰ 1984 ਦੇ ਕਤਲੇਆਮਾਂ ਨੂੰ ਨਸਲਕੁਸ਼ੀ ਵੱਜੋਂ ਬਿਆਨ ਕੀਤਾ ਗਿਆ। ਸਿੱਖਾਂ ਨੇ ਸਾਲ 2010 ਦੇ ਕਰੀਬ ਨਵੰਬਰ 1984 ਨੂੰ 'ਸਿੱਖ ਨਸਲਕੁਸ਼ੀ 1984' ਦੇ ਤੌਰ ਉੱਤੇ ਪ੍ਰਭਾਸ਼ਿਤ ਕਰਨ ਦਾ ਬਿਰਤਾਂਤ ਬੱਝਵੇਂ ਰੂਪ ਵਿਚ ਉਭਾਰਨਾ ਸ਼ੁਰੂ ਕੀਤਾ। ਇਸ ਵਿਚ ਸਿੱਖ ਡਾਇਸਪੋਰਾ (ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ) ਨੇ ਮੋਹਰੀ ਭੂਮਿਕਾ ਨਿਭਾਈ। ਸਿੱਖਾਂ ਦੀ ਨਵੀਂ ਪੀੜੀ ਉੱਤੇ ਦਿੱਲੀ ਦਰਬਾਰ ਦੇ 'ਦੰਗਿਆਂ' ਵਾਲੇ ਬਿਰਤਾਂਤ ਦੀ ਛਾਪ ਬਹੁਤ ਘੱਟ ਸੀ, ਖਾਸ ਕਰਕੇ 1984 ਤੋਂ ਬਾਅਦ ਵਿਦੇਸ਼ਾਂ ਵਿਚ ਜੰਮੀ-ਪਲੀ ਸਿੱਖ ਪੀੜੀ ਉੱਤੇ। ਇਸੇ ਸਮੇਂ ਦੌਰਾਨ ਵਿਦੇਸ਼ਾਂ ਵਿਚ ਕਈ ਸਿੱਖ ਸੰਸਥਾਵਾਂ ਵੱਲੋਂ ਸਿੱਖ ਨਸਲਕੁਸ਼ੀ 1984 ਦੇ ਤੱਥ ਨੂੰ ਮਾਨਤਾ ਦਿਵਾਉਣ ਦੇ ਯਤਨ ਵੀ ਸ਼ੁਰੂ ਹੋਏ, ਜਿਸ ਨੇ ਇਸ ਬਿਰਤਾਂਤ ਨੂੰ ਚੋਖਾ ਹੁਲਾਰਾ ਦਿੱਤਾ। ਇਸੇ ਸਮੇਂ ਦੌਰਾਨ ਵਿਦੇਸ਼ਾਂ ਵਿਚ ਸਿੱਖ ਵਿਦਿਆਰਥੀਆਂ ਅਤੇ ਖੋਜਾਰਥੀਆਂ ਵਿਚੋਂ ਕੁਝ ਨੇ ਆਪਣੀ ਪੜਾਈ ਦੌਰਾਨ 'ਸਿੱਖ ਨਸਲਕੁਸ਼ੀ 1984' ਨੂੰ ਆਪਣੀ ਖੋਜ ਦਾ ਵਿਸ਼ਾ ਵੀ ਬਣਾਇਆ।

ਨਸਲਕੁਸ਼ੀ ਦੇ ਤੱਥ ਨੂੰ ਮਾਨਤਾ ਦਿਵਾਉਣਾ ਬਿਖੜਾ ਅਤੇ ਲੰਮੇਰਾ ਕਾਰਜ ਹੁੰਦਾ ਹੈ। ਨਸਲਕੁਸ਼ੀ ਦਾ ਜ਼ੁਰਮ ਜਿਆਦਾਤਰ ਕਿਸੇ ਰਾਜ-ਪ੍ਰਬੰਧ, ਭਾਵ ਮੁਲਕ ਦੀ ਸੱਤਾ, ਵੱਲੋਂ ਕੀਤਾ ਜਾਂਦਾ ਹੈ ਤੇ ਹਮੇਸ਼ਾ ਹੀ ਇਹ ਧਿਰ ਨਸਲਕੁਸ਼ੀ ਤੋਂ ਮੁਨਕਰ ਹੁੰਦੀ ਹੈ; ਅਜਿਹੇ ਵਿਚ ਪੀੜਤ ਧਿਰ ਲਈ ਆਪਣੇ ਵਿਰੁੱਧ ਹੋਏ ਜ਼ੁਰਮ ਦੀ ਅਸਲ ਤਾਸੀਰ ਨੂੰ ਤਸਲੀਮ ਕਰਵਾਉਣਾ ਸੁਖਾਲਾ ਨਹੀਂ ਹੁੰਦਾ। ਦੋਸ਼ੀ ਮੁਲਕ ਸਦਾ ਹੀ ਆਪਣੇ ਸਾਰੇ ਵਸੀਲੇ ਝੋਕ ਕੇ ਨਸਲਕੁਸ਼ੀ ਦੀ ਮਾਨਤਾ ਦਾ ਵਿਰੋਧ ਕਰਦਾ ਹੈ ਤੇ ਆਪਣੇ ਬਿਰਤਾਂਤ ਨੂੰ ਹੀ ਸੱਚਾ ਅਤੇ ਸਹੀ ਦੱਸਦਾ ਹੈ। ਇਹ ਅਮਲ ਕਿਸ ਤਰਾਂ ਦਾ ਹੁੰਦਾ ਹੈ ਇਸ ਬਾਰੇ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 1915 ਤੋਂ 1917 ਦੌਰਾਨ ਤੁਰਕੀ ਦੀ ਸਲਤਨਤ-ਏ-ਉਸਮਾਨੀਆ ਵੱਲੋਂ ਅਰਮੀਨੀਆਈ ਲੋਕਾਂ ਦੀ ਨਸਲਕੁਸ਼ੀ ਕੀਤੀ ਗਈ ਸੀ। ਪਰ ਇਸ ਤੱਥ ਨੂੰ ਤਸਲੀਮ ਕਰਵਾਉਣ ਲਈ ਅਰਮੀਨੀਆਈ ਲੋਕ ਅਜੇ ਤੱਕ ਯਤਨਸ਼ੀਲ ਹਨ। ਹਾਲ ਵਿਚ ਹੀ 24 ਅਪ੍ਰੈਲ 2021 ਨੂੰ ਜਦੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਅਰਮੀਨੀਆਈ ਨਸਲਕੁਸ਼ੀ ਦੇ ਤੱਥ ਨੂੰ ਮਾਨਤਾ ਦਿੱਤੀ ਹੈ ਤੇ ਤੁਰਕੀ ਦੀ ਸਰਕਾਰ ਵੱਲੋਂ ਅਰਮੀਨੀਆਈ ਨਸਲਕੁਸ਼ੀ ਦੇ ਤੱਥ ਤੋਂ ਮੁਨਕਰ ਹੁੰਦਿਆਂ ਇਸ ਮਾਨਤਾ ਉੱਤੇ ਇਤਰਾਜ ਜਤਾਇਆ ਗਿਆ। ਤੁਰਕੀ ਦੇ ਰਾਸ਼ਟਰਪਤੀ ਇਰਦੋਗਨ ਨੇ ਅਮਰੀਕੀ ਰਾਸ਼ਟਰਪਤੀ ਨੂੰ ਇਹ ਮਾਨਤਾ ਰੱਦ ਕਰਨ ਲਈ ਕਿਹਾ ਹੈ। ਸਦੀ ਪਹਿਲਾਂ ਵਾਪਰੀ ਅਰਮੀਨੀਆਈ ਨਸਲਕੁਸ਼ੀ, ਜਿਸ ਨੂੰ ਕਿ ਦੁਨੀਆ ਦੇ ਕਈ ਮੁਲਕ ਅਤੇ ਵੱਡੀਆਂ ਤਾਕਤਾਂ ਤਸਲੀਮ ਕਰ ਚੁੱਕੀਆਂ ਹਨ, ਦੀ ਮਾਨਤਾ ਦਾ ਦੋਸ਼ੀ ਮੁਲਕ ਵੱਲੋਂ ਹਾਲੀ ਤੱਕ ਵੀ ਵਿਰੋਧ ਕੀਤਾ ਜਾ ਰਿਹਾ ਤਾਂ ਸਿੱਖ ਨਸਲਕੁਸ਼ੀ 1984 ਨੂੰ ਵਾਪਰਿਆਂ ਤੇ ਹਾਲੀ 37 ਕੁ ਸਾਲ ਹੀ ਹੋਏ ਹਨ। ਇਸ ਲਈ ਜ਼ਾਹਿਰ ਹੈ ਕਿ ਸਿੱਖ ਨਸਲਕੁਸ਼ੀ 1984 ਦੇ ਹਕੀਕੀ ਤੱਥ ਦੀ ਮਾਨਤਾ ਦਾ ਪੈਂਡਾ ਵੀ ਬਿਖੜਾ ਹੈ ਪਰ ਸਿੱਖ ਇਸ ਉੱਤੇ ਸਾਬਤ ਕਦਮੀ ਨਾਲ ਵਧ ਰਹੇ ਹਨ। ਇਹ ਸਿੱਖ ਡਾਇਸਪੋਰੇ ਦੇ ਯਤਨਾ ਦਾ ਹੀ ਨਤੀਜਾ ਹੈ ਕਿ ਇੰਡੀਆ ਦੇ ਤਿੱਖੇ ਵਿਰੋਧ ਅਤੇ ਸ਼ਾਜਸ਼ਾਂ ਦੇ ਬਾਵਜੂਦ ਅਮਰੀਕਾ ਦੇ ਕਨੈਟੀਕੱਟ ਅਤੇ ਪੈਨਸਲਵੇਨੀਆ ਸੂਬਿਆਂ ਅਤੇ ਕੈਨੇਡਾ ਦੇ ਆਨਟਾਰੀਓ ਸੂਬੇ ਦੀਆਂ ਵਿਧਾਨ ਸਭਾਵਾਂ ਨੇ ਸਿੱਖ ਨਸਲਕੁਸ਼ੀ ਦੇ ਤੱਥ ਨੂੰ ਮਾਨਤਾ ਦਿੱਤੀ ਹੈ। ਪੈਨਸਿਲਵੇਨੀਆ ਦੀ ਵਿਧਾਨ ਸਭਾ ਵਿਚੋਂ ਇੰਡੀਆ ਨੇ ਮਤਾ ਵਾਪਿਸ ਕਰਵਾਉਣ ਲਈ ਵੀ ਪੂਰਾ ਜ਼ੋਰ ਲਾਇਆ ਪਰ ਜਦੋਂ ਕਾਮਯਾਬੀ ਨਾ ਮਿਲੀ ਤਾਂ ਅਖੀਰ ਇੰਡੀਅਨ ਖਬਰਖਾਨੇ ਰਾਹੀਂ ਇਹ ਝੂਠੀ ਖਬਰ ਨਸ਼ਰ ਕਰਵਾਈ ਕਿ ਮਤਾ ਰੱਦ ਕਰ ਦਿੱਤਾ ਗਿਆ ਹੈ।

ਹਥਲੀ ਕਿਤਾਬ ਦਾ ਵਿਚਾਰ 'ਸਿੱਖ ਸ਼ਹਾਦਤ' ਰਸਾਲੇ ਵਿਚ ਛਪੀਆਂ ਲਿਖਤਾਂ ਦੀ ਅਹਿਮੀਅਤ ਨੂੰ ਵਿਚਾਰਦਿਆਂ ਹੀ ਉੱਭਰਿਆ। ਖਾੜਕੂ ਲਹਿਰ ਤੋਂ ਬਾਅਦ ਸਿੱਖ ਬਿਰਤਾਂਤ ਨੂੰ ਉਭਾਰਨ ਵਿਚ ਇਸ ਰਸਾਲੇ ਦੀ ਅਹਿਮ ਭੂਮਿਕਾ ਰਹੀ। ਇਸੇ ਵਰੇ ਹੀ ਜੂਨ 1984 ਦੇ ਘੱਲੂਘਾਰੇ ਬਾਰੇ 'ਸਿੱਖ ਸ਼ਹਾਦਤ' ਰਸਾਲੇ ਵਿਚ ਛਪਦੀਆਂ ਰਹੀਆਂ ਲਿਖਤਾਂ ਨੂੰ 'ਤੀਜਾ ਘੱਲੂਘਾਰਾ' ਸਿਰਲੇਖ ਹੇਠ ਸਿੱਖ ਸ਼ਹਾਦਤ ਪੁਸਤਕ ਲੜੀ ਤਹਿਤ ਤੀਸਰੀ ਕਿਤਾਬ ਵੱਜੋਂ ਛਾਪਿਆ ਗਿਆ ਹੈ। ਸੋ, ਇਸ ਪੱਖ ਤੋਂ ਹੋਈ ਮੁੱਢਲੀ ਵਿਚਾਰ ਤੋਂ ਬਾਅਦ ਨਵੰਬਰ 1984 ਬਾਰੇ ਸਿੱਖ ਸ਼ਹਾਦਤ ਰਸਾਲੇ ਵਿਚ ਛਪੀ ਸਮੱਗਰੀ ਨੂੰ ਪੁਸਤਕ ਰੂਪ ਪੇਸ਼ ਕਰਨ ਦਾ ਕਾਰਜ 'ਸਿੱਖ ਤਵਾਰੀਖ ਅਤੇ ਰਾਜਨੀਤੀ ਬੁੰਗੇ' ਵੱਲੋਂ ਕੀਤੇ ਜਾਣ ਦਾ ਸੁਝਾਅ ਪ੍ਰਵਾਣ ਹੋਇਆ। ਇਸ ਕਾਰਜ ਦੌਰਾਨ ਮਹਿਸੂਸ ਹੋਇਆ ਕਿ ਇਸ ਕਾਰਜ ਵਿਚ ਸਮੱਗਰੀ ਸਰੋਤ ਦਾ ਘੇਰਾ ਇਕ ਸਰੋਤ (ਸਿੱਖ ਸ਼ਹਾਦਤ) ਦੀ ਬਜ਼ਾਏ ਵਧਾ ਲਿਆ ਜਾਵੇ ਅਤੇ ਹੋਰਨਾਂ ਸਰੋਤਾਂ ਤੋਂ ਵੀ ਸਬੰਧਤ ਲਿਖਤਾਂ ਇਸ ਵਿਚ ਸ਼ਾਮਿਲ ਕੀਤੀਆਂ ਜਾਣ।

ਕਾਰਜ ਦਾ ਦਾਇਰਾ ਹੱਡੀਂ ਹੰਢਾਏ ਤੇ ਅੱਖੀਂ-ਡਿੱਠੇ ਹਾਲ, ਵੇਰਵੇ ਅਤੇ ਪੜਚੋਲ, ਨਵੰਬਰ 1984 ਦੇ ਕਤਲੇਆਮਾਂ ਨੂੰ ਨਸਲਕੁਸ਼ੀ ਦੀ ਦ੍ਰਿਸ਼ਟੀ ਤੋਂ ਬਿਆਨ ਕਰਦੀਆਂ ਲਿਖਤਾਂ, ਅਤੇ ਸਿੱਖ ਨਸਲਕੁਸ਼ੀ 1984 ਦੇ ਤੱਥ ਨੂੰ ਮਾਨਤਾ ਦੇਣ ਦੇ ਕੌਮਾਂਤਰੀ ਦਸਤਾਵੇਜ਼ਾਂ ਤੱਕ ਮਿੱਥਿਆ ਗਿਆ। ਇਸੇ ਅਧਾਰ ਉੱਤੇ ਹਥਲੀ ਕਿਤਾਬ ਦੀ ਵਿਸ਼ਾ ਵੰਡ ਕੀਤੀ ਗਈ ਹੈ।

ਕਿਤਾਬ ਦੇ ਪਹਿਲੇ ਭਾਗ ਵਿਚ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ 'ਹੱਡੀਂ ਹੰਢਾਏ ਤੇ ਅੱਖੀਂ-ਡਿੱਠੇ ਹਾਲ' ਸ਼ਾਮਿਲ ਹਨ। ਇਸ ਭਾਗ ਵਿਚ ਵੱਖ-ਵੱਖ ਸਰੋਤਾਂ ਵਿਚ ਪਹਿਲਾਂ ਪ੍ਰਕਾਸ਼ਿਤ ਹੋਈਆਂ ਲਿਖਤਾਂ ਦੇ ਨਾਲ-ਨਾਲ ਕੁਝ ਨਵੀਆਂ ਲਿਖਤਾਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਕਿਤਾਬ ਦੇ ਦੂਜੇ ਭਾਗ ਦਾ ਸਿਰਲੇਖ 'ਨਸਲਕੁਸ਼ੀ ਦਾ ਖੁਰਾ-ਖੋਜ' ਰੱਖਿਆ ਗਿਆ ਹੈ। ਨਵੰਬਰ 1984 ਦੇ ਕਤਲੇਆਮਾਂ ਨੂੰ ਦਿੱਲੀ ਦਰਬਾਰ ਅਤੇ ਇਸਦੇ ਜ਼ਰਖਰੀਦ ਖਬਰਖਾਨੇ ਨੇ 'ਦਿੱਲੀ ਦੰਗਿਆਂ' ਦਾ ਨਾਂ ਦਿੱਤਾ ਸੀ। ਇਸ ਤੋਂ ਦੋ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ- ਪਹਿਲਾ ਕਿ ਇਹ 'ਦੰਗੇ' ਸਨ ਤੇ ਦੂਜਾ ਕਿ ਇਹ 'ਦਿੱਲੀ' ਵਿਚ ਵਾਪਰੇ ਸਨ। ਇਹ ਭਾਗ ਵਿਚ ਸਮਕਾਲੀ ਸਰੋਤਾਂ, ਖਾਸ ਤੌਰ ਉੱਤੇ ਸਿਰਦਾਰ ਸੁਰਜੀਤ ਸਿੰਘ ਸੋਖੀ ਦੀ ਕਿਤਾਬ 'ਸਿੱਖਾਂ ਦਾ ਕਤਲੇਆਮ', ਤੋਂ ਇਕਤਰ ਕੀਤੀ ਜਾਣਕਾਰੀ ਦੇ ਨਾਲ-ਨਾਲ ਹੁਣ ਤੱਕ ਸਾਹਮਣੇ ਆਈ, ਤੇ ਇਕ ਚੱਲ ਰਹੇ ਖੋਜ ਕਾਰਜ ਦੌਰਾਨ ਸਾਹਮਣੇ ਆ ਰਹੀ ਜਾਣਕਾਰੀ, ਵੀ ਸ਼ਾਮਿਲ ਕਰਕੇ ਉਹਨਾਂ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿੱਥੇ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੌਰਾਨ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਭਾਗ ਵਿਚ ਸਿੱਖ ਨਸਲਕੁਸ਼ੀ ਦਾ ਖੁਰਾ-ਖੋਜ ਸੂਬਾ ਵਾਰ ਨਕਸ਼ਿਆਂ ਅਤੇ ਥਾਵਾਂ ਦੀਆਂ ਸੂਚੀਆਂ ਤੇ ਹੋਰਨਾਂ ਵੇਰਵਿਆਂ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ। ਅਸੀਂ ਆਪਣੇ ਵੱਲੋਂ ਕੋਸ਼ਿਸ਼ ਕੀਤੀ ਹੈ ਕਿ ਸਮਕਾਲੀ ਅਤੇ ਹਾਲੀਆ ਸਰੋਤਾਂ ਤੋਂ ਉਨਾਂ ਸਾਰੀਆਂ ਥਾਵਾਂ ਦੀ ਸ਼ਨਾਖਤ ਕਰਕੇ ਵੇਰਵੇ ਸਾਂਝੇ ਕਰ ਦਿੱਤੇ ਜਾਣ ਜਿੱਥੇ ਸਿੱਖ ਨਸਲਕੁਸ਼ੀ 1984 ਦੌਰਾਨ ਸਿੱਖਾਂ ਉੱਤੇ ਜ਼ੁਲਮ ਢਾਹੇ ਗਏ ਸਨ। ਪਰ ਅਸੀਂ ਇਹ ਦਾਅਵਾ ਹਰਗਿਜ਼ ਨਹੀਂ ਕਰਦੇ ਕਿ ਇਹ ਵੇਰਵੇ ਮੁਕੰਮਲ ਜਾਂ ਅੰਤਮ ਹਨ। ਅਸੀਂ ਇਸ ਕਾਰਜ ਦੌਰਾਨ ਵੀ ਵੇਖਿਆ ਹੈ ਤੇ ਇਕ ਚੱਲ ਰਹੇ ਖੋਜ ਕਾਰਜ ਦੌਰਾਨ ਵੀ ਅਜਿਹੀਆਂ ਕਈ ਥਾਵਾਂ ਦੇ ਵੇਰਵੇ ਉਜਾਗਰ ਹੋਏ ਹਨ, ਜਿਨਾਂ ਬਾਰੇ ਪਹਿਲੇ ਸਰੋਤਾਂ ਤੋਂ ਜਾਣਕਾਰੀ ਨਹੀਂ ਸੀ ਮਿਲਦੀ। ਸੋ ਇਹ ਸੰਭਾਵਨਾ ਮੌਜੂਦ ਹੈ ਕਿ ਹਾਲੀ ਵੀ ਹੋਰ ਬਹੁਤ ਥਾਵਾਂ ਅਤੇ ਵੇਰਵੇ ਸਾਹਮਣੇ ਆਉਣਗੇ। ਅਸੀਂ ਪਾਠਕਾਂ ਨੂੰ ਵੀ ਬੇਨਤੀ ਕਰਦੇ ਹਾਂ ਕਿ ਜੇਕਰ ਤੁਹਾਨੂੰ ਅਜਿਹੀ ਕਿਸੇ ਥਾਂ ਜਾਂ ਵੇਰਵਿਆਂ ਬਾਰੇ ਜਾਣਕਾਰੀ ਹੋਵੇ ਤਾਂ ਸਾਡੇ ਤੱਕ ਜਰੂਰ ਪਹੁੰਚਦੀ ਕਰੋ ਤਾਂ ਕਿ ਉਸ ਦੀ ਤਸਦੀਕ ਕਰਕੇ ਅਗਲੀਆਂ ਛਾਪਾਂ ਵਿਚ ਸ਼ਾਮਿਲ ਕੀਤੀ ਜਾ ਸਕੇ।

ਹਥਲੀ ਕਿਤਾਬ ਦੇ ਤੀਜੇ ਭਾਗ ਦਾ ਸਿਰਲੇਖ 'ਵੇਰਵੇ ਅਤੇ ਪੜਚੋਲ' ਹੈ ਜਿਸ ਵਿਚ ਨਵੰਬਰ 1984 ਦੇ ਘਟਨਾਕ੍ਰਮ ਦੇ ਵੇਰਵੇ, ਅਤੇ ਇਸ ਬਾਰੇ ਵੱਖ-ਵੱਖ ਪੱਖਾਂ ਤੋਂ ਪੜਚੋਲ ਕਰਦੀਆਂ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਹਨ। ਚੌਥੇ ਭਾਗ ਦਾ ਸਿਰਲੇਖ 'ਦੰਗੇ ਨਹੀਂ ਨਸਲਕੁਸ਼ੀ' ਹੈ। ਇਸ ਵਿਚ ਨਵੰਬਰ 1984 ਦੇ ਘਟਨਾਕ੍ਰਮ ਨੂੰ ਨਸਲਕੁਸ਼ੀ ਸਿੱਧ, ਤੇ ਬਿਆਨ, ਕਰਦੀਆਂ ਲਿਖਤਾਂ ਅਤੇ ਤਕਰੀਰਾਂ ਸ਼ਾਮਿਲ ਕੀਤੀਆਂ ਗਈਆਂ ਹਨ। ਪੰਜਵਾਂ ਤੇ ਆਖਰੀ ਭਾਗ 'ਦਸਤਾਵੇਜ਼' ਹੈ ਜਿਸ ਵਿਚ ਤਖਤ ਸ੍ਰੀ ਅਕਾਲ ਬੁੰਗਾ ਸਾਹਿਬ, ਦਿੱਲੀ ਵਿਧਾਨ ਸਭਾ, ਵਿਦੇਸ਼ਾਂ ਵਿਚਲੀਆਂ ਵਿਧਾਨ ਸਭਾਵਾਂ, ਸਰਕਾਰੀ ਅਹੁਦੇਦਾਰਾਂ, ਸਿਟੀ ਕੌਂਸਲਾਂ ਅਤੇ ਹੋਰਨਾਂ ਅਦਾਰਿਆਂ ਵੱਲੋਂ ਸਿੱਖ ਨਸਲਕੁਸ਼ੀ ਦੇ ਤੱਥ ਨੂੰ ਮਾਨਤਾ ਦਿੰਦੇ ਮਤੇ ਅਤੇ ਐਲਾਨ ਸ਼ਾਮਿਲ ਕੀਤੇ ਗਏ ਹਨ। ਮੂਲ ਦਸਤਾਵੇਜ਼ ਦੀ ਤਸਵੀਰ ਹੀ ਇੰਨ-ਬਿੰਨ ਕਿਤਾਬ ਵਿਚ ਛਾਪੀ ਗਈ ਹੈ ਅਤੇ ਨਾਲ ਉਸ ਦਾ ਪੰਜਾਬੀ ਉਲੱਥਾ ਛਾਪਿਆ ਗਿਆ ਹੈ। ਅਸੀਂ ਇਹ ਦਾਅਵਾ ਤਾਂ ਹਰਗਿਜ਼ ਨਹੀਂ ਕਰਦੇ ਪਰ ਅਸੀਂ ਆਪਣੇ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਹੈ ਕਿ ਹੁਣ ਤੱਕ ਸਿੱਖ ਨਸਲਕੁਸ਼ੀ ਦੇ ਤੱਥ ਨੂੰ ਮਿਲੀ ਮਾਨਤਾ ਦੇ ਸਾਰੇ ਦਸਤਾਵੇਜ਼ ਇਕੱਠੇ ਕਰਕੇ ਹਥਲੀ ਕਿਤਾਬ ਵਿਚ ਛਾਪ ਦਿੱਤੇ ਜਾਣ। ਕੁਝ ਸਿਟੀ ਕੌਂਸਲਾਂ, ਜਿੱਥੇ ਕਿ ਸਿੱਖ ਨਸਲਕੁਸ਼ੀ ਦਾ ਯਾਦ ਦਿਹਾੜਾ ਮਨਾਉਣ ਵੇਲੇ ਹਰ ਸਾਲ ਸਿੱਖ ਨਸਲਕੁਸ਼ੀ ਨੂੰ ਮਾਨਤਾ ਦੇਣ ਦੇ ਐਲਾਨ ਜਾਰੀ ਹੁੰਦੇ ਹਨ, ਉੱਥੇ ਦੇ ਸਿਰਫ ਪਹਿਲੇ ਸਾਲ ਕੀਤੇ ਗਏ ਐਲਾਨ ਦੀ ਨਕਲ ਹੀ ਸ਼ਾਮਿਲ ਕੀਤੀ ਗਈ ਹੈ। ਅਸੀਂ ਪਾਠਕਾਂ ਨੂੰ ਵੀ ਸਨਿਮਰ ਬੇਨਤੀ ਕਰਦੇ ਹਾਂ ਕਿ ਜੇਕਰ ਸਿੱਖ ਨਸਲਕੁਸ਼ੀ ਨੂੰ ਕਿਸੇ ਵੀ ਸਰਕਾਰ, ਸੰਸਥਾ ਜਾਂ ਅਦਾਰੇ ਵੱਲੋਂ ਮਾਨਤਾ ਦਿੱਤੇ ਜਾਣ ਦੇ ਹੋਰ ਦਸਤਾਵੇਜ਼, ਜਾਂ ਉਹਨਾ ਬਾਰੇ ਜਾਣਕਾਰੀ, ਤੁਹਾਡੇ ਧਿਆਨ ਵਿਚ ਹੋਵੇ ਤਾਂ ਸਾਡੇ ਨਾਲ ਜਰੂਰ ਸਾਂਝੀ ਕਰੋ ਤਾਂ ਕਿ ਅਗਲੀਆਂ ਛਾਪਾਂ ਵਿਚ ਉਹਨਾਂ ਨੂੰ ਵੀ ਸ਼ਾਮਿਲ ਕੀਤਾ ਜਾ ਸਕੇ।

ਕਿਤਾਬ ਵਿਚ ਪ੍ਰਕਾਸ਼ਿਤ ਲਿਖਤਾਂ ਬਾਬਤ ਅਸੀਂ ਇਹ ਬੇਨਤੀ ਜਰੂਰ ਸਾਂਝੀ ਕਰਨੀ ਚਾਹੁੰਦੇ ਹਾਂ ਕਿ ਇਹ ਲਿਖਤਾਂ ਵੱਖ-ਵੱਖ ਲੇਖਕਾਂ ਵੱਲੋਂ ਵੱਖ-ਵੱਖ ਸਮੇਂ ਉੱਤੇ ਲਿਖੀਆਂ ਗਈਆਂ ਹਨ। ਜ਼ਾਹਿਰ ਹੈ ਕਿ ਉਹਨਾ ਦਾ ਆਪਣਾ-ਆਪਣਾ ਨਜ਼ਰੀਆ ਹੈ। ਇਹਨਾ ਲਿਖਤਾਂ ਨੂੰ ਇਸ ਕਾਰਜ ਦਾ ਹਿੱਸਾ ਬਣਾਉਣ ਦਾ ਫੈਸਲਾ ਉਨਾਂ ਵਿਚ ਦਰਜ਼ ਵੇਰਵਿਆਂ, ਖਾਸ ਕਰਕੇ ਜੋ ਕੁਝ ਨਵੰਬਰ 1984 ਦੇ ਕਤਲੇਆਮਾਂ ਦੌਰਾਨ ਵਾਪਰਿਆਂ ਜਾਂ ਉਸ ਦੀ ਪੜਚੋਲ ਦੇ ਮਿੱਥੇ ਗਏ ਆਧਾਰਾਂ, ਕਾਰਨ ਲਿਆ ਗਿਆ ਹੈ। ਹੋ ਸਕਦਾ ਹੈ ਕਿ ਕਿਸੇ ਲਿਖਤ ਵਿਚ ਦਰਜ਼ ਕਿਸੇ ਨੁਕਤੇ ਜਾਂ ਦ੍ਰਿਸ਼ਟੀ ਨਾਲ ਸਾਡੀ ਸਹਿਮਤੀ ਨਾ ਵੀ ਹੋਵੇ, ਫਿਰ ਵੀ ਜੇਕਰ ਲਿਖਤ ਮਿੱਥੇ ਗਏ ਮੂਲ ਅਧਾਰ ਉੱਤੇ ਖਰੀ ਉੱਤਰਦੀ ਲੱਗੀ ਤਾਂ ਉਸ ਨੂੰ ਸ਼ਾਮਿਲ ਕਰ ਲਿਆ ਗਿਆ। ਉਂਝ ਸਾਡੀ ਇਹ ਪੂਰੀ ਕੋਸ਼ਿਸ਼ ਰਹੀ ਹੈ ਕਿ ਪਹਿਲਾਂ ਛਪੀਆਂ ਲਿਖਤਾਂ ਨੂੰ ਬਿਨਾ ਤਬਦੀਲੀ ਦੇ ਹੀ ਛਾਪਿਆ ਜਾਵੇ ਪਰ ਕੁਝ ਥਾਵਾਂ ਉੱਤੇ, ਖਾਸ ਕਰਕੇ ਜਿੱਥੇ ਨਵੰਬਰ 1984 ਦੇ ਕਤਲੇਆਮਾਂ ਲਈ 'ਦੰਗੇ' ਸ਼ਬਦ ਜਾਂ ਜੂਨ 1984 ਲਈ ਸਰਕਾਰੀ ਸ਼ਬਦਾਵਲੀ 'ਅਪਰੇਸ਼ਨ ਬਲੂ ਸਟਾਰ' ਦੀ ਵਰਤੋਂ ਕੀਤੀ ਗਈ ਸੀ, ਓਥੇ ਬਰੈਕਟ ਵਿਚ ਅਸੀਂ ਆਪਣੇ ਵੱਲੋਂ ਕੁਝ ਸ਼ਬਦ ਦਰਜ ਕੀਤੇ ਹਨ ਤਾਂ ਕਿ ਸਬੰਧਤ ਗੱਲ ਜਾਂ ਸ਼ਬਦ ਨੂੰ ਸਹੀ ਜਾਂ ਵਧੇਰੇ ਸਪਸ਼ਟ ਸੰਦਰਭ ਵਿਚ ਪੇਸ਼ ਕੀਤਾ ਜਾ ਸਕੇ। ਜਿਹੜੀ ਪਹਿਲਾਂ ਛਪੀ ਲਿਖਤ ਨੂੰ ਇਸ ਕਾਰਜ ਵਿਚ ਸ਼ਾਮਿਲ ਕਰਨ ਲਈ ਮੂਲ ਲੇਖਕ ਨੇ ਆਪ ਸੋਧਿਆ ਹੈ ਉਹ ਲਿਖਤ ਨਵੀਂ ਮੰਨ ਕੇ ਹੀ ਛਾਪੀ ਗਈ ਹੈ ਅਤੇ ਓਥੇ ਪਹਿਲੇ ਸਰੋਤ ਦਾ ਜ਼ਿਕਰ ਨਹੀਂ ਕੀਤਾ ਗਿਆ।

ਅਸੀਂ ਉਨਾਂ ਸਭਨਾਂ ਲੇਖਕਾਂ ਅਤੇ ਮੂਲ ਪ੍ਰਕਾਸ਼ਕਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ ਜਿਨਾਂ ਦੀਆਂ ਲਿਖਤਾਂ ਹਥਲੀ ਕਿਤਾਬ ਵਿਚ ਸ਼ਾਮਿਲ ਕੀਤੀਆਂ ਗਈਆਂ ਹਨ। ਇਸ ਕਾਰਜ ਵਿਚ ਸ਼ਾਮਿਲ ਕੀਤੇ ਗਏ ਦਸਤਾਵੇਜ਼ਾਂ ਨੂੰ ਮੁਹੱਈਆ ਕਰਵਾਉਣ ਅਤੇ ਭਾਲਣ ਵਿਚ ਮਦਦ ਕਰਨ 'ਚ ਬਹੁਤ ਸਾਰੇ ਪੰਥ ਸੇਵਕਾਂ ਅਤੇ ਸਿੱਖ ਸੱਜਣਾਂ ਨੇ ਸਹਿਯੋਗ ਦਿੱਤਾ ਹੈ ਜਿਹਨਾ ਦੀ ਮਦਦ ਤੋਂ ਬਿਨਾ ਸ਼ਾਇਦ ਇਹ ਦਸਤਾਵੇਜ਼ ਇਕੱਤਰ ਕਰਨੇ ਮੁਸ਼ਕਿਲ ਸਨ। ਇਨਾਂ ਸਭਨਾਂ ਦਾ, ਤੇ ਖਾਸ ਕਰਕੇ ਅਮਰੀਕਾ ਦੇ ਕਨੈਟੀਕੱਟ ਸੂਬੇ ਤੋਂ ਸਰਗਰਮ ਸਿੱਖ ਸਿਆਸਤਦਾਨ ਤੇ ਸਿੱਖ ਨਸਲਕੁਸ਼ੀ ਦੇ ਤੱਥ ਨੂੰ ਮਾਨਤਾ ਦਿਵਾਉਣ ਲਈ ਉਚੇਚੇ ਉੱਦਮ ਕਰਨ ਵਾਲੇ ਭਾਈ ਸਵਰਨਜੀਤ ਸਿੰਘ ਖਾਲਸਾ, ਕੈਨੇਡਾ ਤੋਂ ਪੰਥ ਸੇਵਕ ਭਾਈ ਲਖਵਿੰਦਰ ਸਿੰਘ, ਭਾਈ ਪ੍ਰਭਜੋਤ ਸਿੰਘ, ਬ੍ਰੈਂਪਟਨ ਤੋਂ ਸਿੱਖ ਸਿਆਸਤਦਾਨ ਸ. ਹਰਕੀਰਤ ਸਿੰਘ ਅਤੇ ਅਮਰੀਕਾ ਦੇ ਸ਼ਹਿਰ ਫਰਿਜ਼ਨੋ ਤੋਂ ਸਹਾਇਕ ਸਿਟੀ ਅਟਾਰਨੀ ਸ. ਰਾਜ ਸਿੰਘ ਬਧੇਸ਼ਾ, ਦਾ ਉਨਾਂ ਵੱਲੋਂ ਦਿੱਤੀ ਜਾਣਕਾਰੀ ਲਈ ਧੰਨਵਾਦ।

ਕਿਤਾਬ ਦੇ ਸਮੁੱਚੇ ਕਾਰਜ ਆਪਣੀਆਂ ਕੀਮਤੀ ਰਾਵਾਂ ਦੇਣ ਲਈ, ਸਮੱਗਰੀ ਇਕੱਤਰ ਕਰਨ ਵਿਚ ਸਹਿਯੋਗ ਦੇਣ ਲਈ ਤੇ ਇਸ ਕਾਰਜ ਲਈ ਦਿਨ ਰਾਤ ਇਕ ਕਰਕੇ ਇਸ ਨੂੰ ਨੇਪਰੇ ਚਾੜਨ ਵਿਚ ਭਰਪੂਰ ਮਦਦ ਕਰਨ ਲਈ ਸ. ਅਮਰਿੰਦਰ ਸਿੰਘ ਅਤੇ ਸ. ਰਵਿੰਦਰਪਾਲ ਸਿੰਘ ਦਾ ਤਹਿ ਦਿਲੋਂ ਧੰਨਵਾਦ। ਸਿੱਖ ਨਸਲਕੁਸ਼ੀ ਦੇ ਖੁਰਾਖੋਜ ਨਾਲ ਜੁੜੇ ਵੇਰਵੇ ਸਾਂਝੇ ਕਰਨ ਲਈ ਸ. ਗੁਰਜੰਟ ਸਿੰਘ ਅਤੇ ਇਸ ਖੁਰਾਖੋਜ ਨੂੰ ਸੰਬੰਧਤ ਨਕਸ਼ਿਆਂ ਉੱਤੇ ਅੰਕਤ ਕਰਨ ਲਈ ਅਣਥੱਕ ਮਿਹਨਤ ਕਰਨ ਵਾਲੇ ਨੌਜਵਾਨ ਤੇ ਹੋਣਹਾਰ ਵਿਦਿਆਰਥੀ ਗੁਰਜੋਤ ਸਿੰਘ ਦਾ ਹਾਰਦਿਕ ਧੰਨਵਾਦ। ਅਸੀਂ ਇਸ ਕਿਤਾਬ ਦੇ ਵਿਸ਼ੇ-ਵਸਤੂ ਨੂੰ ਰੂਪਮਾਨ ਕਰਦਾ ਢੁਕਵਾਂ ਸਰਵਰਕ ਤਿਆਰ ਕਰਨ ਲਈ ਸਿੱਖ ਚਿੱਤਰਕਾਰ ਸ. ਪਰਮ ਸਿੰਘ ਦਾ ਹਾਰਦਿਕ ਧੰਨਵਾਦ ਕਰਦੇ ਹਾਂ। ਸਾਰੀ ਸਮੱਗਰੀ ਨੂੰ ਪੁਸਤਕ ਦੇ ਪੰਨਿਆਂ ਦਾ ਰੂਪ ਦੇਣ ਲਈ ਗਰਾਫਿਕਸ ਡਿਜ਼ਾਇਨਰ ਗੁਰਮੇਲ ਸਿੰਘ ਹੋਰਾਂ ਦਾ ਵੀ ਧੰਨਵਾਦ ਕਰਨਾ ਬਣਦਾ ਹੈ ਜਿਹਨਾ ਸਮੇਂ ਦੀ ਸੀਮਤਾਈ ਨੂੰ ਭਲੀ ਭਾਂਤ ਮਹਿਸੂਸ ਕਰਦਿਆਂ ਦਿਨ-ਰਾਤ ਇਕ ਕਰਕੇ ਇਸ ਕਾਰਜ ਨੂੰ ਵੇਲੇ ਸਿਰ ਨੇਪਰੇ ਚਾੜਿਆ। ਅਸੀਂ 'ਸਿੱਖ ਤਵਾਰੀਖ ਅਤੇ ਰਾਜਨੀਤੀ ਬੁੰਗੇ' ਦੇ ਇਸ ਕਾਰਜ ਨੂੰ ਕਿਤਾਬ ਰੂਪ ਵਿਚ ਪਾਠਕਾਂ ਤੱਕ ਲੈ ਕੇ ਜਾਣ ਦੀ ਜ਼ਿੰਮੇਵਾਰੀ ਓਟਣ ਵਾਸਤੇ ਬਿਬੇਕਗੜ ਪ੍ਰਕਾਸ਼ਨ ਦੇ ਵੀ ਸ਼ੁਕਰਗੁਜ਼ਾਰ ਹਾਂ। ਸਾਡਾ ਇਹ ਮੰਨਣਾ ਹੈ ਕਿ ਇਹ ਇਕ ਸਾਂਝਾ ਕਾਰਜ ਹੈ ਜਿਸ ਵਿਚ ਸਾਡੇ ਵੱਲੋਂ ਪਾਇਆ ਗਿਆ ਹਿੱਸਾ ਕਿਸੇ ਤੋਂ ਵੀ ਵਧੀਕ ਨਹੀਂ ਹੈ। ਕਾਰਜ ਦੇ ਸੰਪਾਦਕ ਵੱਜੋਂ ਜੋ ਮਾਣ ਸਾਡੇ ਹਿੱਸੇ ਪਿਆ ਹੈ ਉਹ ਇਸ ਸਾਂਝੇ ਕਾਰਜ ਨਾਲ ਜੁੜੇ ਸਭਨਾ ਸੱਜਣਾਂ ਦਾ ਸਾਂਝਾ ਹੈ। ਇਸ ਕਾਰਜ ਬਾਰੇ ਵੀ ਸਾਡਾ ਇਹ ਹੀ ਮੰਨਣਾ ਹੈ ਕਿ ਇਹ ਕਿਸੇ ਵੀ ਤਰਾਂ ਇਸ ਵਿਸ਼ੇ ਉੱਤੇ ਮੁਕੰਮਲ ਕਾਰਜ ਨਹੀਂ ਹੈ। ਅਸੀਂ ਆਪਣੀ ਸਮਰੱਥਾ ਮੁਤਾਬਿਕ ਵੱਖ-ਵੱਖ ਥਾਈਂ ਪਈਆਂ ਲਿਖਤਾਂ ਤੇ ਵੇਰਵੇ ਇਕੱਤਰ ਕਰਨ ਦਾ ਹੀ ਉੱਦਮ ਕੀਤਾ ਹੈ ਪਰ ਇਸ ਪੱਖ ਤੋਂ ਵੀ ਹਾਲੀ ਹੋਰ ਬਹੁਤ ਯਤਨ ਕੀਤੇ ਜਾਣ ਦੀ ਥਾਂ ਪਈ ਹੈ। ਜੇਕਰ ਇਹ ਕਾਰਜ ਕਿਸੇ ਅਗਲੇਰੇ ਕਾਰਜ ਲਈ ਪ੍ਰੇਰਣਾ, ਜਾਂ ਕਿਸੇ ਸਿੱਖ ਨਸਲਕੁਸ਼ੀ ਦੇ ਖੋਜੀ ਲਈ ਸਮੱਗਰੀ ਦੇ ਸਰੋਤ ਵੱਜੋਂ ਸਹਾਈ ਹੋਵੇ ਤਾਂ ਅਸੀਂ ਇਸ ਨੂੰ ਇਹ ਯਤਨ ਦੀ ਸਫਲਤਾ ਮੰਨਾਂਗੇ। ਇਸ ਕਾਰਜ ਵਿਚਲੀਆਂ ਕਮੀਆਂ ਨੂੰ ਨਿਮਰਤਾ ਨਾਲ ਆਪਣੀ ਝੋਲੀ ਵਿਚ ਪਵਾਉਂਦਿਆਂ ਅਸੀਂ ਗੁਰੂ ਮਹਾਰਾਜ ਅੱਗੇ ਇਹੀ ਅਰਦਾਸ ਕਰਦੇ ਹਾਂ ਕਿ ਹੇ ਸੱਚੇ, ਪਾਤਿਸ਼ਾਹ ਸਾਡੀ ਮੱਤ ਊਣੀ ਹੈ ਤੁਸੀਂ ਆਪ ਹੀ ਕ੍ਰਿਪਾ ਕਰਕੇ ਆਪਣੇ ਪੰਥ ਦੀ ਸੇਵਾ ਲੈਂਦੇ ਰਹਿਣਾ।

**ਵਾਹਿਗੁਰੂ ਜੀ ਕਾ ਖਾਲਸਾ ॥**

**ਵਾਹਿਗੁਰੂ ਜੀ ਕੀ ਫਤਿਹ ॥**


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com